ਐਤਵਾਰ, 14 ਦਸੰਬਰ, 2025
29 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 194

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 14 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

## ਚੋਣਾਂ ਤੋਂ ਪਹਿਲਾਂ ਵਿਰੋਧੀਆਂ ਨੇ ਮੰਨੀ ਹਾਰ : ਭਗਵੰਤ ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਵੋਟਾਂ ਤੋਂ ਇਕ ਦਿਨ ਪਹਿਲਾਂ ਸ਼ਨੀਵਾਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਣੇ ਹੋਰ ਸਿਆਸੀ ਪਾਰਟੀਆਂ ਦੀ ਘੇਰਾਬੰਦੀ ਕੀਤੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਪੋਲਿੰਗ ਤੋਂ ਇਕ ਦਿਨ ਪਹਿਲਾਂ ਹੀ ਹਾਰ ਮੰਨ ਚੁੱਕੀਆਂ ਹਨ। ਇਸੇ ਕਰਕੇ ਵਿਰੋਧੀ ਧਿਰਾਂ ਵੱਲੋਂ ਆਮ ਆਦਮੀ ਪਾਰਟੀ 'ਤੇ ਦੋਸ਼ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ 111 ਦਿਨ ਮੁੱਖ ਮੰਤਰੀ ਰਹੇ ਚਰਨਜੀਤ ਸਿੰਘ ਚੰਨੀ ਨੇ ਲੰਘੇ ਦਿਨ ਬਿਆਨ ਦਿੱਤਾ ਕਿ 'ਆਪ' ਨੇ ਚੋਣਾਂ ਦੌਰਾਨ ਹਰ ਬੂਥ 'ਤੇ 100-100 ਬੈਲਟ ਪੇਪਰ ਅਜਿਹੇ ਛਪਵਾ ਲਏ ਹਨ, ਜਿਸ 'ਤੇ ਪਹਿਲਾਂ ਹੀ ਝਾੜੂ ਦੇ ਨਿਸ਼ਾਨ 'ਤੇ ਮੋਹਰਾਂ ਲੱਗੀਆਂ ਹੋਈਆਂ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਾਂਗਰਸ ਪਾਰਟੀ ਪਹਿਲਾਂ ਹੀ ਆਪਣੀ ਹਾਰ ਮੰਨ ਚੁੱਕੀ ਹੈ। ਇਸ ਕਰਕੇ ਹੁਣ ਦੂਸ਼ਣਬਾਜੀ ਕਰਕੇ ਆਪਣੀ ਹਾਰ ਦਾ ਠੀਕਰਾ ਦੂਜਿਆਂ ਸਿਰ ਭੰਨਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਮਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਆਪਣੀ ਅੰਦਰੂਨੀ ਫੁੱਟ ਕਰਕੇ ਦੇਸ਼ ਵਿੱਚ ਇਕ ਤੋਂ ਬਾਅਦ ਇਕ ਚੋਣ ਹਾਰਦੀ ਜਾ ਰਹੀ ਹੈ, ਪਰ ਉਹ ਆਪਣੀ ਹਾਰ ਦੇ ਕਾਰਨਾਂ ਦੀ ਸਮੀਖਿਆ ਕਰਨ ਦੀ ਥਾਂ ਦੂਜਿਆਂ ਸਿਰ ਦੋਸ਼ ਮੜ੍ਹਨ 'ਤੇ ਲੱਗੀ ਹੋਈ ਹੈ। ਉਨ੍ਹਾ ਕਿਹਾ ਕਿ ਕਾਂਗਰਸ ਪਹਿਲਾਂ ਈ ਵੀ ਐੱਮ 'ਤੇ ਸਵਾਲ ਚੁੱਕਦੀ ਰਹੀ ਹੈ। ਇਸ ਤੋਂ ਬਾਅਦ 'ਵੋਟ ਚੋਰੀ' ਦਾ ਮੁੱਦਾ ਚੁੱਕਿਆ, ਜਿਸ ਦੀ 'ਆਪ' ਨੇ ਵੀ ਹਮਾਇਤ ਕੀਤੀ ਹੈ, ਪਰ ਹੁਣ ਇਹੀ ਕਾਂਗਰਸ ਪਾਰਟੀ ਬੈਲਟ ਪੇਪਰਾਂ 'ਤੇ ਵੀ ਸਵਾਲ ਚੁੱਕ ਰਹੀ ਹੈ।

ਇਸੇ ਤਰ੍ਹਾਂ ਅਕਾਲੀ ਦਲ ਅਤੇ ਭਾਜਪਾ ਵੀ ਆਪਣੀ ਹਾਰ ਨੂੰ ਵੇਖਦਿਆਂ ਦੂਸ਼ਣਬਾਜ਼ੀ ਕਰਨ ਵਿਚ ਲੱਗੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਦੇ 347 ਜ਼ੋਨਾਂ ਵਿੱਚੋਂ 346 'ਤੇ 'ਆਪ', 331 'ਤੇ ਕਾਂਗਰਸ, 298 'ਤੇ ਸ਼੍ਰੋਮਣੀ ਅਕਾਲੀ ਦਲ, 215 'ਤੇ ਭਾਜਪਾ, 50 'ਤੇ ਬਹੁਜਨ ਸਮਾਜ ਪਾਰਟੀ, 4 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ 143 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੇ ਹੋਏ ਹਨ। ਇਸੇ ਤਰ੍ਹਾਂ ਪੰਚਾਇਤ ਸੰਮਤੀ ਦੇ 2833 ਜ਼ੋਨਾਂ ਵਿੱਚੋਂ 351 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਇਸ ਵਿੱਚ ਆਮ ਆਦਮੀ ਪਾਰਟੀ ਦੇ 340, ਕਾਂਗਰਸ ਦੇ ਤਿੰਨ ਅਤੇ 8 ਆਜ਼ਾਦ ਉਮੀਦਵਾਰ ਸ਼ਾਮਲ ਹਨ। ਜੇਕਰ ਇਕ-ਦੋ ਥਾਵਾਂ 'ਤੇ ਖਿੱਚ-ਧੂਹ ਹੋ ਗਈ ਹੈ ਤਾਂ ਸਾਰੀ ਚੋਣ ਪ੍ਰਣਾਲੀ 'ਤੇ ਸਵਾਲ ਚੁੱਕਣਾ ਸਹੀ ਨਹੀਂ।

## ਸੰਸਦ 'ਤੇ ਹਮਲੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਨਵੀਂ ਦਿੱਲੀ** : ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਨੇ ਸਨਿੱਚਰਵਾਰ ਸੰਸਦ ਮੈਂਬਰਾਂ ਦੀ ਅਗਵਾਈ ਵਿੱਚ ਉਨ੍ਹਾਂ ਸੁਰੱਖਿਆ ਬਲਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਜੋ 2001 ਵਿੱਚ ਸੰਸਦ ਭਵਨ 'ਤੇ ਅੱਤਵਾਦੀ ਹਮਲੇ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ ਸਨ। ਹਮਲੇ ਦੀ 24ਵੀਂ ਬਰਸੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਧਾਕ੍ਰਿਸ਼ਨਨ, ਜੋ ਰਾਜ ਸਭਾ ਦੇ ਚੇਅਰਮੈਨ ਵੀ ਹਨ, ਸ਼ਰਧਾਂਜਲੀ ਭੇਟ ਕਰਨ ਵਾਲੇ ਪਹਿਲੇ ਲੋਕਾਂ ਵਿੱਚ ਸ਼ਾਮਲ ਸਨ। ਬਰਸੀ ਮਨਾਉਣ ਲਈ ਇੱਕ ਮਿੰਟ ਦਾ ਮੌਨ ਰੱਖਿਆ ਗਿਆ। ਕਾਂਗਰਸ ਆਗੂ ਸੋਨੀਆ ਗਾਂਧੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਉਨ੍ਹਾ ਦੀ ਭੈਣ ਪ੍ਰਿਯੰਕਾ ਗਾਂਧੀ ਵਾਡਰਾ ਵੀ ਸਮਾਗਮ ਵਿੱਚ ਮੌਜੂਦ ਸਨ। ਆਗੂਆਂ ਨੇ ਜਵਾਨਾਂ ਦੀਆਂ ਤਸਵੀਰਾਂ 'ਤੇ ਫੁੱਲਾਂ ਮਾਲਾਵਾਂ ਚੜ੍ਹਾਈਆਂ ਤੇ ਸ਼ਰਧਾਂਜਲੀ ਦਿੱਤੀ।

ਇਸ ਹਮਲੇ ਵਿੱਚ ਦਿੱਲੀ ਪੁਲਸ ਦੇ 6 ਮੁਲਾਜ਼ਮ, ਸੰਸਦ ਸੁਰੱਖਿਆ ਸੇਵਾ ਦੇ ਦੋ ਕਰਮਚਾਰੀ, ਇੱਕ ਮਾਲੀ ਅਤੇ ਇੱਕ ਟੀ ਵੀ ਵੀਡੀਓ ਪੱਤਰਕਾਰ ਮਾਰੇ ਗਏ ਸਨ। ਹਮਲਾਵਰ ਸਾਰੇ 5 ਅੱਤਵਾਦੀਆਂ ਨੂੰ ਸੰਸਦ ਇਮਾਰਤ ਦੇ ਵਿਹੜੇ ਵਿੱਚ ਹੀ ਢੇਰ ਕਰ ਦਿੱਤਾ ਸੀ।


## ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਅੱਜ



ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਲਈ ਚੋਣ ਅਮਲਾ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਤੋਂ ਚੋਣ ਸਮਗਰੀ ਲੈ ਕੇ ਜਾਂਦਾ ਹੋਇਆ।
ਜ਼ਿਲ੍ਹਾ ਪ੍ਰੀਸ਼ਦ ਦੇ 347 ਜ਼ੋਨਾਂ ਤੇ ਪੰਚਾਇਤ ਸੰਮਤੀ ਦੇ 2833 ਜ਼ੋਨਾਂ (ਜਿਨ੍ਹਾਂ ਵਿਚੋਂ 351 ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ ਹਨ) ਲਈ 14 ਦਸੰਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ, ਜਿਨ੍ਹਾਂ ਦੀ ਗਿਣਤੀ 17 ਦਸੰਬਰ ਨੂੰ ਕੀਤੀ ਜਾਵੇਗੀ।

## ਮੈਸੀ ਦੀ ਨਹੀਂ ਮਿਲੀ ਝਲਕ, ਪ੍ਰਸ਼ੰਸਕਾਂ ਵੱਲੋਂ ਹੰਗਾਮਾ

**ਕੋਲਕਾਤਾ** : ਇੱਥੇ ਸਾਲਟ ਲੇਕ ਸਟੇਡੀਅਮ ਵਿੱਚ ਹਫੜਾ-ਦਫੜੀ ਮਚ ਗਈ, ਜਦੋਂ ਅਰਜਨਟੀਨਾ ਦੇ ਫੁੱਟਬਾਲ ਆਈਕਨ ਲਿਓਨਲ ਮੈਸੀ ਨੂੰ ਦੇਖਣ ਲਈ ਟਿਕਟਾਂ 'ਤੇ ਮੋਟੀਆਂ ਰਕਮਾਂ ਖਰਚ ਕਰਨ ਵਾਲੇ ਦਰਸ਼ਕਾਂ ਨੇ ਫੁੱਟਬਾਲ ਖਿਡਾਰੀ ਦੀ ਸਾਫ਼ ਝਲਕ ਨਾ ਮਿਲਣ 'ਤੇ ਰੋਸ ਪ੍ਰਦਰਸ਼ਨ ਕੀਤਾ। ਮੈਸੀ ਲੰਮੇ ਸਮੇਂ ਦੇ ਸਟਰਾਈਕ ਪਾਰਟਨਰ ਲੁਈਸ ਸੁਆਰੇਜ਼ ਅਤੇ ਅਰਜਨਟੀਨਾ ਦੇ ਟੀਮ ਸਾਥੀ ਰੌਡਰਿਗੋ ਡੀ ਪਾਲ ਦੇ ਨਾਲ ਸਵੇਰੇ 11.30 ਵਜੇ ਦੇ ਕਰੀਬ ਵਿਵੇਕਾਨੰਦ ਯੁਵਾ ਭਾਰਤੀ ਕ੍ਰਿੜਾਂਗਨ ਪਹੁੰਚੇ। ਉਹ ਮੈਦਾਨ ਵਿੱਚ ਆਉਣ ਵਾਲੇ ਪਹਿਲੇ ਵਿਅਕਤੀ ਸਨ। ਉਹ ਸੰਖੇਪ ਵਿੱਚ ਘੁੰਮੇ ਅਤੇ ਭੀੜ ਵੱਲ ਹੱਥ ਹਿਲਾਇਆ। ਹਾਲਾਂ ਕਿ ਉਹ ਆਪਣੇ ਪੂਰੇ ਚੱਕਰ ਦੌਰਾਨ ਵੀ ਆਈ ਪੀਜ਼, ਪ੍ਰਬੰਧਕਾਂ ਅਤੇ ਸੁਰੱਖਿਆ ਕਰਮਚਾਰੀਆਂ ਨਾਲ ਘਿਰੇ ਰਹੇ। ਪ੍ਰਸ਼ੰਸਕਾਂ ਨੇ ਦਾਅਵਾ ਕੀਤਾ ਕਿ ਸਵੇਰ ਤੋਂ ਇੰਤਜ਼ਾਰ ਕਰਨ ਦੇ ਬਾਵਜੂਦ ਉਹ ਮੈਸੀ ਨੂੰ ਨਾ ਤਾਂ ਸਿੱਧੇ ਤੌਰ 'ਤੇ ਅਤੇ ਨਾ ਹੀ ਸਟੇਡੀਅਮ ਦੀਆਂ ਵੱਡੀਆਂ ਸਕ੍ਰੀਨਾਂ 'ਤੇ ਠੀਕ ਤਰ੍ਹਾਂ ਦੇਖ ਸਕੇ। ਸਟੈਂਡਾਂ ਵਿੱਚ 'ਸਾਨੂੰ ਮੈਸੀ ਚਾਹੀਦਾ ਹੈ' ਦੇ ਨਾਅਰੇ ਗੂੰਜਣ ਨਾਲ ਨਿਰਾਸ਼ਾ ਵਧ ਗਈ। ਨਿਰਾਸ਼ ਸਮਰਥਕਾਂ ਨੇ ਮੈਦਾਨ 'ਤੇ ਬੋਤਲਾਂ ਸੁੱਟੀਆਂ ਅਤੇ ਗੈਲਰੀਆਂ ਵਿੱਚ ਬੈਨਰਾਂ, ਹੋਰਡਿੰਗਾਂ ਅਤੇ ਪਲਾਸਟਿਕ ਦੀਆਂ ਕੁਰਸੀਆਂ ਨੂੰ ਨੁਕਸਾਨ ਪਹੁੰਚਾਇਆ। ਇਸ ਦੌਰਾਨ ਮੈਸੀ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਬਾਹਰ ਕੱਢ ਲਿਆ ਗਿਆ ਅਤੇ ਵਾਧੂ ਸੁਰੱਖਿਆ ਤਾਇਨਾਤ ਕਰ ਦਿੱਤੀ। ਲਿਓਨਲ ਮੈਸੀ ਦੇ ਸਾਲਟ ਲੇਕ ਸਟੇਡੀਅਮ ਈਵੈਂਟ ਦੇ ਮੁੱਖ ਪ੍ਰਬੰਧਕ ਸਤਦਰੂ ਦੱਤਾ ਨੂੰ ਐਤਵਾਰ ਵੱਡੇ ਪੱਧਰ 'ਤੇ ਅਫਰਾ-ਤਫਰੀ ਅਤੇ ਗੰਭੀਰ ਗਲਤ ਪ੍ਰਬੰਧਨ ਦੇ ਦੋਸ਼ਾਂ ਤੋਂ ਬਾਅਦ ਹਿਰਾਸਤ ਵਿੱਚ ਲਿਆ ਗਿਆ ਹੈ। ਇਹ ਜਾਣਕਾਰੀ ਪੱਛਮੀ ਬੰਗਾਲ ਦੇ ਪੁਲਸ ਡਾਇਰੈਕਟਰ ਜਨਰਲ (ਡੀ ਜੀ ਪੀ) ਰਾਜੀਵ ਕੁਮਾਰ ਨੇ ਦਿੱਤੀ। ਦੱਤਾ ਨੂੰ ਕੋਲਕਾਤਾ ਹਵਾਈ ਅੱਡੇ ਤੋਂ ਹਿਰਾਸਤ ਵਿੱਚ ਲਿਆ ਗਿਆ, ਜਿੱਥੇ ਉਹ ਮੈਸੀ ਅਤੇ ਉਸ ਦੇ ਸਾਥੀਆਂ ਨੂੰ ਹੈਦਰਾਬਾਦ ਲਈ ਰਵਾਨਾ ਕਰਨ ਗਿਆ ਸੀ। ਰਾਜੀਵ ਕੁਮਾਰ ਨੇ ਕਿਹਾ, 'ਅਸੀਂ ਦੇਖ ਰਹੇ ਹਾਂ ਕਿ ਕੀ ਪ੍ਰਬੰਧਕ ਦੇ ਪੱਖੋਂ ਪ੍ਰਬੰਧ ਠੀਕ ਨਹੀਂ ਸਨ, ਜਿਸ ਕਾਰਨ ਸਟੇਡੀਅਮ ਵਿੱਚ ਅਫਰਾ-ਤਫਰੀ ਹੋਈ। ਉਸ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਸ ਨੇ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ ਹੈ। ਉਨ੍ਹਾ ਕਿਹਾ ਕਿ ਪ੍ਰਬੰਧਕ ਨੇ ਲਿਖਤੀ ਰੂਪ ਵਿੱਚ ਭਰੋਸਾ ਦਿੱਤਾ ਹੈ ਕਿ ਉਹ ਨਿਰਾਸ਼ ਦਰਸ਼ਕਾਂ ਨੂੰ ਵੇਚੀਆਂ ਗਈਆਂ ਟਿਕਟਾਂ ਦੀ ਕੀਮਤ ਵਾਪਸ ਕਰੇਗਾ।



## ਸਿਹਰਾ ਲੈਣ ਲਈ ਬਦਲਿਆ ਜਾ ਰਿਹੈ ਮਨਰੇਗਾ ਦਾ ਨਾਂਅ : ਕਾਂਗਰਸ

**ਨਵੀਂ ਦਿੱਲੀ** : ਕੈਬਨਿਟ ਵੱਲੋਂ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਾਰੰਟੀ ਐਕਟ (ਮਨਰੇਗਾ) ਦਾ ਨਾਂਅ ਬਦਲਣ ਲਈ ਇੱਕ ਬਿੱਲ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਕਾਂਗਰਸ ਨੇ ਸਨਿੱਚਰਵਾਰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਕ੍ਰਾਂਤੀਕਾਰੀ ਯੋਜਨਾ ਦਾ ਸਿਹਰਾ ਲੈਣ ਲਈ ਅਜਿਹਾ ਕਰ ਰਹੇ ਹਨ ਅਤੇ ਇਹ ਕਦਮ 'ਇਸ ਯੋਜਨਾ ਪ੍ਰਤੀ ਕੀਤੀ ਜਾ ਰਹੀ ਜਾਣਬੁੱਝ ਕੇ ਅਣਗਹਿਲੀ ਨੂੰ ਢੱਕਣ ਲਈ ਸਿਰਫ਼ ਇੱਕ ਬਾਹਰੀ ਬਦਲਾਅ ਹੈ।' ਸੂਤਰਾਂ ਅਨੁਸਾਰ ਕੇਂਦਰੀ ਕੈਬਨਿਟ ਨੇ ਸ਼ੁੱਕਰਵਾਰ ਮਨਰੇਗਾ ਦਾ ਨਾਂਅ ਬਦਲਣ ਅਤੇ ਕੰਮ ਦੇ ਦਿਨਾਂ ਦੀ ਗਿਣਤੀ ਵਧਾਉਣ ਲਈ ਇੱਕ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਅਨੁਸਾਰ ਇਸ ਯੋਜਨਾ ਦਾ ਨਾਂਅ ਹੁਣ 'ਪੂਜਯ ਬਾਪੂ ਗ੍ਰਾਮੀਣ ਰੋਜ਼ਗਾਰ ਯੋਜਨਾ' ਰੱਖਿਆ ਜਾਵੇਗਾ ਅਤੇ ਇਸ ਦੇ ਤਹਿਤ ਕੰਮ ਦੇ ਦਿਨਾਂ ਦੀ ਗਿਣਤੀ ਮੌਜੂਦਾ 100 ਦਿਨਾਂ ਤੋਂ ਵਧਾ ਕੇ 125 ਦਿਨ ਕਰ ਦਿੱਤੀ ਜਾਵੇਗੀ। ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ (ਸੰਗਠਨ) ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ, ਜਿਨ੍ਹਾ ਇੱਕ ਵਾਰ ਮਨਰੇਗਾ ਨੂੰ 'ਅਸਫਲਤਾ ਦੀ ਯਾਦਗਾਰ' ਕਿਹਾ ਸੀ, ਹੁਣ ਇਸ ਕ੍ਰਾਂਤੀਕਾਰੀ ਯੋਜਨਾ ਦਾ ਸਿਹਰਾ ਲੈਣ ਲਈ ਇਸ ਦਾ ਨਾਂਅ ਬਦਲ ਰਹੇ ਹਨ। ਉਨ੍ਹਾ ਦੋਸ਼ ਲਾਇਆ—ਇਹ ਸਾਡੀ ਰਾਸ਼ਟਰੀ ਮਾਨਸਿਕਤਾ ਵਿੱਚੋਂ ਮਹਾਤਮਾ ਗਾਂਧੀ ਨੂੰ ਮਿਟਾਉਣ ਦਾ ਇੱਕ ਹੋਰ ਤਰੀਕਾ ਹੈ, ਖਾਸ ਕਰਕੇ ਪਿੰਡਾਂ ਵਿੱਚੋਂ, ਜਿੱਥੇ ਉਨ੍ਹਾਂ (ਗਾਂਧੀ) ਦੇ ਅਨੁਸਾਰ ਭਾਰਤ ਦੀ ਆਤਮਾ ਵੱਸਦੀ ਹੈ। ਉਨ੍ਹਾ ਕਿਹਾ ਕਿ ਮਨਰੇਗਾ ਵਰਕਰ ਉੱਚ ਮਜ਼ਦੂਰੀ ਦੀ ਮੰਗ ਕਰ ਰਹੇ ਹਨ, ਪਰ ਕੇਂਦਰ ਸਾਲ ਦਰ ਸਾਲ ਇਸ ਯੋਜਨਾ ਲਈ ਅਲਾਟ ਕੀਤੇ ਫੰਡਾਂ ਨੂੰ ਘਟਾ ਰਿਹਾ ਹੈ।

## ਨੋਬਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਗ੍ਰਿਫਤਾਰ



**ਦੁਬਈ** : ਈਰਾਨ ਨੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਨਰਗਿਸ ਮੁਹੰਮਦੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾ ਦੇ ਸਮਰਥਕਾਂ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਨਰਗਿਸ ਦੇ ਨਾਂਅ 'ਤੇ ਬਣੀ ਇੱਕ ਫਾਊਂਡੇਸ਼ਨ ਨੇ ਕਿਹਾ ਕਿ ਉਨ੍ਹਾ ਨੂੰ ਰਾਜਧਾਨੀ ਤਹਿਰਾਨ ਤੋਂ ਲਗਭਗ 680 ਕਿਲੋਮੀਟਰ ਉਤਰ-ਪੂਰਬ ਵਿੱਚ ਮਸ਼ਹਦ ਵਿਖੇ ਹਿਰਾਸਤ ਵਿੱਚ ਲਿਆ ਗਿਆ, ਜਦੋਂ ਉਹ ਇੱਕ ਮਨੁੱਖੀ ਅਧਿਕਾਰ ਵਕੀਲ ਦੀ ਸ਼ੋਕ ਸਭਾ ਵਿੱਚ ਸ਼ਾਮਲ ਹੋ ਰਹੀ ਸੀ, ਜੋ ਹਾਲ ਹੀ ਵਿੱਚ ਅਸਪੱਸ਼ਟ ਹਾਲਾਤ ਵਿੱਚ ਮ੍ਰਿਤਕ ਪਾਇਆ ਗਿਆ ਸੀ। ਇੱਕ ਸਥਾਨਕ ਅਧਿਕਾਰੀ ਨੇ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ, ਪਰ ਮੁਹੰਮਦੀ (53) ਦਾ ਸਿੱਧਾ ਨਾਂਅ ਨਹੀਂ ਲਿਆ। ਉਨ੍ਹਾ ਦੀ ਹਿਰਾਸਤ ਅਜਿਹੇ ਸਮੇਂ ਹੋਈ ਹੈ, ਜਦੋਂ ਈਰਾਨ ਬੁੱਧੀਜੀਵੀਆਂ ਅਤੇ ਹੋਰਨਾਂ 'ਤੇ ਸਖ਼ਤੀ ਕਰ ਰਿਹਾ ਹੈ, ਕਿਉਂਕਿ ਤਹਿਰਾਨ ਪਾਬੰਦੀਆਂ, ਇੱਕ ਬਿਮਾਰ ਅਰਥ ਵਿਵਸਥਾ ਅਤੇ ਇਜ਼ਰਾਈਲ ਨਾਲ ਨਵੇਂ ਸਿਰੇ ਤੋਂ ਜੰਗ ਦੇ ਡਰ ਨਾਲ ਜੂਝ ਰਿਹਾ ਹੈ।

'ਦਿ ਨਰਗਿਸ ਫਾਊਂਡੇਸ਼ਨ' ਨੇ ਇੱਕ ਬਿਆਨ ਵਿੱਚ ਕਿਹਾ ਕਿ ਫਾਊਂਡੇਸ਼ਨ ਸਾਰੇ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਦੀ ਤੁਰੰਤ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰਦੀ ਹੈ, ਜੋ ਸ਼ਰਧਾਂਜਲੀ ਦੇਣ ਅਤੇ ਇਕਜੁੱਟਤਾ ਪ੍ਰਗਟ ਕਰਨ ਲਈ ਇੱਕ ਯਾਦਗਾਰੀ ਸਮਾਰੋਹ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਦੀ ਗ੍ਰਿਫਤਾਰੀ ਬੁਨਿਆਦੀ ਆਜ਼ਾਦੀਆਂ ਦੀ ਗੰਭੀਰ ਉਲੰਘਣਾ ਹੈ।

## ਇੱਕੋ ਪਰਵਾਰ ਦੇ 3 ਜੀਆਂ ਵੱਲੋਂ ਖੁਦਕੁਸ਼ੀ

**ਨਵੀਂ ਦਿੱਲੀ** : ਦਿੱਲੀ ਦੇ ਕਾਲਕਾਜੀ ਇਲਾਕੇ ਵਿੱਚ ਇਕੋ ਪਰਵਾਰ ਦੇ 3 ਜੀਆਂ ਨੇ ਖੁਦਕੁਸ਼ੀ ਕਰ ਲਈ, ਜਿਸ ਕਾਰਨ ਪੂਰੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਹੈ। ਮਿਲੀ ਜਾਣਕਾਰੀ ਮੁਤਾਬਕ ਇਕੋ ਪਰਵਾਰ ਦੇ ਤਿੰਨ ਮੈਂਬਰਾਂ ਦੀਆਂ ਦੇਹਾਂ ਘਰ ਵਿਚ ਲਟਕਦੀਆਂ ਮਿਲੀਆਂ। ਪਰਵਾਰ ਲੰਮੇ ਸਮੇਂ ਤੋਂ ਆਰਥਕ ਤੰਗੀ ਤੋਂ ਪ੍ਰੇਸ਼ਾਨ ਸੀ, ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਇਹ ਕਦਮ ਚੁੱਕਿਆ ਗਿਆ। ਮੌਕੇ ਤੋਂ ਸੁਸਾਈਡ ਨੋਟ ਬਰਾਮਦ ਹੋਇਆ ਹੈ। ਮ੍ਰਿਤਕਾਂ ਦੀ ਪਛਾਣ 52 ਸਾਲਾ ਅਨੁਰਾਧਾ ਕਪੂਰ ਤੇ ਉਨ੍ਹਾ ਦੇ ਦੋ ਪੁੱਤਰ 32 ਸਾਲਾ ਆਸ਼ੀਸ਼ ਤੇ 27 ਸਾਲਾ ਚੈਤਨਿਆ ਵਜੋਂ ਹੋਈ ਹੈ। ਪੂਰੀ ਘਟਨਾ ਬਾਰੇ ਉਦੋਂ ਪਤਾ ਲੱਗਾ, ਜਦੋਂ ਅਦਾਲਤ ਦੇ ਹੁਕਮਾਂ 'ਤੇ ਜਾਇਦਾਦ ਦਾ ਕਬਜ਼ਾ ਲੈਣ ਲਈ ਇਕ ਟੀਮ ਉਨ੍ਹਾਂ ਦੇ ਘਰ ਪਹੁੰਚੀ, ਪਰ ਕਿਸੇ ਵੱਲੋਂ ਦਰਵਾਜ਼ਾ ਨਹੀਂ ਖੋਲ੍ਹਿਆ ਗਿਆ। ਇਸ ਮਗਰੋਂ ਡੁਪਲੀਕੇਟ ਚਾਬੀ ਬਣਵਾ ਕੇ ਘਰ ਦੇ ਅੰਦਰ ਵੜੀ ਟੀਮ ਨੇ ਜੋ ਦੇਖਿਆ, ਉਹ ਦੇਖ ਕੇ ਉਨ੍ਹਾਂ ਦੇ ਹੋਸ਼ ਉਡ ਗਏ।

## ਭਾਰਤ 'ਤੇ 50 ਫੀਸਦੀ ਟੈਰਿਫ ਖਤਮ ਕਰਨ ਦੀ ਮੰਗ

**ਵਾਸ਼ਿੰਗਟਨ** : ਅਮਰੀਕੀ ਪ੍ਰਤੀਨਿਧੀ ਸਭਾ ਦੇ ਤਿੰਨ ਮੈਂਬਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੌਮੀ ਐਮਰਜੈਂਸੀ ਐਲਾਨ ਨੂੰ ਖਤਮ ਕਰਨ ਸੰਬੰਧੀ ਮਤਾ ਪੇਸ਼ ਕੀਤਾ, ਜਿਸ ਵਿੱਚ ਭਾਰਤ ਤੋਂ ਦਰਾਮਦ ਵਸਤਾਂ 'ਤੇ 50 ਫੀਸਦੀ ਤੱਕ ਦੇ ਟੈਰਿਫ ਲਗਾਏ ਗਏ ਸਨ। ਇਨ੍ਹਾਂ ਮੈਂਬਰਾਂ ਨੇ ਉਪਾਵਾਂ ਨੂੰ 'ਗੈਰ-ਕਾਨੂੰਨੀ' ਅਤੇ ਅਮਰੀਕੀ ਕਾਮਿਆਂ, ਖਪਤਕਾਰਾਂ ਅਤੇ ਦੁਵੱਲੇ ਸੰਬੰਧਾਂ ਲਈ ਨੁਕਸਾਨਦੇਹ ਦੱਸਿਆ। ਪ੍ਰਤੀਨਿਧੀ ਡੇਬੋਰਾ ਰੌਸ, ਮਾਰਕ ਵੀਸੇ ਤੇ ਰਾਜਾ ਕ੍ਰਿਸ਼ਨਾਮੂਰਤੀ ਵੱਲੋਂ ਪੇਸ਼ ਕੀਤਾ ਗਿਆ ਇਹ ਮਤਾ ਬ੍ਰਾਜ਼ੀਲ 'ਤੇ ਇਸੇ ਤਰ੍ਹਾਂ ਦੇ ਟੈਰਿਫਾਂ ਨੂੰ ਖਤਮ ਕਰਨ ਅਤੇ ਦਰਾਮਦ ਡਿਊਟੀਆਂ ਵਧਾਉਣ ਲਈ ਰਾਸ਼ਟਰਪਤੀ ਦੀਆਂ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਲਈ ਸੈਨੇਟ ਦੀ ਦੁਵੱਲੀ ਪੇਸ਼ਕਦਮੀ ਤੋਂ ਬਾਅਦ ਆਇਆ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਇਨ੍ਹਾਂ ਟੈਰਿਫ਼ਾਂ ਨੂੰ ਖ਼ਤਮ ਕਰਨ ਨਾਲ ਅਮਰੀਕਾ-ਭਾਰਤ ਆਰਥਿਕ ਤੇ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਵਿਚ ਮਦਦ ਮਿਲੇਗੀ। ਇਹ ਮਤਾ ਡੈਮੋਕਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਵੱਲੋਂ ਟਰੰਪ ਦੇ ਇਕਤਰਫ਼ਾ ਵਪਾਰ ਉਪਾਵਾਂ ਨੂੰ ਚੁਣੌਤੀ ਦੇਣ ਤੇ ਭਾਰਤ ਨਾਲ ਅਮਰੀਕੀ ਰਿਸ਼ਤਿਆਂ ਨੂੰ ਮੁੜ ਤੋਂ ਠੀਕ ਕਰਨ ਦੀ ਇਕ ਵੱਡੀ ਕੋਸ਼ਿਸ਼ ਦਾ ਹਿੱਸਾ ਹੈ।

## ਜੇਲ੍ਹ ਤੋੜ ਕੇ ਭੱਜਣ ਵਾਲਾ ਗੁਰਪ੍ਰੀਤ ਨਾਭਾ ਜੇਲ੍ਹ 'ਚੋਂ ਰਿਹਾਅ

**ਨਾਭਾ** : 2016 ਵਿਚ ਨਾਭਾ ਦੀ ਅਤਿ ਸੁਰੱਖਿਆ ਜੇਲ੍ਹ ਤੋੜ ਕੇ ਫਰਾਰ ਹੋਣ ਵਾਲਾ ਗੁਰਪ੍ਰੀਤ ਸਿੰਘ ਸੇਖੋਂ ਸ਼ਨੀਵਾਰ ਕਾਨੂੰਨੀ ਤਰੀਕੇ ਨਾਲ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਤੋਂ ਬਾਹਰ ਆ ਗਿਆ।

ਗੈਂਗਸਟਰ ਤੋਂ ਸਿਆਸਤਦਾਨ ਬਣੇ ਗੁਰਪ੍ਰੀਤ ਸਿੰਘ ਸੇਖੋਂ ਨੂੰ ਬੀ ਐੱਨ ਐੱਸ ਐੱਸ ਦੀ ਧਾਰਾ 126 ਤੇ 170 ਤਹਿਤ ਫਿਰੋਜ਼ਪੁਰ ਪੁਲਸ ਨੇ ਪਿਛਲੇ ਦਿਨੀਂ ਗ੍ਰਿਫਤਾਰ ਕੀਤਾ ਸੀ। ਇਸ ਗ੍ਰਿਫਤਾਰੀ ਨੂੰ ਗੈਰ-ਕਾਨੂੰਨੀ ਦੱਸਦੇ ਹੋਏ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ ਉਪਰ ਤੁਰੰਤ ਰਿਹਾਅ ਕਰਨ ਦੇ ਨਿਰਦੇਸ਼ ਦਿੱਤੇ ਸਨ। ਗੁਰਪ੍ਰੀਤ ਸੇਖੋਂ ਦੀ ਪਤਨੀ ਅਤੇ ਮਾਤਾ ਫਿਰੋਜ਼ਪੁਰ ਵਿਖੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜ ਰਹੇ ਹਨ। ਜੇਲ੍ਹ ਤੋਂ ਬਾਹਰ ਆਏ ਗੁਰਪ੍ਰੀਤ ਸੇਖੋਂ ਨੇ ਅਦਾਲਤ ਦਾ ਧੰਨਵਾਦ ਕੀਤਾ।

## ਮਾਨਸਿਕ ਤੌਰ 'ਤੇ ਅਸਥਿਰ ਕੌਣ : ਨਵਜੋਤ ਕੌਰ



**ਚੰਡੀਗੜ੍ਹ** : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁਅੱਤਲ ਕਾਂਗਰਸੀ ਆਗੂ ਨਵਜੋਤ ਕੌਰ ਸਿੱਧੂ ਦੀ ਸਖ਼ਤ ਆਲੋਚਨਾ ਕਰਨ ਤੋਂ ਬਾਅਦ ਪੰਜਾਬ ਵਿੱਚ ਸਿਆਸੀ ਤੂਫਾਨ ਖੜ੍ਹਾ ਹੋ ਗਿਆ ਹੈ। ਕੈਪਟਨ ਨੇ 'ਪੰਜਾਬ ਵਿੱਚ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ' ਦੇ ਨਵਜੋਤ ਕੌਰ ਸਿੱਧੂ ਦੇ ਦਾਅਵੇ ਨੂੰ 'ਪੂਰੀ ਤਰ੍ਹਾਂ ਝੂਠ' ਦੱਸਿਆ। ਕੈਪਟਨ ਨੇ ਮੀਡੀਆ ਨਾਲ ਇੱਕ ਇੰਟਰਵਿਊ ਵਿੱਚ ਸਿੱਧੂ ਦੰਪਤੀ ਨੂੰ 'ਅਸਥਿਰ' ਦੱਸਿਆ। ਅਮਰਿੰਦਰ ਸਿੰਘ ਨੇ ਕਿਹਾ, 'ਉਹ (ਨਵਜੋਤ ਕੌਰ ਸਿੱਧੂ ਤੇ ਨਵਜੋਤ ਸਿੰਘ ਸਿੱਧੂ) ਜੋੜਾ ਅਸਥਿਰ ਹੈ। ਨਵਜੋਤ ਸਿੱਧੂ ਮੇਰਾ ਮੰਤਰੀ ਸੀ। ਦੋ ਵਿਭਾਗ ਦਿੱਤੇ ਜਾਣ ਦੇ ਬਾਵਜੂਦ ਉਹ ਲਗਾਤਾਰ ਸ਼ਿਕਾਇਤ ਕਰਦਾ ਰਿਹਾ। ਮੈਂ ਉਸ ਨੂੰ ਬਿਜਲੀ ਵਿਭਾਗ ਵੀ ਦਿੱਤਾ, ਪਰ ਉਸ ਨੇ ਅਸਤੀਫਾ ਦੇ ਦਿੱਤਾ ਅਤੇ ਮਹੀਨਿਆਂ ਤੋਂ ਫਾਈਲਾਂ ਪੈਂਡਿੰਗ ਛੱਡ ਦਿੱਤੀਆਂ। ਉਹ ਇਸ ਕੰਮ ਲਈ ਯੋਗ ਨਹੀਂ ਸੀ।'

ਨਵਜੋਤ ਕੌਰ ਸਿੱਧੂ ਨੇ ਕੈਪਟਨ ਦੇ ਇਸ ਬਿਆਨ ਬਾਰੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸਾਬਕਾ ਮੰਤਰੀ ਨੇ ਐੱਕਸ 'ਤੇ ਇਕ ਪੋਸਟ ਵਿਚ ਅਮਰਿੰਦਰ ਸਿੰਘ ਦੇ ਰਿਕਾਰਡ 'ਤੇ ਸਵਾਲ

• ਬਾਕੀ ਸਫਾ 2 'ਤੇ

### ਮੁੱਖ ਮੰਤਰੀ ਤੋਂ ਸੁਰੱਖਿਆ ਮੰਗੀ

**ਚੰਡੀਗੜ੍ਹ** : ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਵਾਲੇ ਬਿਆਨ ਨਾਲ ਖੜ੍ਹੇ ਹੋਏ ਵਿਵਾਦ ਤੋਂ ਬਾਅਦ ਨਵਜੋਤ ਕੌਰ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੁਰੱਖਿਆ ਕਵਰ ਦੀ ਮੰਗ ਕੀਤੀ ਹੈ। ਕੌਰ ਨੇ ਮੁੱਖ ਮੰਤਰੀ ਦੀ ਚੁੱਪੀ 'ਤੇ ਵੀ ਸਵਾਲ ਚੁੱਕਿਆ ਕਿ ਜੋ ਮੁੱਦੇ ਉਨ੍ਹਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਕੋਲ ਉਠਾਏ ਸਨ, ਉਨ੍ਹਾਂ ਦਾ ਕੋਈ ਜਵਾਬ ਕਿਉਂ ਨਹੀਂ ਦਿੱਤਾ ਗਿਆ ਅਤੇ ਮੁੱਖ ਮੰਤਰੀ 'ਤੇ 'ਸ਼ਰਾਬ ਅਤੇ ਮਾਈਨਿੰਗ ਮਾਫੀਆ ਨੂੰ ਸਹੂਲਤ ਦੇਣ' ਦਾ ਦੋਸ਼ ਲਗਾਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਨਵਜੋਤ ਕੌਰ ਸਿੱਧੂ ਨੂੰ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਉਨ੍ਹਾ ਕਿਹਾ ਕਿ ਪਹਿਲਾਂ ਪੁੱਠੇ-ਸਿੱਧੇ

• ਬਾਕੀ ਸਫਾ 2 'ਤੇ

## ਭਾਸ਼ਾ ਵਿਭਾਗ 'ਚ ਖੋਜ ਸਹਾਇਕਾਂ ਦੀ ਭਰਤੀ ਰੱਦ

**ਚੰਡੀਗੜ੍ਹ** : ਭਾਸ਼ਾ ਵਿਭਾਗ ਵੱਲੋਂ ਸਾਲ 2023 ਦੇ ਇਸ਼ਤਿਹਾਰ ਤਹਿਤ ਕੀਤੀ 22 ਖੋਜ ਸਹਾਇਕਾਂ ਦੀ ਭਰਤੀ ਨੂੰ ਅਧੀਨ ਸੇਵਾਵਾਂ ਚੋਣ ਬੋਰਡ ਨੇ ਰੱਦ ਕਰ ਦਿੱਤਾ ਹੈ। ਚੋਣ ਬੋਰਡ ਨੇ ਆਪਣੀ ਵੈੱਬਸਾਈਟ ਉਪਰ ਜਨਤਕ ਸੂਚਨਾ ਜਾਰੀ ਕਰਦੇ ਹੋਏ ਲਿਖਿਆ ਹੈ ਕਿ ਉਕਤ ਖੋਜ ਸਹਾਇਕਾਂ ਦੀ ਭਰਤੀ ਲਈ ਚਾਲੂ ਪ੍ਰਕਿਰਿਆ ਨੂੰ ਕਾਨੂੰਨੀ ਅਤੇ ਪ੍ਰਬੰਧਕੀ ਕਾਰਨਾਂ ਕਰਕੇ ਤੁਰੰਤ ਖਾਰਜ ਕੀਤਾ ਜਾਂਦਾ ਹੈ।

ਇਸ ਦੇ ਨਾਲ ਹੀ 2023 ਦੇ ਇਸ਼ਤਿਹਾਰ ਨੰ. 5 ਅਧੀਨ ਭਾਸ਼ਾ ਵਿਭਾਗ ਦੇ ਖੋਜ ਸਹਾਇਕਾਂ ਦੀਆਂ 42 ਅਸਾਮੀਆਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਚੋਣ ਬੋਰਡ ਦੇ ਮੈਂਬਰ ਗੂੰਜਣ ਚੱਢਾ ਨੇ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਕੁਝ ਨਿਯਮਾਂ ਦੀ ਅਣਦੇਖੀ ਕੀਤੀ ਗਈ ਸੀ ਤੇ ਅੱਗੇ ਚੱਲ ਕੇ ਕਾਨੂੰਨੀ ਅੜਿੱਕਿਆਂ ਦੀ ਸੰਭਾਵਨਾ ਦੇ ਮੱਦੇਨਜ਼ਰ ਤੇ ਸਾਰੇ ਉਮੀਦਵਾਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਭਰਤੀ ਰੱਦ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਸ ਭਰਤੀ ਬਾਬਤ ਮੁੜ ਤੋਂ ਇਸ਼ਤਿਹਾਰ ਜਾਰੀ ਹੋਵੇਗਾ ਤੇ ਉਦੋਂ ਪਹਿਲਾਂ ਫਾਰਮ ਭਰ ਚੁੱਕੇ ਉਮੀਦਵਾਰਾਂ ਬਾਰੇ ਵੀ ਵਿਚਾਰ ਕੀਤਾ ਜਾਵੇਗਾ।

## ਨਵਾਂਸ਼ਹਿਰ ਦੇ ਕਾਰੋਬਾਰੀ ਦਾ ਬੇਰਹਿਮੀ ਨਾਲ ਕਤਲ

**ਬਲਾਚੌਰ (ਜਸਵਿੰਦਰ ਬੈਂਸ)**

ਬਲਾਚੌਰ ਇਲਾਕੇ ਵਿੱਚ ਉਸ ਵੇਲੇ ਦਹਿਸ਼ਤ ਦਾ ਮਹੌਲ ਬਣ ਗਿਆ, ਜਦ ਬਲਾਚੌਰ ਦੇ ਸੁੱਜੋਵਾਲ ਰੋਡ 'ਤੇ ਸਥਿਤ ਖਾਲਸਾ ਫਾਰਮ ਦੇ ਨਜ਼ਦੀਕ ਇੱਕ ਵਿਅਕਤੀ ਦੀ ਕਾਰ ਸਮੇਤ ਅੱਧਸੜੀ ਲਾਸ਼ ਬਰਾਮਦ ਹੋਈ। ਇਹ ਅੱਧਸੜੀ ਲਾਸ਼ ਬੜੇ ਹੀ ਬੇਰਹਿਮੀ ਨਾਲ ਕੀਤੇ ਗਏ ਕਤਲ ਦੀ ਗਵਾਹੀ ਭਰਦੀ ਹੈ।ਕਾਤਲਾਂ ਵੱਲੋਂ ਸਬੂਤ ਮਿਟਾਉਣ ਦੇ ਇਰਾਦੇ ਨਾਲ ਕਤਲ ਕਰਨ ਉਪਰੰਤ ਲਾਸ਼ ਨੂੰ ਕਾਰ ਵਿੱਚ ਰੱਖ ਕੇ ਅੱਗ ਲਗਾਈ ਹੈ। ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫਸਰ ਇੰਸਪੈਕਟਰ ਰਾਜਪਰਵਿੰਦਰ ਕੌਰ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ। ਉਨ੍ਹਾ ਦੱਸਿਆ ਕਿ ਮ੍ਰਿਤਕ ਦੀ ਸ਼ਨਾਖਤ ਨਵਾਂਸ਼ਹਿਰ ਦੇ ਪ੍ਰਸਿੱਧ ਕਰਿਆਨਾ ਕਾਰੋਬਾਰੀ ਰਵਿੰਦਰ ਸੋਬਤੀ ਵਜੋਂ ਹੋਈ ਹੈ ਅਤੇ ਮ੍ਰਿਤਕ ਦੇ ਪੁੱਤਰ ਸੁਮਿਤ ਸੋਬਤੀ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ।ਸੁਮਿਤ ਸੋਬਤੀ ਵੱਲੋਂ ਦਿੱਤੇ ਬਿਆਨਾਂ ਅਨੁਸਾਰ ਉਸ ਦਾ ਪਿਤਾ ਆਪਣੀ ਕਾਰ ਵਿੱਚ ਬੰਗਾ ਰੋਡ ਤੋਂ ਘਰੇਲੂ ਕੰਮ ਵਾਲੀ ਔਰਤ ਨੂੰ ਲੈਣ ਗਿਆ ਸੀ, ਜਦ ਉਹ ਦੇਰ ਰਾਤ ਵਾਪਸ ਨਾ ਆਏ ਤਾਂ ਉਨ੍ਹਾਂ ਵੱਲੋਂ ਵਾਰ-ਵਾਰ ਆਪਣੇ ਪਿਤਾ ਦੇ ਫੋਨ ਉਪਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਨ੍ਹਾ ਨਾਲ ਸੰਪਰਕ ਨਹੀਂ ਹੋ ਸਕਿਆ।ਇੰਸਪੈਕਟਰ ਨੇ ਦੱਸਿਆ ਕਿ ਮੌਕੇ 'ਤੇ ਫੋਰੈਂਸਿਕ ਮਾਹਰਾਂ ਦੀ ਟੀਮ ਨੂੰ ਸੱਦਿਆ ਗਿਆ ਹੈ ਅਤੇ ਸੀ ਸੀ ਟੀ ਵੀ ਕੈਮਰਿਆ ਅਤੇ ਫੋਨ ਕਾਲ ਡਿਟੇਲਾਂ ਨੂੰ ਵੀ ਖੰਗਾਲਿਆ ਜਾਵੇਗਾ।

## ਦਰਜਨ ਤੋਂ ਵੱਧ ਹਮਲਾਵਰਾਂ ਦੇ ਹਮਲੇ 'ਚ ਇੱਕ ਮੌਤ, ਕਈ ਜ਼ਖ਼ਮੀ



**ਮੋਗਾ** : ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਹਲਕੇ ਦੇ ਸੁਖਾਨੰਦ ਪਿੰਡ ਵਿੱਚ ਪੰਜ ਦਰਜਨ ਹਮਲਾਵਰਾਂ ਨੇ ਪੁਰਾਣੇ ਵਿਵਾਦ ਕਾਰਨ ਪਿੰਡ ਵਾਸੀਆਂ 'ਤੇ ਹਮਲਾ ਕਰ ਦਿੱਤਾ ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਉਸ ਦੇ ਦੋ ਪੁੱਤਰ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਇਹ ਸਾਰਾ ਘਟਨਾਕ੍ਰਮ ਪਿੰਡ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਿਆ। ਜ਼ਖਮੀਆਂ ਨੂੰ ਇਲਾਜ ਲਈ ਫਰੀਦਕੋਟ ਮੈਡੀਕਲ ਕਾਲਜ ਅਤੇ ਹਸਪਤਾਲ ਭੇਜਿਆ ਗਿਆ। ਹਮਲੇ ਵਿੱਚ ਕਈ ਹੋਰ ਪਿੰਡ ਵਾਸੀ ਵੀ ਜ਼ਖਮੀ ਹੋਏ ਹਨ। ਮ੍ਰਿਤਕ ਦੀ ਪਛਾਣ ਸਿਕੰਦਰ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਕਾਰਨ ਵਾਪਰੀ। ਸਿਕੰਦਰ ਸਿੰਘ ਦੀ ਇਕ ਰਿਸ਼ਤੇਦਾਰ ਨੂੰ ਕਥਿਤ ਤੌਰ 'ਤੇ ਉਸੇ ਪਿੰਡ ਦਾ ਇੱਕ ਨੌਜਵਾਨ ਕਾਫ਼ੀ ਸਮੇਂ ਤੋਂ ਪ੍ਰੇਸ਼ਾਨ ਕਰ ਰਿਹਾ ਸੀ। ਹਾਲਾਂ ਕਿ ਲਗਪਗ ਇੱਕ ਸਾਲ ਪਹਿਲਾਂ ਉਨ੍ਹਾਂ ਦਰਮਿਆਨ ਸਮਝੌਤਾ ਹੋ ਗਿਆ ਸੀ, ਜਿਸ ਵਿੱਚ ਨੌਜਵਾਨ ਨੇ ਭਰੋਸਾ ਦਿੱਤਾ ਸੀ ਕਿ ਉਹ ਲੜਕੀ ਨੂੰ ਪ੍ਰੇਸ਼ਾਨ ਨਹੀਂ ਕਰੇਗਾ ਪਰ ਉਹ ਲੜਕੀ ਨੂੰ ਪ੍ਰੇਸ਼ਾਨ ਕਰਦਾ ਰਿਹਾ। ਬਾਘਾਪੁਰਾਣਾ ਦੇ ਡੀ ਐਸ ਪੀ ਦਲਬੀਰ ਸਿੰਘ ਨੇ ਕਿਹਾ ਕਿ ਸ਼ਿਕਾਇਤਕਰਤਾ ਹਰਜੀਤ ਸਿੰਘ ਉਰਫ਼ ਅਰਸ਼ ਨੇ ਪੁਲੀਸ ਨੂੰ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਉਹ ਕੰਮ ਤੋਂ ਘਰ ਵਾਪਸ ਆ ਰਿਹਾ ਸੀ। ਹਰਜੀਤ ਸਿੰਘ ਨੇ ਦੱਸਿਆ ਕਿ ਸਵੇਰੇ ਉਸ ਦੇ ਭਰਾ ਅਤੇ ਹਮਲਾਵਰਾਂ ਦਰਮਿਆਨ ਮਾਮੂਲੀ ਝਗੜਾ ਹੋਇਆ ਸੀ। ਸ਼ਾਮ ਨੂੰ ਠਾਣਾ ਸਿੰਘ, ਸਿਕੰਦਰ ਸਿੰਘ, ਲਵਜਿੰਦਰ ਸਿੰਘ ਉਰਫ਼ ਲਵਲੀ, ਬੇਅੰਤ ਸਿੰਘ ਉਰਫ਼ ਸੋਨੂੰ, ਰਾਜਾ ਸਿੰਘ ਉਰਫ਼ ਵੱਟ, ਧਨੀਰਾਮ, ਬੂਟਾ ਸਿੰਘ, ਖੁਸ਼ਦੀਪ ਸਿੰਘ, ਰਮਜ਼ਾਨ, ਮੋਨੂੰ ਸਿੰਘ ਅਤੇ ਗਿੰਦਾ ਸਿੰਘ (ਇੱਕ ਕਬੱਡੀ ਖਿਡਾਰੀ) ਤੇ 8-10 ਅਣਪਛਾਤੇ ਵਿਅਕਤੀ ਹਥਿਆਰਾਂ ਨਾਲ ਲੈਸ ਹੋ ਕੇ ਆਏ ।

• ਬਾਕੀ ਸਫਾ 2 'ਤੇ

## ਮਠਿਆਈ ਖਾਣ ਤੋਂ ਬਾਅਦ 10 ਤੋਂ ਵੱਧ ਪੁਲਸ ਮੁਲਾਜ਼ਮ ਬਿਮਾਰ

**ਜੈਪੁਰ** : ਇੱਕ ਮਿਠਾਈ ਦੀ ਦੁਕਾਨ ਤੋਂ ਮਿਠਾਈ ਖਾਣ ਤੋਂ ਬਾਅਦ ਬਿਮਾਰ ਹੋਣ ਕਾਰਨ 10 ਤੋਂ ਵੱਧ ਪੁਲਸ ਕਰਮਚਾਰੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਰਾਜ ਦੇ ਫੂਡ ਸੇਫਟੀ ਵਿਭਾਗ ਨੇ ਤੁਰੰਤ ਕਾਰਵਾਈ ਕੀਤੀ ਹੈ। ਇਸ ਘਟਨਾ ਨੇ ਖੁਰਾਕ ਸੁਰੱਖਿਆ ਮਾਪਦੰਡਾਂ ਅਤੇ ਸਫਾਈ ਪ੍ਰਣਾਲੀਆਂ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਅਧਿਕਾਰੀਆਂ ਅਨੁਸਾਰ ਪੁਲਸ ਕਰਮਚਾਰੀਆਂ ਨੇ ਜੈਪੁਰ ਵਿੱਚ ਸਥਿਤ 'ਸਪੈਸ਼ਲ ਸ਼ੰਕਰ ਮਿਸ਼ਠਾਨ ਭੰਡਾਰ' ਤੋਂ ਮਿਠਾਈ ਖਾਧੀ ਸੀ, ਜਿਸ ਤੋਂ ਬਾਅਦ ਉਨ੍ਹਾਂ ਵਿੱਚੋਂ ਕਈਆਂ ਨੇ ਸਿਹਤ ਸੰਬੰਧੀ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ। ਉਨ੍ਹਾਂ ਨੂੰ ਤੁਰੰਤ ਡਾਕਟਰੀ ਸਹਾਇਤਾ ਲਈ ਨੇੜਲੇ ਹਸਪਤਾਲ ਪਹੁੰਚਾਇਆ ਗਿਆ।

## ਅੱਜ-ਨਾਮਾ

ਸਾਰਾ ਦਿਨ ਨਹੀਂ ਧੁੰਦ ਨੇ ਕਸਰ ਛੱਡੀ,
ਜਕੜੇ ਲੋਕੀਂ ਸਨ ਠੰਢ ਦੇ ਨਾਲ ਬੇਲੀ।
ਲੱਕੜਾਂ ਬਾਲ਼ ਕੇ ਕਈ ਸਨ ਰਹੇ ਬੈਠੇ,
ਹੋ ਗਏ ਕੰਮ ਸੀ ਕਰਨ ਮੁਹਾਲ ਬੇਲੀ।
ਸੜਕਾਂ ਉੱਤੇ ਵੀ ਧੁੰਦ ਸੀ ਬੜੀ ਡਾਢੀ,
ਕੀਤੀ ਗੱਡੀਆਂ ਦੀ ਮੱਧਮ ਚਾਲ ਬੇਲੀ।
ਮੂੰਹੋਂ-ਮੂੰਹ ਸਭ ਲੋਕ ਬੱਸ ਆਖਦੇ ਈ,
ਸਮਝੋ ਪਹੁੰਚਿਆ ਅੱਜ ਸਿਆਲ ਬੇਲੀ।
ਅਗਲੇ ਦਿਨੀਂ ਤੇ ਹੋਰ ਵੀ ਜ਼ੋਰ ਵਧਣਾ,
ਅਸਲੀ ਗੇੜਾ ਜਦ ਰੁੱਤ ਨੇ ਗੇੜਨਾ ਈ।
ਚੀਰਦੀ ਹੱਡਾਂ ਨੂੰ ਹਵਾ ਜਦ ਵਗੀ ਏਥੇ,
ਕਾਂਬਾ ਕੱਕਰ ਵੀ ਆਣ ਕੇ ਛੇੜਨਾ ਈ।

-ਤੀਸ ਮਾਰ ਖਾਂ

## ਨਿੱਜੀਕਰਨ ਤੇ ਲੇਬਰ ਕੋਡ ਵਿਰੁੱਧ ਵਿਸ਼ਾਲ ਲਾਮਬੰਦੀ ਦਾ ਮੁੱਢ ਬੱਝਾ

### ਜਥੇਬੰਦੀਆਂ ਵੱਲੋਂ ਲੰਮਾ ਸੰਘਰਸ਼ ਵਿੱਢਣ ਦਾ ਐਲਾਨ



**ਚੰਡੀਗੜ੍ਹ** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸ਼ਨੀਵਾਰ 60 ਦੇ ਕਰੀਬ ਵੱਖ-ਵੱਖ ਮਜ਼ਦੂਰ, ਮੁਲਾਜ਼ਮ, ਠੇਕਾ ਕਰਮੀ, ਵਿਦਿਆਰਥੀ ਅਤੇ ਔਰਤਾਂ ਦੀਆਂ ਜੱਥੇਬੰਦੀਆਂ ਨੇ ਕਿਸਾਨ ਭਵਨ ਵਿਖੇ ਹੋਈ ਮੀਟਿੰਗ ਵਿੱਚ ਸ਼ਮੂਲੀਅਤ ਕਰਕੇ ਬਿਜਲੀ ਬਿੱਲ 2025 ਤੇ ਬੀਜ ਬਿੱਲ 2025 ਨੂੰ ਵਾਪਸ ਲੈਣ, ਜਨਤਕ ਖੇਤਰ ਦੇ ਨਿੱਜੀਕਰਨ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਅਤੇ ਚਾਰ ਲੇਬਰ ਕੋਡ ਰੱਦ ਕਰਵਾਉਣ ਲਈ ਇੱਕ ਵੱਡੀ ਜਨਤਕ ਲਾਮਬੰਦੀ ਕਰਦੇ ਹੋਏ ਸੰਘਰਸ਼ ਤੇਜ਼ ਕਰਨ ਦਾ ਮੁੱਢ ਬੰਨ੍ਹ ਦਿੱਤਾ।

ਮੀਟਿੰਗ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਸੰਸਦ 'ਚ ਪੇਸ਼ ਕਰਨ ਤੋਂ ਅਗਲੇ ਦਿਨ ਸੂਬੇ ਭਰ ਵਿੱਚ ਕਾਲਾ ਦਿਨ ਮਨਾਇਆ ਜਾਵੇਗਾ। ਉਸ ਦਿਨ ਸੂਬੇ ਭਰ 'ਚ 12 ਤੋਂ 3 ਵਜੇ ਤੱਕ ਤਿੰਨ ਘੰਟਿਆਂ ਲਈ ਰੇਲਾਂ ਦਾ ਚੱਕਾ ਜਾਮ ਕਰਨ ਦੇ ਨਾਲ-ਨਾਲ ਟੋਲ ਪਲਾਜ਼ੇ ਫਰੀ ਕੀਤੇ ਜਾਣਗੇ। ਬਿਜਲੀ ਮੁਲਾਜ਼ਮ ਤੇ ਅਧਿਆਪਕ ਜਥੇਬੰਦੀਆਂ ਸਮੇਤ ਕਈ ਮੁਲਾਜ਼ਮ ਜਥੇਬੰਦੀਆਂ ਕਾਲੇ ਬਿੱਲੇ ਤੇ ਕਾਲੇ ਕੱਪੜੇ ਪਾ ਕੇ ਗੇਟ ਰੈਲੀਆਂ ਕਰਨਗੀਆਂ। ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਲਈ 15 ਦਸੰਬਰ ਨੂੰ ਜ਼ਿਲ੍ਹਿਆਂ ਵਿੱਚ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਬੂਟਾ ਸਿੰਘ ਬੁਰਜਗਿੱਲ, ਰਾਮਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਨਿਹਾਲਗੜ੍ਹ, ਬਿੰਦਰ ਸਿੰਘ ਗੋਲੇਵਾਲ ਅਤੇ ਤਜਿੰਦਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੰਜਾਬ ਦੀਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮਜ਼ਦੂਰ ਮੋਰਚਾ, ਬਿਜਲੀ ਮਹਿਕਮੇ ਤੋਂ ਜੁਆਇੰਟ ਫੋਰਮ, ਬਿਜਲੀ ਏਕਤਾ ਮੰਚ, ਟੈਕਨੀਕਲ ਸਰਵਿਸ ਯੂਨੀਅਨ ਦੇ ਭੰਗਲ ਅਤੇ ਖੰਨਾ ਗਰੁੱਪ, ਜੂਨੀਅਰ ਇੰਜੀਨੀਅਰ ਅਤੇ ਇੰਜੀਨੀਅਰ ਐਸੋਸੀਏਸ਼ਨਾਂ, ਸੀ ਟੀ ਯੂ, ਇਫਟੂ ਸੀ ਟੀ ਯੂ ਪੰਜਾਬ, ਕਾਰਖਾਨਾ ਮਜ਼ਦੂਰ ਯੂਨੀਅਨ ਤੇ ਠੇਕਾ ਮੁਲਾਜ਼ਮ ਜਥੇਬੰਦੀਆਂ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਪੰਜਾਬ ਸਟੂਡੈਂਟਸ ਯੂਨੀਅਨ, ਪੀ ਐੱਸ ਯੂ (ਲਲਕਾਰ), ਐੱਸ ਐੱਫ ਐਸ ਅਤੇ ਔਰਤ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਨੇ ਕੇਂਦਰ ਸਰਕਾਰ ਵੱਲੋਂ ਬਿਜਲੀ ਨੂੰ ਜਨਤਕ ਸੇਵਾ ਦੀ ਥਾਂ ਮੰਡੀ ਦੀ ਵਸਤੂ ਬਣਾਉਣ ਦੇ ਇਰਾਦੇ ਨਾਲ ਲਿਆਂਦੇ ਜਾ ਰਹੇ ਬਿਜਲੀ ਬਿੱਲ 2025 ਨੂੰ ਆਮ ਲੋਕਾਂ ਵਿਰੁੱਧ ਮੋਦੀ ਸਰਕਾਰ ਵੱਲੋਂ ਵਿੱਢੇ ਕਾਰਪੋਰੇਟ ਪੱਖੀ ਹਮਲੇ ਦੀ ਅਗਲੀ ਕੜੀ ਵਜੋਂ ਸਮਝਦਿਆਂ ਇਸ ਨੂੰ ਵਾਪਸ ਕਰਵਾਉਣ ਲਈ ਜਨਤਕ ਲਾਮਬੰਦੀ ਕਰਕੇ ਘਰ ਘਰ ਸੰਘਰਸ਼ ਦਾ ਸੁਨੇਹਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਤਹਿਤ ਦੋ-ਵਰਕੀ ਵੰਡਣ ਤੋਂ ਇਲਾਵਾ 28 ਦਸੰਬਰ ਤੋਂ 4 ਜਨਵਰੀ ਤੱਕ

• ਬਾਕੀ ਸਫਾ 2 'ਤੇ

## ਮਹਾਰਾਜਾ ਰਣਜੀਤ ਸਿੰਘ ਸੰਸਥਾ ਦੇ 5 ਵਿਦਿਆਰਥੀ ਭਾਰਤੀ ਫੌਜ 'ਚ ਸ਼ਾਮਲ

### ਅਮਨ ਅਰੋੜਾ ਵੱਲੋਂ ਵਧਾਈ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਦੇਸ਼ ਲਈ ਬਹਾਦਰ ਸੈਨਿਕ ਪੈਦਾ ਕਰਨ ਦੀ ਪੰਜਾਬ ਦੀ ਸ਼ਾਨਦਾਰ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਮੁਹਾਲੀ ਸਥਿਤ ਵੱਕਾਰੀ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐੱਮ ਆਰ ਐੱਸ ਏ ਐੱਫ ਪੀ ਆਈ) ਦੇ ਪੰਜ ਸਾਬਕਾ ਵਿਦਿਆਰਥੀਆਂ ਨੂੰ ਸ਼ਨੀਵਾਰ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਅਧਿਕਾਰੀਆਂ ਵਜੋਂ ਸ਼ਾਮਲ ਕੀਤਾ ਗਿਆ ਹੈ।ਇੰਡੀਅਨ ਮਿਲਟਰੀ ਅਕੈਡਮੀ (ਆਈ ਐੱਮ ਏ), ਦੇਹਰਾਦੂਨ ਵਿਖੇ 157ਵੇਂ ਰੈਗੂਲਰ ਕੋਰਸ ਦੀ ਪਾਸਿੰਗ ਆਊਟ ਪਰੇਡ, ਜਿਸ ਦੀ ਸਮੀਖਿਆ ਜਨਰਲ ਉਪੇਂਦਰ ਦਿਵੇਦੀ, ਪੀ ਵੀ ਐੱਸ ਐੱਮ, ਏ ਵੀ ਐੱਸ ਐੱਮ, ਚੀਫ ਆਫ ਆਰਮੀ ਸਟਾਫ ਵੱਲੋਂ ਕੀਤੀ ਗਈ, ਦੌਰਾਨ ਚਾਰ ਕੈਡਿਟਾਂ ਨੂੰ ਭਾਰਤੀ ਫੌਜ ਵਿੱਚ ਸ਼ਾਮਲ ਕੀਤਾ ਗਿਆ ਹੈ।ਭਾਰਤੀ ਫੌਜ ਵਿੱਚ ਸ਼ਾਮਲ ਹੋਣ ਵਾਲੇ ਕੈਡਿਟਾਂ ਵਿੱਚ ਗੁਰਕੀਰਤ ਸਿੰਘ (ਅੰਮ੍ਰਿਤਸਰ), ਜਿਸ ਦੇ ਪਿਤਾ ਕਾਰਪਸ ਆਫ਼ ਇੰਜੀਨੀਅਰਜ਼ ਦੇ ਸਾਬਕਾ ਸੈਨਿਕ ਹਨ, ਬਰਜਿੰਦਰ ਸਿੰਘ (ਗੁਰਦਾਸਪੁਰ), ਜਿ ਸ

• ਬਾਕੀ ਸਫਾ 2 'ਤੇ



## ਗੁਰਦੀਪ ਸਿੰਘ ਕਾਲੀ ਨੂੰ ਡਾ. ਅੰਬੇਡਕਰ ਨਵਯੁਵਕ ਦਲ ਪੰਜਾਬ ਦਾ ਪ੍ਰਧਾਨ ਲਾਇਆ



**ਦੋਰਾਹਾ (ਰਜਿੰਦਰ ਸੇਠ)**-ਡਾਕਟਰ ਅੰਬੇਡਕਰ ਨਵਯੁਵਕ ਦਲ ਵੱਲੋਂ ਡਾਕਟਰ ਅੰਬੇਡਕਰ ਦੇ ਪ੍ਰੀ ਨਿਰਮਾਣ ਦਿਵਸ ਨੂੰ ਲੁਧਿਆਣਾ ਸਥਿਤ ਕੁੰਤੀ ਨਗਰ ਹਜ਼ਾਰੀ ਵੱਲੋਂ ਇੱਕ ਮਹਾਨ ਆਯੋਜਨ ਸੰਸਥਾ ਦੇ ਸੰਸਥਾਪਕ ਬੰਸੀ ਲਾਲ ਪ੍ਰੇਮੀ ਦੀ ਅਗਵਾਈ ਵਿੱਚ ਵਿਸ਼ਵ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਬੰਸੀ ਲਾਲ ਪ੍ਰੇਮੀ ਨੇ ਕਿਹਾ ਕਿ ਡਾਕਟਰ ਅੰਬੇਡਕਰ ਸਾਹਿਬ ਦਾ ਮਿਸ਼ਨ ਤੇ ਵਿਜ਼ਨ ਬਹੁਤ ਵੱਡਾ ਸੀ। ਉਹ ਚਾਹੁੰਦੇ ਸਨ ਕਿ ਭਾਰਤ ਦੇਸ਼ ਦਾ ਹਰ ਵਿਅਕਤੀ ਪੜ੍ਹ-ਲਿਖ ਕੇ ਸਮਾਜ ਵਿੱਚ ਸਰਾਬਰਤਾ ਲਿਆਵੇ ਤੇ ਇਸ ਲਈ ਸਾਨੂੰ ਆਪਣੇ ਸੁੱਖ ਆਰਾਮ ਤਿਆਗ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ। ਮਿਊ ਜਥੇਬੰਦੀ ਦੇ ਅਹੁਦੇਦਾਰਾਂ ਦੇ ਸਲਾਹ ਦੇ ਨਾਲ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਨੂੰ ਨਵਯੁਵਕ ਦਲ ਪੰਜਾਬ ਦਾ ਪ੍ਰਧਾਨ ਐਲਾਨਿਆ ਗਿਆ ਤਾਂ ਜੁ ਖੇਤਰਵਾਦੀ ਲੜਾਈ ਤੋਂ ਉੱਪਰ ਉੱਠ ਕੇ ਅੰਬੇਡਕਰਪਾਤ ਦੀ ਲੜਾਈ ਨੂੰ ਪੂਰੇ ਦੇਸ਼ ਵਿੱਚ ਪੁਚਾਇਆ ਜਾ ਸਕੇ। ਇਸ ਮੌਕੇ ਛੋਟੇ ਲਾਲ ਪਾਲ, ਸੋਹਨ ਲਾਲ, ਜਸਵਿੰਦਰ ਸਿੰਘ, ਸੰਜੂ ਜੱਸਲ, ਕੁਲਦੀਪ ਸਿੰਘ ਬੰਟੀ, ਦਵਿੰਦਰ ਸਿੰਘ, ਬ੍ਰਿਜ ਲਾਲ ਗੌਤਮ, ਰਾਕੇਸ਼ ਬੋਧ, ਰਕੇਸ਼ ਕੁਮਾਰ ਡਾਕਟਰ ਕਮਲੇਸ਼, ਸ਼ਾਹਦੇਵ ਮੌਰੀਆ, ਮਨੋਜ ਕੁਮਾਰ, ਸ਼ਿਵ ਕੁਮਾਰ, ਸ਼ਿਵ ਪ੍ਰਸ਼ਾਦ ਬਰਮਾ, ਰਾਜ ਬਹਾਦਰ, ਬਰਮਾ, ਰਾਜ ਕੁਮਾਰੀ ਕਮਲੇਸ਼ ਪ੍ਰੇਮੀ, ਪੁਸ਼ਪਾ ਰਾਣੀ ਕਲਪਨਾ ਦੇਵੀ, ਪੁਸ਼ਪਾ ਦੇਵੀ, ਦਾਊ ਅਰੁਨ ਸਿਧੂ, ਰਾਹੁਲ ਕੁਮਾਰ, ਵਿਵੇਕਾਨੰਦ, ਜਨਾਰਦਨ ਮੁੰਨੀ, ਵਿਨੋਦ ਕੁਮਾਰ, ਬੰਸਰਾਜ ਭਾਰਤੀ ਤੇ ਕਾਲੀ ਚਰਨ ਮੌਜੂਦ ਸਨ।

## ਨਸ਼ੀਲੀ ਚੀਜ਼ ਦਾ ਸੇਵਨ ਕਰਨ ਨਾਲ ਨੌਜਵਾਨ ਦੀ ਮੌਤ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਦੇ ਚੁਨਾਗਰਾ ਰੋਡ ਉੱਤੇ ਸਥਿਤ ਹਰਮਨ ਨਗਰ ਦੇ ਵਾਸੀ ਨੌਜਵਾਨ ਦੀ ਨਸ਼ੀਲੀ ਚੀਜ਼ ਨਾਲ ਨਾਲ ਹੋਈ ਮੌਤ ਦੇ ਮਾਮਲੇ ਵਿੱਚ ਪੁਲਸ ਨੇ ਮ੍ਰਿਤਕ ਨੌਜਵਾਨ ਦੇ ਦੋ ਦੋਸਤਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।ਪੁਲਸ ਨੂੰ ਦਿੱਤੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਦੀ ਪਤਨੀ ਤਰਲੋਕ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਪੈਸਿਆਂ ਦੀ ਜ਼ਰੂਰਤ ਸੀ, ਜਿਸ ਲਈ ਉਸ ਦੇ ਪਤੀ ਨੇ ਆਪਣਾ ਮੋਬਾਇਲ ਫੋਨ 1500 ਵਿੱਚ ਕਿਸੇ ਵਿਅਕਤੀ ਕੋਲ ਗਹਿਣੇ ਰੱਖ ਦਿੱਤਾ।ਉਸ ਦੇ ਦੋਸਤਾਂ ਪਵਨਦੀਪ ਸਿੰਘ ਤੇ ਸੋਨੂ ਨੂੰ ਉਸ ਦੇ ਪਤੀ ਪਾਸ ਪੈਸੇ ਹੋਣ ਸਬੰਧੀ ਪਤਾ ਸੀ।ਦੋਵੇਂ ਦੋਸਤ ਉਸ ਨੂੰ ਘਰੋਂ ਨਾਲ ਲੈ ਗਏ ਅਤੇ ਉਸ ਦੇ ਪਤੀ ਨੂੰ ਜ਼ਹਿਰੀਲੀ ਚੀਜ਼ ਦਾ ਸੇਵਨ ਕਰਨ ਲਈ ਮਜਬੂਰ ਕੀਤਾ। ਕਿਸੇ ਜ਼ਹਿਰੀਲੀ ਵਸਤੂ ਦਾ ਸੇਵਨ ਕਰਨ ਕਰਕੇ ਉਸ ਦੇ ਪਤੀ ਦੀ ਸਿਹਤ ਵਿਗੜ ਗਈ।ਉਹ ਦੋਵੇਂ ਉਸ ਨੂੰ ਛੱਡ ਕੇ ਚਲੇ ਗਏ ਅਤੇ ਉਸ ਦੇ ਪਤੀ ਦੀ ਲਾਸ਼ ਸ਼ਹਿਰ ਦੀ ਅਨਾਜ ਮੰਡੀ ਵਿੱਚ ਪਬਲਿਕ ਟੋਇਲਟ ਵਿੱਚੋਂ ਮਿਲੀ।ਇਸ ਮਾਮਲੇ ਸੰਬੰਧੀ ਪਾਤੜਾਂ ਪੁਲਸ ਨੇ ਮ੍ਰਿਤਕ ਵਿਅਕਤੀ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਪਵਨਦੀਪ ਸਿੰਘ ਤੇ ਸੋਨੂ ਵਾਸੀ ਹਰਮਨ ਨਗਰ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨੌਜਵਾਨ ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਸੇਧ ਲੈਣ : ਰਾਜਪਾਲ

### ਬਾਲ ਭਲਾਈ ਕੌਂਸਲ ਨੇ ਰਾਜ ਪੱਧਰੀ 'ਵੀਰ ਬਾਲ ਦਿਵਸ' ਮਨਾਇਆ



**ਲੁਧਿਆਣਾ (ਰੈਕਟਰ ਕਥੂਰੀਆ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਡਿਵੀਜ਼ਨ ਰੈੱਡ ਕਰਾਸ ਬਾਲ ਭਲਾਈ ਕੌਂਸਲ ਪੰਜਾਬ ਤੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਵੱਲੋਂ ਰਾਜ ਪੱਧਰੀ 'ਵੀਰ ਬਾਲ ਦਿਵਸ 2025' ਮਨਾਇਆ ਗਿਆ।ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਜਿਨ੍ਹਾਂ ਬੀ.ਸੀ.ਐੱਮ. ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਮੁੱਖ ਮਹਿਮਾਨ ਵਜੋਂ ਸਮਾਗਮ ਦੀ ਪ੍ਰਧਾਨਗੀ ਕੀਤੀ, ਨੇ ਨੌਜਵਾਨਾਂ ਨੂੰ ਸਾਹਿਬਜ਼ਾਦਿਆਂ ਦੁਆਰਾ ਦਿਖਾਈ ਗਈ ਬੇਮਿਸਾਲ ਹਿੰਮਤ, ਅਟੁੱਟ ਵਿਸ਼ਵਾਸ ਤੇ ਕੁਰਬਾਨੀ ਦੀ ਭਾਵਨਾ ਤੋਂ ਸੇਧ ਲੈਣ ਦਾ ਸੱਦਾ ਦਿੱਤਾ।ਉਨ੍ਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਵੱਡੀ ਕੁਰਬਾਨੀ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਇਹ ਹੋਵੇਗੀ ਕਿ ਅੱਜ ਦੀ ਪੀੜ੍ਹੀ ਇਨ੍ਹਾਂ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਏ।ਉਨ੍ਹਾਂ ਅੱਗੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਅਮਰ ਗਾਥਾ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਗਈ ਹੈ।ਰਾਜਪਾਲ ਨੇ ਕਿਹਾ ਕਿ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੇ ਆਪਣਾ ਧਰਮ ਛੱਡਣ ਦੀ ਬਜਾਏ ਜਿੰਦਾ ਨੀਂਹ ਵਿੱਚ ਚੁਣਨ ਨੂੰ ਚੁਣਿਆ।ਉਨ੍ਹਾਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਾਸ਼ਟਰ, ਧਰਮ ਤੇ ਸਮਾਜ ਲਈ ਲੋੜ ਪੈਣ 'ਤੇ ਅੰਤਿਮ ਕੁਰਬਾਨੀ ਦੇਣ ਲਈ ਪ੍ਰੇਰਿਤ ਕਰਦੀ ਰਹੇਗੀ।

ਉਨ੍ਹਾਂ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਸਮਰਪਿਤ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ 'ਤੇ ਵੀ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਵਉੱਚ ਕੁਰਬਾਨੀ ਨੇ ਮਨੁੱਖਤਾ ਨੂੰ ਸੱਚਾਈ, ਨਿਆਂ ਤੇ ਧਾਰਮਿਕਤਾ ਦਾ ਸਦੀਵੀ ਸੰਦੇਸ਼ ਦਿੱਤਾ।ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਟਾਰੀਆ ਨੇ ਕਿਹਾ ਕਿ ਪੰਜਾਬ ਤੇ ਭਾਰਤ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਤਾਂ ਹੀ ਪਹੁੰਚ ਸਕਦਾ ਹੈ, ਜਦੋਂ ਨੌਜਵਾਨ ਪੀੜ੍ਹੀ ਦ੍ਰਿੜਤਾ ਨਾਲ ਨਸ਼ਿਆਂ ਤੋਂ ਦੂਰ ਰਹੇ।ਉਨ੍ਹਾਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਪੂਰੇ ਦਿਲੋਂ ਯੋਗਦਾਨ ਪਾਉਣ ਦੀ ਅਪੀਲ ਕੀਤੀ।ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜੰਗ ਦਾ ਸਮਰਥਨ ਕਰਨ ਲਈ ਵੀ ਕਿਹਾ।ਪ੍ਰੋਗਰਾਮ ਦੌਰਾਨ ਰਾਜਪਾਲ ਨੇ ਪੇਂਟਿੰਗ ਮੁਕਾਬਲੇ ਦੇ 30 ਜੇਤੂਆਂ ਨੂੰ ਸਨਮਾਨਤ ਕੀਤਾ।ਬਾਅਦ ਵਿੱਚ ਸਕਿੱਟ, ਸ਼ਬਦ ਗਾਇਨ, ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਉਨ੍ਹਾਂ ਲੁਧਿਆਣਾ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੀ ਅਧਿਕਾਰਤ ਵੈੱਬਸਾਈਟ ਵੀ ਲਾਂਚ ਕੀਤੀ।

## ਵਿਧਾਇਕ ਗਿਆਸਪੁਰਾ ਸਾਬਕਾ ਵਿਧਾਇਕ ਲੱਖਾ ਪਾਇਲ ਦੀ ਚੁਣੌਤੀ ਸਵੀਕਾਰ ਕਰਨ : ਗਿੱਲ ਬੇਰ ਕਲਾਂ



**ਦੋਰਾਹਾ (ਹਰਮਿੰਦਰ)**-ਲੋਕ ਕਾਂਗਰਸ ਦੇ ਵਿਕਾਸ ਦੇ ਕੰਮਾਂ ਨੂੰ ਵੇਖ ਕੇ ਵੋਟ ਪਾਉਣ। ਪ੍ਰਧਾਨ ਗਿੱਲ ਬੇਰ ਕਲਾਂ ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਪਿੰਡ ਚੋਮੋ ਵਿਖੇ ਸੀਨੀਅਰ ਕਾਂਗਰਸੀ ਆਗੂ ਜਸਪਾਲ ਸਿੰਘ ਪਾਲਾ ਦੇ ਗ੍ਰਿਹ ਵਿਖੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਭਰਵੀਂ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਤਾਰੀ ਤੇ ਜ਼ੋਨ ਬੇਰ ਕਲਾਂ ਅਤੇ ਚੋਮੋ ਤੋਂ ਕਾਂਗਰਸ ਦੇ ਉਮੀਦਵਾਰ ਲਾਭ ਸਿੰਘ ਦੇ ਹੱਕ ਵਿੱਚ ਹਵਾ ਝੁੱਲ ਰਹੀ ਹੈ। ਆਪ ਮੁਹਾਰੇ ਲੋਕਾਂ ਦਾ ਚੋਣ ਜਲਸਿਆਂ ਵਿੱਚ ਸ਼ਾਮਲ ਹੋਣਾ ਕਾਂਗਰਸ ਦੀ ਜਿੱਤ ਦੀ ਨਿਸ਼ਾਨੀ ਹੈ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਸੜਕਾਂ ਦੇ ਮੁੱਦੇ 'ਤੇ ਵਿਧਾਇਕ ਗਿਆਸਪੁਰਾ ਅਕਸਰ ਝੂਠ ਬੋਲਦੇ ਹਨ। ਉਹ ਚੋਣ ਜਲਸਿਆਂ ਵਿੱਚ ਆਖਦੇ ਹਨ ਕਿ ਪਹਿਲੇ ਵਿਧਾਇਕ ਨੇ ਕੋਈ ਸੜਕ ਨਹੀਂ ਬਣਾਈ। ਅਜਿਹੇ ਵਿੱਚ ਸਾਬਕਾ ਵਿਧਾਇਕ ਲੱਖਾ ਪਾਇਲ ਦੀ ਸੜਕਾਂ ਦੇ ਮੁੱਦੇ ਉਪਰ ਦਿੱਤੀ ਬਹਿਸ ਦੀ ਚੁਣੌਤੀ ਨੂੰ ਸਵਿਕਾਰ ਕਰ ਲੈਣਾ ਚਾਹੀਦਾ ਹੈ ਤਾਂ ਜੁ ਵਿਧਾਇਕ ਮਨਵਿੰਦਰ ਸਿੰਘ ਦਾ ਬੋਲਿਆ ਝੂਠ ਜਗ ਜਾਹਰ ਹੋ ਸਕੇ। ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਦੀ ਚੋਣ ਲੜ ਰਹੇ ਲਾਭ ਸਿੰਘ ਦੇ ਮੁਕਾਬਲੇ ਦਾ ਨਾ ਆਮ ਆਦਮੀ ਪਾਰਟੀ ਕੋਲ, ਨਾ ਅਕਾਲੀ ਦਲ ਕੋਲ ਕੋਈ ਉਮੀਦਵਾਰ ਹੈ। ਲਾਭ ਸਿੰਘ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦੇ ਤੌਰ 'ਤੇ ਲੋਕਾਂ ਦੇ ਮਸਲੇ ਹੱਲ ਕਰਦੇ ਹਨ। ਉਨ੍ਹਾਂ ਪਿੰਡ ਬੇਰਕਲਾਂ ਅਤੇ ਪਿੰਡ ਚੋਮੋ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਅਜ਼ਾਦ ਖੜੇ ਉਮੀਦਵਾਰ ਨੂੰ ਆਪਣੀ ਵੋਟ ਪਾਕੇ ਖਰਾਬ ਨਾ ਕਰਿਓ, ਕਿਉਂਕਿ ਆਉਣ ਵਾਲੀ ਸਰਕਾਰ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਬਣਨੀ ਤੈਅ ਹੈ।

## ਪੁਲਸ-ਪਬਲਿਕ ਸਕੂਲ 'ਚ ਸਾਲਾਨਾ ਐਥਲੈਟਿਕਸ ਮੀਟ ਦਾ ਉਦਘਾਟਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੁਲਸ ਪਬਲਿਕ ਸਕੂਲ ਵਿਖੇ ਸਲਾਨਾ ਅਥਲੈਟਿਕਸ ਮੀਟ ਦਾ ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਨੇ ਉਦਘਾਟਨ ਕੀਤਾ।ਇਸ ਦੌਰਾਨ ਮੁੱਖ ਮਹਿਮਾਨ ਵੱਲੋਂ ਝੰਡਾ ਵੀ ਲਹਿਰਾਇਆ ਗਿਆ।ਇਸ ਦੌਰਾਨ ਜਿੱਥੇ ਵਿਦਿਆਰਥੀਆਂ ਵੱਲੋਂ ਪਹਿਲਾਂ ਪ੍ਰਾਰਥਨਾ ਗੀਤ ਗਾਇਆ ਗਿਆ, ਉੱਥੇ ਪ੍ਰੀ ਪ੍ਰਾਇਮਰੀ ਬਲਾਕ ਦੇ ਵਿਦਿਆਰਥੀਆਂ ਨੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਤੇ ਮਨਮੋਹਕ ਨਾਚ ਵੀ ਪੇਸ਼ ਕੀਤਾ। ਇਸ ਦੌਰਾਨ ਚਾਰੇ ਹਾਊਸ ਸਦਨਾਂ ਦੇ ਵਿਦਿਆਰਥੀਆਂ ਤੇ ਐਨਸੀਸੀ ਕੈਡਿਟਸ ਨੇ ਮਾਰਚ ਪਾਸਟ ਕੀਤਾ ਅਤੇ ਮੁੱਖ ਮਹਿਮਾਨ ਨੂੰ ਸਲਾਮੀ ਵੀ ਦਿੱਤੀ।ਮੁੱਖ ਮਹਿਮਾਨ ਵੱਲੋਂ ਅਥਲੈਟਿਕਸ ਮੀਟ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ। ਇਸ ਉਪਰੰਤ ਸੱਤਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਦੌੜਾਂ, ਲੌਂਗ ਜੰਪ, ਹਾਈ ਜੰਪ, ਸ਼ਾਟਪੁੱਟ ਰਿਲੇਅ ਰੇਸਾਂ ਕਰਾਈਆਂ ਗਈਆਂ ਤੇ ਜੇਤੂਆਂ ਨੂੰ ਤਮਗੇ ਵੀ ਵੰਡੇ ਗਏ।ਡੀਐਸਪੀ ਕਰਮਜੀਤ ਸਿੰਘ ਵੀ ਸ਼ਾਮਲ ਹੋਏ।ਪ੍ਰਿੰਸੀਪਲ ਮੋਨਿਕਾ ਸਿੰਘ ਨੇ ਬੱਚਿਆਂ ਨੂੰ ਹੱਲਾਸ਼ੇਰੀ ਦਿੰਦਿਆਂ ਵਧੀਆ ਪ੍ਰਦਰਸ਼ਨ ਕਰਨ ਤੇ ਖੇਡਾਂ ਵਿੱਚ ਹਾਰ ਜਿੱਤ ਨੂੰ ਇੱਕ ਪਾਸੇ ਰੱਖ ਕੇ ਖੇਡ ਭਾਵਨਾ ਨਾਲ ਖੇਡਣ ਲਈ ਉਤਸ਼ਾਹਤ ਕੀਤਾ।ਇਸ ਉਪਰਾਲੇ ਨੂੰ ਕਾਮਯਾਬ ਕਰਨ ਲਈ ਪ੍ਰਿੰਸੀਪਲ ਮੋਨਿਕਾ ਵੱਲੋਂ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਵੀ ਕੀਤੀ।

## ਟ੍ਰੈਫਿਕ ਪੁਲਸ ਨੇ ਵਾਹਨਾਂ ਦੇ ਕੱਟੇ ਚਲਾਨ





**ਰਾਜਪੁਰਾ (ਰਮੇਸ਼ ਕਟਾਰੀਆ)**-ਸਰਦਾਰ ਹਰਿੰਦਰ ਸਿੰਘ ਮਾਨ ਐੱਸ ਪੀ ਟ੍ਰੈਫਿਕ ਪੁਲਸ ਪਟਿਆਲਾ ਤੇ ਸਰਦਾਰ ਪ੍ਰਨੀਤ ਸਿੰਘ ਚਹਿਲ ਡੀ ਐੱਸ ਪੀ ਪਟਿਆਲਾ ਦੀ ਅਗਵਾਈ ਹੇਠ ਰਾਜਪੁਰਾ ਦੇ ਵੱਖ ਵੱਖ ਚੌਕਾਂ ਤੇ ਸਕੂਲਾਂ ਵਿੱਚ ਜਾ ਕੇ ਗਲਤ ਪਾਰਕਿੰਗ 12, ਸਕੂਲ ਬੱਸ 4, ਟਾਟਾ ਮੈਜ਼ਿਕ 3, ਤਿੰਨ ਸਵਾਰੀਆਂ 3, ਮੋਬਾਈਲ ਫੋਨ 2 ਚਲਾਨ ਕੀਤੇ ਗਏ ਚਲਾਨ ਕਰਦੇ ਸਮੇਂ ਏ ਐੱਸ ਆਈ ਗੁਰਬਚਨ ਸਿੰਘ ਟ੍ਰੈਫਿਕ ਇੰਚਾਰਜ ਰਾਜਪੁਰਾ ਤੇ ਏ ਐੱਸ ਆਈ ਸਤੀਸ਼ ਕੁਮਾਰ, ਏ ਐੱਸ ਆਈ ਗੁਰਨਾਮ ਸਿੰਘ, ਏ ਐੱਸ ਆਈ ਗੁਰਮੀਤ ਸਿੰਘ ਹਾਜ਼ਰ ਸਨ।

## ਅਕਾਲੀ ਉਮੀਦਵਾਰ ਹਰਜੋਤ ਮਾਂਗਟ ਨੇ ਘਰ-ਘਰ ਜਾ ਕੇ ਕੀਤਾ ਚੋਣ ਪ੍ਰਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਜ਼ਿਲ੍ਹਾ ਪ੍ਰੀਸ਼ਦ ਜ਼ੋਨ ਨੀਲੋਂ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਵੱਲੋਂ ਚੋਣ ਪ੍ਰਚਾਰ ਦੇ ਅੰਤਿਮ ਦਿਨ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਕਾਉਂਕੇ, ਨੂਰਪੁਰ, ਬੁਰਜ, ਸ਼ਤਾਬਗੜ੍ਹ, ਸ਼ਰਬਤਗੜ੍ਹ, ਅਟਾਰੀ, ਹਸਨਪੁਰ ਪਿੰਡਾਂ ਵਿੱਚ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ। ਉਮੀਦਵਾਰ ਹਰਜੋਤ ਸਿੰਘ ਮਾਂਗਟ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਬੁਖਲਾਹਟ ਵਿੱਚ ਹਨ, ਜੋ ਕਿ ਚੋਣ ਪ੍ਰਚਾਰ ਵਿੱਚ ਵੀ ਅੜਿੱਕੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਐਨਾ ਗਿਰ ਚੁੱਕੀ ਹੈ ਕਿ ਵੋਟਰਾਂ ਨੂੰ ਦਬਾਇਆ ਤੇ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕੋਈ ਵਾਅਦਾ ਵੀ ਪੂਰਾ ਨਹੀਂ ਕਰਿਆ, ਉਲਟਾ ਹੁਣ ਵੋਟਰਾਂ ਨੂੰ ਭਰਮਾਉਣ ਲਈ ਪੈਸਿਆਂ ਦਾ ਲਾਲਚ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਅਕਾਲੀ ਦਲ ਨੂੰ ਬਹੁਤ ਸਹਿਯੋਗ ਮਿਲ ਰਿਹਾ ਹੈ ਅਤੇ ਜਿੱਤ ਪਾਰਟੀ ਉਮੀਦਵਾਰਾਂ ਦੀ ਪੱਕੀ ਹੋਵੇਗੀ। ਉਨ੍ਹਾਂ ਨਾਲ ਚੋਣ ਪ੍ਰਚਾਰ ਦੌਰਾਨ ਅਕਾਲੀ ਆਗੂ ਹਰਜਤਿੰਦਰ ਸਿੰਘ ਪਵਾਤ, ਨੰਬਰਦਾਰ ਅਰੁਣ ਲੂਥਰਾ, ਨੰਬਰਦਾਰ ਧਰਮਿੰਦਰ ਸਿੰਘ ਸ਼ੈਰੀ, ਸਰਪੰਚ ਸਿਕੰਦਰ ਸਿੰਘ, ਹਰਿੰਦਰ ਸਿੰਘ ਪੱਪੀ, ਪ੍ਰਧਾਨ ਜੋਗਾ ਸਿੰਘ, ਸਵਰਨ ਸਿੰਘ, ਰਜਿੰਦਰ ਸਿੰਘ, ਰਘਵੀਰ ਸਿੰਘ, ਬੂਟਾ ਸਿੰਘ, ਕਸ਼ਮੀਰਾ ਸਿੰਘ ਰਿਟਾਇਰਡ ਕਾਨੂੰਗੋ, ਅੱਛਰ ਸਿੰਘ ਪੰਚ, ਗੁਰਬਚਨ ਸਿੰਘ ਪੰਚ, ਸੱਜਣ ਸਿੰਘ ਨੂਰਪੁਰ, ਗੁਰਪ੍ਰੀਤ ਸਿੰਘ, ਲਖਵੀਰ ਸਿੰਘ, ਮਨਜੀਤ ਸਿੰਘ, ਗੁਰਮੁਖ ਸਿੰਘ, ਮਨਜੀਤ ਸਿੰਘ, ਪਰਗਟ ਸਿੰਘ, ਮਨਜੋਤ ਸਿੰਘ ਮੌਜੂਦ ਸਨ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਵਹੀਕਲਾਂ ਦੀ ਵਿਸ਼ੇਸ਼ ਚੈਕਿੰਗ

### ਚੋਣਾਂ ਦੌਰਾਨ ਪੂਰੇ ਜ਼ਿਲ੍ਹੇ 'ਚ ਹਥਿਆਰ ਲੈ ਕੇ ਚੱਲਣ 'ਤੇ ਸਖ਼ਤ ਮਨਾਹੀ : ਐੱਸ ਐੱਸ ਪੀ





**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪੁਲਸ ਮੁਖੀ ਮਾਨਸਾ ਸ੍ਰੀ ਭਗੀਰਥ ਮੀਨਾ ਆਈ ਪੀ ਐੱਸ ਵੱਲੋਂ ਵਹੀਕਲਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹੇ 'ਚ ਚੋਣਾਂ ਦੇ ਮੱਦੇਨਜ਼ਰ ਪਿਛਲੇ ਤਿੰਨ ਦਿਨਾਂ ਤੋਂ ਵੱਖ ਵੱਖ ਥਾਵਾਂ 'ਤੇ ਵਹੀਕਲਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ।ਉਹ ਅੱਜ ਇੱਥੇ ਮਾਨਸਾ ਕੈਂਚੀਆਂ ਠੂਠਿਆਂਵਾਲੀ 'ਤੇ ਇਸੇ ਮੁਹਿੰਮ ਤਹਿਤ ਵੱਡੀ ਗਿਣਤੀ ਪੁਲਸ ਕਰਮਚਾਰੀਆਂ ਨੂੰ ਲੈ ਕੇ ਖੁਦ ਵਾਹਨਾਂ ਦੀ ਚੈਕਿੰਗ ਕਰ ਰਹੇ ਹਨ।ਇਸ ਸਮੇਂ ਉਨ੍ਹਾਂ ਕਿਹਾ ਕਿ ਆਗਾਮੀ ਚੋਣਾਂ ਦੌਰਾਨ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਕਾਨੂੰਨ ਆਪਣੇ ਹੱਥ 'ਚ ਲੈਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਮਾਨਸਾ ਪੁਲਸ ਚੋਣਾਂ ਨਿਰਵਿਘਨ ਤੇ ਸ਼ਾਂਤੀ ਪੂਰਵਕ ਕਰਵਾਉਣ ਲਈ ਪੂਰੀ ਤਰ੍ਹਾਂ ਮੁਸਤੈਦ ਹੈ।ਇੱਕ ਸਵਾਲ ਦੇ ਜਵਾਬ 'ਚ ਪੁਲਸ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ ਵਿਚਲੇ ਸੰਵੇਦਨਸ਼ੀਲ ਪਿੰਡਾਂ/ਬੂਥਾਂ ਦੀ ਨਿਸ਼ਾਨਦੇਹੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ।ਇਸੇ ਤਰ੍ਹਾਂ ਹੀ ਦੂਸਰੇ ਰਾਜਾਂ ਦੇ ਬਾਰਡਰਾਂ 'ਤੇ ਵੀ ਵਿਸ਼ੇਸ਼ ਨਾਕਾਬੰਦੀ ਕਰਨ ਤੋਂ ਇਲਾਵਾ ਉਧਰਲੇ ਪੁਲਸ ਅਧਿਕਾਰੀਆਂ ਨਾਲ ਵੀ ਰਾਬਤਾ ਕੀਤਾ ਜਾ ਰਿਹਾ ਹੈ।ਇਸ ਸਮੇਂ ਉਨ੍ਹਾਂ ਕਿਹਾ ਕਿ ਚੋਣਾਂ ਦੇ ਮੱਦੇਨਜ਼ਰ ਪੂਰੇ ਜ਼ਿਲ੍ਹੇ 'ਚ ਕੋਈ ਵੀ ਵਿਅਕਤੀ ਹਥਿਆਰ ਲੈ ਕੇ ਨਹੀਂ ਚੱਲ ਸਕੇਗਾ।ਇਨ੍ਹਾਂ ਹੁਕਮਾਂ ਨੂੰ ਪੁਲਸ ਵੱਲੋਂ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਕਤ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ।ਉਨ੍ਹਾਂ ਦੱਸਿਆ ਕਿ ਆਉਂਦੇ ਦਿਨਾਂ 'ਚ ਵੀ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਸੇ ਤਰ੍ਹਾਂ ਵੱਖ ਵੱਖ ਥਾਵਾਂ 'ਤੇ ਨਾਕੇ ਲਗਾਉਣ ਤੋਂ ਇਲਾਵਾ ਹਰ ਤਰ੍ਹਾਂ ਨਾਲ ਮੁਸਤੈਦ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਉਨ੍ਹਾਂ ਜ਼ਿਲ੍ਹੇ ਦੇ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ, ਦਬਾਅ ਤੇ ਲਾਲਚ ਤੋਂ ਆਪਣੇ ਵੋਟ ਦੇ ਅਧਿਕਾਰ ਦਾ ਸ਼ਾਂਤੀਪੂਰਵਕ ਢੰਗ ਨਾਲ ਵੱਧ ਤੋਂ ਵੱਧ ਇਸਤੇਮਾਲ ਕਰਨ।ਇਸ ਸਮੇਂ ਉਨ੍ਹਾਂ ਨਾਲ ਬੂਟਾ ਸਿੰਘ ਉਪ ਕਪਤਾਨ ਪੁਲਸ (ਉਪ-ਮੰਡਲ) ਮਾਨਸਾ, ਗੁਰਵਿੰਦਰ ਸਿੰਘ ਉੱਪ-ਕਪਤਾਨ ਪੁਲਸ ਪੀ ਬੀ ਆਈ (ਐੱਨ ਡੀ ਪੀ ਐੱਸ) ਅਮਰੀਕ ਸਿੰਘ ਸਬ ਇੰਸਪੈਕਟਰ ਥਾਣਾ ਮੁਖੀ ਸਦਰ ਮਾਨਸਾ, ਮੱਖਣ ਸਿੰਘ ਏ ਐੱਸ ਆਈ, ਚੌਂਕੀ ਇੰਚਾਰਜ ਕੈਂਚੀਆਂ ਠੂਠਿਆਂਵਾਲੀ ਤੇ ਵੱਡੀ ਗਿਣਤੀ 'ਚ ਪੁਲਸ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਸਿਰਸਾ ਦੇ ਐਕਸਿਸ ਬੈਂਕ 'ਤੇ ਲੱਗੇ ਸੋਨਾ ਘੁਟਾਲੇ ਦੇ ਦੋਸ਼

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੇ ਖੰਨਾ ਕਲੋਨੀ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਨੇ ਦੱਸਿਆ ਕਿ ਉਸ ਨੇ ਸਾਂਗਵਾਨ ਚੌਕ ਵਿਖੇ ਐਕਸਿਸ ਬੈਂਕ ਸ਼ਾਖਾ ਵਿੱਚ 21 ਤੋਲੇ ਸੋਨਾ ਗਿਰਵੀ ਰੱਖ ਕੇ 15 ਲੱਖ ਦਾ ਕਰਜ਼ਾ ਲਿਆ ਸੀ। ਉਸ ਨੇ ਲੋਨ ਸ਼ਾਖਾ ਵਿੱਚ 21 ਤੋਲੇ ਸੋਨਾ ਗਿਰਵੀ ਰੱਖਿਆ ਸੀ। ਸਿਰਸਾ ਐਕਸਿਸ ਬੈਂਕ ਵੱਲੋਂ ਕਰਜ਼ੇ ਲਈ ਗਿਰਵੀ ਰੱਖਿਆ 21 ਤੋਲੇ ਸੋਨਾ ਕਿਸੇ ਹੋਰ ਨੂੰ ਵੇਚ ਦਿੱਤਾ ਗਿਆ। ਐਕਸਿਸ ਬੈਂਕ ਦੇ ਬ੍ਰਾਂਚ ਮੈਨੇਜਰ ਸਮੇਤ ਪੰਜ ਵਿਅਕਤੀਆਂ 'ਤੇ ਸੋਨੇ ਦੀ ਦੁਰਵਰਤੋਂ ਦਾ ਦੋਸ਼ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸ਼ਿਕਾਇਤਕਰਤਾ ਦਾ ਦਾਅਵਾ ਹੈ ਕਿ ਉਸ ਨੇ 21 ਤੋਲੇ ਸੋਨੇ ਦੇ ਬਦਲੇ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਨ ਉਪਰੰਤ 7.15 ਲੱਖ ਦਾ ਕਰਜ਼ਾ ਲਿਆ। ਉਹ ਕੁਝ ਸਮੇਂ ਲਈ ਗੰਭੀਰ ਬਿਮਾਰ ਹੋ ਗਿਆ। ਬੈਂਕ ਕਰਮਚਾਰੀਆਂ ਨੇ ਮਿਲੀਭੁਗਤ ਨਾਲ ਸੋਨਾ ਕਿਸੇ ਹੋਰ ਨੂੰ ਵੇਚ ਦਿੱਤਾ। ਜਦੋਂ ਉਹ ਬੈਂਕ ਪੁੱਛਗਿੱਛ ਕਰਨ ਗਿਆ ਤਾਂ ਉਨ੍ਹਾਂ ਵਿੱਚੋਂ ਕਿਸੇ ਨੇ ਉਸ ਦੀ ਨਹੀਂ ਸੁਣੀ, ਸਗੋਂ ਧਮਕੀ ਦਿੱਤੀ। ਉਸ ਨੇ ਐੱਸ ਪੀ ਕੋਲ ਪੇਸ਼ ਹੋ ਕੇ ਉਸ ਸਮੇਂ ਦੇ ਬ੍ਰਾਂਚ ਮੈਨੇਜਰ ਅਸ਼ੋਕ ਕੁਮਾਰ, ਵਿਨੋਦ ਕੁਮਾਰ ਤੇ ਗੋਲਡ ਲੋਨ ਬ੍ਰਾਂਚ ਦੇ ਕਰਮਚਾਰੀਆਂ ਰਾਕੇਸ਼ ਤੇ ਰਮਿਤ ਕੁਮਾਰ 'ਤੇ ਦੋਸ਼ ਲਾਏ ਹਨ। ਸਿਟੀ ਪੁਲਸ ਨੇ ਮੁਲਜ਼ਮਾਂ ਵਿਰੁੱਧ ਆਈਪੀਸੀ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਗੁਰੂ ਨਾਨਕ ਖਾਲਸਾ ਸਕੂਲ ਤਖਤੂਪੁਰਾ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਸੈਮੀਨਾਰ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਲੀਗਲ ਸਰਵਿਸ ਅਥਾਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰ. ਸਕੂਲ ਤਖਤੂਪੁਰਾ ਵਿਖੇ (ਨਸ਼ਾ ਮੁਕਤ ਪੰਜਾਬ) ਤੇ ਯੂਨੀਵਰਸਲ ਹੈਲਥ ਡੇਅ ਤਹਿਤ ਸੈਮੀਨਾਰ ਲਾਇਆ ਗਿਆ, ਜਿਸ ਵਿੱਚ ਐਡਵੋਕੇਟ ਮੀਤੂ ਰਾਣੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨਾਂ ਤੇ ਇਸ ਤੋਂ ਦੂਰ ਰਹਿਣ ਲਈ ਕਿਹਾ। ਪੀ ਐੱਲ ਵੀ ਗੁਰਬਰਮ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਾ ਛੁਡਾਉ ਕੇਂਦਰਾਂ ਤੇ ਟੋਲ ਫ੍ਰੀ ਨੰਬਰਾਂ 15100,1098,1930 ਬਾਰੇ ਜਾਣਕਾਰੀ ਦਿੱਤੀ।ਸੇਵਾ ਮੁਕਤ ਟੀਚਰ ਗੁਰਦੀਪ ਸਿੰਘ ਪੀ ਐੱਲ ਵੀ ਨੇ ਨਸ਼ਿਆਂ ਬਾਰੇ ਆਪਣੇ ਗੀਤ ਰਾਹੀਂ ਵਿਦਿਆਰਥੀਆਂ ਨੂੰ ਸਮਝਾਇਆ।ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਸੰਦੀਪ ਸਿੰਘ ਵੋਹਰਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਨਸ਼ਾ ਉਹ ਕਰੋ, ਜਿਹੜਾ ਸਮਾਜ ਨੂੰ ਚੰਗਾ ਲੱਗੇ ਜਿਵੇਂ ਕਿ ਪੜ੍ਹਾਈ ਦਾ, ਨੌਕਰੀ ਦਾ, ਖੇਡਾਂ ਦਾ, ਸਮਾਜ ਵਿੱਚ ਚੰਗੇ ਕੰਮ ਕਰਨ ਦਾ ਨਸ਼ਾ ਕਰੋ।ਇਸ ਸਮੇਂ ਮੈਡਮ ਸਤਿੰਦਰਪਾਲ ਕੌਰ, ਸੰਦੀਪ ਕੌਰ, ਬੇਅੰਤ ਕੌਰ, ਬਲਵੀਰ ਕੌਰ, ਲਖਵੀਰ ਕੌਰ, ਰਮਨਦੀਪ ਕੌਰ, ਵੀਰਪਾਲ ਕੌਰ, ਦਵਿੰਦਰਦੁਆਰ ਸਿੰਘ, ਕਰਮਜੀਤ ਸਿੰਘ, ਸਮੂਹ ਸਕੂਲ ਸਟਾਫ ਤੇ ਜਸਵੀਰ ਸਿੰਘ ਸੀਰਾ ਹਾਜ਼ਰ ਸਨ।

## ਪੁਲਸ ਨੇ ਚੋਣਾਂ ਦੇ ਮੱਦੇਨਜ਼ਰ ਫਲੈਗ ਮਾਰਚ ਕੱਢਿਆ, 7 ਪਿੰਡਾਂ ਦੇ ਪੋਲਿੰਗ ਬੂਥ ਨਾਜ਼ੁਕ ਕਰਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਦੇ ਮੱਦੇਨਜ਼ਰ ਪਿੰਡਾਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਦੇ ਨਿਰਦੇਸ਼ਾਂ ਤੇ ਐੱਸ.ਪੀ. ਪ੍ਰਸ਼ੋਤਮ ਬਲ ਦੀ ਅਗਵਾਈ ਹੇਠ ਚੋਣਾਂ ਦੇ ਮੱਦਨਜ਼ਰ ਫਲੈਗ ਮਾਰਚ ਕੱਢਿਆ ਗਿਆ ਹੈ ਤਾਂ ਜੋ ਲੋਕ ਬੇਖੌਫ਼ ਹੋ ਕੇ ਆਪਣੀ ਵੋਟ ਦਾ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਮਾਛੀਵਾੜਾ ਥਾਣਾ ਅਧੀਨ ਪੈਂਦੇ ਸਾਰੇ ਪੋਲਿੰਗ ਬੂਥਾਂ 'ਤੇ ਕਰੀਬ 200 ਤੋਂ ਵੱਧ ਪੁਲਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਮਾਛੀਵਾੜਾ ਥਾਣਾ ਅਧੀਨ ਪੈਂਦੇ 7 ਪਿੰਡਾਂ ਦੇ ਪੋਲਿੰਗ ਬੂਥ ਨਾਜੁਕ ਕਰਾਰ ਦਿੱਤੇ ਗਏ ਹਨ, ਜਿਸ ਵਿੱਚ ਤੱਖਰਾਂ, ਬਹਿਲੋਲਪੁਰ, ਮਾਣੇਵਾਲ, ਕਾਉਂਕੇ, ਸ਼ਤਾਬਗੜ੍ਹ, ਬਰਮਾ, ਸਹਿਜੋ ਮਾਜਰਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬੂਥਾਂ 'ਤੇ ਪੁਲਸ ਦੀ ਖਾਸ ਨਿਗਰਾਨੀ ਰਹੇਗੀ। ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਚੋਣਾਂ ਦੌਰਾਨ 14 ਦਸੰਬਰ ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਪੁਲਸ ਟੀਮਾਂ ਗਸ਼ਤ ਕਰਨਗੀਆਂ ਤੇ ਨਾਲ ਹੀ ਵੀਡੀਓਗ੍ਰਾਫ਼ੀ ਵੀ ਕੀਤੀ ਜਾਵੇਗੀ। ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਵੋਟਾਂ ਦੌਰਾਨ ਹੁੱਲੜਬਾਜ਼ੀ ਨਹੀਂ ਕਰਨ ਦਿੱਤੀ ਜਾਵੇਗੀ ਤੇ ਜੇਕਰ ਕਿਸੇ ਨੇ ਕਾਨੂੰਨ ਦੀ ਉਲੰਘਣਾ ਕੀਤੀ ਤਾਂ ਉਸ ਨੂੰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਪਣੇ ਪੋਲਿੰਗ ਬੂਥਾਂ 'ਤੇ ਵੋਟਿੰਗ ਦਾ ਇਸਤੇਮਾਲ ਜ਼ਰੂਰ ਕਰਨ, ਜਿਨ੍ਹਾਂ ਦੀ ਸੁਰੱਖਿਆ ਲਈ ਪੁਲਸ ਪੂਰੀ ਤਰ੍ਹਾਂ ਮੁਸ਼ਤੈਦ ਹੈ। ਇਸ ਮੌਕੇ ਇੰਸਪੈਕਟਰ ਹਰਵਿੰਦਰ ਸਿੰਘ, ਥਾਣਾ ਮੁਖੀ ਪਵਿੱਤਰ ਸਿੰਘ, ਸਹਾਇਕ ਥਾਣੇਦਾਰ ਸੰਜੀਵ ਕੁਮਾਰ, ਮੁਨਸ਼ੀ ਕੁਲਜੀਤ ਸਿੰਘ ਮੌਜੂਦ ਸਨ।

## ਹੇਮਕੁੰਟ ਸਕੂਲ ਵਿਖੇ ਪ੍ਰਤਿਭਾ ਖੋਜ ਸਹਿ-ਵਿੱਦਿਅਕ ਮੁਕਾਬਲੇ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਵਿਖੇ ਪੰਜਾਬ ਦੇ ਰੰਗ-ਰੂਹ ਤੇ ਸੱਭਿਆਚਾਰ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਵਿਸ਼ਾਲ ਪ੍ਰਤਿਭਾ ਖੋਜ ਸਹਿ-ਵਿੱਦਿਅਕ ਮੁਕਾਬਲੇ-2025 ਕਰਵਾਏ ਗਏ।ਇਹ ਸਮਾਗਮ ਮਾਨਯੋਗ ਡਿਪਟੀ ਕਮਿਸ਼ਨਰ ਮੋਗਾ ਦੀ ਯੋਗ ਅਗਵਾਈ ਤੇ ਜ਼ਿਲ੍ਹਾ ਸਿੱਖਿਆ ਅਫਸਰ ਦੀ ਦੇਖ-ਰੇਖ ਹੇਠ ਹੋਇਆ, ਜਿਸ ਵਿੱਚ ਮੋਗਾ ਜ਼ਿਲ੍ਹੇ ਬਲਾਕ-2 ਵੱਖ-ਵੱਖ ਸਰਕਾਰੀ ਸਕੂਲਾਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਜੋਤ ਪ੍ਰਜਲਤ ਕਰ ਕੇ ਕੀਤੀ ਗਈ।ਪ੍ਰਤਿਭਾ ਖੋਜ ਸਹਿ-ਵਿੱਦਿਅਕ ਮੁਕਾਬਲੇ ਦਾ ਕੇਂਦਰੀ ਵਿਸ਼ਾ ਪੰਜਾਬੀ ਸੱਭਿਆਚਾਰ ਰੱਖਿਆ ਗਿਆ, ਜਿਸ ਅਧੀਨ ਦੋ ਸ਼੍ਰੇਣੀਆਂ ਲੋਕ ਗੀਤ ਤੇ ਲੋਕ ਨਾਚ ਸ਼ਾਮਲ ਕੀਤੀਆਂ ਗਈਆਂ।ਲੋਕ ਗੀਤ ਪੰਜਾਬੀ ਵਿਰਾਸਤ ਦਾ ਜੀਵੰਤ ਰੂਪ ਹਨ।ਇਹ ਸਾਡੇ ਰੋਜ਼ਾਨਾਂ ਜੀਵਨ, ਰਸਮਾਂ, ਰਿਵਾਜਾਂ ਤੇ ਭਾਵਨਾਵਾਂ ਨੂੰ ਸੰਗੀਤ ਰਾਹੀਂ ਪ੍ਰਗਟਾਉਂਦੇ ਹਨ।ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਸੁਰੀਲੇ ਸੁਰਾਂ ਤੇ ਤਾਲਬੱਧ ਗਾਇਕੀ ਨਾਲ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।ਲੋਕ ਨਾਚ ਪੰਜਾਬ ਦੇ ਖੁਸ਼ਹਾਲ ਜਜ਼ਬੇ, ਰੰਗਾਂ ਤੇ ਰਵਾਇਤਾਂ ਦਾ ਅਕਸ ਹੁੰਦਾ ਹੈ।ਪ੍ਰਤੀਯੋਗੀਆਂ ਨੇ ਗਿੱਧੇ, ਭੰਗੜੇ ਤੇ ਪ੍ਰੇਰਕ ਨਾਚਾਂ ਰਾਹੀਂ ਸਭ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ।ਬੇਹਤਰੀਨ ਤਾਲਮੇਲ, ਪੋਸ਼ਾਕ ਤੇ ਉਤਸ਼ਾਹ ਨੇ ਸਭ ਦਾ ਦਿਲ ਜਿੱਤ ਲਿਆ।ਇਸ ਮੌਕੇ ਜੱਜ ਸਹਿਬਾਨ ਸ੍ਰ: ਜਤਿੰਦਰ ਸਿੰਘ, ਸ੍ਰ: ਗੁਰਪ੍ਰੀਤ ਸਿੰਘ, ਮੈਡਮ ਜਸ਼ਨਪ੍ਰੀਤ ਕੌਰ, ਮੈਡਮ ਰਜਿੰਦਰ ਕੌਰ ਨੇ ਹਰ ਟੀਮ ਦੀ ਪੇਸ਼ਕਸ਼ ਨੂੰ ਪੂਰੀ ਨਿਰਪੱਖਤਾ ਨਾਲ ਪਰਖਿਆ ਤੇ ਸੁਰ-ਤਾਲ, ਸੱਭਿਆਚਾਰਕ ਪੇਸ਼ਕਾਰੀ, ਰਚਨਾਤਮਕਤਾ ਤੇ ਪੋਸ਼ਾਕ ਅਤੇ ਸਮੂਹ ਤਾਲਮੇਲ ਦੇ ਅਧਾਰ 'ਤੇ ਮੁਲਾਂਕਣ ਕੀਤਾ।ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਕਾਬਲੀਅਤ ਦਿਖਾਉਂਦੇ ਹੋਏ ਲੋਕ ਗੀਤ ਵਿੱਚ ਛੇਵੀਂ ਤੋਂ ਅੱਠਵੀਂ ਵਿੱਚ ਸ੍ਰ. ਮਿਡਲ ਸਕੂਲ ਨਿਹਾਲਗੜ੍ਹ ਨੇ ਪਹਿਲਾ ਤੇ ਸਰਕਾਰੀ ਹਾਈ ਸਕੂਲ ਕੋਟ ਈਸੇ ਖਾਂ ਨੇ ਦੂਸਰਾ ਸਥਾਨ, ਨੌਵੀਂ ਤੋਂ ਬਾਰਵੀਂ ਵਿੱਚ ਆਦਰਸ਼ ਸਕੂਲ ਖੰਬਾ ਨੇ ਪਹਿਲਾ ਤੇ ਸਰਕਾਰੀ ਹਾਈ ਸਕੂਲ ਚੁੱਘਾ ਕਲਾਂ ਨੇ ਦੂਸਰਾ ਅਤੇ ਸਰਕਾਰੀ ਹਾਈ ਸਕੂਲ ਲੋਹਾਰਾ ਨੇ ਤੀਸਰਾ ਸਥਾਨ ਹਾਸਲ ਕੀਤਾ। ਲੋਕ ਨਾਚ ਵਿੱਚ ਛੇਵੀਂ ਤੋਂ ਅੱਠਵੀਂ ਵਿੱਚ ਸਰਕਾਰੀ ਹਾਈ ਸਕੂਲ ਚੁੱਘਾ ਕਲਾਂ ਨੇ ਪਹਿਲਾਂ ਤੇ ਨੌਵੀਂ ਤੋਂ ਬਾਰਵੀਂ ਸ਼ਹੀਦ ਜੈਮਲ ਸਿੰਘ ਘਲੋਟੀ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਜੱਜ ਸਾਹਿਬਾਨ ਨੇ ਭਾਗੀਦਾਰਾਂ ਦੀ ਮਿਹਨਤ ਤੇ ਕਲਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਕਲਾ-ਕੁਸ਼ਲਤਾ ਤੇ ਪੰਜਾਬੀ ਸੱਭਿਆਚਾਰ ਪ੍ਰਤੀ ਪ੍ਰੇਮ ਨੂੰ ਵਧਾਉਂਦੇ ਹਨ।ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਤੇ ਪ੍ਰਿੰਸੀਪਲ ਸੋਨੀਆ ਸ਼ਰਮਾ ਨੇ ਸਾਰੇ ਭਾਗ ਲੈਣ ਵਾਲੇ ਅਤੇ ਅਧਿਆਪਕ ਸਾਹਿਬਾਨ ਦਾ ਧੰਨਵਾਦ ਕੀਤਾ।

## ਡੀ ਐੱਸ ਪੀ ਤੇਜਿੰਦਰਪਾਲ ਸਿੰਘ ਡੀ ਜੀ ਪੀ ਕੌਮੀ ਸਟੇਸ਼ਨ ਡਿਸਕ ਨਾਲ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਵਧੀਆ ਡਿਊਟੀ ਤੇ ਵਧੀਆ ਕਾਰਜ ਗੁਜ਼ਾਰੀ ਕਰਨ ਤੇ ਸ੍ਰੀ ਤੇਜਿੰਦਰਪਾਲ ਸਿੰਘ ਡੀ ਐੱਸ ਪੀ ਐੱਚ ਸ੍ਰੀ ਮੁਕਤਸਰ ਸਾਹਿਬ ਨੂੰ ਮਾਨਯੋਗ ਸ੍ਰੀ ਗੌਰਵ ਯਾਦਵ ਆਈ ਪੀ ਐੱਸ ਡੀ.ਜੀ.ਪੀ. ਪੰਜਾਬ ਵੱਲੋਂ ਡੀ.ਜੀ.ਪੀ. ਕੌਮੀ ਸਟੇਸ਼ਨ ਡਿਸਕ ਨਾਲ ਸਨਮਾਨਤ ਕੀਤਾ ਗਿਆ।ਅੱਜ ਸ੍ਰੀ ਅਭਿਮੰਨਿਊ ਰਾਣਾ ਆਈ.ਪੀ.ਐੱਸ. ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਸ੍ਰੀ ਤਜਿੰਦਰਪਾਲ ਸਿੰਘ ਡੀ.ਐੱਸ.ਪੀ. (ਐੱਚ) ਨੂੰ ਡੀ ਜੀ ਪੀ ਕੌਮੀ ਸਟੇਸ਼ਨ ਡਿਸਕ ਲਗਾ ਕੇ ਵਧਾਈ ਦਿੱਤੀ ਗਈ।ਇਸ ਮੌਕੇ ਉਨ੍ਹਾ ਨਾਲ ਸ੍ਰੀਮਤੀ ਹਰਕਮਲ ਕੌਰ ਐੱਸ ਪੀ (ਐੱਚ) ਵੀ ਹਾਜ਼ਰ ਸਨ।

## ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ 'ਚ ਡੇਂਗੂ ਪ੍ਰਤੀ ਕੀਤਾ ਜਾਗਰੂਕ



**ਜ਼ੀਰਾ (ਰੂਪ ਸਿੰਘ ਸੰਧੂ)**-ਸਿਵਲ ਸਰਜਨ ਫਿਰੋਜ਼ਪੁਰ ਦੇ ਨਿਰਦੇਸ਼ਾਂ ਅਤੇ ਐੱਸ ਐੱਮ ਓ ਡਾਕਟਰ ਬਲਕਾਰ ਸਿੰਘ ਦੀ ਅਗਵਾਈ ਵਿੱਚ ਬਲਾਕ ਅਫਸਰ ਵਿਕਰਮਜੀਤ ਸਿੰਘ, ਹੈਲਥ ਇੰਸਪੈਕਟਰ ਮਨਿੰਦਰ ਸਿੰਘ ਵੱਲੋਂ ਸਿਹਤ ਵਿਭਾਗ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਸਥਾਨਕ ਸ਼ਹਿਰ ਦੇ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਨੂੰ ਡੇਂਗੂ ਮੱਛਰ ਦੇ ਬਾਰੇ ਜਾਗਰੂਕ ਕੀਤਾ ਗਿਆ ਤਾਂ ਜੋਂ ਡੇਂਗੂ ਤੋਂ ਨਾਲ ਹੋਣ ਵਾਲੇ ਬੁਖਾਰ ਤੋਂ ਬਚਿਆ ਜਾ ਸਕੇ।ਇਸ ਮੌਕੇ ਉਨ੍ਹਾਂ ਨੇ ਇਸ ਦੇ ਲੱਛਣ ਤੇ ਬਚਾਅ ਸਬੰਧੀ ਵੀ ਜਾਣਕਾਰੀ ਦਿੱਤੀ।ਇਸ ਮੌਕੇ ਅਜੀਤ ਸਿੰਘ, ਰਮਨਦੀਪ ਸਿੰਘ, ਹਰਪ੍ਰੀਤ ਸਿੰਘ, ਵਿਸ਼ਾਲ ਸ਼ਰਮਾ, ਗੁਰਸੰਤ ਸਿੰਘ, ਸਾਰਜ ਸਿੰਘ ਤੇ ਦੀਦਾਰ ਸਿੰਘ ਨੇ ਦੱਸਿਆ ਕਿ ਗਮਲਿਆਂ ਦੇ ਪਾਣੀ, ਟੈਂਕ, ਖੁੱਲ੍ਹੇ ਭਾਂਡਿਆਂ ਵਿੱਚ 7 ਦਿਨ ਪਾਣੀ ਇਕੱਠਾ ਹੋਣ ਨਾ ਦਿੱਤਾ ਜਾਵੇ, ਨਹੀਂ ਤਾਂ ਇਸ ਵਿੱਚ ਡੇਂਗੂ ਦਾ ਲਾਰਵਾ ਪੈਦਾ ਹੋ ਕੇ ਮੱਛਰ ਬਣੇਗਾ।ਇਸ ਦੌਰਾਨ ਸੇਵਾ ਕੇਂਦਰ ਜ਼ੀਰਾ, ਜੰਗਲਾਤ ਵਿਭਾਗ ਵੈਟਰਨਰੀ ਹਸਪਤਾਲ ਤੇ ਖਜ਼ਾਨਾ ਦਫਤਰ ਜ਼ੀਰਾ ਦੇ ਸਾਰੇ ਸਟਾਫ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ।

## ਦੋ ਮਹਿਲਾ ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ ਢਾਹੀਆਂ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਮੰਡੀ ਗੋਬਿੰਦਗੜ੍ਹ ਵਿਖੇ ਦੋ ਮਹਿਲਾ ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੇ ਕਾਲੇ ਕਾਰੋਬਾਰ ਰਾਹੀਂ ਬਣਾਈਆਂ ਗਈਆਂ ਦੋ ਇਮਾਰਤਾਂ ਨੂੰ ਬੁਲਡੋਜ਼ਰ ਦੀ ਮਦਦ ਨਾਲ ਢਾਹਿਆ ਗਿਆ। ਇਸ ਅਭਿਆਨ ਦੀ ਅਗਵਾਈ ਐੱਸ ਐੱਸ ਪੀ ਸ਼ੁਭਮ ਅਗਰਵਾਲ ਦੇ ਨਿਰਦੇਸ਼ਾਂ ਹੇਠ ਡੀ ਐੱਸ ਪੀ ਅਮਲੋਹ ਗੁਰਦੀਪ ਸਿੰਘ ਨੇ ਕੀਤੀ।ਉਨ੍ਹਾਂ ਦੱਸਿਆ ਕਿ ਕਾਰਜ ਸਾਧਕ ਅਫਸਰ ਨਗਰ ਕੌਂਸਲ ਗੋਬਿੰਦਗੜ੍ਹ ਦੀ ਰਿਪੋਰਟ ਉੱਤੇ ਕਾਰਵਾਈ ਕਰਦੇ ਹੋਏ ਗੋਗੀ ਪਤਨੀ ਦੀਪਕ ਵਾਸੀ ਨਿਊ ਸੰਤ ਨਗਰ ਮੰਡੀ ਗੋਬਿੰਦਗੜ੍ਹ ਤੇ ਜੋਤੀ ਪਤਨੀ ਲੇਟ ਮੱਘਰ ਸਿੰਘ ਵਾਸੀ ਨੇੜੇ ਐੱਸ. ਡੀ. ਮਾਡਲ ਸਕੂਲ ਢੇਹਾ ਕਲੌਨੀ ਮੰਡੀ ਗੋਬਿੰਦਗੜ੍ਹ ਦੇ ਮਕਾਨਾਂ ਨੂੰ ਕਾਰਜ ਸਾਧਕ ਅਫਸਰ ਨਗਰ ਕੌਂਸਲ ਗੋਬਿੰਦਗੜ੍ਹ ਤੇ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਢਾਹਿਆ ਗਿਆ।ਡੀਐੱਸਪੀ ਨੇ ਦੱਸਿਆ ਕਿ ਗੋਗੀ ਤੇ ਜੋਤੀ ਵੱਲੋਂ ਨਿਯਮਾਂ ਦੇ ਉਲਟ ਨਜਾਇਜ਼ ਉਸਾਰੀ ਕੀਤੀ ਹੋਈ ਸੀ।ਇਹ ਦੋਵੇਂ ਔਰਤਾਂ ਨਸ਼ੇ ਵੇਚਣ ਦਾ ਕੰਮ ਵੀ ਕਰਦੀਆਂ ਹਨ, ਗੋਗੀ ਖਿਲਾਫ 6 ਮੁਕੱਦਮੇ ਦਰਜ ਹਨ ਅਤੇ ਜੋਤੀ ਖਿਲਾਫ 7 ਮੁਕੱਦਮੇ ਦਰਜ ਹਨ।

## ਸਫਾ 1 ਦੇ ਬਾਕੀ...

### ਮਹਾਰਾਜਾ ਰਣਜੀਤ ਸਿੰਘ...

ਦੇ ਪਿਤਾ ਸਕੂਲ ਪ੍ਰਿੰਸੀਪਲ ਅਤੇ ਮਾਤਾ ਪੀ ਐੱਸ ਪੀ ਸੀ ਐੱਲ ਸੁਪਰਡੈਂਟ ਹਨ, ਸੁਖਦੇਵ ਸਿੰਘ ਗਿੱਲ (ਗੁਰਦਾਸਪੁਰ), ਜਿਸ ਦੇ ਪਿਤਾ ਸੇਵਾ-ਮੁਕਤ ਪੀ ਐੱਸ ਪੀ ਸੀ ਐੱਲ ਜੇ ਈ ਹਨ ਅਤੇ ਵਿਨਾਇਕ ਸ਼ਰਮਾ (ਪਠਾਨਕੋਟ) ਜਿਸ ਦੇ ਮਾਤਾ-ਪਿਤਾ ਪ੍ਰਾਈਵੇਟ ਸੈਕਟਰ ਵਿੱਚ ਸੇਵਾਵਾਂ ਨਿਭਾ ਰਹੇ ਹਨ, ਸ਼ਾਮਲ ਹਨ।ਇੱਕ ਹੋਰ ਕੈਡੇਟ, ਕੁਸ਼ ਪਾਂਡਿਆ (ਲੁਧਿਆਣਾ), ਨੂੰ ਹੈਦਰਾਬਾਦ ਦੇ ਢੰਡੋਗਲ ਸਥਿਤ ਏਅਰ ਫੋਰਸ ਅਕੈਡਮੀ (ਏ ਐੱਫ ਏ) ਵਿਖੇ 216ਵੇਂ ਕੋਰਸ ਤੋਂ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫਸਰ ਵਜੋਂ ਸ਼ਾਮਲ ਕੀਤਾ ਗਿਆ। ਇਸ ਪਰੇਡ ਦਾ ਨਿਰੀਖਣ ਜਨਰਲ ਅਨਿਲ ਚੌਹਾਨ, ਪੀ ਵੀ ਐੱਸ ਐੱਮ, ਯੂ ਵਾਈ ਐੱਸ ਐੱਮ, ਏ ਵੀ ਐੱਸ ਐੱਮ, ਐੱਸ ਐੱਮ, ਵੀ ਐੱਸ ਐੱਮ ਚੀਫ਼ ਆਫ਼ ਡਿਫੈਂਸ ਸਟਾਫ ਵੱਲੋਂ ਕੀਤਾ ਗਿਆ। ਕੁਸ਼ ਭਾਰਤੀ ਸੈਨਾਵਾਂ ਵਿੱਚ ਵਿਲੱਖਣ ਸੇਵਾਵਾਂ ਨਿਭਾਉਣ ਵਾਲੇ ਪਰਵਾਰ ਨਾਲ ਸੰਬੰਧਤ ਹੈ। ਉਸ ਦੇ ਪਿਤਾ ਇੱਕ ਸੇਵਾ-ਮੁਕਤ ਆਈ ਏ ਐੱਫ ਗਰੁੱਪ ਕੈਪਟਨ ਹਨ ਅਤੇ ਉਸ ਦੀ ਮਾਂ ਆਰਮੀ ਮੈਡੀਕਲ ਕਾਰਪਸ ਵਿੱਚ ਇੱਕ ਸੇਵਾਮੁਕਤ ਲੈਫਟੀਨੈਂਟ ਕਰਨਲ ਹਨ।ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਐੱਮ ਆਰ ਐਸ ਏ ਐੱਫ ਪੀ ਆਈ ਦੇ ਸਾਬਕਾ ਕੈਡਿਟਾਂ ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ 'ਤੇ ਹਾਰਦਿਕ ਵਧਾਈ ਦਿੱਤੀ। ਉਨ੍ਹਾ ਕੈਡਿਟਾਂ ਨੂੰ ਅਧਿਕਾਰੀਆਂ ਵਜੋਂ ਆਪਣੇ ਕੈਰੀਅਰ ਵਿੱਚ ਹੋਰ ਵੀ ਸਖ਼ਤ ਮਿਹਨਤ ਕਰਨ ਅਤੇ ਪੰਜਾਬ ਦਾ ਸਿਰ ਹੋਰ ਉੱਚਾ ਕਰਨ ਲਈ ਕਿਹਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਹਥਿਆਰਬੰਦ ਸੈਨਾਵਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਦੇ ਮੌਕੇ ਪ੍ਰਦਾਨ ਕਰ ਰਹੀ ਹੈ।ਮਹਾਰਾਜਾ ਰਣਜੀਤ ਸਿੰਘ ਏ ਐੱਫ ਪੀ ਆਈ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐੱਚ ਚੌਹਾਨ ਵੀ ਐੱਸ ਐੱਮ (ਸੇਵਾ-ਮੁਕਤ) ਨੇ ਸਾਬਕਾ ਕੈਡਿਟਾਂ ਨੂੰ ਉਨ੍ਹਾਂ ਦੀ ਨਿਯੁਕਤੀ ਲਈ ਵਧਾਈ ਦਿੱਤੀ ਹੈ। ਹੁਣ ਤੱਕ ਐੱਮ ਆਰ ਐੱਸ ਏ ਐੱਫ ਪੀ ਆਈ ਦੇ ਕੁੱਲ 186 ਕੈਡਿਟਾਂ ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ।

### ਨਿੱਜੀਕਰਨ ਤੇ ਲੇਬਰ ਕੋਡ...

ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ 'ਚ ਮੋਟਰਸਾਈਕਲ ਮਾਰਚ, ਝੰਡਾ ਤੇ ਢੋਲ ਮਾਰਚ, ਜਾਗੋ, ਰੈਲੀਆਂ ਅਤੇ ਮੁਜ਼ਾਹਰੇ ਕਰਕੇ ਜਨਤਕ ਮੁਹਿੰਮ ਭਖਾਉਣ ਦਾ ਸੱਦਾ ਦੇਣ ਦੇ ਨਾਲ-ਨਾਲ 16 ਜਨਵਰੀ ਨੂੰ ਬਿਜਲੀ ਵਿਭਾਗ ਦੇ ਐੱਸ ਈ ਦਫਤਰਾਂ ਉਪਰ ਇੱਕ ਦਿਨ ਦੇ ਵਿਸ਼ਾਲ ਧਰਨੇ ਦੇਣ ਦਾ ਐਲਾਨ ਵੀ ਕੀਤਾ ਹੈ। ਮੀਟਿੰਗ ਵਿੱਚ ਚਾਰ ਲੇਬਰ ਕੋਡ ਰੱਦ ਕਰਨ, ਸਰਕਾਰੀ ਅਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਵੀ ਆਵਾਜ਼ ਚੁੱਕਣ ਦਾ ਫੈਸਲਾ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ ਅਤੇ ਬੀਜ ਬਿਲ 2025 ਵਿਰੁੱਧ ਧਾਰੀ ਚੁੱਪ ਨੂੰ ਆੜੇ ਹੱਥੀਂ ਲੈਂਦਿਆਂ ਮੀਟਿੰਗ ਨੇ ਪੰਜਾਬ ਸਰਕਾਰ ਦੀ ਚੁੱਪ ਨੂੰ ਕੇਂਦਰ ਸਰਕਾਰ ਦੇ ਕਾਰਪੋਰੇਟ ਪੱਖੀ ਲੋਕ ਵਿਰੋਧੀ ਕਦਮਾਂ ਦੀ ਪੈੜ 'ਚ ਪੈਰ ਧਰਨ ਦੇ ਸਮਾਨ ਕਦਮ ਕਰਾਰ ਦਿੱਤਾ।

ਮੀਟਿੰਗ ਨੇ ਐੱਸ ਕੇ ਐੱਮ ਦੇ ਕੌਮੀ ਤਾਲਮੇਲ ਕਮੇਟੀ ਦੇ ਆਗੂ ਸੱਤਿਆਵਾਨ ਨਾਲ ਓੜੀਸ਼ਾ ਪੁਲਸ ਅਤੇ ਪੋਸਕੋ ਜਿੰਦਲ ਦੇ ਗੁੰਡਾ ਅਨਸਰਾਂ ਵੱਲੋਂ ਕੀਤੇ ਦੁਰਵਿਹਾਰ ਦੀ ਨਿੰਦਾ ਕੀਤੀ ਅਤੇ ਨਾਲ ਹੀ ਟਿੱਬੀ (ਹਨੂੰਮਾਨਗੜ੍ਹ) ਵਿਖੇ ਈਥਾਨੋਲ ਫੈਕਟਰੀ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਤੇ ਰਾਜਸਥਾਨ ਦੀ ਭਾਜਪਾ ਸਰਕਾਰ ਵੱਲੋਂ ਜਬਰ ਕਰਨ ਦੀ ਨਿਖੇਧੀ ਕੀਤੀ। ਗ੍ਰਿਫਤਾਰ ਕਿਸਾਨਾਂ ਨੂੰ ਕੇਸ ਵਾਪਸ ਲੈ ਕੇ ਰਿਹਾਅ ਕਰਨ, ਜ਼ਖਮੀਆਂ ਦਾ ਇਲਾਜ ਕਰਵਾਉਣ ਤੇ ਐਕਸ਼ਨ ਕਮੇਟੀ ਨਾਲ ਗੱਲਬਾਤ ਜਰੀਏ ਮਸਲਾ ਹੱਲ ਕਰਨ ਦੇ ਹੱਕ 'ਚ ਮਤਾ ਪਾਸ ਕੀਤਾ ਗਿਆ। ਮੀਟਿੰਗ 'ਚ ਪੀ ਆਰ ਟੀ ਸੀ ਤੇ ਪੰਜਾਬ ਰੋਡਵੇਜ਼ ਦੇ ਠੇਕਾ ਕਰਮੀਆਂ ਉਪਰ ਦਰਜ ਕੇਸ ਵਾਪਸ ਲੈ ਕੇ ਰਿਹਾਅ ਕਰਨ ਤੇ ਮੰਗਾਂ ਦਾ ਨਿਪਟਾਰਾ ਕਰਨ ਦੇ ਹੱਕ ਵਿੱਚ ਅਤੇ ਐੱਲ ਆਈ ਸੀ ਵਿੱਚ 100 ਫੀਸਦੀ ਐੱਫ ਡੀ ਆਈ ਕਰਨ ਦੇ ਫੈਸਲੇ ਵਿਰੁੱਧ ਵੀ ਮਤਾ ਪਾਸ ਕੀਤਾ। ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਅਤੇ ਯੂ ਜੀ ਸੀ ਨੂੰ ਤੋੜਨ ਦੇ ਫੈਸਲੇ ਵਿਰੁੱਧ ਵੀ ਮਤਾ ਪਾਸ ਕੀਤਾ ਗਿਆ।

ਮੀਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਕੁਲਵਿੰਦਰ ਸਿੰਘ ਵੜੈਚ, ਅਮਰਨਾਥ ਕੂਮ ਕਲਾਂ, ਜਗਦੀਸ਼ ਚੰਦ, ਗੋਬਿੰਦ ਛਾਜਲੀ, ਲਛਮਣ ਸੇਵੇਵਾਲਾ, ਦਰਸ਼ਨ ਨਾਹਰ, ਤਰਸੇਮ ਪੀਟਰ, ਗਿਆਨ ਸਿੰਘ ਸੈਦਪੁਰੀ, ਧਰਮਵੀਰ ਹਰੀਗੜ੍ਹ, ਪ੍ਰਗਟ ਸਿੰਘ ਸ਼ਿਵਗੜ੍ਹ, ਧਰਮਿੰਦਰ ਮੁਕੇਰੀਆਂ, ਸਤੀਸ਼ ਰਾਣਾ, ਇੰਜ. ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗੰਡੀਵਿੰਡ, ਸਰਬਜੀਤ ਸਿੰਘ ਭਾਣਾ, ਵਿਕਰਮ ਦੇਵ ਸਿੰਘ, ਲਖਵਿੰਦਰ ਸਿੰਘ, ਕੁਲਦੀਪ ਸਿੰਘ ਉਦੋਕੇ, ਕ੍ਰਿਸ਼ਨ ਸਿੰਘ ਔਲਖ, ਵਰਿੰਦਰ ਸਿੰਘ ਮੋਮੀ, ਅਮਿਤ ਕੁਮਾਰ, ਅਵਤਾਰ ਸਿੰਘ ਕੈਂਥ, ਸੰਦੀਪ ਕੁਮਾਰ, ਰਣਵੀਰ ਸਿੰਘ ਕੁਰੜ, ਜਗਪਾਲ ਸਿੰਘ ਊਧਾ, ਸੁਰਿੰਦਰ ਗਿੱਲ ਜੈਪਾਲ, ਕੰਵਲਜੀਤ ਕੌਰ ਢਿੱਲੋਂ, ਇੰਜ. ਸ਼ਮਿੰਦਰ ਸਿੰਘ, ਇੰਜ. ਰਣਜੀਤ ਸਿੰਘ ਢਿੱਲੋਂ, ਅੰਗਰੇਜ਼ ਸਿੰਘ ਭਦੌੜ, ਜੰਗਵੀਰ ਸਿੰਘ ਚੌਹਾਨ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਰੁਲਦੂ ਸਿੰਘ ਮਾਨਸਾ, ਬਲਵਿੰਦਰ ਸਿੰਘ ਰਾਜੂ ਔਲਖ, ਨਛੱਤਰ ਸਿੰਘ ਜੈਤੋ, ਕੁਲਵੰਤ ਸਿੰਘ ਸੰਧੂ ਅਤੇ ਰਘਵੀਰ ਸਿੰਘ ਬੈਨੀਪਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਤੇ ਔਰਤ ਆਗੂ ਮੌਜੂਦ ਸਨ।

### ਦਰਜਨ ਤੋਂ ਵੱਧ ...

ਇਨ੍ਹਾਂ ਹਮਲਾਵਰਾਂ ਨੇ ਕਥਿਤ ਤੌਰ 'ਤੇ ਸਿਕੰਦਰ ਸਿੰਘ ਦੇ ਸਿਰ 'ਤੇ ਲੋਹੇ ਦੀਆਂ ਪਾਈਪਾਂ ਨਾਲ ਵਾਰ ਕੀਤਾ ਜਿਸ ਕਾਰਨ ਸਿਕੰਦਰ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ। ਇਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਸ਼ਿਕਾਇਤਕਰਤਾ ਹਰਜੀਤ ਸਿੰਘ ਅਤੇ ਹੋਰਾਂ ਨੂੰ ਵੀ ਹਮਲੇ ਦੌਰਾਨ ਗੰਭੀਰ ਸੱਟਾਂ ਲੱਗੀਆਂ ਹਨ।

### ਮਾਨਸਿਕ ਤੌਰ 'ਤੇ ...

ਉਠਾਉਂਦੇ ਹੋਏ ਪੁੱਛਿਆ, 'ਹੁਣ ਕੌਣ ਮਾਨਸਿਕ ਤੌਰ 'ਤੇ ਅਸਥਿਰ ਹੈ ਅਤੇ ਉਸ ਨੂੰ ਗੰਭੀਰ ਦੇਖਭਾਲ ਦੀ ਲੋੜ ਹੈ?' ਕੌਰ ਨੇ ਪੰਜਾਬ ਦੇ ਸਾਬਕਾ ਵਿਸ਼ੇਸ਼ ਮੁੱਖ ਸਕੱਤਰ ਕੇ ਬੀ ਐੱਸ ਸਿੱਧੂ ਦੀ ਇੱਕ ਪੋਸਟ ਦੇ ਹਵਾਲੇ ਨਾਲ ਕੈਪਟਨ ਨੂੰ ਘੇਰਿਆ। ਇਸ ਪੋਸਟ ਜਿਸ ਵਿੱਚ ਲਿਖਿਆ ਸੀ : "ਹੁਣੇ ਕੈਪਟਨ ਅਮਰਿੰਦਰ ਸਿੰਘ ਦਾ ਇੰਟਰਵਿਊ ਦੇਖਿਆ ਅਤੇ ਇਸ ਨੂੰ ਆਪਣੇ ਨਵੇਂ ਲੇਖ, 'ਇੱਕ ਅਸੰਤੁਸ਼ਟ ਅਤੇ ਨਿਰਾਸ਼ ਕੈਪਟਨ ਦੀ ਨਿਰਾਸ਼ਾ ਅਤੇ ਪੰਜਾਬ ਦੇ ਅੱਗੇ ਵਧਣ ਦੀ ਲੋੜ' ਦੇ ਪਰਿਪੇਖ ਵਿੱਚ ਰੱਖਿਆ ਹੈ। ਇਸ ਤੋਂ ਪਹਿਲਾਂ ਕਿ ਉਹ ਭਾਜਪਾ-ਅਕਾਲੀ ਦਲ ਗੱਠਜੋੜ ਦੀ ਗੱਲ ਕਰੇ, ਉਹ ਭਾਜਪਾ ਦੇ ਕੇਂਦਰੀਕ੍ਰਿਤ, ਗੈਰ-ਸਲਾਹਕਾਰ ਸੱਭਿਆਚਾਰ ਦੀ ਆਲੋਚਨਾ ਕਰਦਾ ਹੈ, ਕਾਂਗਰਸ ਦੀ ਸਲਾਹ-ਮਸ਼ਵਰੇ ਦੀ ਯਾਦ ਦਿਵਾਉਂਦਾ ਹੈ, ਅਕਾਲੀਆਂ ਨੂੰ ਸੰਕੁਚਿਤ ਕਹਿੰਦਾ ਹੈ ਅਤੇ 'ਆਪ' ਦੀ ਪੰਜਾਬ ਸਰਕਾਰ ਨੂੰ ਦਿੱਲੀ ਦਾ 'ਰਿਮੋਟ ਕੰਟਰੋਲ' ਪ੍ਰੋਜੈਕਟ ਦੱਸਦਾ ਹੈ।"

### ਮੁੱਖ ਮੰਤਰੀ ਤੋਂ...

ਬਿਆਨ ਦਵੋ ਅਤੇ ਫਿਰ ਸੁਰੱਖਿਆ ਮੰਗਣ ਲੱਗ ਜਾਵੋ। ਉਨ੍ਹਾ ਕਿਹਾ ਕਿ ਨਵਜੋਤ ਕੌਰ ਸਿੱਧੂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਵਿੱਚ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਕੁਰਸੀਆਂ ਦੀ ਕੀਮਤ ਲੱਗਦੀ ਹੈ ਅਤੇ ਪਹਿਲਾਂ ਵੀ ਮੁੱਖ ਮੰਤਰੀ ਕੀਮਤ ਅਦਾ ਕਰਕੇ ਹੀ ਕੁਰਸੀ ਲੈਂਦੇ ਰਹੇ ਹਨ।

## ਸਰਵਹਿੱਤਕਾਰੀ ਵਿੱਦਿਆ ਮੰਦਰ ਵੱਲੋਂ ਧਾਰਮਕ ਯਾਤਰਾ



**ਜਗਰਾਓਂ (ਅਮਿਤ ਖੰਨਾ)**-ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਵੱਲੋਂ ਪੰਜਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਧਾਰਮਿਕ ਤੇ ਸੱਭਿਆਚਾਰਕ ਯਾਤਰਾ ਦਾ ਆਯੋਜਨ ਕੀਤਾ ਗਿਆ।ਬੱਚਿਆਂ ਦੇ ਨਾਲ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਨੀਲੂ ਨਰੂਲਾ ਸਕੂਲ ਦੇ ਅਧਿਆਪਕ ਮੀਨੂੰ ਦੀਦੀ, ਰੀਆ ਦੀਦੀ, ਸ਼ੋਭਾ ਦੀਦੀ, ਸੋਮਿਆਂ ਦੀਦੀ ਤੇ ਮਨਿੰਦਰ ਸਰ, ਸਾਹਿਲ ਸਰ ਹਾਜ਼ਰ ਸਨ। ਇਸ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਕਸੌਲੀ, ਨਾਢਾ ਸਾਹਿਬ ਗੁਰਦੁਆਰਾ ਤੇ ਪਿੰਜੌਰ ਗਾਰਡਨ ਦੇ ਦਰਸ਼ਨ ਕੀਤੇ।ਸਭ ਤੋਂ ਪਹਿਲਾਂ ਵਿਦਿਆਰਥੀ ਕਸੌਲੀ ਦੇ ਪ੍ਰਸਿੱਧ ਮੌਂਕੀ ਪੁਆਇੰਟ ਪਹੁੰਚੇ, ਜਿੱਥੇ ਉਨ੍ਹਾਂ ਸ੍ਰੀ ਹਨੂਮਾਨ ਜੀ ਦੇ ਮੰਦਰ ਦੇ ਦਰਸ਼ਨ ਕੀਤੇ।ਇਸ ਤੋਂ ਬਾਅਦ ਯਾਤਰਾ ਗੁਰਦੁਆਰਾ ਨਾਢਾ ਸਾਹਿਬ ਵੱਲ ਕੀਤੀ ਗਈ, ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਮਹੱਤਵਪੂਰਨ ਧਾਰਮਿਕ ਸਥਾਨ ਹੈ।ਵਿਦਿਆਰਥੀਆਂ ਨੇ ਇੱਥੇ ਕੀਰਤਨ ਸੁਣਿਆ ਤੇ ਨਿਮਰਤਾ ਨਾਲ ਦਰਸ਼ਨ ਕੀਤੇ।ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਵੀਂ ਸ਼ਹੀਦੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਕੁਰਬਾਨੀ ਤੇ ਧਰਮ ਲਈ ਦਿੱਤੇ ਤਿਆਗ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਯਾਤਰਾ ਦਾ ਅੰਤਿਮ ਪੜਾਅ ਚੰਡੀਗੜ੍ਹ ਦੇ ਪਿੰਜੌਰ ਗਾਰਡਨ ਵਿੱਚ ਰਿਹਾ, ਜਿੱਥੇ ਵਿਦਿਆਰਥੀਆਂ ਨੇ ਬਾਗ ਦੀ ਸੁੰਦਰਤਾ, ਆਕਰਸ਼ਕ ਫੁਹਾਰੇ ਤੇ ਵੱਖ-ਵੱਖ ਕਿਸਮਾਂ ਦੇ ਬੂਟਿਆਂ ਨੂੰ ਦੇਖ ਕੇ ਖ਼ੂਬ ਰੂਚੀ ਦਿਖਾਈ।ਯਾਤਰਾ ਦੇ ਸਮਾਪਨ 'ਤੇ ਪ੍ਰਿੰਸੀਪਲ ਸ੍ਰੀਮਤੀ ਨੀਲੂ ਨਰੂਲਾ ਨੇ ਕਿਹਾ ਕਿ ਅਜਿਹੀਆਂ ਧਾਰਮਿਕ ਯਾਤਰਾਵਾਂ ਵਿਦਿਆਰਥੀਆਂ ਨੂੰ ਸੱਭਿਆਚਾਰਕ ਵਿਰਾਸਤ ਨਾਲ ਜੋੜਦੀਆਂ ਹਨ ਤੇ ਉਨ੍ਹਾਂ ਦੇ ਨੈਤਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

14 Dec Page 3.qxd 12/13/2025 10:26 PM Page 1



## ਮੋਟਰਸਾਈਕਲ ਰੇਹੜੀ ਵਾਲਿਆਂ ਨੇ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੈਮੋਰੰਡਮ




ਛੇਹਰਟਾ, ਖਾਸਾ, (ਮਨੋਜ ਕੁਮਾਰ, ਸ਼ਸ਼ਪਾਲ ਸਿੰਘ)- ਮੋਟਰਸਾਈਕਲ ਰੇਹੜੀ ਫਲ ਤੇ ਸਬਜ਼ੀ ਵਿਕ੍ਰੇਤਾਵਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਫਰਿਆਦ ਕੀਤੀ ਹੈ ਕਿ ਉਨ੍ਹਾਂ ਨੂੰ ਆਪਣਾ ਕਾਰੋਬਾਰ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ। ਆਲ ਪੰਜਾਬ ਰੇਹੜੀ-ਫੜ੍ਹੀ ਯੂਨੀਅਨ ਦੇ ਪ੍ਰਧਾਨ ਡਾ. ਇੰਦਰਪਾਲ ਦੀ ਅਗਵਾਈ ਵਿਚ ਮੋਟਰਸਾਈਕਲ ਰੇਹੜੀ ਫਲ ਤੇ ਸਬਜ਼ੀ ਵਿਕ੍ਰੇਤਾਵਾਂ ਨੇ ਮੁੱਖ ਮੰਤਰੀ ਦੇ ਨਾਂ ਇਕ ਮੈਮੋਰੰਡਮ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਸੌਂਪਿਆ। ਮੈਮੋਰੰਡਮ ਵਿਚ ਮੰਗ ਕੀਤੀ ਗਈ ਹੈ ਕਿ ਉਹ ਮੋਟਰਸਾਈਕਲ ਉਪਰ ਰੇਹੜੀਆਂ ਲਗਾ ਕੇ ਫਲ ਤੇ ਸਬਜ਼ੀਆਂ ਵੇਚ ਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੇ ਹਨ। ਉਹ ਸਟਰੀਟ ਵੈਂਡਰ ਐਕਟ 2014 ਅਧੀਨ ਕਾਨੂੰਨੀ ਦਾਇਰੇ ਵਿਚ ਰਹਿ ਕੇ ਇਹ ਕੰਮ ਕਰ ਰਹੇ ਹਨ। ਉਹ ਰੇਹੜੀਆਂ ਉਪਰ ਕੋਈ ਕਮਰਸ਼ੀਅਲ ਸਾਮਾਨ ਨਹੀਂ ਢੋਂਦੇ। ਇਸ ਲਈ ਉਨ੍ਹਾਂ ਨੂੰ ਆਪਣਾ ਕਾਰੋਬਾਰ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ। ਡਿਪਟੀ ਕਮਿਸ਼ਨ ਦੀ ਹਾਜ਼ਰੀ ਵਿਚ ਜ਼ਿਲ੍ਹਾ ਮਾਲ ਅਫਸਰ ਅੰਮ੍ਰਿਤਸਰ ਨੇ ਉਨ੍ਹਾਂ ਦਾ ਮੈਮੋਰੰਡਮ ਪ੍ਰਾਪਤ ਕੀਤਾ ਤੇ ਇਸ ਨੂੰ ਅੱਗੇ ਪਹੁੰਚਾਉਣ ਦਾ ਵਿਸ਼ਵਾਸ਼ ਦਿਵਾਇਆ। ਇਸ ਮੌਕੇ ਡਾ. ਇੰਦਰਪਾਲ ਨੇ ਕਿਹਾ ਕਿ ਮੋਟਰ ਸਾਈਕਲ ਰੇਹੜੀ ਫਲ ਤੇ ਸਬਜ਼ੀ ਵਿਕ੍ਰੇਤਾਵਾਂ ਮਿਹਨਤ ਕਰਕੇ ਆਪਣੇ ਪਰਿਵਾਰ ਪਾਲ ਰਹੇ ਹਨ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਉਨ੍ਹਾਂ ਦੀ ਫਰਿਆਦ 'ਤੇ ਜ਼ਰੂਰ ਗੌਰ ਕਰਨਗੇ। ਮੈਮੋਰੰਡਮ ਸੌਂਪਣ ਸਮੇਂ ਕਸ਼ਮੀਰ ਸਿੰਘ, ਬਖਸ਼ੀਸ਼ ਸਿੰਘ, ਮਲਕੀਤ ਸਿੰਘ, ਬਲਵਿੰਦਰ ਸਿੰਘ, ਅਮਰੀਕ ਸਿੰਘ, ਕੁਲਵਿੰਦਰ ਸਿੰਘ, ਨਿਸ਼ਾਨ ਸਿੰਘ, ਗੁਰਵਿੰਦਰ ਸਿੰਘ, ਸਾਹਿਬ ਸਿੰਘ, ਜਗਤਾਰ ਸਿੰਘ, ਗੁਰਮੁੱਖ ਸਿੰਘ, ਜੁਗਰਾਜ ਸਿੰਘ ਆਦਿ ਹਾਜ਼ਰ ਸਨ।

## ਖੱਬੇ-ਪੱਖੀ ਉਮੀਦਵਾਰਾਂ ਤੋਂ ਬਿਨਾਂ 'ਨੋਟਾ' ਨੂੰ ਵੋਟ ਪਾਉਣਗੇ ਕਮਿਊਨਿਸਟ : ਦੁਧਾਲਾ

ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)- ਭਾਰਤੀ ਕਮਿਊਨਿਸਟ ਪਾਰਟੀ ਮਜੀਠਾ ਸੈਕਟਰੀ ਬਲਕਾਰ ਸਿੰਘ ਦੁਧਾਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਮਿਊਨਿਸਟ ਪਾਰਟੀ ਦਾ ਕੋਈ ਵੀ ਉਮੀਦਵਾਰ ਨਾ ਹੋਣ ਕਰਕੇ ਪਾਰਟੀ ਮੈਂਬਰ ਆਪਣੀ ਵੋਟ ਨੋਟਾ ਨੂੰ ਪਾ ਕੇ ਆਪਣਾ ਵਿਰੋਧ ਜਤਾਉਣ ਕਿਉਂਕਿ ਪੰਜਾਬ ਸਰਕਾਰ ਜਿਵੇਂ ਨਰੇਗਾ ਮਜ਼ਦੂਰਾਂ ਦੇ ਹੱਕਾਂ ਨੂੰ ਖਾ ਰਹੀ ਹੈ, ਆਮ ਆਦਮੀ ਪਾਰਟੀ ਨੂੰ ਵੋਟ ਪਾਉਣਾ ਕਿਰਤੀ ਲੋਕਾਂ ਨਾਲ ਧੋਖਾ ਕਰਨ ਦੇ ਬਰਾਬਰ ਹੋਵੇਗਾ।ਇਸੇ ਤਰ੍ਹਾਂ ਬਿਜਲੀ ਬਿੱਲ-2025 ਲਾਗੂ ਕਰਨ ਵਿੱਚ ਵੀ ਪੰਜਾਬ ਦੀ ਆਮ ਆਦਮੀ ਸਰਕਾਰ ਨੇ ਕੇਂਦਰ ਸਰਕਾਰ ਦਾ ਸਹਿਯੋਗ ਦਿੱਤਾ ਹੈ ਜਿਸ ਕਾਰਨ ਪੰਜਾਬ ਦੇ ਸਾਰੇ ਕਿਸਾਨ ਤੇ ਮਜ਼ਦੂਰ ਰੋਸ ਮੁਜ਼ਾਹਰੇ ਕਰਨ ਵਾਸਤੇ ਮਜਬੂਰ ਹੋ ਰਹੇ ਹਨ। ਇਸ ਵਾਸਤੇ ਕਿਰਤੀ ਲੋਕਾਂ ਦੀ ਰਖਵਾਲੀ ਕਹਾਉਣ ਵਾਲੀ ਕਮਿਊਨਿਸਟ ਪਾਰਟੀ ਦਾ ਕੋਈ ਉਮੀਦਵਾਰ ਵੀ ਇਨ੍ਹਾਂ ਚੋਣਾਂ ਵਿੱਚ ਚੋਣ ਨਾ ਲੜਦਾ ਹੋਣ ਕਰਕੇ ਆਪਣੀ ਪਾਰਟੀ ਦੇ ਸਿਧਾਂਤ ਨੂੰ ਸਾਹਮਣੇ ਰੱਖਦਿਆਂ ਅਸੀਂ ਕਿਸੇ ਵੀ ਅਜਿਹੀ ਪਾਰਟੀ ਦੀ ਮਦਦ ਨਹੀਂ ਕਰ ਸਕਦੇ ਜੋ ਪਾਰਟੀ ਕਿਰਤੀ ਕਿਸਾਨਾਂ ਦੇ ਹੱਕਾਂ ਨੂੰ ਲੁੱਟਣ ਵਾਲੀਆਂ ਨੀਤੀਆਂ ਨੂੰ ਲਾਗੂ ਕਰਦੀ ਹੋਵੇ। ਇਸ ਵਾਸਤੇ ਨੋਟਾ ਦਾ ਇਸਤੇਮਾਲ ਕਰਕੇ ਆਪਣਾ ਵਿਰੋਧ ਦਰਜ ਕੀਤਾ ਜਾਵੇ। ਨਸ਼ਿਆਂ ਦੇ ਸਬੰਧ ਵਿਚ ਬੋਲਦਿਆਂ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਜੇ ਅਸੀਂ ਕਹਿੰਦੇ ਹਾਂ ਕਿ ਅਕਾਲੀ ਦਲ ਚਿੱਟਾ ਵੇਚਦਾ ਸੀ ਤਾਂ ਅੱਜ ਵੀ ਉਸੇ ਮਾਝੇ ਦੇ ਜਰਨੈਲ ਨਾਲ ਗੱਲਵੱਕੜੀ ਪਾ ਕੇ ਫਿਰਨ ਵਾਲੇ ਦੀਆਂ ਤਸਵੀਰਾਂ ਨਸ਼ਾ ਤਸਕਰਾਂ ਨਾਲ ਲੱਗੀਆਂ ਵੇਖ ਸਕਦੇ ਹਾਂ। ਇਸ ਵਾਸਤੇ ਸਾਡੀ ਪਾਰਟੀ ਕਦੇ ਵੀ ਆਮ ਆਦਮੀ ਦੀ ਸਰਕਾਰ ਜਾਂ ਬੀਜੇਪੀ ਨੂੰ ਵੋਟਾਂ ਨਹੀਂ ਪਾ ਸਕਦੀ। ਇਸ ਕਰਕੇ ਆਓ ਆਪਣੀ ਵੋਟ ਦਾ ਸਹੀ ਇਸਤੇਮਾਲ ਕਰੀਏ ਤੇ ਲੋਕਤੰਤਰ ਨੂੰ ਮਜ਼ਬੂਤ ਬਣਾਈਏ।

## 1800 ਦੇ ਕਰੀਬ ਪੁਲਸ ਅਫਸਰ/ਕਰਮਚਾਰੀ ਚੋਣ ਡਿਊਟੀ 'ਤੇ ਤਾਇਨਾਤ : ਐੱਸ ਐੱਸ ਪੀ

ਬਟਾਲਾ (ਡਾ. ਮਲਵਿੰਦਰ ਸਿੰਘ)- ਪੰਜਾਬ ਵਿੱਚ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆ ਚੋਣਾਂ ਦੇ ਸਬੰਧ ਵਿੱਚ ਡੀਜੀਪੀ ਪੰਜਾਬ, ਡੀਆਈਜੀ ਬਾਰਡਰ ਰੇਂਜ, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਹਿਤਾਬ ਸਿੰਘ, ਐੱਸਐੱਸਪੀ ਬਟਾਲਾ ਵੱਲੋਂ ਪੁਲਸ ਲਾਈਨ ਥਾਣਾ ਅਤੇ ਗਜ਼ਟਿਡ ਅਫਸਰਾਂ ਦੀ ਚੋਣ ਡਿਊਟੀ ਸਬੰਧੀ ਰਿਹਰਸਲ ਅਤੇ ਮੀਟਿੰਗ ਕੀਤੀ ਗਈ।ਐੱਸਐੱਸਪੀ ਬਟਾਲਾ ਮਹਿਤਾਬ ਸਿੰਘ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਦੇ ਨਾਲ ਸਬੰਧਤ ਕੁੱਲ 06 ਬਲਾਕਾਂ ਦੇ ਪਿੰਡਾਂ, ਕੁੱਲ 435 ਪੋਲਿੰਗ ਲੋਕੇਸ਼ਨਾਂ 'ਤੇ



ਪੋਲਿੰਗ 14 ਦਸੰਬਰ ਨੂੰ ਸਵੇਰੇ 08:00 ਵਜੇ ਤੋਂ ਸ਼ਾਮ 04:00 ਵਜੇ ਤੱਕ ਹੋਣਾ ਹੈ।ਇਸ ਡਿਊਟੀ ਲਈ ਕਰੀਬ 1800 ਪੁਲਸ ਅਫਸਰ/ਕਰਮਚਾਰੀ ਤਾਇਨਾਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਪੋਲਿੰਗ ਸਟੇਸ਼ਨਾਂ ਨੂੰ ਕਵਰ ਕਰਨ ਲਈ ਕਰੀਬ 24 ਪੈਟਰੋਲਿੰਗ ਪਾਰਟੀਆ ਲਗਾਈਆਂ ਗਈਆਂ ਹਨ ਜੋ 24 ਘੰਟੇ ਏਰੀਏ ਵਿੱਚ ਰਹਿ ਕੇ ਆਪਣੇ-ਆਪਣੇ ਪੋਲਿੰਗ ਸਟੇਸ਼ਨ ਕਵਰ ਕਰਨਗੇ।ਉਨ੍ਹਾਂ ਨੇ ਦੱਸਿਆ ਕਿ ਸਮੁੱਚੀ ਬਟਾਲਾ ਪੁਲਸ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਮੁਸਤੈਦੀ ਅਤੇ ਇਮਾਨਦਾਰੀ ਨਾਲ ਕਰਦੇ ਹੋਏ ਨਿਰਪੱਖ ਅਤੇ ਨਿਰਵਿਘਨ ਢੰਗ ਨਾਲ ਕਰਵਾਉਣ ਲਈ ਵਚਨਬੱਧ ਹੈ।

ਬਟਾਲਾ ਵਿਖੇ ਸੰਦੀਪ ਵਡੇਰਾ ਐੱਸਪੀਡੀ ਬਟਾਲਾ ਦੀ ਸੁਪਰਵੀਜ਼ਨ ਹੇਠ ਪੁਲਸ ਜ਼ਿਲ੍ਹਾ ਬਟਾਲਾ ਨਾਲ ਸਬੰਧਤ ਬਲਾਕ ਬਟਾਲਾ ਸ਼ਹਿਰੀ, ਫਤਿਹਗੜ੍ਹ ਚੂੜੀਆਂ, ਸ੍ਰੀਹਰਗੋਬਿੰਦਪੁਰ, ਡੇਰਾ ਬਾਬਾ ਨਾਨਕ, ਕਾਦੀਆਂ ਅਤੇ ਧਾਰੀਵਾਲ (ਜ਼ਿਲ੍ਹਾ ਗੁਰਦਾਸਪੁਰ) ਦੇ ਪੋਲਿੰਗ ਸਟੇਸ਼ਨਾਂ ਪਰ ਲੱਗੀ ਫੋਰਸ, ਪੋਲਿੰਗ ਸਟੇਸ਼ਨਾਂ ਨਾਲ ਸਬੰਧਤ ਪੈਟਰੋਲਿੰਗ ਪਾਰਟੀਆਂ, ਚੌਂਕੀ ਇੰਚਾਰਜ, ਮੁੱਖ ਅਫਸਰ

## ਜਗਰਾਤੇ ਤੋਂ ਪਹਿਲਾਂ ਸਜਾਈ ਸ਼ੋਭਾ ਯਾਤਰਾ



ਛੇਹਰਟਾ (ਮਨੋਜ ਕੁਮਾਰ)- ਗੁਜਰਾਤੀ ਦੇਵੀ ਪੂਜਕ ਸਮਾਜ ਵੱਲੋਂ ਹਰ ਸਾਲ ਦੀ ਤਰ੍ਹਾਂ 51ਵਾਂ ਸਾਲਾਨਾ ਜਗਰਾਤਾ ਸ਼ਨਿਚਰਵਾਰ ਨੂੰ ਗੁਜਰਾਤੀ ਕਾਲੋਨੀ, ਰਾਮਬਾਗ, ਅੰਮ੍ਰਿਤਸਰ ਵਿਚ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ। ਜਗਰਾਤੇ ਤੋਂ ਪਹਿਲਾਂ ਗੁਜਰਾਤੀ ਕਾਲੋਨੀ, ਰਾਮਬਾਗ ਤੋਂ ਸ਼ੋਭਾ ਯਾਤਰਾ ਸਜਾਈ ਗਈ, ਜੋ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ 'ਚੋਂ ਹੁੰਦੀ ਹੋਈ ਵਾਪਸ ਗੁਜਰਾਤੀ ਕਾਲੋਨੀ ਪੁੱਜ ਕੇ ਸਮਾਪਤ ਹੋਈ। ਇਹ ਸ਼ੋਭਾ ਯਾਤਰਾ ਗੁਜਰਾਤੀ ਦੇਵੀ ਪੂਜਕ ਸਮਾਜ ਦੇ ਪ੍ਰਧਾਨ ਬੰਸੀ ਲਾਲ ਦੀ ਅਗਵਾਈ ਵਿਚ ਸਜਾਈ ਗਈ। ਸ਼ੋਭਾ ਯਾਤਰਾ ਵਿਚ ਅੰਮ੍ਰਿਤਸਰ ਸ਼ਹਿਰ ਦੇ ਮੇਅਰ ਮੋਤੀ ਭਾਟੀਆ, ਵਿਧਾਇਕ ਡਾ. ਅਜੇ ਗੁਪਤਾ, ਭਾਜਪਾ ਆਗੂ ਰਾਕੇਸ਼ ਗਿੱਲ ਤੇ ਡਾ. ਰਾਮ ਚਾਵਲਾ, ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਤੇ ਕੌਂਸਲਰ ਗੌਰਵ ਗਿੱਲ, ਭਾਰਤ ਭਾਰਤੀ ਦੇ ਕਾਰਜਕਾਰੀ ਕੌਮੀ ਪ੍ਰਧਾਨ ਵਿਨੈ ਪਤਰਾਲੇ ਤੇ ਸੂਬਾ ਕਨਵੀਨਰ ਰਾਜ ਕੁਮਾਰ ਰਾਜੂ ਜੁੜੇ ਅਤੇ ਵੱਡੀ ਗਿਣਤੀ ਵਿਚ ਗੁਜਰਾਤੀ ਸਮਾਜ ਦੇ ਲੋਕ ਸ਼ਾਮਲ ਹੋਏ। ਯਾਤਰਾ ਵਿਚ ਜਗਰਾਤੇ ਲਈ ਮਾਤਾ ਵੈਸ਼ਨੋ ਦੇਵੀ ਜੀ, ਮਾਤਾ ਜਵਾਲਾ ਜੀ, ਸ੍ਰੀ ਬਗਲਾਮੁਖੀ ਜੀ, ਸ੍ਰੀ ਨੈਣਾ ਦੇਵੀ ਜੀ, ਮਾਤਾ ਚਿੰਤਪੁਰਨੀ ਜੀ, ਮਾਤਾ ਚਾਮੁੰਡਾ ਦੇਵੀ ਜੀ, ਮਾਤਾ ਕਾਂਗੜਾ ਦੇਵੀ ਜੀ ਤੇ ਮਾਤਾ ਸ਼ੀਤਲਾ ਜੀ ਦੇ ਮੰਦਿਰਾਂ ਤੋਂ ਲਿਆਂਦੀਆਂ ਨੌਂ ਜੋਤਾਂ ਵੀ ਸ਼ਾਮਿਲ ਕੀਤੀਆਂ ਗਈਆਂ।

## ਸ੍ਰੀ ਦਸਮੇਸ਼ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਕਰਵਾਈ ਅਥਲੈਟਿਕਸ ਮੀਟ

ਮਜੀਠਾ (ਸੋਇਮ ਆਨੰਦ)- ਸ੍ਰੀ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਪ੍ਰਿੰਸੀਪਲ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਾਲਾਨਾ ਅਥਲੈਟਿਕਸ ਮੀਟ ਕਰਵਾਈ ਗਈ।ਇਹ



ਟੂਰਨਾਮੈਂਟ ਸਕੂਲ ਦੇ ਚਾਰ ਹਾਊਸਾਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਹਾਊਸ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਹਾਊਸ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਹਾਊਸ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਹਾਊਸ ਦਰਮਿਆਨ ਕਰਵਾਇਆ ਗਿਆ।ਇਹ ਟੂਰਨਾਮੈਂਟ ਸ਼ੁਰੂ ਕਰਨ ਤੋਂ ਪਹਿਲਾਂ ਸ਼ਬਦ ਗਾਇਨ ਕਰਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ।ਪ੍ਰਿੰਸੀਪਲ ਵਿਨੋਦ ਸ਼ਰਮਾ ਵੱਲੋਂ ਗੁਬਾਰੇ ਛੱਡ ਕੇ ਸ਼ੁਰੂਆਤ ਕੀਤੀ ਗਈ ਅਤੇ ਇਨ੍ਹਾਂ ਚਾਰ ਹਾਊਸਾਂ ਦੇ ਵਿਦਿਆਰਥੀਆਂ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਫੁੱਟਬਾਲ, ਵਾਲੀਬਾਲ, ਖੋ-ਖੋ, ਦੌੜਾਂ ਅਤੇ ਹੋਰ ਖੇਡਾਂ ਵੀ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਇਨ੍ਹਾਂ ਖੇਡਾ ਵਿਚ ਭਾਗ ਲਿਆ।ਇਸ ਮੌਕੇ ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਦੁਨਿਆਵੀ ਵਿੱਦਿਆ, ਸਰੀਰਕ ਤੰਦਰੁਸਤੀ ਲਈ ਖੇਡਾਂ ਵੱਲ ਵੀ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਪੜ੍ਹਾਈ ਦੇ ਨਾਲ ਨਾਲ ਅਸੀਂ ਖੇਡਾਂ ਰਾਹੀਂ ਵੀ ਮੰਜ਼ਿਲਾਂ ਨੂੰ ਸਰ ਕਰ ਸਕੀਏ ਤੇ ਸਿਹਤ ਵੀ ਨਰੋਈ ਬਣਾਈਏ।ਇਸ ਮੌਕੇ ਪ੍ਰਿੰ. ਵਿਨੋਦ ਸ਼ਰਮਾ ਨੇ ਮਿਹਨਤੀ ਸਟਾਫ ਤੇ ਵਿਦਿਆਰਥੀਆਂ ਦੇ ਇਸ ਹੌਸਲੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਹੋਰ ਗੇਮਾਂ ਵੱਲ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਅਥਲੈਟਿਕਸ ਮੀਟ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਪ੍ਰਿੰ. ਵਿਨੋਦ ਸ਼ਰਮਾ ਨੇ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤਹਿਸੀਲਦਾਰ ਜੱਸ, ਪ੍ਰਿੰ. ਵਿਨੋਦ ਸ਼ਰਮਾ, ਡੀਪੀਈ ਇਕਬਾਲ ਸਿੰਘ, ਕਲਰਕ ਹਰਪ੍ਰੀਤ ਸਿੰਘ, ਮੈਡਮ ਪਾਇਲ ਸ਼ਰਮਾ, ਗੁਬਿੰਦਰਜੀਤ ਕੌਰ, ਪ੍ਰਮਜੀਤ ਕੌਰ, ਪ੍ਰਿਤਪਾਲ ਸਿੰਘ, ਹਰਦੇਵ ਸਿੰਘ, ਕੰਵਲਜੀਤ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਸੂਬਾ ਸਰਕਾਰ ਘੋਰ ਆਰਥਿਕ ਸੰਕਟ ਦੀ ਸ਼ਿਕਾਰ : ਸਰਹਾਲੀ

ਪੱਟੀ (ਬਲਦੇਵ ਸਿੰਘ ਸੰਧੂ)- ਪੈਨਸ਼ਨ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਹਫ਼ਤਾਵਾਰੀ ਮੀਟਿੰਗ ਬਲਵਿੰਦਰ ਸਿੰਘ ਸਰਹਾਲੀ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਸਰਕਾਰ ਗਲਤ ਆਰਥਿਕ ਨੀਤੀਆਂ ਤੇ ਚਲਦੀ ਹੋਈ ਘੋਰ ਆਰਥਿਕ ਸੰਕਟ ਵਿੱਚ ਫਸ ਚੁੱਕੀ ਹੈ। ਸਰਕਾਰੀ ਅਤੇ ਜਨਤਕ ਅਦਾਰਿਆਂ ਨੂੰ ਵੇਚਣ ਦੀ ਤਿਆਰੀ ਕਰ ਰਹੀ ਹੈ। ਬਿਜਲੀ ਐਕਟ 2025 ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਲਾਗੂ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਿਜਲੀ ਐਕਟ ਲਾਗੂ ਹੋਣ ਨਾਲ ਬਿਜਲੀ ਮਹਿੰਗੀ ਹੋ ਜਾਵੇਗੀ। ਸਬਸਿਡੀਆਂ ਖਤਮ ਹੋ ਜਾਣਗੀਆਂ, ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਹੋਣ ਕਾਰਨ ਹੀ ਪੈਨਸ਼ਨਾਂ ਅਤੇ ਮੁਲਾਜ਼ਮਾਂ ਦੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ। ਡੀਏ 16% ਘੱਟ ਪੰਜਾਬ ਸਰਕਾਰ ਦੇ ਰਹੀ ਹੈ, 2.59 ਦਾ ਫੈਕਟਰ ਵੀ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਲਾਗੂ ਨਹੀਂ ਕੀਤਾ ਜਾ ਰਿਹਾ। ਕੇਂਦਰ ਵੱਲੋਂ ਪਾਸ ਕੀਤੇ ਚਾਰ ਕਿਰਤ ਕਾਨੂੰਨਾਂ



ਦੀ ਦੁਰਵਰਤੋਂ ਕਰਦੇ ਹੋਏ ਵਾਧਾ ਲੈਣ ਦੀ ਮੰਗ ਕੀਤੀ ਜੋ ਮਜ਼ਦੂਰ ਵਿਰੋਧੀ ਹਨ। ਜਨਰਲ ਸਕੱਤਰ ਸਤਪਾਲ ਸ਼ਰਮਾ ਨੇ ਕਿਹਾ ਕਿ ਏਕੇ ਅਤੇ ਸੰਘਰਸ਼ ਦੇ ਬਲਬੂਤੇ 'ਤੇ ਹੀ ਮੰਗਾਂ ਦੀ ਪ੍ਰਾਪਤੀ ਹੋ ਸਕਦੀ ਹੈ। ਸਰਕਾਰ ਪੱਖੀ ਜਥੇਬੰਦੀਆਂ ਮੰਗਾਂ ਦੀ ਪ੍ਰਾਪਤੀ ਵਿੱਚ ਅੜਿੱਕਾ ਖੜਾ ਕਰ ਰਹੀਆਂ ਹਨ। ਸੰਘਰਸ਼ੀ ਜਥੇਬੰਦੀਆਂ ਵਿੱਚ ਫੁੱਟ ਪਾਉਣ ਦਾ ਕੰਮ ਕਰ ਰਹੀਆਂ ਹਨ, ਚੋਣਾਂ ਵਿੱਚ ਸਰਕਾਰਾਂ ਦੀ ਵੋਟਾਂ ਵਿੱਚ ਮਦਦ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰ ਵਿਰੋਧੀ ਹੋਣ ਦਾ ਸਬੂਤ ਪੇਸ਼ ਕਰ ਰਹੀਆਂ ਹਨ। ਸੁਪਰਡੈਂਟ ਮੋਹਨ ਸਿੰਘ ਨੇ ਰਿਟਾਂ ਬਾਰੇ ਜਾਣਕਾਰੀ ਦਿੱਤੀ। 17 ਦਸੰਬਰ ਨੂੰ ਪੈਨਸ਼ਨਰ ਦਿਵਸ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਧਰਮ ਸਿੰਘ ਪੱਟੀ ਨੇ ਦਿੱਤੀ। ਮੀਟਿੰਗ ਵਿੱਚ ਰਾਮ ਸਿੰਘ, ਅਮਰੀਕ ਸਿੰਘ ਸਭਰਾ, ਸਰਬਜੀਤ ਸਿੰਘ, ਕਸ਼ਮੀਰ ਸਿੰਘ, ਨਿਰਮਲ ਸਿੰਘ, ਉਮਰਜੀਤ ਕੌਰ, ਮਹਿੰਦਰ ਸਿੰਘ ਢੋਟੀਆਂ, ਓਮ ਪ੍ਰਕਾਸ਼, ਅਮਰਜੀਤ ਸਿੰਘ, ਮਲੂਕ ਸਿੰਘ ਪਟਵਾਰੀ, ਇਸ ਨਿਰੰਜਨ ਸਿੰਘ, ਤੇਜ ਦਵਿੰਦਰ ਸਿੰਘ, ਗੁਰਮੀਤ ਸਿੰਘ ਮਾਨ, ਬਾਬਾ ਕੁਲਵਿੰਦਰ ਸਿੰਘ, ਦਰਸ਼ਨ ਸਿੰਘ, ਲੈਕ ਰਾਮ ਲੁਭਾਇਆ, ਗੁਰਨਾਮ ਸਿੰਘ, ਦਲੇਰ ਸਿੰਘ ਪਟਵਾਰੀ, ਗਿਰਧਾਰੀ ਲਾਲ, ਚਰਨ ਸਿੰਘ, ਦੀਪ ਸਿੰਘ, ਸੁੱਖਾ ਸਿੰਘ, ਅਨੋਕ ਸਿੰਘ, ਨਾਨਕ ਚੰਦ ਅਤੇ ਹੋਰ ਸਾਥੀ ਸ਼ਾਮਿਲ ਹੋਏ ਸਨ।

## ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਭਾਤ ਫੇਰੀਆਂ ਭਲਕ ਤੋਂ; ਸਮਾਗਮ 2 ਜਨਵਰੀ ਨੂੰ

ਮਜੀਠਾ (ਸੋਇਮ ਆਨੰਦ)- ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਿੱਖ ਸੇਵਕ ਜਥਾ, ਧੰਨ-ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ ਅਤੇ ਧਾਰਮਿਕ ਸਭਾ ਸੁਸਾਇਟੀਆਂ ਵੱਲੋਂ



ਸੰਗਤਾਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ 2 ਜਨਵਰੀ ਨੂੰ ਗੁਰਦੁਆਰਾ ਸੰਗਤਸਰ ਖ਼ਾਸਾ ਪੱਤੀ ਮਜੀਠਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਸਬੰਧੀ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਦਸੰਬਰ ਤੋਂ ਇੱਕ ਜਨਵਰੀ ਤੱਕ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ ਅਤੇ ਦੋ ਜਨਵਰੀ ਨੂੰ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਭਾਈ ਜਗਤਾਰ ਸਿੰਘ ਮਜੀਠਾ ਦੇ ਰਾਗੀ ਜਥੇ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਗਿਆਨੀ ਬਲਬੀਰ ਸਿੰਘ ਪਾਰਸ ਦਾ ਢਾਡੀ ਜਥਾ ਵਾਰਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਤੋਂ ਸੰਗਤਾਂ ਨੂੰ ਨਿਹਾਲ ਕਰੇਗਾ।ਇਸ ਮੌਕੇ ਪ੍ਰਧਾਨ ਬਿਸ਼ਨ ਸਿੰਘ, ਸਰਨੈਲ ਸਿੰਘ ਮੰਗਾ, ਜਥੇਦਾਰ ਹਰਭਜਨ ਸਿੰਘ, ਪ੍ਰਿਤਪਾਲ ਸਿੰਘ, ਲਾਲ ਸਿੰਘ ਅਤੇ ਬਲਦੇਵ ਸਿੰਘ ਹਾਜ਼ਰ ਸਨ।

## ਐੱਚ ਆਈ ਵੀ ਏਡਜ਼ ਸਬੰਧੀ ਸਮਾਜਿਕ ਜਾਗਰੂਕਤਾ ਲਈ ਰੈਲੀ ਕੱਢੀ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਸਮਾਜਿਕ ਜਾਗਰੂਕਤਾ ਵਧਾਉਣ ਦੇ ਸਬੰਧ 'ਚ ਰੈਲੀ ਕੱਢੀ ਗਈ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ 'ਵਿਘਨ ਨੂੰ ਦੂਰ ਕਰਨਾ, ਏਡਜ਼ ਪ੍ਰਤੀਕ੍ਰਿਆ ਨੂੰ ਬਦਲਣਾ' ਵਿਸ਼ੇ ਅਧੀਨ ਕੱਢੀ ਗਈ। ਉਕਤ ਰੈਲੀ ਦਾ ਮਕਸਦ ਐੱਚ. ਆਈ. ਵੀ. ਏਡਜ਼ ਸਬੰਧੀ ਸਮਾਜਿਕ ਜਾਗਰੂਕਤਾ ਵਧਾਉਣਾ ਸੀ।ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਇਹ ਰੈਲੀ ਕਾਲਜ ਕੈਂਪਸ ਤੋਂ ਸ਼ੁਰੂ ਹੋਈ ਅਤੇ ਜੀ. ਟੀ. ਰੋਡ ਤੋਂ ਹੁੰਦੀ ਹੋਈ ਮੁੜ ਕੈਂਪਸ ਵਿਖੇ ਸਮਾਪਤ ਹੋਈ।ਉਨ੍ਹਾਂ ਕਿਹਾ ਕਿ ਰੈੱਡ ਰਿਬਨ ਕਲੱਬ ਇੰਚਾਰਜ ਸਮਿਤਾ ਐਨੋਸ਼ ਅਤੇ ਮਹਿਰੀਨ ਕੌਸਰ ਦੀ ਅਗਵਾਈ ਹੇਠ ਰੈਲੀ ਦੌਰਾਨ ਵਿਦਿਆਰਥੀਆਂ ਨੇ ਹੱਥਾਂ 'ਚ ਤਖ਼ਤੀਆਂ ਫੜ ਕੇ ਆਮ ਲੋਕਾਂ ਅਤੇ ਹੋਰਨਾਂ ਰਾਹਗੀਰਾਂ ਨੂੰ ਐੱਚਆਈਵੀ/ਏਡਜ਼ ਦਾ ਸੁਨੇਹਾ ਦਿੰਦਿਆਂ ਹੋਇਆ ਜਾਗਰੂਕ ਕੀਤਾ।

## ਪੰਚਾਇਤ ਸੰਮਤੀਆਂ ਦੀ ਹਦੂਦ ਅੰਦਰ 14 ਦਸੰਬਰ ਨੂੰ ਡਰਾਈ ਡੇਅ ਐਲਾਨਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਕੱਤਰ ਰਾਜ ਚੋਣ ਕਮਿਸ਼ਨ, ਪੰਜਾਬ ਜਾਰੀ ਪੱਤਰ ਤਹਿਤ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ, 2025 ਨੂੰ ਧਿਆਨ ਵਿੱਚ ਰੱਖਦੇ ਹੋਏ 14 ਦਸੰਬਰ ਨੂੰ ਡਰਾਈ ਡੇਅ ਐਲਾਨ ਕਰਨ ਸਬੰਧੀ ਹਦਾਇਤ ਜਾਰੀ ਕੀਤੀ ਗਈ ਹੈ।ਇਸ ਲਈ ਅਦਿੱਤਿਆ ਉਪਲ, ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੀਆਂ ਪੰਚਾਇਤ ਸੰਮਤੀਆਂ ਦੀ ਹਦੂਦ ਅੰਦਰ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਤੇ ਲੋਕ ਪ੍ਰਤੀਨਿਧਤਾ ਐਕਟ,1951 ਦੇ ਸੈਕਸ਼ਨ 135 ਸੀ ਅਤੇ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ 2023 (ਬੀਐੱਨਐੱਸਐੱਸ) ਦੀ ਧਾਰਾ 163 ਦੇ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 14 ਦਸੰਬਰ ਨੂੰ ਸ਼ਰਾਬ ਦੇ ਠੇਕੇ ਅਤੇ ਅਹਾਤੇ ਬੰਦ ਕਰਨ ਦਾ ਹੁਕਮ ਜਾਰੀ ਕੀਤੇ ਗਏ ਹਨ।ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਉਕਤ ਦਰਸਾਈ ਗਈ ਮਿਤੀ ਨੂੰ ਸ਼ਰਾਬ ਦਾ ਠੇਕਾ ਅਤੇ ਅਹਾਤਾ ਖੁੱਲ੍ਹਾ ਨਹੀਂ ਹੋਵੇਗਾ ਅਤੇ ਸ਼ਰਾਬ ਹੋਟਲਾਂ, ਰੈਸਟੋਰੈਂਟਾਂ ਅਤੇ ਕਲੱਬਾਂ ਵਿੱਚ ਵੀ ਵਰਤਾਈ ਨਹੀ ਜਾਏਗੀ ਅਤੇ ਨਾ ਹੀ ਕੋਈ ਵੀ ਵਿਅਕਤੀ ਸ਼ਰਾਬ ਦੀ ਸਟੋਰੇਜ ਕਰੇਗਾ।

## ਡਾ. ਪਰਮਜੀਤ ਸਿੰਘ ਕਲਸੀ ਦੀਆਂ 29 ਕਿਤਾਬਾਂ ਲਾਇਬ੍ਰੇਰੀਆਂ ਲਈ ਪ੍ਰਵਾਨ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਗਠਿਤ ਕੀਤੀ ਗਈ ਰਾਜ ਪੱਧਰੀ ਮਾਹਰਾਂ ਦੀ ਕਮੇਟੀ ਵੱਲੋਂ ਵਿਭਾਗ ਦੇ ਪੱਤਰ ਨੰਬਰ 1909360 ਮਿਤੀ 3 ਦਸੰਬਰ ਅਨੁਸਾਰ ਪੰਜਾਬ ਦੇ ਵਿਦਵਾਨ ਲੇਖਕ, ਪ੍ਰਬੁੱਧ ਆਲੋਚਕ, ਭਾਸ਼ਾ ਵਿਗਿਆਨੀ, ਉੱਘੇ ਸਿੱਖਿਆ ਸ਼ਾਸਤਰੀ ਅਤੇ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ (ਸਾਬਕਾ) ਡਾ. ਪਰਮਜੀਤ ਸਿੰਘ ਕਲਸੀ (ਸਟੇਟ ਤੇ ਨੈਸ਼ਨਲ ਐਵਾਰਡੀ) ਦੀਆਂ 29 ਕਿਤਾਬਾਂ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਦੀਆਂ ਲਾਇਬ੍ਰੇਰੀਆਂ ਵਿੱਚ ਰੱਖਣ ਲਈ ਪ੍ਰਵਾਨਿਤ ਕੀਤੀਆਂ ਗਈਆਂ ਹਨ।ਡਾਕਟਰ ਪਰਮਜੀਤ ਸਿੰਘ ਕਲਸੀ ਅਜਿਹਾ ਵਿਦਵਾਨ ਲੇਖਕ ਹੈ, ਜਿਸ ਨੇ ਕਹਾਣੀਆਂ (1 ਸੰਗ੍ਰਹਿ), ਨਾਟਕ (1 ਸੰਗ੍ਰਹਿ), ਆਲੋਚਨਾ (3 ਸੰਗ੍ਰਹਿ), ਬਾਲ-ਕਾਵਿ, ਬਾਲ-ਨਾਟਕ, ਬਾਲ-ਕਥਾ (ਬਾਲ ਸਾਹਿਤ 16 ਸੰਗ੍ਰਹਿ), ਸੰਪਾਦਨਾ (17 ਸੰਗ੍ਰਹਿ), ਖੋਜ-ਲੇਖਾਂ, ਭਾਸ਼ਾ-ਵਿਗਿਆਨ (1 ਸੰਗ੍ਰਹਿ), ਗਿਆਨਾਵਲੀਆਂ (4 ਸੰਗ੍ਰਹਿ), ਚਿਹਨ-ਵਿਗਿਆਨ ਨਾਲ ਸੰਬੰਧਿਤ 45 ਕਿਤਾਬਾਂ ਰਚੀਆਂ ਹਨ।ਇਸ ਤੋਂ ਇਲਾਵਾ 3 ਕਿਤਾਬਾਂ ਡਾਕਟਰ ਕਲਸੀ ਦੀ ਸਾਹਿਤ ਸਿਰਜਣਾ ਤੇ ਖੋਜ-ਕਾਰਜ ਉਤੇ ਪੰਜਾਬੀ ਦੇ ਹੋਰ ਵਿਦਵਾਨ ਲੇਖਕਾਂ ਵੱਲੋਂ ਸੰਪਾਦਿਤ ਕੀਤੀਆਂ ਗਈਆਂ ਹਨ ਅਤੇ ਸਕੂਲ ਸਿੱਖਿਆ ਵਿਭਾਗ ਨਾਲ ਸਬੰਧਿਤ ਦੋ ਅਧਿਆਪਕ ਸਿਖਲਾਈ ਮਡਿਊਲ ਵੀ ਲਿਖੇ ਹਨ।ਇਹ ਜ਼ਿਕਰਯੋਗ ਹੈ ਕਿ ਡਾਕਟਰ ਪਰਮਜੀਤ ਸਿੰਘ ਕਲਸੀ ਦੀਆਂ ਦੋ ਕਹਾਣੀਆਂ 'ਕਪੁੱਤਾਂ ਨਾਲੋਂ ਤਾਂ ਨੂੰਹਾਂ ਚੰਗੀਆਂ' ਅਤੇ 'ਪੁੱਤ ਦੀ ਮੜ੍ਹੀ' ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਲਾਜ਼ਮੀ ਵਿਸ਼ਿਆਂ ਵਿੱਚ ਪੜ੍ਹਾਈਆਂ ਜਾ ਰਹੀਆਂ ਹਨ।ਡਾ. ਕਲਸੀ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਵਾਤਾਵਰਨ ਸਿੱਖਿਆ, ਸਵਾਗਤ ਜ਼ਿੰਦਗੀ ਅਤੇ ਪੰਜਾਬੀ ਵਿਸ਼ੇ ਦੇ ਖੇਤਰੀ ਵਿਸ਼ਾ ਮਾਹਰ ਅਤੇ ਇਨ੍ਹਾਂ ਵਿਸ਼ਿਆਂ ਦੇ ਪੁਸਤਕ ਸੋਧਕ/ਰਿਵਿਊਕਰਤਾ ਵਜੋਂ ਵੀ



ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।ਇਹ ਦੱਸਣਾ ਬਣਦਾ ਹੈ ਕਿ ਡਾਕਟਰ ਕਲਸੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਤੌਰ ਪੁਸਤਕ ਸੋਧਕ/ਰੀਵੀਊ ਕਰਤਾ 24 ਤੋਂ ਵੱਧ ਕਿਤਾਬਾਂ ਅਤੇ 9 ਅੰਤਰਰਾਸ਼ਟਰੀ ਪੰਜਾਬੀ ਓਲੰਪੀਆਡ ਮਡਿਊਲਾਂ ਦੇ ਰੀਵਿਊ ਕੀਤੇ ਅਤੇ 100 ਤੋਂ ਵੱਧ ਖੋਜ-ਪੇਪਰ ਲਿਖੇ ਹਨ, ਜੋ ਵੱਖ-ਵੱਖ ਕਾਲਜਾਂ, ਯੂਨੀਵਰਸਿਟੀਆਂ ਅਤੇ ਸੈਮੀਨਾਰਾਂ ਵਿੱਚ ਪੜ੍ਹੇ-ਵਿਚਾਰੇ ਗਏ ਹਨ।ਇਸ ਤੋਂ ਇਲਾਵਾ ਡਾਕਟਰ ਕਲਸੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੌਰਾਨ ਦੋ ਖੋਜ-ਪ੍ਰਬੰਧ ਵੀ ਲਿਖੇ ਹਨ।ਸਿੱਖਿਆ ਵਿਭਾਗ ਵਿੱਚ ਡਾਕਟਰ ਕਲਸੀ ਅਜਿਹੇ ਵਿਦਵਾਨ ਸਿੱਖਿਆ ਸ਼ਾਸਤਰੀ ਹਨ, ਜਿਨ੍ਹਾਂ ਨੇ 70 ਤੋਂ ਵੱਧ ਲੇਖਕਾਂ ਦੀਆਂ ਪੁਸਤਕਾਂ ਦੇ ਮੁੱਖ ਬੰਦ ਵੀ ਲਿਖੇ ਹਨ।ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸੈਂਕੜੇ ਲੇਖਕਾਂ ਦੀਆਂ ਪ੍ਰਵਾਨਿਤ ਹਜ਼ਾਰਾਂ ਪੁਸਤਕਾਂ ਦੀ ਸੂਚੀ ਵਿੱਚੋਂ ਡਾਕਟਰ ਪਰਮਜੀਤ ਸਿੰਘ ਕਲਸੀ ਅਜਿਹਾ ਇਕਲੌਤਾ ਅਧਿਆਪਕ-ਲੇਖਕ ਹੈ, ਜਿਸ ਦੀਆਂ ਪੰਜਾਬ ਵਿੱਚ ਸਭ ਤੋਂ ਵੱਧ 29 ਪੁਸਤਕਾਂ ਪ੍ਰਵਾਨਤ ਹੋਈਆਂ ਹਨ।ਉਨ੍ਹਾਂ ਮੁਲਾਕਾਤ ਦੌਰਾਨ ਇਹ ਵੀ ਦੱਸਿਆ ਕਿ ਉਹ ਭਵਿੱਖ ਵਿੱਚ ਇਤਿਹਾਸਿਕ ਪਹਿਲਕਦਮੀ ਵਾਲੀਆਂ ਕੁਝ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣਗੇ।

## 'ਅਨਪਲੱਗਡ' ਵਿਸ਼ੇ 'ਤੇ ਕੇਂਦਰਿਤ ਰੰਗਾਰੰਗ ਪ੍ਰੋਗਰਾਮ ਪੇਸ਼



ਝਬਾਲ (ਹਰਜਿੰਦਰ ਸਿੰਘ ਸੋਨੀ)- ਹਾਵਰਡ ਲੇਨ ਸੀਨੀਅਰ ਸਕੂਲ ਠੱਠਾ ਝਬਾਲ ਵਿਖੇ ਸਾਲਾਨਾ ਸਮਾਗਮ ਸ਼ਾਨਦਾਰ ਤਰੀਕੇ ਨਾਲ ਆਯੋਜਿਤ ਕੀਤਾ ਗਿਆ, ਜਿਸਦਾ ਵਿਸ਼ਾ 'ਅਨਪਲਗਡ' ਰੱਖਿਆ ਗਿਆ। ਸਮਾਗਮ ਦਾ ਮੁੱਖ ਉਦੇਸ਼ ਮੋਬਾਇਲ ਦੀ ਵਧ ਰਹੀ ਲਤ ਅਤੇ ਇਸ ਦੇ ਨੁਕਸਾਨ ਬਾਰੇ ਜਨਤਕ ਜਾਗਰੂਕਤਾ ਪੈਦਾ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਤੋਂ ਬਾਅਦ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਗੀਤ, ਗਿੱਧਾ, ਭੰਗੜਾ, ਨਾਟਕ ਅਤੇ ਝਲਕੀਆਂ ਰਾਹੀਂ ਮੋਬਾਇਲ ਦੀ ਲਤ ਦੇ ਮਾਨਸਿਕ, ਸਰੀਰਕ ਅਤੇ ਸਮਾਜਿਕ ਪ੍ਰਭਾਵਾਂ ਨੂੰ ਮਨਮੋਹਕ ਢੰਗ ਨਾਲ ਦਰਸਾਇਆ ਗਿਆ।ਹਾਸ-ਰਸ ਅਤੇ ਰਚਨਾਤਮਕ ਅਦਾਇਗੀ ਨਾਲ ਬੱਚਿਆਂ ਨੇ ਦਰਸ਼ਕਾਂ ਨੂੰ ਇਹ ਸੰਦੇਸ਼ ਦਿੱਤਾ ਕਿ ਮੋਬਾਇਲ ਸਹਾਇਕ ਹੈ,ਪਰ ਉਸ ਉਤੇ ਨਿਰਭਰ ਹੋ ਜਾਣਾ ਖ਼ਤਰਨਾਕ ਹੈ।ਇਸ ਮੌਕੇ ਕਰਨਲ ਸ: ਪਵਨਦੀਪ ਸਿੰਘ ਐੱਨਸੀਸੀ ਦੇ ਸੀਓ ਸਾਹਿਬ, ਸਕੂਲ ਮੈਨੇਜਮੈਂਟ, ਪ੍ਰਿੰ. ਅਤੇ ਡਾਇਰੈਕਟਰ ਤੇ ਆਈਟੀ ਕਾਲਜ ਪੱਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਇਲਾਕੇ ਦੇ ਕਈ ਹੋਰ ਸਕੂਲਾਂ ਦੇ ਪ੍ਰਿੰਸੀਪਲ ਵਿਸ਼ੇਸ਼ ਰੂਪ ਵਿੱਚ ਹਾਜ਼ਰ ਰਹੇ।ਮਹਿਮਾਨਾਂ ਨੇ ਬੱਚਿਆਂ ਦੀ ਪ੍ਰਸਤੁਤੀ ਦੀ ਬਹੁਤ ਸ਼ਲਾਘਾ ਕੀਤੀ ਅਤੇ ਡਿਜੀਟਲ ਲਤ ਤੋਂ ਬਚਣ ਵਾਸਤੇ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਸਮਾਂ ਦੇਣ ਦੀ ਲੋੜ ਦੱਸਿਆ।

## ਜਲਾਲ ਉਸਮਾ ਨੇ ਅਕਾਲੀ ਦਲ ਦੀ ਉਮੀਦਵਾਰ ਅਮਨਦੀਪ ਕੌਰ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

ਬਿਆਸ (ਪਰਮਜੀਤ ਸਿੰਘ ਰੱਖੜਾ)- ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾ ਕੌਮ ਉਪ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੌਜੂਦਾ ਮੈਂਬਰ ਐੱਸ. ਜੀ. ਪੀ. ਸੀ. ਨੇ ਬਲਾਕ ਸੰਮਤੀ ਜ਼ੋਨ ਨੰਬਰ 12 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਬਲਾਕ ਸੰਮਤੀ ਉਮੀਦਵਾਰ ਅਮਨਦੀਪ ਕੌਰ ਸੁਪਤਨੀ ਸੁਖਜੀਤ ਸਿੰਘ ਸੋਨੂੰ ਫੌਜੀ ਦੇ ਹੱਕ ਵਿੱਚ ਪਿੰਡ ਦੋਲੋ ਨੰਗਲ ਵਿਖੇ ਸਾਬਕਾ ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ ਢਿੱਲੋਂ



ਦੇ ਗ੍ਰਹਿ ਵਿਖੇ ਚੋਣ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਪਿੰਡ ਦੋਲੋ ਨੰਗਲ ਦੇ ਘਰ-ਘਰ ਜਾ ਕੇ ਬਲਾਕ ਸੰਮਤੀ ਦੇ ਉਮੀਦਵਾਰ ਅਮਨਦੀਪ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਪਿੰਡ ਦੋਲੋ ਨੰਗਲ ਦੇ ਵੋਟਰਾਂ ਨੂੰ ਲਾਮਬੰਦ ਕੀਤਾ ਅਤੇ ਅਪੀਲ ਕੀਤੀ ਕਿ ਆਪਣੀ ਇਕ ਇਕ ਵੋਟ ਪਾ ਕੇ ਕਾਮਯਾਬ ਕਰੋ।ਇਸ ਮੌਕੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾ ਤੋਂ ਇਲਾਵਾ ਅਮਨਦੀਪ ਕੌਰ, ਸੁਖਜੀਤ ਸਿੰਘ, ਜਸਵਿੰਦਰ ਸਿੰਘ ਢਿੱਲੋਂ, ਹਰਜੀਤ ਸਿੰਘ ਢਿੱਲੋਂ, ਬਲਵਿੰਦਰ ਸਿੰਘ, ਸਾਬਕਾ ਸਰਪੰਚ ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ ਕਾਲੀ, ਗੋਰਾ ਸਿੰਘ ਸਾਬਕਾ ਸਰਪੰਚ, ਸਤਨਾਮ ਸਿੰਘ, ਬਲਵਿੰਦਰ ਸਿੰਘ, ਸਰਬਜੀਤ ਸਿੰਘ, ਸਰਪੰਚ ਗੁਰਜਿੰਦਰ ਸਿੰਘ, ਜੋਗਿੰਦਰ ਸਿੰਘ, ਨਰਿੰਦਰ ਸਿੰਘ, ਬਲਬੀਰ ਸਿੰਘ, ਬਾਬਾ ਸੱਜਣ ਸਿੰਘ, ਇਕਬਾਲ ਸਿੰਘ ਢਿੱਲੋਂ, ਮਨਜੀਤ ਸਿੰਘ ਪ੍ਰਧਾਨ, ਗੁਰਿੰਦਰਪਾਲ ਸਿੰਘ ਢਿੱਲੋਂ, ਹਰਬੰਸ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।


## ਰੋਟਰੀ ਕਲੱਬ ਮੇਨ ਵੱਲੋਂ ਸਾਲ 2026-27 ਦੇ ਲਈ ਨਵੀਂ ਟੀਮ ਦਾ ਗਠਨ



ਅੰਮ੍ਰਿਤਸਰ (ਅਰੋੜਾ): ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਹਰੇਕ ਰੋਟਰੀ ਕਲੱਬ ਦਾ 25-26 ਦਾ ਕਾਰਜਕਾਲ ਸੰਪੰਨ ਹੋਣ ਤੇ ਪਹਿਲਾਂ ਨਵੀਂ ਟੀਮ ਦੀ ਘੋਸ਼ਣਾ ਕੀਤੇ ਜਾਣ ਦੀ ਪ੍ਰਥਾ ਚੱਲਦੀ ਆ ਰਹੀ ਹੈ।ਇਸੇ ਪ੍ਰਥਾ ਦੇ ਚੱਲਦੇ ਰੋਟਰੀ 3070 ਦੇ ਅਧੀਨ ਪੈਂਦੀ ਗੁਰੂ ਕੀ ਨਗਰੀ ਦੀ ਸਭ ਤੋਂ ਪੁਰਾਣੀ ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਸਾਲ 26-27 ਦੇ ਲਈ ਨਵੀਂ ਟੀਮ ਘੋਸ਼ਿਤ ਕੀਤੀ ਗਈ।ਕਲੱਬ ਦੇ ਪ੍ਰਧਾਨ ਪੰਡਿਤ ਮਹਿੰਦਰਪਾਲ ਸ਼ਰਮਾ, ਸਕੱਤਰ ਰੋਟੇਰੀਅਨ ਇੰਜੀ. ਮਨਜੀਤ ਸਿੰਘ ਦੀ ਦੇਖ ਰੇਖ ਵਿੱਚ ਇੱਕ ਸਾਦਾ ਸਮਾਗਮ ਦਾ ਆਯੋਜਨ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਕੀਤਾ ਗਿਆ।ਰੋਟੇਰੀਅਨ ਦਲਜੀਤ ਸਿੰਘ ਨੂੰ ਪ੍ਰਧਾਨ, ਰੋਟੇਰੀਅਨ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਮੀਤ ਪ੍ਰਧਾਨ ਅਤੇ ਗੁਰਿੰਦਰਪਾਲ ਕੌਰ ਨੂੰ ਮੀਤ ਪ੍ਰਧਾਨ, ਸਕੱਤਰ ਅਹੁੱਦੇ ਦੇ ਲਈ ਇੰਜੀ. ਅਸ਼ੋਕ ਕੁਮਾਰ, ਵਿੱਤ ਸਕੱਤਰ ਰਾਜੀਵ ਖੰਨਾ, ਪ੍ਰਤਾਪ ਕੁਮਾਰ ਭੱਟੀ ਨੂੰ ਸ਼ਾਰਜੇਟ ਐਟ ਆਰਮਜ਼, ਸੀਨੀਅਰ ਰੋਟੇਰੀਅਨ ਨਿਰਮਲ ਸਿੰਘ ਆਨੰਦ ਨੂੰ ਸੰਯੁਕਤ ਸਕੱਤਰ ਇਸੇ ਦੇ ਇਲਾਵਾ ਮਹਿੰਦਰਪਾਲ ਸ਼ਰਮਾ, ਇਕਬਾਲ ਸਿੰਘ ਸ਼ੇਰੀ, ਸਾਬਕਾ ਪ੍ਰਧਾਨ ਸੀਏ ਵਿਕਾਸ ਕੁਮਾਰ, ਰਾਜੇਸ਼ ਮਹਿਰਾ ਨੂੰ ਸਾਲ 2026-27 ਦੇ ਲਈ ਨਿਰਦੇਸ਼ਕ ਐਲਾਨ ਕੀਤਾ ਗਿਆ।ਇਸ ਮੌਕੇ ਸੀਨੀਅਰ ਰੋਟੇਰੀਅਨ ਐਡਵੋਕੇਟ ਸੁਦਰਸ਼ਨ ਕਪੂਰ, ਸਾਬਕਾ ਗਵਰਨਰ ਸੀਏ ਦਵਿੰਦਰ ਸਿੰਘ, ਸੀਨੀਅਰ ਰੋਟੇਰੀਅਨ ਸਾਬਕਾ ਪ੍ਰਧਾਨ ਦੀਪਕ ਖੰਨਾ, ਮਹੇਸ਼ ਸਾਗਰ, ਰੀਟਾ ਸ਼ਰਮਾ, ਡਾ. ਪ੍ਰਤਾਪ ਸਿੰਘ ਮਲਹੋਤਰਾ, ਵਿਜੇ ਨਈਅਰ, ਸੁਰਿੰਦਰ ਸਿੰਘ ਗਾਂਧੀ, ਕੇਵਲ ਕਿਸ਼ਨ ਅਰੋੜਾ ਸਹਿਤ ਰੋਟਰੀ ਕਲੱਬ ਮੇਨ ਦੇ ਸਮੂਹ ਮੈਂਬਰ ਮੌਜੂਦ ਸਨ।ਸਾਰੀ ਨਵੀਂ ਟੀਮ ਦੇ ਮੈਂਬਰਾਂ ਨੇ ਆਪਣੇ ਆਪਣੇ ਅਹੁਦੇ ਨੂੰ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ।

## ਚੋਣ ਜ਼ਾਬਤੇ ਦੌਰਾਨ ਮਾਧੋਪੁਰ ਪੁਲਸ ਨਾਕੇ 'ਤੇ ਬੱਸ 'ਚੋਂ 35 ਲੱਖ ਰੁਪਏ ਬਰਾਮਦ

ਪਠਾਨਕੋਟ (ਦਵਿੰਦਰ ਸਿੰਘ)- ਚੋਣ ਜ਼ਾਬਤੇ ਦੇ ਚੱਲਦੇ ਸੂਬੇ ਅੰਦਰ ਸੁਰੱਖਿਆ ਏਜੰਸੀਆਂ ਵੱਲੋਂ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ।ਜ਼ਿਲ੍ਹਾ ਪਠਾਨਕੋਟ ਪੁਲਸ ਨੂੰ ਵੱਡੀ ਕਾਮਯਾਬੀ ਉਸ ਵੇਲੇ ਹਾਸਲ ਹੋਈ ਜਦੋਂ ਜੰਮੂ-ਪਠਾਨਕੋਟ ਬਾਰਡਰ ਸਥਿਤ ਮਾਧੋਪੁਰ ਨਾਕੇ 'ਤੇ ਰੁਟੀਨ ਚੈਕਿੰਗ ਦੌਰਾਨ ਇੱਕ ਬੱਸ ਵਿੱਚੋਂ ਲੱਗਭਗ 35 ਲੱਖ ਰੁਪਏ ਦੀ ਸ਼ੱਕੀ ਰਕਮ ਬਰਾਮਦ ਕੀਤੀ ਗਈ। ਮਿਲੀ ਜਾਣਕਾਰੀ ਦੇ ਅਨੁਸਾਰ ਪੰਜਾਬ ਰੋਡਵੇਜ਼ ਦੀ



ਇੱਕ ਬੱਸ ਜੰਮੂ ਤੋਂ ਪਠਾਨਕੋਟ ਵੱਲ ਆ ਰਹੀ ਸੀ। ਨਾਕੇ ਤੇ ਤੈਨਾਤ ਪੁਲਸ ਟੀਮ ਨੇ ਬੱਸ ਦੀ ਬਰੀਕੀ ਨਾਲ ਚੈਕਿੰਗ ਕੀਤੀ ਜਿਸ ਦੌਰਾਨ ਇੱਕ ਯਾਤਰੀ ਕੋਲੋਂ ਵੱਡੀ ਮਾਤਰਾ ਵਿੱਚ ਨਗਦ ਰਕਮ ਮਿਲੀ, ਜਿਸ ਬਾਰੇ ਉਹ ਸਹੀ ਜਵਾਬ ਨਹੀਂ ਦੇ ਸਕਿਆ। ਪੁੱਛਗਿੱਛ ਕਰਨ 'ਤੇ ਉਸਨੇ ਰਕਮ ਦੀ ਕੋਈ ਪੁਸ਼ਟੀਸ਼ੁਦਾ ਦਸਤਾਵੇਜ਼ੀ ਜਾਣਕਾਰੀ ਵੀ ਨਹੀਂ ਦਿੱਤੀ। ਪ੍ਰੋਟੋਕੋਲ ਅਨੁਸਾਰ ਮੌਕੇ 'ਤੇ ਇਨਕਮ ਟੈਕਸ ਵਿਭਾਗ ਦੀ ਟੀਮ ਨੂੰ ਤੁਰੰਤ ਸੂਚਿਤ ਕੀਤਾ ਗਿਆ, ਜੋ ਨਾਕੇ 'ਤੇ ਪਹੁੰਚੀ ਅਤੇ ਰਕਮ ਦੀ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ।ਰਕਮ ਕਿੱਥੋਂ ਆਈ? ਕਿੱਥੇ ਭੇਜੀ ਜਾ ਰਹੀ ਸੀ? ਅਤੇ ਕੀ ਇਹ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਲਈ ਵਰਤੀ ਜਾਣੀ ਸੀ, ਇਸ ਬਾਰੇ ਇਨਕਮ ਟੈਕਸ ਵਿਭਾਗ ਤਫਤੀਸ਼ ਕਰ ਰਿਹਾ ਹੈ।ਪੁਲਸ ਅਧਿਕਾਰੀਆਂ ਅਨੁਸਾਰ ਚੋਣਾਂ ਦੌਰਾਨ ਨਕਦੀ, ਸ਼ਰਾਬ, ਅਤੇ ਹੋਰ ਸਾਮਾਨ ਦੀ ਗਲਤ ਵਰਤੋਂ ਨੂੰ ਰੋਕਣ ਲਈ ਸਾਰੇ ਨਾਕਿਆਂ 'ਤੇ ਸਖ਼ਤ ਚੈਕਿੰਗ ਜਾਰੀ ਹੈ। ਮਾਧੋਪੁਰ ਨਾਕਾ ਜੋ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਦਰਵਾਜ਼ੇ ਵੱਜੋਂ ਮਸ਼ਹੂਰ ਹੈ, ਇੱਥੇ ਖ਼ਾਸ ਨਿਗਰਾਨੀ ਕੀਤੀ ਜਾ ਰਹੀ ਹੈ। ਪੁਲਸ ਨੇ ਸਪਸ਼ਟ ਕੀਤਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਕਦੀ ਦਾ ਬਿਨਾਂ ਦਸਤਾਵੇਜ਼ ਲਿਜਾਣਾ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ।ਇਸ ਲਈ ਬਰਾਮਦ ਕੀਤੀ ਰਕਮ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਇਨਕਮ ਟੈਕਸ ਵਿਭਾਗ ਅਨੁਸਾਰ ਕੀਤੀ ਜਾ ਰਹੀ ਹੈ।ਇਸ ਕਾਰਵਾਈ ਨਾਲ ਸੂਬੇ ਵਿੱਚ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

## ਲੁਧਿਆਣਾ 'ਚ ਦੋ ਕੰਪਲੀਕੇਟਿਡ ਪੈਨਾਈਲ ਇੰਪਲਾਂਟ ਸਰਜਰੀਆਂ ਸਫ਼ਲ

ਲੁਧਿਆਣਾ: ਸ਼ਹਿਰ ਵਿੱਚ ਇਰੈਕਟਾਇਲ ਡਿਸਫੰਕਸ਼ਨ ਨਾਲ ਪੀੜਤ ਦੋ ਮਰਦਾਂ 'ਤੇ ਪੈਨਾਈਲ ਇੰਪਲਾਂਟ ਦੀਆਂ ਜਟਿਲ ਸਰਜਰੀਆਂ ਸਫ਼ਲਤਾਪੂਰਵਕ ਕੀਤੀਆਂ ਗਈਆਂ।ਦੋਵੇਂ ਕੇਸ ਉਹ ਸਨ ਜਿੱਥੇ ਦਵਾਈਆਂ ਅਤੇ ਹੋਰ ਥੈਰੇਪੀ ਨਾਲ ਸੁਧਾਰ ਨਾ ਹੋਣ ਕਾਰਨ ਸਰਜਰੀ ਹੀ ਇਕੋ ਵਿਕਲਪ ਸੀ। ਆਰ. ਜੀ. ਹਸਪਤਾਲ ਦੇ ਯੂਰੋਲੋਜੀ ਵਿਭਾਗ ਦੇ ਡਾਇਰੈਕਟਰ ਅਤੇ ਹੈੱਡ ਡਾ. ਪੁਨੀਤ ਬੰਸਲ ਨੇ ਕਿਹਾ ਕਿ ਇਹ ਕੇਸ ਇਹ ਗੱਲ ਸਾਫ਼ ਦਰਸਾਉਂਦੇ ਹਨ ਕਿ ਮਰਦਾਂ ਦੀ ਸਿਹਤ ਵਿਚ ਸਮੇਂ 'ਤੇ ਜਾਂਚ ਅਤੇ ਖੁੱਲ੍ਹ ਕੇ ਗੱਲ ਕਰਨਾ ਕਿੰਨਾ ਜ਼ਰੂਰੀ ਹੈ। ਡਾ. ਬੰਸਲ ਨੇ ਦੱਸਿਆ ਕਿ ਪਹਿਲੇ ਕੇਸ ਵਿੱਚ 43 ਸਾਲਾ ਐੱਨਆਰਆਈ ਮਰੀਜ਼ ਕਈ ਸਾਲਾਂ ਤੋਂ ਇਰੈਕਟਾਇਲ ਡਿਸਫੰਕਸ਼ਨ ਦੀ ਸਮੱਸਿਆ ਨਾਲ ਜੂਝ ਰਹੇ ਸਨ। ਸਾਰੀਆਂ ਰਿਪੋਰਟਾਂ ਨਾਰਮਲ ਹੋਣ ਦੇ ਬਾਵਜੂਦ ਉਨ੍ਹਾਂ ਦੀ ਹਾਲਤ ਵਧਦੀ ਗਈ।ਦਵਾਈਆਂ ਨਾਲ ਫ਼ਰਕ ਨਾ ਪੈਣ 'ਤੇ ਮੈਲੇਏਬਲ ਪੈਨਾਈਲ ਇੰਪਲਾਂਟ ਲਗਾਇਆ ਗਿਆ, ਜੋ ਪੂਰੀ ਸਾਵਧਾਨੀ ਨਾਲ ਜਨਰਲ ਐਨੇਸਥੀਸੀਆ ਹੇਠ ਕੀਤਾ ਗਿਆ।ਮਰੀਜ਼ ਨੂੰ ਅਗਲੇ ਦਿਨ ਹੀ ਕੈਥੇਟਰ ਤੋਂ ਮੁਕਤ ਕਰਕੇ ਠੀਕ ਹਾਲਤ ਵਿੱਚ ਛੁੱਟੀ ਦੇ ਦਿੱਤੀ ਗਈ।

## ਤਲਬੀਰ ਗਿੱਲ ਦੀ ਅਗਵਾਈ 'ਚ ਮਜੀਠਾ ਵਿਖੇ ਆਮ ਆਦਮੀ ਪਾਰਟੀ ਦੀ ਹੋਈ ਭਰਵੀਂ ਰੈਲੀ

ਮਜੀਠਾ (ਸੋਇਮ ਆਨੰਦ)- ਗੁਰੂ ਗਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਉਪਰੰਤ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਾਮਲੇ ਸਬੰਧੀ ਜਿੰਮੇਵਾਰ ਸਮਝੇ ਜਾਂਦੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਦਰਜ ਕਰਨ ਤੇ ਵਿਰੋਧੀ ਪਾਰਟੀ ਵੱਲੋ ਟੀਕਾ ਟਿੱਪਣੀ ਕੀਤੀ ਗਈ ਸੀ ਜਿਸ ਤੇ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਮਾਮਲੇ ਵਿਚ ਇਲਜ਼ਾਮ



ਤਰਾਸ਼ੀ ਅਤੇ ਰਾਜਨੀਤੀ ਨਹੀਂ ਕਰਦੀ ਸਗੋਂ ਕਿਸੇ ਵੀ ਦੋਸ਼ੀ ਵਿਅਕਤੀ ਨੂੰ ਸਜ਼ਾਵਾਂ ਦਿਵਾਉਣਾ ਸਰਕਾਰ ਦਾ ਕੰਮ ਹੁੰਦਾ ਹੈ ਜਿਹੜਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ।ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਦਾਣਾ ਮੰਡੀ ਮਜੀਠਾ ਵਿਖੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿਚ ਖੜੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਦੇ ਆਖਰੀ ਦਿਨ ਕੀਤੀ ਗਈ ਵਿਸ਼ਾਲ ਰੈਲੀ ਵਿਚ ਸੰਬੋਧਨ ਕਰ ਰਹੇ ਸਨ।ਇਸ ਰੈਲੀ ਵਿਚ ਅਮਨ ਅਰੋੜਾ ਦੇ ਨਾਲ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੀ ਮੌਜੂਦ ਸਨ।ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਪ੍ਰਧਾਨ ਅਮਨ ਅਰੋੜਾ, ਹਰਭਜਨ ਸਿੰਘ ਈਟੀਓ ਅਤੇ ਹੋਰਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਕਤ ਆਗੂਆਂ ਨਾਲ ਹਲਕਾ ਰਾਜਾ ਸਾਂਸੀ ਦੇ ਇੰਚਾਰਜ ਸੋਨੀਆ ਮਾਨ, ਬਲਜਿੰਦਰ ਸਿੰਘ ਛੀਨਾ ਸਿਆਸੀ ਸਕੱਤਰ ਗਿੱਲ, ਸਤਿੰਦਰ ਸਿੰਘ ਸ਼ਾਹ, ਹਰਭੁਪਿੰਦਰ ਸਿੰਘ ਸ਼ਾਹ , ਡਾ: ਤਰਸੇਮ ਸਿੰਘ ਸਿਆਲਕਾ, ਸਵਰਨਜੀਤ ਸਿੰਘ ਕੁਰਾਲੀਆਂ, ਦਿਲਬਾਗ ਸਿੰਘ ਵਡਾਲੀ, ਪਰਮਿੰਦਰ ਸਿੰਘ ਸਰਪੰਚ, ਜਸਵੰਤ ਸਿੰਘ ਪੰਨੂ, ਸਾਹਿਬ ਸਿੰਘ ਬਿੱਟਾ, ਬਲਦੇਵ ਸਿੰਘ ਡੱਡੀਆਂ, ਨਵਜੋਤ ਸਿੰਘ ਭੰਗੂ, ਰੋਸ਼ਨ ਸਿੱਧੂ ਸੁਪਾਰੀਵਿੰਡ, ਗੁਰਦੀਪ ਸਿੰਘ ਸਰਪੰਚ ਨਾਗ ਕਲਾਂ, ਸਤਨਾਮ ਸਿੰਘ ਸਰਪੰਚ ਨਾਗ ਨਵੇਂ, ਨਿਰਮਲ ਸਿੰਘ ਨਾਗ ਨਵੇਂ, ਸੁਖਚੈਨ ਸਿੰਘ ਭੰਗਵਾਂ, ਸੁੱਖ ਭਲਵਾਨ ਭੰਗਵਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਪ ਵਰਕਰ ਹਾਜ਼ਰ ਸਨ।

## ਅਧਿਆਪਕਾ ਰੁਪਿੰਦਰ ਕੌਰ ਨੂੰ ਮਿਲਿਆ ਰਾਜ ਪੱਧਰੀ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੀ ਅਧਿਆਪਕਾ ਰੁਪਿੰਦਰ ਕੌਰ ਨੂੰ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਲਿਮਿਟਡ ਦੁਆਰਾ ਕਰਵਾਏ ਗਏ ਪੰਜਵੇਂ ਫੈਪ ਸਨਮਾਨ ਸਮਾਰੋਹ-2025 ਦੌਰਾਨ 'ਪ੍ਰਈਡ ਆਫ਼ ਸਕੂਲ' ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।ਇਸ ਸਬੰਧੀ ਖੁਸ਼ੀ ਜ਼ਾਹਿਰ ਕਰਦਿਆਂ ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ




ਨੇ ਦੱਸਿਆ ਕਿ ਅਧਿਆਪਕ ਅਜਿਹੇ ਪਾਰਖੂ ਹੁੰਦੇ ਹਨ ਜੋ ਆਪਣੀ ਕਾਬਲੀਅਤ ਅਤੇ ਤਜਰਬੇ ਨਾਲ ਵਿਦਿਆਰਥੀ ਰੂਪੀ ਹੀਰੇ ਨੂੰ ਤਰਾਸ਼ ਕੇ ਸਮਾਜ ਵਿੱਚ ਉਚ ਮੁਕਾਮ ਤੱਕ ਪਹੁੰਚਣ ਦੇ ਯੋਗ ਬਣਾਉਂਦੇ ਹਨ।ਇਸੇ ਹੁਨਰ ਸਦਕਾ ਰੁਪਿੰਦਰ ਕੌਰ ਵਾਸੀ ਤਿੱਬੜ ਨੂੰ ਕੌਮੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਰੁਪਿੰਦਰ ਕੌਰ ਨੇ ਦੱਸਿਆ ਕਿ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਲਗਭਗ 18 ਰਾਜਾਂ ਦੇ 800 ਨਿੱਜੀ ਸਕੂਲਾਂ ਦੇ ਅਧਿਆਪਕਾਂ ਨੇ ਹਿੱਸਾ ਲਿਆ ਸੀ ਜਿਨ੍ਹਾਂ ਵਿੱਚੋਂ ਇੱਕ ਮਾਣ ਉਨ੍ਹਾਂ ਨੂੰ ਮਿਲਿਆ ਹੈ।ਰੁਪਿੰਦਰ ਕੌਰ ਪਿਛਲੇ 16 ਸਾਲ ਤੋਂ ਸਕੂਲ ਵਿੱਚ ਬਹੁਤ ਹੀ ਇਮਾਨਦਾਰੀ ਅਤੇ ਮਿਹਨਤ ਨਾਲ ਸੇਵਾ ਨਿਭਾ ਰਹੇ ਹਨ।ਸਕੂਲ ਪਹੁੰਚਣ ਤੇ ਪ੍ਰਿੰਸੀਪਲ ਨਾਯਰ, ਮੈਨੇਜਮੈਂਟ ਮੈਂਬਰ ਨਵਦੀਪ ਕੌਰ ਅਤੇ ਕੁਲਦੀਪ ਕੌਰ ਦੁਆਰਾ ਉਨ੍ਹਾਂ ਨੂੰ ਪੂਰੇ ਸਕੂਲ ਦੇ ਸਨਮੁੱਖ ਸਨਮਾਨਿਤ ਕਰਦਿਆਂ ਵਧਾਈ ਦਿੱਤੀ ਗਈ।ਇਸ ਮੌਕੇ ਕੋਆਰਡੀਨੇਟਰ ਵਿਸ਼ਾਲ ਸਿੰਘ, ਟੇਨ ਸਿੰਘ, ਅਮਨਪ੍ਰੀਤ ਸਰਾਏ ਸਮੇਤ ਸਮੂਹ ਸਕੂਲੀ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

## ਨਸ਼ਾ ਮੁਕਤ ਮੁਹਿੰਮ 'ਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਗੁਰਦਾਸਪੁਰ ਦੇ ਬੱਚਿਆਂ ਨੂੰ ਕੀਤਾ ਸਨਮਾਨਿਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਚਾਈਲਡ ਵੈੱਲਫੇਅਰ ਕੌਂਸਲ ਪੰਜਾਬ ਵੱਲੋਂ ਬੀਐੱਮਸੀ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਵਿੱਚ ਕਰਵਾਏ ਰਾਜ ਪੱਧਰੀ ਵੀਰ ਬਾਲ ਦਿਵਸ ਮੁਕਾਬਲੇ-2025 ਦੌਰਾਨ ਵੀਰ ਬਾਲ ਦਿਵਸ ਸਮਾਗਮਾਂ ਵਿੱਚ ਸਰਗਰਮ ਭਾਗ ਲੈਣ ਵਾਲੇ ਗੁਰਦਾਸਪੁਰ ਦੇ ਬੱਚਿਆਂ ਨੂੰ ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਜ਼ਿਲ੍ਹਾ ਚਾਈਲਡ ਵੈੱਲਫੇਅਰ ਕੌਂਸਲ, ਗੁਰਦਾਸਪੁਰ ਦੇ



ਆਨਰੇਰੀ ਸਕੱਤਰ ਰੋਮੇਸ਼ ਮਹਾਜਨ ਨੇ ਦੱਸਿਆ ਕਿ ਇਹ ਨੌਜਵਾਨ ਪ੍ਰਤਿਭਾਵਾਨ ਬੱਚੇ ਅਪ੍ਰੈਲ -2025 ਵਿੱਚ ਮਾਣਯੋਗ ਰਾਜਪਾਲ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਦੇ ਬੈਨਰ ਹੇਠ ਕਰਵਾਈ ਗਈ ਐਂਟੀ-ਡਰੱਗ ਮੈਰਾਥਾਨ ਵਿੱਚ ਵੀ ਸ਼ਾਮਲ ਰਹੇ ਸਨ।ਇਨ੍ਹਾਂ ਬੱਚਿਆਂ ਨੇ ਨਸ਼ਾ ਮੁਕਤੀ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਮਾਣਯੋਗ ਰਾਜਪਾਲ ਨੇ ਬੱਚਿਆਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਦਿਆਂ ਯਾਦਗਾਰ ਤਸਵੀਰਾਂ ਵੀ ਖਿਚਵਾਈਆਂ।ਇਸ ਉਪਲਬਧੀ ਨੂੰ ਹੋਰ ਮਾਣ ਮਿਲਿਆ ਜਦੋਂ ਗੁਰਦਾਸਪੁਰ ਜ਼ਿਲ੍ਹੇ ਦੇ ਇਨ੍ਹਾਂ ਬੱਚਿਆਂ ਨੇ ਨਸ਼ਾ ਮੁਕਤੀ ਵਿਸ਼ੇ 'ਤੇ ਕਰਵਾਏ ਗਏ ਰਾਜ ਪੱਧਰੀ ਵੀਰ ਬਾਲ ਦਿਵਸ ਸਕਿੱਟ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।ਇਸ ਕਾਮਯਾਬੀ ਨਾਲ ਜ਼ਿਲ੍ਹੇ ਦਾ ਮਾਣ ਵਧਿਆ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਨਸ਼ਿਆਂ ਖ਼ਿਲਾਫ਼ ਜ਼ੋਰਦਾਰ ਮੁਹਿੰਮ ਚਲਾ ਰਹੇ ਹਨ।ਇਸ ਮੌਕੇ ਪਰਮਿੰਦਰ ਸਿੰਘ ਸੈਣੀ ਜਿਲ੍ਹਾ ਗਾਈਡੈਂਸ ਕਾਊਂਸਲਰ, ਮੁਕੇਸ਼ ਕੁਮਾਰ ਵਰਮਾ, ਨੋਡਲ ਅਫ਼ਸਰ ਮਿਸ ਪਰਪਿੰਦਰ ਸੈਣੀ, ਸਹਾਇਕ ਨੋਡਲ ਅਫ਼ਸਰ ਯੋਗੇਸ਼ ਕੁਮਾਰ, ਕੋਆਰਡੀਨੇਟਰ ਬਖ਼ਸ਼ੀ ਰਾਜ, ਸੰਬੰਧਤ ਸਕੂਲ ਅਧਿਆਪਕਾਂ ਸਮੇਤ, ਬੱਚਿਆਂ ਨੂੰ ਰਾਜ-ਪੱਧਰ 'ਤੇ ਮਿਲੇ ਸਨਮਾਨ ਅਤੇ ਸਫਲਤਾ ਲਈ ਵਧਾਈ ਦਿੱਤੀ।ਨਾਲ ਹੀ ਉਨ੍ਹਾਂ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਚਾਈਲਡ ਵੈੱਲਫੇਅਰ ਕੌਂਸਲ ਪੰਜਾਬ ਦੀ ਚੇਅਰਪਰਸਨ ਅਪਰਾਜਿਕਤਾ ਨੀਲਕੰਠ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਨੌਜਵਾਨਾਂ ਨੂੰ ਸਮਾਜਿਕ ਬਦਲਾਅ ਦੇ ਦੂਤ ਬਣਨ ਲਈ ਪ੍ਰੇਰਿਤ ਕੀਤਾ।


## ਸੇਵਾਮੁਕਤ ਬਿਜਲੀ ਮੁਲਾਜ਼ਮਾਂ ਨੇ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਨੂੰ ਦਿੱਤਾ ਮੰਗ ਪੱਤਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਪੰਜਾਬ ਰਾਜ ਬਿਜਲੀ ਬੋਰਡ ਆਲ ਕੇਡਰਜ਼ ਪੈਨਸ਼ਨ ਐਸੋਸੀਏਸ਼ਨ ਯੂਨਿਟ ਅਜਨਾਲਾ ਅਤੇ ਪੈਨਸ਼ਨ ਦੇ ਸਾਂਝੇ ਫਰੰਟ ਦੇ ਉੱਚ ਪੱਧਰੀ ਆਗੂਆਂ ਵੱਲੋਂ ਸੂਬਾ ਕਮੇਟੀ ਦੇ ਮੈਂਬਰ ਤੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਝੰਜੋਟੀ ਦੀ ਅਗਵਾਈ ਹੇਠ



ਆਪਣੀਆਂ ਚਿਰੋਕਣੀਆਂ ਮੰਗਾਂ ਦੇ ਹੱਲ ਲਈ ਮਹਿਲਾ ਵਿੰਗ ਦੀ ਸੂਬਾ ਆਗੂ ਐਡਵੋਕੇਟ ਮੈਡਮ ਅਮਨਦੀਪ ਕੌਰ ਧਾਲੀਵਾਲ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਸੀਨੀਅਰ ਪੈਨਸ਼ਨਰ ਆਗੂ ਹਰਭਜਨ ਸਿੰਘ ਝੰਜੋਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੀ ਛੇਵੇਂ ਪੇਅ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨ 2.59 ਗੁਣਾਂਕ ਨਾਲ ਕਰਨ, 6ਵੇਂ ਪੇਅ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਘੱਟ ਤੋਂ ਘੱਟ 18000 ਰੁਪਏ ਦੇਣ, ਜਨਵਰੀ 2016 ਨੂੰ ਬਣਦਾ ਡੀ ਏ, ਮਹਿੰਗਾਈ ਭੱਤਾ ਦੇਣ, ਵਿਕਾਸ ਦੇ ਨਾਮ ਤੇ ਦੋ ਸੌ ਰੁਪਏ ਜਜ਼ੀਆ ਬੰਦ ਕਰਨ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਅਦਾਲਤੀ ਫੈਸਲੇ ਜਲਰਾਇਜ਼ ਕਰਨ, ਕੇਂਦਰ ਸਰਕਾਰ ਦੀ ਤਰਜ਼ ਤੇ ਡੀ ਏ ਅੱਠ ਫ਼ੀਸਦੀ ਜਾਰੀ ਕਰਨ, ਫੌਜੀਆਂ ਵਾਂਗ ਕੈਸ਼ਲੈਸ ਮੈਡੀਕਲ ਸੁਵਿਧਾ ਦੇਣ, ਪੈਂਡਿਗ ਮੈਡੀਕਲ ਬਿੱਲਾਂ ਦੀ ਅਦਾਇਗੀ ਕਰਨ ਆਦਿ ਮੰਗਾਂ ਦੁਹਰਾਈਆਂ ।ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਨ੍ਹਾਂ ਦੀਆਂ ਮੰਗਾਂ ਜਲਦੀ ਹੱਲ ਕੀਤੀਆਂ ਜਾਣ।ਇਸ ਮੌਕੇ ਸਾਬਕਾ ਜਨਰਲ ਸਕੱਤਰ ਸੱਤਪਾਲ ਸਿੰਘ ਪੁਰਬਾ, ਜਰਨਲ ਸਕੱਤਰ ਹਰਜਿੰਦਰ ਸਿੰਘ, ਲੱਖਵਿੰਦਰ ਸਿੰਘ ਲੱਖਾ ਅਜਨਾਲਾ ਆਦਿ ਹਾਜ਼ਰ ਸਨ।

## ਸੀਪੀਆਈ (ਐੱਮ) ਵੱਲੋਂ ਲਾਏ ਕੈਂਪ 'ਚ ਹੜ੍ਹ ਪੀੜਤਾਂ ਨੂੰ ਬਿਸਤਰੇ ਤੇ ਗਰਮ ਕੱਪੜੇ ਵੰਡੇ



ਛੇਹਰਟਾ, ਖਾਸਾ (ਮਨੋਜ ਕੁਮਾਰ, ਸ਼ਸ਼ਪਾਲ ਸਿੰਘ) : ਸੀਪੀਆਈ (ਐੱਮ) ਵੱਲੋਂ ਹੜ੍ਹ ਪੀੜਤਾਂ ਲਈ ਲਗਾਏ ਗਏ ਰਾਹਤ ਕੰਪ ਵਿੱਚ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਬਿਸਤਰੇ ਤੇ ਗਰਮ ਕੱਪੜੇ ਵੰਡੇ ਗਏ। ਇਸ ਮੌਕੇ ਪਸ਼ੀਆਂ, ਜੱਟਾ, ਰਮਦਾਸ, ਕੁਰਾਲੀਆਂ, ਦੂਜੇਵਾਲ ਦੇ ਪੰਜ ਹੜ੍ਹ ਪੀੜਿਤ ਪਰਿਵਾਰਾਂ ਨੂੰ ਮਕਾਨਾਂ ਦੀ ਰਿਪੇਅਰ ਲਈ ਪ੍ਰਤੀ ਪਰਿਵਾਰ 14000 ਦਿੱਤੇ ਗਏ। ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦੇ ਵਫਦ ਦੀ ਅਗਵਾਈ ਕਾਮਰੇਡ ਕ੍ਰਿਸ਼ਨਾ ਕੁਮਾਰੀ, ਨਿਰਲੇਪ ਕੌਰ ਤੇ ਪਰਮਜੀਤ ਕੌਰ ਨੇ ਕੀਤੀ। ਸੀਪੀਐੱਮ ਜ਼ਿਲ੍ਹਾ ਅੰਮ੍ਰਿਤਸਰ ਦੇ ਸਕੱਤਰ ਕਾਮਰੇਡ ਚਰਨਜੀਤ ਸਿੰਘ ਮਜੀਠਾ, ਸੀਟੂ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਵਿੱਤ ਸਕੱਤਰ ਕਮਲਜੀਤ ਕੌਰ, ਪਰਮਜੀਤ ਕੌਰ ਨੇ ਆਏ ਵਫਦ ਨੂੰ ਜੀ ਆਇਆਂ ਕਿਹਾ ਅਤੇ ਸੀਟੂ ਦਫਤਰ ਦੇ ਬਾਅਦ ਹੜ੍ਹ ਪੀੜਿਤ ਪਰਿਵਾਰਾਂ ਦੀ ਵਿਸ਼ਾਲ ਰੈਲੀ ਕਾਮਰੇਡ ਕਿਰਪਾ ਰਾਮ ਦੀ ਅਗਵਾਈ ਹੇਠ ਕੀਤੀ ਗਈ। ਰੈਲੀ ਨੂੰ ਕਾਮਰੇਡ ਕ੍ਰਿਸ਼ਨਾ ਕੁਮਾਰੀ, ਨਿਰਲੇਪ ਕੌਰ ਅਤੇ ਪਰਮਜੀਤ ਕੌਰ ਨੇ ਸੰਬੋਧਨ ਕਰਦਿਆਂ ਹੜ੍ਹ ਪੀੜਿਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਹੜ੍ਹ ਸਰਕਾਰ ਦੀ ਨਾਲਾਇਕੀ ਦਾ ਸਿੱਟਾ ਹਨ ਅਤੇ ਸਾਨੂੰ ਸਾਰਿਆਂ ਨੂੰ ਰਲ ਕੇ ਹੜ੍ਹਾਂ ਦੇ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਅੰਮ੍ਰਿਤਸਰ ਟੀਮ ਨੇ ਜਲੰਧਰ ਟੀਮ ਦਾ ਧੰਨਵਾਦ ਕਰਦਿਆਂ ਹੜ੍ਹ ਪੀੜਤਾਂ ਦੀ ਸਹਾਇਤਾ ਨੂੰ ਮਨੁੱਖਤਾ ਦੀ ਸੇਵਾ ਦੱਸਿਆ। ਇਸ ਮੌਕੇ ਵਿਜੇ ਕੁਮਾਰ, ਰਾਕੇਸ਼, ਜਗੀਰ ਸਿੰਘ, ਗੁਰਿਦਰ ਕੌਰ, ਸੁਮਨ ਰਾਣੀ, ਗੁਰਮੀਤ ਕੌਰ, ਰਾਜੂ ਕੁਰਾਲੀਆ, ਬਲਜਿੰਦਰ ਕੌਰ ਰਮਦਾਸ, ਮਨਦੀਪ ਕੌਰ ਆਦਿ ਹਾਜ਼ਰ ਸਨ।

14-DEC-PAGE-4.qxd 12/13/2025 9:23 PM Page 1



## ਨਗਰ ਕੌਂਸਲ ਦੇ ਰਿਟਾਇਰਡ ਕਰਮਚਾਰੀਆਂ ਵੱਲੋਂ ਰੋਸ ਪ੍ਰਦਰਸ਼ਨ



**ਜ਼ੀਰਾ (ਰੂਪ ਸਿੰਘ ਸੰਧ)**-ਪਿਛਲੇ ਇੱਕ ਸਾਲ ਤੋਂ ਵੀ ਵਧੇਰੇ ਸਮੇਂ ਤੋਂ ਬਕਾਏ ਤੇ ਮੈਡੀਕਲ ਭੱਤੇ ਆਦਿ ਨਾ ਮਿਲਣ ਕਰਕੇ ਨਗਰ ਕੌਂਸਲ ਰਿਟਾਇਰਡ ਕਰਮਚਾਰੀ ਯੂਨੀਅਨ ਜ਼ੀਰਾ ਨੇ ਪ੍ਰਧਾਨ ਪਿਆਰਾ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਨਗਰ ਕੌਂਸਲ ਦਫ਼ਤਰ ਜ਼ੀਰਾ ਵਿਖੇ ਰੋਸ ਪ੍ਰਦਰਸ਼ਨ ਕੀਤਾ।ਇਸ ਰੋਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਨਗਰ ਕੌਂਸਲ ਰਿਟਾਇਰਡ ਕਰਮਚਾਰੀ ਸ਼ਾਮਲ ਹੋਏ।ਇਸ ਦੌਰਾਨ ਸੰਬੋਧਨ ਕਰਦਿਆਂ ਪ੍ਰਧਾਨ ਪਿਆਰਾ ਸਿੰਘ ਢਿੱਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਲਈ ਮੁਲਾਜ਼ਮਾਂ ਨੇ ਜਿੰਨੇ ਉਤਸ਼ਾਹ ਨਾਲ ਇਸ ਪਾਰਟੀ ਨੂੰ ਵੋਟਾਂ ਪਾਈਆਂ ਸਨ, ਇਸ ਸਰਕਾਰ ਨੇ ਮੁਲਾਜ਼ਮਾਂ ਨੂੰ ਉਨਾ ਹੀ ਜ਼ਿਆਦਾ ਨਿਰਾਸ਼ ਕੀਤਾ ਹੈ।ਉਨ੍ਹਾਂ ਕਿਹਾ ਕਿ ਸੇਵਾਮੁਕਤ ਕਰਮਚਾਰੀਆਂ ਦਾ ਪਿਛਲੇ ਇੱਕ ਸਾਲ ਤੋਂ ਵੀ ਵਧੇਰੇ ਸਮੇਂ ਤੋਂ ਮੈਡੀਕਲ ਬਿੱਲ, ਮਹੀਨੇਵਾਰ ਮੈਡੀਕਲ ਤੇ ਐੱਲ.ਟੀ.ਸੀ. ਦਾ ਬਕਾਇਆ ਅਜੇ ਤੱਕ ਨਹੀਂ ਦਿੱਤਾ ਗਿਆ।ਇਸ ਮੌਕੇ ਪ੍ਰਧਾਨ ਪਿਆਰਾ ਸਿੰਘ ਢਿੱਲੋਂ ਤੋਂ ਇਲਾਵਾ ਜਗਦੀਸ਼ ਕੁਮਾਰ ਜੁਨੇਜਾ, ਕਰਨੈਲ ਸਿੰਘ, ਵੀਰ ਭਾਨ ਨਾਰੰਗ, ਪਰਮਜੀਤ ਸਿੰਘ, ਰਾਜ ਕੁਮਾਰ, ਅਸ਼ੋਕ ਕੁਮਾਰ, ਹੀਰਾ ਲਾਲ, ਦੀਦਾਰ ਸਿੰਘ, ਅਮਰ ਸਿੰਘ, ਰਾਮ ਚਰਨ, ਚੰਦਗੀ ਰਾਮ, ਜਨਕ ਰਾਜ, ਦਰਸ਼ਨਾ ਰਾਣੀ, ਮਾਇਆ ਦੇਵੀ, ਚੰਦਰ ਕਾਂਤਾ, ਗੁਰਦੀਪ ਸਿੰਘ, ਕਿਰਨਾ ਤੇ ਆਸ਼ਾ ਰਾਣੀ ਆਦਿ ਹਾਜ਼ਰ ਸਨ।

## ਸਕੂਲ ਆਫ਼ ਐਮੀਨੈਂਸ ਦੋਰਾਹਾ ਵੱਲੋਂ ਛੇਵੀਂ ਜਮਾਤ ਦਾ ਵਿੱਦਿਅਕ ਟੂਰ



**ਦੋਰਾਹਾ (ਹਰਮਿੰਦਰ ਸੇਠ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਆਫ਼ ਐਮੀਨੈਂਸ ਦੋਰਾਹਾ ਵੱਲੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਦਿਨ ਦਾ ਵਿੱਦਿਅਕ ਟੂਰ 'ਛੱਤ ਬੀੜ' ਚੰਡੀਗੜ੍ਹ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਵਾਤਾਵਰਣਿਕ ਸੰਭਾਲ, ਜੰਗਲੀ ਜੀਵਨ ਤੇ ਪ੍ਰਾਕ੍ਰਿਤਕ ਥਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ।ਟੂਰ ਦੀ ਅਗਵਾਈ ਟੂਰ ਇੰਚਾਰਜ ਸ. ਸੁਖਵੰਤ ਸਿੰਘ ਤੇ ਸ੍ਰੀਮਤੀ ਗੁਰਇਕਬਾਲ ਕੌਰ ਨੇ ਕੀਤੀ।ਇਸ ਮੌਕੇ ਸਟਾਫ਼ ਮੈਂਬਰਾਂ ਸ੍ਰੀ ਆਦਿੱਤਿਆ, ਸ੍ਰੀਮਤੀ ਰਾਜਵਿੰਦਰ ਕੌਰ, ਸ੍ਰੀਮਤੀ ਕੁਲਜੀਤ ਕੌਰ, ਸ੍ਰੀ ਸਤਬੀਰ ਸਿੰਘ, ਮਿਸ ਕੁਲਵਿੰਦਰ ਕੌਰ ਤੇ ਮਿਸ ਨੀਤੂ ਨੇ ਵਿਦਿਆਰਥੀਆਂ ਦੀ ਸੰਭਾਲ ਕੀਤੀ ਅਤੇ ਉਨ੍ਹਾਂ ਨੂੰ ਵੱਖ-ਵੱਖ ਸਿੱਖਿਆਪ੍ਰਦ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ।ਵਿੱਦਿਅਕ ਯਾਤਰਾ ਦੌਰਾਨ ਬੱਚਿਆਂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ [illegible] ਤੇ ਇਤਿਹਾਸਕ ਠੰਢਾ ਬੁਰਜ ਦੇ ਦਰਸ਼ਨ ਵੀ ਕਰਵਾਏ ਗਏ।ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਤੇ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ।

## ਪੁਲਸ ਵੱਲੋਂ ਚੋਣਾਂ ਦੇ ਮੱਦੇਨਜ਼ਰ ਫਲੈਗ ਮਾਰਚ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਉਣ ਤੇ ਵੋਟਰਾਂ ਵਿੱਚ ਭਰੋਸਾ ਪੈਦਾ ਕਰਨ ਲਈ ਮਹਿਲ ਕਲਾਂ ਪੁਲਸ ਵੱਲੋਂ ਥਾਣਾ ਮੁਖੀ ਸਰਬਜੀਤ ਸਿੰਘ ਰੰਗੀਆਂ ਦੀ ਅਗਵਾਈ ਹੇਠ ਫਲੈਗ ਮਾਰਚ ਕੀਤਾ ਗਿਆ, ਜਿਸ ਵਿੱਚ ਪੁਲਸ ਪਾਰਟੀ ਨੇ ਮੁੱਖ ਬਾਜ਼ਾਰ, ਰਿਹਾਇਸ਼ੀ ਇਲਾਕਿਆਂ ਤੇ ਸੰਵੇਦਨਸ਼ੀਲ ਥਾਵਾਂ ਵਿੱਚ ਗਸ਼ਤ ਕੀਤੀ।ਇਸ ਮੌਕੇ ਐੱਸ ਐੱਚ ਓ ਸਰਬਜੀਤ ਸਿੰਘ ਨੇ ਦੱਸਿਆ ਕਿ ਇਹ ਮਾਰਚ ਐਸ ਐਸ ਪੀ ਬਰਨਾਲਾ ਮੁਹੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਤੇ ਡੀ ਐੱਸ ਪੀ ਮਹਿਲ ਕਲਾਂ ਜਸਪਾਲ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਕੀਤਾ ਗਿਆ ਹੈ।ਵੋਟਿੰਗ ਦੌਰਾਨ ਕਾਨੂੰਨ-ਵਿਵਸਥਾ ਕਾਇਮ ਰੱਖਣ ਲਈ ਤਿਆਰੀਆਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਪ੍ਰੋਗਰਾਮ ਨੂੰ ਪੂਰੀ ਨਿਰਪੱਖਤਾ ਤੇ ਅਮਨ-ਸ਼ਾਂਤੀ ਨਾਲ ਨੇਪਰੇ ਚਾੜ੍ਹਨ ਲਈ ਪੁਲਸ ਵੱਲੋਂ ਵੱਖ-ਵੱਖ ਟੀਮਾਂ ਤਿਆਰ ਕੀਤੀਆਂ ਗਈਆਂ ਹਨ।ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 14 ਦਸੰਬਰ ਨੂੰ ਬਿਨਾਂ ਕਿਸੇ ਡਰ, ਭੈਅ, ਦਬਾਅ ਤੋਂ ਆਪਣੇ ਕੀਮਤੀ ਵੋਟ ਦਾ ਜ਼ਰੂਰ ਇਸਤੇਮਾਲ ਕਰਨ।ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਰਾਰਤੀ ਅਨਸਰਾਂ ਵੱਲੋਂ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

## ਬਾਬਾ ਮੋਨੀ ਜੀ ਕਾਲਜ ਦੇ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ਼ ਨਰਸਿੰਗ ਲਹਿਰਾ ਮੁਹੱਬਤ (ਬਠਿੰਡਾ) ਦੇ ਜੂਨੀਅਰ ਵਿਦਿਆਰਥੀਆਂ ਵੱਲੋਂ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਬਾਬਾ ਮੋਨੀ ਜੀ ਮਹਾਰਾਜ ਦੇ ਸਰੂਪ ਅੱਗੇ ਜੋਤੀ ਜਗਾਉਣ ਨਾਲ ਹੋਈ। ਪ੍ਰਧਾਨਗੀ ਕਰ ਰਹੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਰੀ ਡੈਸਨ ਫਰਾਂਸਿਸ ਨੇ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਿਹਾ। ਵੈੱਲਕਮ ਸਪੀਚ ਤੇ ਵਿਦਿਆਰਥਣਾਂ ਦੁਆਰਾ ਸ਼ਬਦ ਗਾਇਨ ਉਪਰੰਤ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦਿਆਂ ਗੀਤ, ਭੰਗੜਾ, ਸ਼ੇਅਰੋ-ਸ਼ੇਅਰੀ, ਗਰੁੱਪ ਤੇ ਸੋਲੋ ਡਾਂਸ, ਲੰਮੀ ਹੇਕ ਵਾਲੇ ਗੀਤ, ਸਕਿੱਟ, ਨਾਟਕ, ਕੋਰਿਓਗ੍ਰਾਫੀ, ਕਵਿਤਾ ਰਾਹੀਂ ਖੂਬ ਰੰਗ ਬੰਨ੍ਹਿਆ। ਮਿਸ ਫੇਅਰਵੈੱਲ ਦਾ ਤਾਜ ਕਸ਼ੀਸ਼ (ਬੀ. ਐੱਸ. ਸੀ. ਸਮੈਸਟਰ-ਅੱਠਵਾਂ) ਤੇ ਸੁਮਨਪ੍ਰੀਤ ਕੌਰ (ਜੀ.ਐੱਨ.ਐੱਮ ਭਾਗ-ਤੀਜਾ) ਤੇ ਅਮਾਰ (ਬੀ.ਐੱਸ.ਸੀ. ਸਮੈਸਟਰ-ਅੱਠਵਾਂ) ਦੇ ਸਿਰ ਸਜਾਇਆ ਗਿਆ। ਇਸ ਮੌਕੇ ਸਟਾਫ ਮੈਂਬਰਜ਼ ਵਾਈਸ ਪ੍ਰਿੰਸੀਪਲ ਮੈਡਮ ਸ਼ਿਖਾ ਚੋਪੜਾ, ਅਸਿਸਟੈਂਟ ਪ੍ਰੋ. ਕੁਲਦੀਪ ਕੌਰ, ਅਸਿਸਟੈਂਟ ਪ੍ਰੋ. ਸ਼ਿਵਾਲੀ ਸ਼ਰਮਾ, ਅਸਿਸਟੈਂਟ ਪ੍ਰੋ. ਨਵਦੀਪ ਕੌਰ, ਲੈਕਚਰਾਰ ਮੈਡਮ ਪੂਨਮ, ਕਲੀਨਿਕਲ ਇੰਸਟਰਕਟਰ ਜ਼ਰਨਿਗਾ, ਮੈਡਮ ਸ਼ਿਵਾਨੀ, ਮੈਡਮ ਯਸ਼ਲੀਨ ਕੌਰ, ਮੈਡਮ ਲਵਪ੍ਰੀਤ ਕੌਰ, ਮੈਡਮ ਸੰਜਨਾ, ਮੈਡਮ ਮਹਿਕਪ੍ਰੀਤ ਕੌਰ, ਮੈਡਮ ਹਰਮਨਪ੍ਰੀਤ ਕੌਰ, ਮੈਡਮ ਅਮਨਦੀਪ ਕੌਰ, ਸਰ ਤੇਜਵਿੰਦਰ ਸਿੰਘ, ਨਰਸਿੰਗ ਟਿਊਟਰ ਕਮਲਜੀਤ ਕੌਰ ਬਾਠ, ਡੈਮੋਨਸਟਰੇਟਰ ਮੈਡਮ ਪਲਵੀ, ਮੈਡਮ ਲਖਵਿੰਦਰ ਕੌਰ, ਮੈਡਮ ਆਂਚਲ ਤੇ ਮੈਡਮ ਨਹੀਸ਼ਨਾ ਆਦਿ ਸ਼ਾਮਲ ਸਨ।

## ਡੀ ਬੀ ਯੂ ਵੱਲੋਂ ਗੈਰ-ਅਧਿਆਪਨ ਸਟਾਫ਼ ਲਈ ਪੰਜ-ਰੋਜ਼ਾ ਫੈਕਲਟੀ ਵਿਕਾਸ ਪ੍ਰੋਗਰਾਮ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਸਿੱਖਿਆ ਫੈਕਲਟੀ ਨੇ 'ਕੰਮ ਤੇ ਤੰਦਰੁਸਤੀ : ਤਣਾਅ-ਰਹਿਤ ਅਭਿਆਸਾਂ ਰਾਹੀਂ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਨਾ' ਵਿਸ਼ੇ 'ਤੇ ਯੂਨੀਵਰਸਿਟੀ ਦੇ ਗੈਰ-ਅਧਿਆਪਨ ਸਟਾਫ਼ ਮੈਂਬਰਾਂ ਲਈ ਪੰਜ-ਰੋਜ਼ਾ ਫੈਕਲਟੀ ਵਿਕਾਸ ਪ੍ਰੋਗਰਾਮ ਕਰਵਾਇਆ।ਇਹ ਪ੍ਰੋਗਰਾਮ ਕਨਵੀਨਰ ਪ੍ਰੋਫੈਸਰ (ਡਾ.) ਪ੍ਰੀਸ਼ੀਅਸ ਸ਼ਿਓਰਾਨ, ਡਾਇਰੈਕਟਰ, ਸਿੱਖਿਆ ਵਿਭਾਗ ਤੇ ਸਹਿ-ਕਨਵੀਨਰ ਸ਼੍ਰੀਮਤੀ ਆਰਜ਼ੂ, ਸਹਾਇਕ ਪ੍ਰੋਫੈਸਰ-ਕਮ-ਕਲੀਨਿਕਲ ਮਨੋਵਿਗਿਆਨੀ ਦੀ ਨਿਗਰਾਨੀ ਹੇਠ ਹੋਇਆ।ਐੱਫਡੀਪੀ ਦੀ ਸ਼ੁਰੂਆਤ ਉਦਘਾਟਨੀ ਸਮਾਰੋਹ ਨਾਲ ਹੋਈ, ਜਿਸ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦਾ ਸਵਾਗਤ ਸ਼ਾਮਲ ਸੀ।ਪਹਿਲੇ ਦਿਨ ਮਨੋਵਿਗਿਆਨੀ ਸ੍ਰੀਮਤੀ ਡਿੰਪਲ ਦੁਆਰਾ 'ਤਣਾਅ ਤੋਂ ਸਫਲਤਾ' ਸਿਰਲੇਖ ਵਾਲਾ ਇੱਕ ਸੈਸ਼ਨ, ਦੂਜੇ ਦਿਨ ਮਨੋਵਿਗਿਆਨੀ ਸ਼੍ਰੀਮਤੀ ਅਨੰਨਿਆ ਤੇ ਉਨ੍ਹਾਂ ਦੇ 'ਮੋਬਾਈਲ ਫੋਨ ਦੀ ਆਦਤ ਤੇ ਜ਼ਿੰਦਗੀ ਉਪਰ ਇਸ ਦੇ ਪ੍ਰਭਾਵ' ਵਿਸ਼ੇ 'ਤੇ ਬਹੁਤ ਹੀ ਦਿਲਚਸਪ ਸੈਸ਼ਨ ਤੇ ਤੀਜੇ ਦਿਨ ਮਨੋਵਿਗਿਆਨੀ ਸ਼੍ਰੀਮਤੀ ਅਨੁਸ਼ਕਾ ਨੇ 'ਰੋਕੋ, ਪ੍ਰਕਿਰਿਆ, ਪ੍ਰਦਰਸ਼ਨ' ਵਿਸ਼ੇ 'ਤੇ ਇੱਕ ਸੈਸ਼ਨ ਦਿੱਤਾ।ਚੌਥੇ ਦਿਨ ਸਹਾਇਕ ਪ੍ਰੋਫੈਸਰ ਤੇ ਕਲੀਨਿਕਲ ਮਨੋਵਿਗਿਆਨੀ ਸ਼੍ਰੀਮਤੀ ਆਰਜ਼ੂ ਦੁਆਰਾ 'ਰੋਕੋਕ੍ਰਾਸਟੀਨੇਸ਼ਨ ਤੋਂ ਉਤਪਾਦਕਤਾ ਤੱਕ' ਵਿਸ਼ੇ 'ਤੇ ਇੱਕ ਸਰਗਰਮ ਸੈਸ਼ਨ ਕਰਵਾਇਆ ਗਿਆ।ਆਖਰੀ ਦਿਨ ਦੀ ਸ਼ੁਰੂਆਤ 'ਤਣਾਅ ਪ੍ਰਬੰਧਨ ਤੇ ਬਰਨਆਊਟ ਰੋਕਥਾਮ' ਵਿਸ਼ੇ 'ਤੇ ਇੱਕ ਸੈਸ਼ਨ ਨਾਲ ਹੋਈ, ਜਿਸ ਦਾ ਸੰਚਾਲਨ ਸ਼੍ਰੀਮਤੀ ਸ਼ਰੂਤੀ, ਸਹਾਇਕ ਪ੍ਰੋਫੈਸਰ ਕਮ ਕਲੀਨਿਕਲ ਮਨੋਵਿਗਿਆਨੀ ਦੁਆਰਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ ਨੇ ਮਨ ਦੀ ਸਥਿਰਤਾ, ਕਰਮਚਾਰੀ ਤੰਦਰੁਸਤੀ, ਲੀਡਰਸ਼ਿਪ ਤੇ ਨਿੱਜੀ ਪੱਧਰ 'ਤੇ ਸੁਧਾਰ ਦੀ ਜ਼ਰੂਰਤ ਬਾਰੇ ਗੱਲ ਕੀਤੀ।ਸਮਾਪਤੀ ਸਮਾਗਮ ਵਿੱਚ ਚਾਂਸਲਰ ਤੇ ਪ੍ਰੋ-ਚਾਂਸਲਰ ਦੁਆਰਾ ਭਾਗੀਦਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ।ਅਖੀਰ ਵਿੱਚ ਸ਼੍ਰੀਮਤੀ ਸ਼ਰੂਤੀ ਦੁਆਰਾ ਸਭ ਦਾ ਧੰਨਵਾਦ ਕੀਤਾ ਗਿਆ।

## 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ : ਖਣਮੁੱਖ ਭਾਰਤੀ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਅੰਦਰ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਚੁੱਕ ਕੇ ਕੰਮ ਕਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋਂ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਪ੍ਰਚਾਰ ਦੌਰਾਨ ਹਲਕੇ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਥੇ ਸਖ਼ਤ ਮਿਹਨਤ ਨਾਲ ਪੈਰਾਂ ਸਿਰ ਖੜ੍ਹਾ ਕੀਤਾ, ਉੱਥੇ ਬਲਾਕ ਸੰਮਤੀ ਚੋਣਾਂ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕੀਤੀ ਸਖ਼ਤ ਮਿਹਨਤ ਸਦਕਾ ਗੂੰਜ ਵਿਰੋਧੀ ਆਗੂਆਂ 'ਤੇ ਪੈਂਦੀ ਰਹੀ।ਉਨ੍ਹਾਂ ਦੀ ਮਿਹਨਤ ਨੂੰ ਦੇਖਦਿਆਂ ਉੱਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖੁਸ਼ ਹੋਏ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋਂ ਨੇ ਚੋਣ ਪ੍ਰਚਾਰ ਦੌਰਾਨ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ। ਉਨ੍ਹਾ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਲਿਆਂਦੇ ਬਿਨਾਂ ਪੰਜਾਬ ਦਾ ਭਲਾ ਸੰਭਵ ਨਹੀਂ ਹੈ।ਉਨ੍ਹਾਂ ਕਿਹਾ ਕਿ ਹਲਕਾ ਨਿਹਾਲ ਸਿੰਘ ਵਾਲਾ ਵਿੱਚੋਂ ਬਲਾਕ ਸੰਮਤੀ ਚੋਣਾਂ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਅਕਾਲੀ ਦਲ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ, ਕਿਉਂਕਿ ਪੰਜਾਬ ਦੇ ਲੋਕਾਂ ਨੇ ਆਮ ਪਾਰਟੀ ਦਾ ਮਾੜਾ ਰਾਜ ਦੇਖ ਲਿਆ ਹੈ।

# ਫਰੀਦਕੋਟ ਪੁਲਸ ਵੱਲੋਂ ਖੋਹ ਦੀ ਵਾਰਦਾਤ ਦਾ ਪਰਦਾ ਫਾਸ਼, 4 ਮੁਲਜ਼ਮਾਂ ਸਣੇ ਮੁਦਈ ਵੀ ਗ੍ਰਿਫਤਾਰ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਫਰੀਦਕੋਟ ਪੁਲਸ ਨੇ ਪਿੰਡ ਕੁਹਾਰਵਾਲਾ ਵਿਖੇ ਹੋਈ ਕਥਿਤ ਖੋਹ ਦੀ ਵਾਰਦਾਤ ਦਾ ਮਹਿਜ਼ ਚੰਦ ਘੰਟਿਆਂ ਵਿੱਚ ਹੀ ਖੁਲਾਸਾ ਕਰ ਦਿੱਤਾ ਹੈ।ਪੁਲਸ ਨੇ ਨਾ ਸਿਰਫ਼ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਸਗੋਂ ਖੋਹ ਦੀ ਝੂਠੀ ਇਤਲਾਹ ਦੇਣ ਵਾਲੇ ਮੁਦਈ ਸਮੇਤ ਉਸ ਦੇ ਸਾਥੀ ਨੂੰ ਵੀ ਦੋਸ਼ੀ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਬੀਤੀ 9 ਦਸੰਬਰ ਨੂੰ ਕੁਲਵੰਤ ਸਿੰਘ ਨਾਮ ਦੇ ਵਿਅਕਤੀ ਨੇ ਪੁਲਸ ਨੂੰ ਇਤਲਾਹ ਦਿੱਤੀ ਸੀ ਕਿ ਉਹ 8463 ਬੈਂਕ ਵਿੱਚੋਂ ਕਢਵਾਏ ?2,15,000 ਲੈ ਕੇ ਪਿੰਡ ਕੁਹਾਰਵਾਲਾ ਪਹੁੰਚਿਆ।ਉੱਥੇ ਇੱਕ ਸਵਿਫਟ ਕਾਰ (ਪੀਬੀ-31 ਐੱਨ 4482) ਵਿੱਚ ਸਵਾਰ 4 ਵਿਅਕਤੀਆਂ ਨੇ ਉਸ ਨੂੰ ਰੋਕਿਆ।ਇਨ੍ਹਾਂ ਵਿੱਚੋਂ ਕਾਰ ਡਰਾਈਵਰ ਨੇ ਪੁਲਸ ਦੀ ਵਰਦੀ ਵੀ ਪਾਈ ਹੋਈ ਸੀ।ਮੁਦਈ ਨੇ ਦੱਸਿਆ ਕਿ ਇਹ ਵਿਅਕਤੀ ਉਸ ਦੀ ਗੱਡੀ ਵਿੱਚੋਂ ?2.15 ਲੱਖ ਖੋਹ ਕੇ ਲੈ ਗਏ।ਇਸ ਸੂਚਨਾ ਦੇ ਆਧਾਰ 'ਤੇ ਥਾਣਾ ਸਦਰ ਕੋਟਕਪੂਰਾ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਅਤੇ ਸ੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐੱਸ ਪੀ (ਇੰਨਵੈਸਟੀਗੇਸ਼ਨ) ਦੀ ਰਹਿਨੁਮਾਈ ਹੇਠ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਨੇ ਸਵਿਫਟ ਕਾਰ ਦੇ ਮਾਲਕ ਲਖਮੀਰ ਸਿੰਘ ਦੇ ਬਿਆਨਾਂ 'ਤੇ ਚਾਰ ਵਿਅਕਤੀਆਂ ਰਣਜੀਤ ਸਿੰਘ, ਹਰਦੀਪ ਸਿੰਘ, ਸਿਪਾਹੀ ਵਰਿੰਦਰ ਸਿੰਘ ਤੇ ਹਰਜੀਤ ਸਿੰਘ ਨੂੰ 10 ਦਸੰਬਰ ਨੂੰ ਗ੍ਰਿਫ਼ਤਾਰ ਕਰ ਲਿਆ।ਮੁੱਢਲੀ ਤਫ਼ਤੀਸ਼ ਦੌਰਾਨ ਗ੍ਰਿਫ਼ਤਾਰ ਕੀਤੇ ਦੋਸ਼ੀਆਂ ਨੇ ਮੰਨਿਆ ਕਿ ਉਨ੍ਹਾਂ ਨੇ ਲੁੱਟ ਦੀ ਨੀਯਤ ਨਾਲ ਕੁਲਵੰਤ ਸਿੰਘ ਦੀ ਗੱਡੀ ਨੂੰ ਰੋਕਿਆ ਸੀ, ਪਰ ਉਹ ਪੈਸਿਆਂ ਦੀ ਖੋਹ ਨਹੀਂ ਕਰ ਸਕੇ।ਇਸ ਤੋਂ ਬਾਅਦ ਜਦੋਂ ਮੁਦਈ ਕੁਲਵੰਤ ਸਿੰਘ ਤੇ ਉਸ ਦੇ ਦੋਸਤ ਰਜਿੰਦਰ ਸਿੰਘ ਕੋਲੋਂ ਪੁੱਛਗਿੱਛ ਕੀਤੀ ਗਈ ਤਾਂ ਕੁਲਵੰਤ ਸਿੰਘ ਨੇ ਮੰਨਿਆ ਕਿ ਬੈਂਕ ਵਿੱਚੋਂ ਕਢਵਾਏ ?2,15,000 ਉਸ ਦੇ ਪਾਸ ਹੀ ਸੁਰੱਖਿਅਤ ਸਨ।ਉਸ ਨੇ ਤੇ ਉਸ ਦੇ ਸਾਥੀ ਰਜਿੰਦਰ ਸਿੰਘ ਨੇ ਲੁੱਟ-ਖੋਹ ਦੀ ਝੂਠੀ ਕਹਾਣੀ ਬਣਾਈ ਸੀ।ਇਸ ਕਬੂਲਨਾਮੇ ਤੋਂ ਬਾਅਦ ਪੁਲਸ ਨੇ ਮੁਕੱਦਮੇ ਵਿੱਚ ਕੁਲਵੰਤ ਸਿੰਘ ਤੇ ਰਜਿੰਦਰ ਸਿੰਘ ਨੂੰ ਵੀ ਬਤੌਰ ਦੋਸ਼ੀ ਨਾਮਜ਼ਦ ਕਰਕੇ ਧਾਰਾਵਾਂ ਦਾ ਵਾਧਾ ਕੀਤਾ ਤੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ।ਗ੍ਰਿਫ਼ਤਾਰ ਕੀਤੇ ਦੋਸ਼ੀਆਂ ਵਿੱਚੋਂ ਇੱਕ ਪੁਲਸ ਮੁਲਾਜ਼ਮ ਵਰਿੰਦਰ ਸਿੰਘ ਪਾਸੋਂ ਹੌਲਸਟਰ ਸਮੇਤ 15 ਜ਼ਿੰਦਾ ਰੌਂਦ ਵੀ ਬਰਾਮਦ ਹੋਏ ਹਨ।ਐਸ.ਐਸ.ਪੀ. ਨੇ ਦੱਸਿਆ ਕਿ ਮੁਲਜ਼ਮ ਰਣਜੀਤ ਸਿੰਘ, ਹਰਦੀਪ ਸਿੰਘ, ਸਿਪਾਹੀ ਵਰਿੰਦਰ ਸਿੰਘ ਤੇ ਹਰਜੀਤ ਸਿੰਘ ਖਿਲਾਫ ਪਹਿਲਾਂ ਵੀ ਖੋਹ ਤੇ ਹੋਰ ਸੰਗੀਨ ਅਪਰਾਧਾਂ ਤਹਿਤ 3 ਮੁਕੱਦਮੇ ਦਰਜ ਹਨ।

## ਪਤੀ-ਪਤਨੀ ਦੇ ਝਗੜੇ ਦੇ ਸੰਬੰਧ 'ਚ 3 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਮੋਹਕਮ ਅਰਾਈਆਂ ਵਿਖੇ ਬੀਤੇ ਦਿਨ ਆਪਸੀ ਪਰਿਵਾਰਕ ਮੈਂਬਰਾਂ ਦੇ ਹੋਏ ਝਗੜੇ ਦੇ ਸਬੰਧ ਵਿੱਚ ਥਾਣਾ ਸਦਰ ਪੁਲਸ ਵੱਲੋਂ 3 ਲੋਕਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬੇਅੰਤ ਸਿੰਘ ਨੇ ਦੱਸਿਆ ਕਿ ਮੁਦੱਈ ਮਨਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਪਿੰਡ ਮੋਹਕਮ ਅਰਾਈਆਂ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਮਿਤੀ 28-09-2025 ਨੂੰ ਉਨ੍ਹਾਂ ਦੋਵਾਂ ਪਤੀ-ਪਤਨੀ ਦਾ ਲੜਾਈ-ਝਗੜਾ ਹੋਇਆ ਸੀ, ਜਿਸ 'ਤੇ ਉਹ ਇਲਾਜ ਲਈ ਦਾਖ਼ਲ ਹੋਏ ਅਤੇ ਅੱਜ ਐਕਸਰੇ ਰਿਪੋਰਟ ਥਾਣੇ ਵਿੱਚ ਆਈ ਹੈ।

ਮੁਦੱਈ ਮਨਜੀਤ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਬਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ, ਪੱਪੋ ਬਾਈ ਪੁੱਤਰੀ ਹਾਕਮ ਸਿੰਘ ਤੇ ਸੁਖਚੈਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀਆਨ ਪਿੰਡ ਮੋਹਕਮ ਅਰਾਈਆਂ ਖਿਲਾਫ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।



ਪ੍ਰਸਿੱਧ ਰੰਗਕਰਮੀ ਗੁਲਜ਼ਾਰ ਸਿੰਘ ਪਟਿਆਲਵੀ ਨੂੰ ਨਾਟਕ ਰਾਹੀਂ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵਿਖੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਸਨਮਾਨਤ ਕੀਤਾ ਗਿਆ।(ਫੋਟੋ ਤੇ ਕੈਪਸ਼ਨ-ਰਾਜਿੰਦਰ ਬਿੰਦ, ਪਟਿਆਲਾ)

## ਡਾ. ਸਿਕੰਦਰ ਸਿੰਘ ਤੇ ਡਾ. ਗੁਰਦਾਸ ਸਿੰਘ ਦਾ ਅੰਤਰਰਾਸ਼ਟਰੀ ਸੇਵਾਵਾਂ ਲਈ ਚੁਣੇ ਜਾਣਾ ਮਾਣ ਵਾਲੀ ਗੱਲ : ਅਨਿਲ ਕੁਮਾਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਫਿਲੀਪੀਨ ਵਿੱਚ 33ਵੇਂ ਏਸ਼ੀਆ ਪ੍ਰਸ਼ਾਂਤ ਖੇਤਰੀ ਸਕਾਊਟ ਜੰਬੋਰੀ ਵਿੱਚ ਭਾਗ ਲੈਣ ਲਈ ਰਵਾਨਾ ਹੋਏ ਸਰਕਾਰੀ ਸੀਨੀਅਰ ਸਕੂਲ ਦੇਸੂ ਮਲਕਾਣਾ ਦੇ ਲੈਕਚਰਾਰ ਡਾ. ਸਿਕੰਦਰ ਸਿੰਘ ਸਿੱਧੂ ਤੇ ਸਰਕਾਰੀ ਸੀਨੀਅਰ ਸਕੂਲ ਮਸੀਤਾਂ ਦੇ ਲੈਕਚਰਾਰ ਡਾ. ਗੁਰਦਾਸ ਸਿੰਘ ਸੋਨੀ ਦੇ ਅੰਤਰਰਾਸ਼ਟਰੀ ਜੰਬੋਰੀ ਲਈ ਚੁਣੇ ਨਾਲ ਸਿਰਸਾ ਜ਼ਿਲ੍ਹੇ ਦਾ ਨਾਮ ਇੱਕ ਵਾਰ ਫਿਰ ਅੰਤਰਰਾਸ਼ਟਰੀ ਮੰਚ 'ਤੇ ਸਨਮਾਨ ਨਾਲ ਗੂੰਜਿਆ ਹੈ। ਭਾਰਤ ਸਕਾਊਟ ਤੇ ਗਾਈਡ ਦੇ ਪ੍ਰਧਾਨ ਅਨਿਲ ਕੁਮਾਰ ਜੈਨ ਤੇ ਰਾਸ਼ਟਰੀ ਮੁੱਖ ਕਮਿਸ਼ਨਰ (ਆਈਏਐੱਸ ਸੇਵਾ ਮੁਕਤ) ਕੇ. ਕੇ. ਖੰਡੇਲਵਾਲ, ਅੰਤਰਰਾਸ਼ਟਰੀ ਕਮਿਸ਼ਨਰ ਮਧੂਸੂਦਨ ਆਵਾਲਾ ਤੇ ਹਰਿਆਣਾ ਰਾਜ ਬੀ.ਐੱਸ.ਜੀ ਸਕੱਤਰ ਆਈਏਐੱਸ ਮਨੀਰਾਮ ਸ਼ਰਮਾ ਦੀ ਅਗਵਾਈ ਹੇਠ ਇਨ੍ਹਾਂ ਲੈਕਚਰਾਰਾਂ ਦੀ ਚੋਣ ਸੰਪੰਨ ਹੋਈ। ਹਰਿਆਣਾ ਤੋਂ ਚੁਣੇ ਗਏ ਇਨ੍ਹਾਂ ਦੋ ਨੁਮਾਇੰਦਿਆਂ ਨੂੰ ਵਧਾਈ ਦਿੰਦੇ ਹੋਏ ਰਾਜ ਸੰਗਠਨ ਕਮਿਸ਼ਨਰ ਐੱਲ. ਐੱਸ. ਵਰਮਾ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਢਿੱਲੋਂ, ਡੀਓਸੀ (ਸਕਾਊਟ) ਡਾ. ਇੰਦਰ ਸੈਨ ਤੇ ਡੀਓਸੀ (ਗਾਈਡ) ਊਸ਼ਾ ਗੁਪਤਾ, ਪ੍ਰਿੰਸੀਪਲ ਦਵਿੰਦਰ ਸਿੰਘ ਤੇ ਪ੍ਰਿੰਸੀਪਲ ਨਿਰਮਲ ਸਿੰਘ ਨੇ ਇਸ ਨੂੰ ਸਿਰਸਾ ਜ਼ਿਲ੍ਹੇ ਲਈ ਮਾਣ ਵਾਲਾ ਪਲ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਜ਼ਿਲ੍ਹੇ ਦੇ ਸਕਾਊਟ ਪਰਵਾਰ ਦੀਆਂ ਗਤੀਵਿਧੀਆਂ ਤੇ ਗੁਣਵੱਤਾ ਦਾ ਸਬੂਤ ਹੈ। ਪ੍ਰਿੰਸੀਪਲ ਡਾ. ਇੰਦਰ ਸੈਨ ਦਾ ਕਹਿਣਾ ਸੀ ਕਿ ਸਿਰਸਾ ਦੇ ਸਿੱਖਿਆ ਵਿਭਾਗ ਦੇ ਡੀਈਓ ਸੁਨੀਤਾ ਸਾਈਂ ਤੇ ਡੀਈਓ ਡਾ. ਵਿਜੇ ਲਕਸ਼ਮੀ ਦੁਆਰਾ ਪ੍ਰਦਾਨ ਕੀਤੀ ਅਗਵਾਈ ਅਤੇ ਪ੍ਰੇਰਨਾ ਸਦਕਾ ਇਨ੍ਹਾਂ ਦੋਵਾਂ ਸਕਾਊਟ ਗਾਈਡਾਂ ਦਾ ਪਦਰਸ਼ਨ ਭਾਰਤ ਸਕਾਊਟ ਤੇ ਗਾਈਡਾਂ ਦੀ ਵਧਦੀ ਵਿਸ਼ਵ ਵਿਆਪੀ ਤਰੱਕੀ ਦਾ ਪ੍ਰਤੀਕ ਹੈ।

## ਕੋਟਾਂ ਕਾਲਜ ਦੀ ਸਿਮਰਦੀਪ ਨੇ ਜਿੱਤਿਆ ਚਾਂਦੀ ਦਾ ਤਮਗਾ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਦੀ ਵਿਦਿਆਰਥਣ ਸਿਮਰਦੀਪ ਕੌਰ ਨੇ ਦੀ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਹੋਏ ਪੰਜਾਬ ਸਟੇਟ ਪੱਧਰੀ ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਦੂਜੇ ਸਥਾਨ 'ਤੇ ਰਹਿ ਕੇ ਚਾਂਦੀ ਦਾ ਤਮਗਾ ਜਿੱਤਿਆ ਅਤੇ ਸੰਸਥਾ ਤੇ ਮਾਪਿਆਂ ਦਾ ਮਾਣ ਵਧਾਇਆ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਕੋਚ ਸਾਹਿਬਾਨ, ਡੀਨ ਸਪੋਰਟਸ, ਇੰਚਾਰਜ ਅਧਿਆਪਕ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਸਿਮਰਨ ਤੇ ਉਸ ਦੇ ਪਰਵਾਰ ਨੂੰ ਮੁਬਾਰਕਬਾਦ ਦਿੰਦਿਆਂ ਸਿਮਰਨ ਦੀ ਨਿਰੰਤਰ ਦਿਨ-ਰਾਤ ਦੀ ਮਿਹਨਤ, ਲਗਨ ਤੇ ਦ੍ਰਿੜ੍ਹਤਾ ਦੀ ਸ਼ਲਾਘਾ ਕੀਤੀ।

# ਗੈਰ-ਹਾਜ਼ਰ ਪੋਲਿੰਗ ਸਟਾਫ 'ਤੇ ਦਰਜ ਕੇਸ ਵਾਪਸ ਲਏ ਜਾਣ : ਡੀ ਟੀ ਐੱਫ



**ਸਮਰਾਲਾ (ਸੁਰਜੀਤ ਸਿੰਘ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ ਤੇ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਰਿਟਰਨਿੰਗ ਅਫਸਰ-ਕਮ-ਸਬ ਡਵੀਜ਼ਨਲ ਮੈਜਿਸਟ੍ਰੇਟ ਸਮਰਾਲਾ ਵੱਲੋਂ ਚੋਣ ਰਿਹਰਸਲ 'ਤੇ ਨਾ ਜਾ ਸਕਣ ਵਾਲੇ ਅਧਿਆਪਕਾਂ ਤੇ ਹੋਰ ਵਿਭਾਗਾਂ ਦੇ ਕਰਮਚਾਰੀਆਂ 'ਤੇ ਐੱਫ.ਆਈ.ਆਰ. ਦਰਜ ਕਰਨ ਦੀ ਹਦਾਇਤ ਜਾਰੀ ਕਰਨ ਨੂੰ ਅਫ਼ਸਰਸ਼ਾਹੀ ਦਾ ਸ਼ਰਮਨਾਕ ਤੇ ਨਿੰਦਣਯੋਗ ਕਦਮ ਕਰਾਰ ਦਿੰਦੇ ਹੋਏ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ।

ਦਰਅਸਲ ਅਧਿਕਾਰੀਆਂ ਵੱਲੋਂ ਮੁਲਾਜ਼ਮਾਂ ਦੀ ਚੋਣ ਡਿਊਟੀ ਤੋਂ ਗੈਰ-ਹਾਜ਼ਰੀ ਦਾ ਕਾਰਨ ਜਾਣਨ ਦੀ ਵੀ ਜਹਿਮਤ ਨਹੀਂ ਕੀਤੀ ਤੇ ਸਿੱਧੇ ਪੁਲਸ ਪਰਚਾ ਦਰਜ ਕਰਨ ਵਰਗੀ ਸਖ਼ਤ ਹਦਾਇਤ ਜਾਰੀ ਕਰ ਦਿੱਤੀ ਹੈ।ਡੀ.ਟੀ.ਐੱਫ. ਆਗੂਆਂ ਰਾਜਿੰਦਰ ਜੰਡਿਆਲੀ ਤੇ ਮਨਪ੍ਰੀਤ ਸਮਰਾਲਾ ਨੇ ਕਿਹਾ ਕਿ ਅਧਿਆਪਕਾਂ 'ਤੇ ਗੈਰ-ਵਿੱਦਿਅਕ ਕੰਮਾਂ ਦਾ ਭਾਰ ਪਹਿਲਾਂ ਹੀ ਬਹੁਤ ਹੈ, ਪ੍ਰੰਤੂ ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਤੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਤੋਂ ਬਿਨਾਂ ਹਰ ਕਿਸਮ ਦਾ ਗੈਰ-ਵਿੱਦਿਅਕ ਕੰਮ ਲਿਆ ਜਾ ਰਿਹਾ ਹੈ।

ਹਜ਼ਾਰਾਂ ਅਧਿਆਪਕਾਂ ਦੀ ਚੋਣ ਡਿਊਟੀ ਘਰਾਂ ਤੋਂ 100-100 ਕਿਲੋਮੀਟਰ ਦੀ ਦੂਰੀ 'ਤੇ ਲਗਾ ਕਿ ਜਿੱਥੇ ਅਧਿਆਪਕਾਂ ਨੂੰ ਭਾਰੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉੱਥੇ ਇਨ੍ਹਾਂ ਡਿਊਟੀਆਂ ਦੌਰਾਨ ਸਕੂਲਾਂ ਦੀ ਪੜ੍ਹਾਈ ਠੱਪ ਕਰ ਦਿੱਤੀ ਗਈ ਹੈ।ਬੂਥ ਲੈਵਲ ਅਫ਼ਸਰ ਵਜੋਂ ਤਾਇਨਾਤ ਅਧਿਆਪਕਾਂ ਤੇ ਹੋਰ ਮੁਲਾਜ਼ਮਾਂ ਨੂੰ ਪਹਿਲਾਂ ਚੋਣ ਡਿਊਟੀ ਤੋਂ ਛੋਟ ਦੇ ਦਿੱਤੀ ਗਈ ਸੀ, ਪਰ ਹੁਣ ਡਿਊਟੀ 'ਤੇ ਹਾਜ਼ਰ ਹੋਣ ਦੀ ਹਦਾਇਤ ਜਾਰੀ ਕਰਕੇ ਤੀਹਰੀ ਡਿਊਟੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਅਧਿਆਪਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਲੁਧਿਆਣਾ ਮੰਗ ਕਰਦੀ ਹੈ ਕਿ ਅਧਿਆਪਕਾਂ 'ਤੇ ਐੱਫ. ਆਈ. ਆਰ ਦਰਜ ਕਰਨ ਦੀ ਹਦਾਇਤ ਵਾਪਸ ਲਈ ਜਾਵੇ ਤੇ ਭਵਿੱਖ ਵਿੱਚ ਅਧਿਆਪਕਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।

## ਸੁਖਬੀਰ ਬਾਦਲ ਨੇ ਹਲਕਾ ਗੁਰੂ ਹਰਸਹਾਏ 'ਚ ਕੀਤਾ ਚੋਣ ਪ੍ਰਚਾਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜ਼ਿਲ੍ਹਾ ਪ੍ਰੀਸ਼ਦ ਦੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹੁੰਚੇ।ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਜ਼ੋਰਦਾਰ ਚੋਣ ਪ੍ਰਚਾਰ ਕਰਦਿਆਂ ਲੋਕਾਂ ਨੂੰ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ।ਗੁਰੂ ਹਰਸਹਾਏ ਹਲਕੇ ਦੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੇ ਅਕਾਲੀ ਉਮੀਦਵਾਰਾਂ ਦੇ ਹੱਕ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਝੂਠੇ ਸਬਜ਼ਬਾਗ ਵਿਖਾ ਕੇ ਚੋਣਾਂ ਜਿੱਤੀਆਂ ਸਨ ਅਤੇ ਕੋਈ ਵੀ ਪੰਜਾਬ ਦੇ ਭਲੇ ਦਾ ਕੰਮ ਨਹੀਂ ਕੀਤਾ। ਇਸ ਪਾਰਟੀ ਨੂੰ ਹੁਣ ਲੋਕ ਕਦੇ ਮੂੰਹ ਨਹੀਂ ਲਾਉਣਗੇ।ਉਨ੍ਹਾਂ ਕਾਂਗਰਸ ਤੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਆਖਿਆ ਕਿ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਪੰਜਾਬ ਦਾ ਭਲਾ ਨਹੀਂ ਕਰ ਸਕਦੀਆਂ।ਉਨ੍ਹਾਂ ਕਿਹਾ ਕਿ ਉਹ ਤਕੜੇ ਹੋ ਕੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾ ਕੇ ਕਾਮਯਾਬ ਕਰਨ ਤਾਂ ਜੋ 2027 ਅੰਦਰ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣ ਸਕੇ।

# ਪੈਨਸ਼ਨਰ ਦਿਵਸ ਸਮਾਰੋਹ 17 ਨੂੰ ਮਨਾਇਆ ਜਾਵੇਗਾ : ਢੋਸੀਵਾਲ

### ਨਵੀਨ ਪਟਿਆਲ ਹੋਣਗੇ ਮੁੱਖ ਮਹਿਮਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਪੈਨਸ਼ਨਰ ਦਿਵਸ 17 ਦਸੰਬਰ ਨੂੰ ਸਥਾਨਕ ਮਲੋਟ ਰੋਡ ਸਥਿਤ ਤਾਜ ਪੈਲੇਸ ਵਿਖੇ ਮਨਾਇਆ ਜਾਵੇਗਾ।ਸਮਾਰੋਹ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ।ਸਟੇਟ ਬੈਂਕ ਆਫ ਇੰਡੀਆ ਦੇ ਰੀਜਨਲ ਮੈਨੇਜਰ ਨਵੀਨ ਕੁਮਾਰ ਪਟਿਆਲ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ, ਜਦੋਂਕਿ ਸਟੇਟ ਬੈਂਕ ਆਫ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਪੰਜਾਬ ਐਂਡ ਸਿੰਧ ਬੈਂਕ ਤੇ ਸੈਂਟਰਲ ਬੈਂਕ ਦੇ ਮੈਨੇਜਰ ਸਮਾਰੋਹ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਣਗੇ।ਉਕਤ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਜਸਪਾਲ ਮੋਂਗਾ ਤੇ ਜ਼ਿਲ੍ਹਾ ਖਜ਼ਾਨਾ ਅਫਸਰ ਹਰਵਿੰਦਰ ਸਿੰਘ ਨੂੰ ਵੀ ਐਸੋਸੀਏਸ਼ਨ ਵੱਲੋਂ ਖਾਸ ਤੌਰ 'ਤੇ ਸੱਦਾ ਪੱਤਰ ਦਿੱਤਾ ਗਿਆ ਹੈ।ਸਮਾਰੋਹ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਸਟੇਜ ਸੰਚਾਲਨ ਕਰਨਗੇ।ਪੈਨਸ਼ਨਰ ਦਿਵਸ ਸਮਾਰੋਹ ਨੂੰ ਸ਼ਾਨਦਾਰ ਤੇ ਸਫਲ ਤਰੀਕੇ ਨਾਲ ਨੇਪਰੇ ਚਾੜ੍ਹਨ ਦੀ ਤਿਆਰੀ ਤੇ ਆਖਰੀ ਪ੍ਰਬੰਧਾਂ ਦੀ ਦੇਖ-ਰੇਖ ਲਈ ਇਥੇ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ ਪੈਨਸ਼ਨਰ ਭਵਨ ਵਿਖੇ ਹੋਈ। ਪ੍ਰਧਾਨ ਸ਼ਰਮਾ ਅਗਵਾਈ ਹੇਠਲੀ ਇਸ ਮੀਟਿੰਗ ਵਿੱਚ ਜਨਰਲ ਸਕੱਤਰ ਅਟਵਾਲ ਤੋਂ ਇਲਾਵਾ ਹਰਦੇਵ ਸਿੰਘ, ਜਸਵੰਤ ਸਿੰਘ ਬਰਾੜ, ਕਰਨੈਲ ਸਿੰਘ ਬਰਾੜ, ਸੁਰਿੰਦਰਜੀਤ, ਕੁਲਦੀਪ ਸਿੰਘ ਬਰਾੜ ਅਤੇ ਸ਼ਾਮ ਲਾਲ ਆਦਿ ਮੌਜੂਦ ਸਨ।ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਸਮਾਰੋਹ ਲਈ ਸਵਾਗਤੀ ਕਮੇਟੀ, ਪ੍ਰਬੰਧਕੀ ਕਮੇਟੀ ਤੇ ਪ੍ਰਚੇਜ ਕਮੇਟੀ ਸਮੇਤ ਹੋਰਨਾਂ ਕਮੇਟੀਆਂ ਦਾ ਗਠਨ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਸਮਾਰੋਹ ਦੌਰਾਨ ਐਸੋਸੀਏਸ਼ਨ ਦੇ ਸਾਲ ਭਰ ਦੇ ਲੇਖੇ ਜੋਖੇ ਦੀ ਵਿੱਤੀ ਰਿਪੋਰਟ ਪੇਸ਼ ਕੀਤੀ ਜਾਵੇਗੀ।ਇਸ ਤੋਂ ਇਲਾਵਾ ਜਥੇਬੰਦੀ ਦੀ ਮਹਾਨਤਾ, ਪੈਨਸ਼ਨਰਾਂ ਦੀਆਂ ਮੰਗਾਂ ਤੇ ਪੈਨਸ਼ਨਰ ਸੰਘਰਸ਼ ਬਾਰੇ ਚਾਨਣਾ ਪਾਇਆ ਜਾਵੇਗਾ।ਇਸ ਦੇ ਨਾਲ ਹੀ ਸਰਕਾਰ ਵੱਲੋਂ ਸੇਵਾ ਮੁਕਤ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਨੂੰ ਲਟਕਾਏ ਜਾਣ ਸਬੰਧੀ ਚਰਚਾ ਤੇ ਅਗਲੇ ਸੰਘਰਸ਼ ਬਾਰੇ ਰਣਨੀਤੀ ਵੀ ਬਣਾਈ ਜਾਵੇਗੀ।

## ਇਮਾਰਤ ਢਾਹੁਣ ਦੇ ਵਿਵਾਦ ਨੂੰ ਲੈ ਕੇ ਪਤੀ-ਪਤਨੀ ਦੀ ਕੁੱਟਮਾਰ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਥਾਣਾ ਛਾਉਣੀ ਫ਼ਿਰੋਜ਼ਪੁਰ ਦੀ ਪੁਲਸ ਨੇ ਇਮਾਰਤ ਨੂੰ ਢਾਹੁਣ ਦੇ ਵਿਵਾਦ ਨੂੰ ਲੈ ਕੇ ਇਕ ਵਿਅਕਤੀ ਤੇ ਉਸ ਦੀ ਪਤਨੀ ਨੂੰ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਅਤੇ ਘਟਨਾ ਤੋਂ ਬਾਅਦ ਔਰਤ ਦੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੇਨ ਖੋਹ ਕੇ ਫ਼ਰਾਰ ਹੋਏ 4 ਲੋਕਾਂ ਖ਼ਿਲਾਫ਼ ਕੁੱਟਮਾਰ ਕਰਨ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ।ਜਾਣਕਾਰੀ ਦਿੰਦੇ ਹੋਏ ਥਾਣਾ ਛਾਉਣੀ ਫ਼ਿਰੋਜ਼ਪੁਰ ਦੇ ਏ.ਐੱਸ.ਆਈ. ਸਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨ ਵਿੱਚ ਸ਼ਿਕਾਇਤਕਰਤਾ ਸੋਹਨ ਲਾਲ ਪੁੱਤਰ ਕ੍ਰਿਸ਼ਨ ਚੰਦ ਪੁੱਤਰ ਜੈ ਸੁਖ ਰਾਮ ਵਾਸੀ ਮਕਾਨ ਨੰਬਰ 229 ਬਾਜ਼ਾਰ ਨੰਬਰ 2 ਫ਼ਿਰੋਜ਼ਪੁਰ ਛਾਉਣੀ ਨੇ ਦੱਸਿਆ ਕਿ ਉਹ ਬੀਤੀ 10 ਦਸੰਬਰ ਨੂੰ ਜਦੋਂ ਸ਼ਾਮ ਦੇ ਸਮੇਂ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਨਰੇਸ਼ ਕੁਮਾਰ, ਬਿੰਦਰ ਕੁਮਾਰ, ਦੀਪਕ ਕੁਮਾਰ ਪੁੱਤਰ ਸੰਤ ਲਾਲ ਤੇ ਕੇਸ਼ਵ ਪੁੱਤਰ ਨਰੇਸ਼ ਕੁਮਾਰ ਵਾਸੀ ਬਾਜ਼ਾਰ ਨੰਬਰ 2 ਫ਼ਿਰੋਜ਼ਪੁਰ ਛਾਉਣੀ ਘਰ ਦੇ ਬਾਹਰ ਆ ਕੇ ਗਾਲੀ-ਗਲੋਚ ਕਰਨ ਲੱਗੇ। ਜਦੋਂ ਪੀੜਤ ਤੇ ਉਸ ਦੀ ਪਤਨੀ ਨੇ ਬਾਹਰ ਜਾ ਕੇ ਦੇਖਿਆ ਤਾਂ ਉਕਤ ਦੋਸ਼ੀਆਨ ਨੇ ਪੀੜਤ ਤੇ ਉਸ ਦੀ ਪਤਨੀ ਨਾਲ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਦੋਸ਼ੀ ਉਸ ਦੀ ਪਤਨੀ ਦੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੇਨ ਖੋਹ ਕੇ ਉੱਥੋਂ ਫ਼ਰਾਰ ਹੋ ਗਏ।ਪੀੜਤ ਨੇ ਦੱਸਿਆ ਕਿ ਉਸ ਦੀ 100 ਸਾਲ ਪੁਰਾਣੀ ਇਮਾਰਤ ਹੈ, ਜੋ ਕਿ ਖਸਤਾ ਹਾਲ ਹੈ ਤੇ ਉਸ ਦੇ ਡਿੱਗਣ ਨਾਲ ਕਿਸੇ ਦਾ ਨੁਕਸਾਨ ਹੋ ਸਕਦਾ ਹੈ, ਜਿਸ ਸਬੰਧ ਵਿੱਚ ਕੈਂਟ ਬੋਰਡ ਨੇ ਉਨ੍ਹਾਂ ਨੂੰ ਇਮਾਰਤ ਢਾਹੁਣ ਦੇ ਲਿਖਤੀ ਆਦੇਸ਼ ਜਾਰੀ ਕੀਤੇ ਹਨ, ਪਰ ਦੋਸ਼ੀ ਉਕਤ ਇਮਾਰਤ ਨੂੰ ਢਾਹੁਣ ਨਹੀਂ ਦਿੰਦੇ ਅਤੇ ਉਸੇ ਨੂੰ ਲੈ ਕੇ ਦੋਸ਼ੀਆਨ ਨੇ ਘਟਨਾ ਨੂੰ ਅੰਜਾਮ ਦਿੱਤਾ ਹੈ।

## ਨੌਜਵਾਨ ਭਾਰਤ ਸਭਾ ਇਲਾਕਾ ਬਰੀਵਾਲਾ ਕਮੇਟੀ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪੂਜਾ)**-ਨੌਜਵਾਨ ਭਾਰਤ ਸਭਾ ਇਲਾਕਾ ਬਰੀਵਾਲਾ ਕਮੇਟੀ ਦੀ ਮੀਟਿੰਗ ਇਲਾਕਾ ਪ੍ਰਧਾਨ ਗੁਰਤੇਜ ਸਿੰਘ ਵੜਿੰਗ ਤੇ ਇਲਾਕਾ ਸਕੱਤਰ ਲਵਪ੍ਰੀਤ ਸਿੰਘ ਸੱਕਾਂਵਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਸ਼ਹੀਦੀ ਹਫਤੇ ਦੌਰਾਨ ਪਿੰਡਾਂ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਤੇ ਬਾਬਾ ਜੀਵਨ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਚਾਰ ਗੋਸ਼ਟੀ ਤੇ ਸੈਮੀਨਾਰ ਕਰਵਾਏ ਜਾਣਗੇ।ਪ੍ਰੈੱਸ ਬਿਆਨ ਜਾਰੀ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਇਲਾਕਾ ਉੱਪ-ਪ੍ਰਧਾਨ ਰਾਜਵੀਰ ਸਿੰਘ ਬੂਟਾ ਗਿੱਲ ਤੇ ਵਿਸ਼ਾਲ ਸਰਾਏਨਾਗਾ ਨੇ ਕਿਹਾ ਕਿ ਪੋਹ ਦਾ ਮਹੀਨਾ ਪੰਜਾਬ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤਾਂ ਦਾ ਮਹੀਨਾ ਹੈ। ਇਨ੍ਹਾਂ ਦਿਨਾਂ ਵਿੱਚ ਗੁਰੂ ਸਾਹਿਬ ਦੇ ਪੂਰੇ ਪਰਵਾਰ ਦਾ ਵਿਛੋੜਾ ਪਿਆ ਤੇ ਇਸੇ ਮਹੀਨੇ ਵਿੱਚ ਹੀ ਬਾਬਾ ਜੀਵਨ ਸਿੰਘ ਤੇ ਉਸ ਦੇ ਪਰਵਾਰ ਦੀਆਂ ਸ਼ਹਾਦਤਾਂ ਹੋਈਆਂ।ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਪੰਜਾਬ ਦੀ ਨਾਬਰੀ ਦਾ ਪ੍ਰਤੀਕ ਹੈ, ਜੋ ਹਮੇਸ਼ਾ ਹਕੂਮਤ ਨੂੰ ਵੰਗਾਰਦਾ ਰਹੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਸ਼ਹਾਦਤਾਂ ਨੂੰ ਸਮਰਪਤ ਪਿੰਡਾਂ ਵਿੱਚ ਪ੍ਰੋਗਰਾਮ ਕਰਵਾਏ ਜਾਣਗੇ ਤੇ ਆਪਣੇ ਵਿਰਸੇ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ ਲਈ ਪ੍ਰੋਗਰਾਮ ਉਲੀਕੇ ਜਾਣਗੇ।ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਇਲਾਕਾ ਆਗੂ ਰਿੰਟੂ ਭੰਗੇਵਾਲਾ, ਸੈਮ ਬਰੀਵਾਲਾ, ਪ੍ਰਗਟ ਸਿੰਘ ਮੰਡਾਹਰ ਕਲਾਂ, ਬੱਗੀ ਸਿੰਘ ਸਮਾਗ ਆਦਿ ਆਗੂ ਹਾਜ਼ਰ ਸਨ।

## ਗੰਢੂ ਕਲਾਂ ਸਕੂਲ ਦੇ ਬੱਚੇ ਜ਼ਿਲ੍ਹਾ ਪੱਧਰੀ ਕੁਇੱਜ਼ 'ਚ ਮੋਹਰੀ



**ਬੋਹਾ (ਨਿਰੰਜਣ ਬੋਹਾ)**-ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਹੋਏ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ ਵਿੱਚ ਸਰਕਾਰੀ ਸੈਕੰਡਰੀ ਸਕੂਲ ਗੰਢੂ ਕਲਾਂ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਜ਼ਿਲ੍ਹੇ ਪੱਧਰ 'ਤੇ ਹੋਏ 4 ਵਿਸ਼ਿਆਂ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ ਤੇ ਅੰਗਰੇਜ਼ੀ ਵਿੱਚ ਸਕੂਲੀ ਬੱਚਿਆਂ ਦੀ ਟੀਮ ਵਿੱਚ ਦੀਪਕ ਕੌਰ ਧਾਲੀਵਾਲ (ਛੇਵੀਂ), ਤਮੰਨਾ (ਸੱਤਵੀਂ) ਤੇ ਆਂਚਲਪ੍ਰੀਤ ਕੌਰ (ਅੱਠਵੀਂ) ਸ਼ਾਮਲ ਸਨ।ਜ਼ਿਲ੍ਹਾ ਪੱਧਰ 'ਤੇ ਇਨ੍ਹਾਂ ਬੱਚਿਆਂ ਨੂੰ ਸਰਟੀਫਿਕੇਟ ਤੇ ਟ੍ਰਾਫ਼ੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਨ੍ਹਾਂ ਬੱਚਿਆਂ ਲਈ 1500 ਰੁਪਏ ਇਨਾਮੀ ਰਾਸ਼ੀ ਇਨ੍ਹਾਂ ਦੇ ਖਾਤਿਆਂ ਵਿੱਚ ਪਾਈ ਜਾਵੇਗੀ।ਸਕੂਲ ਮੁਖੀ ਸੰਜੀਵ ਕੁਮਾਰ ਤੇ ਸਮੂਹ ਸਟਾਫ ਵੱਲੋਂ ਇਨਾਮ ਜੇਤੂ ਇਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਤ ਕਰਕੇ ਇਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਇਸ ਮੌਕੇ ਜਸਬੀਰ ਸਿੰਘ, ਅਵਤਾਰ ਸਿੰਘ, ਸਰਵਨ ਸਿੰਘ, ਸ਼ਸ਼ੀ ਭੂਸ਼ਣ, ਗੁਰਪ੍ਰੀਤ ਸਿੰਘ, ਅੰਕਿਤ ਕੁਮਾਰ, ਇਕਬਾਲ ਸਿੰਘ, ਅਜੈ ਕੁਮਾਰ, ਮੈਡਮ ਵੀਰਪਾਲ ਕੌਰ, ਮਨਪ੍ਰੀਤ ਕੌਰ, ਗੋਲੋ ਕੌਰ, ਸੁਖਵੀਰ ਕੌਰ, ਅਮਨਦੀਪ ਕੌਰ, ਗਗਨਪਾਲ ਕੌਰ, ਕਰਮਜੀਤ ਕੌਰ, ਰਜਨੀ ਸਿੰਗਲਾ, ਸੁਮਨਦੀਪ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਡੀ ਆਈ ਜੀ ਦੋਰਾਹਾ ਪੁੱਜੇ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਵਿੱਚ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਹੋ ਰਹੀਆਂ ਨੇ, ਜਿਸ ਨੂੰ ਲੈ ਕੇ ਪੰਜਾਬ ਪੁਲਸ ਵੱਲੋਂ ਪਾਰਦਰਸ਼ਤਾ ਨਾਲ ਇਹ ਚੋਣਾਂ ਕਰਵਾਉਣ ਲਈ ਪੂਰੇ ਸੂਬੇ ਦੇ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।ਇਸੇ ਕੜੀ ਅਧੀਨ ਦੋਰਾਹਾ ਪੁਲਸ ਸਟੇਸ਼ਨ ਵਿੱਚ ਸਤਿੰਦਰ ਸਿੰਘ ਡੀਆਈਜੀ ਲੁਧਿਆਣਾ ਰੇਂਜ ਨੇ ਅਚਨਚੇਤ ਦੌਰਾ ਕੀਤਾ ਤੇ ਪ੍ਰੈੱਸ ਵਾਰਤਾ ਦੌਰਾਨ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਹਰ ਸ਼ਹਿਰ ਵਿੱਚ ਪੈਟਰੋਲਿੰਗ ਕੀਤੀ ਜਾ ਰਹੀ ਤੇ ਫਲੈਗ ਮਾਰਚ ਕੀਤੇ ਜਾ ਰਹੇ ਹਨ ਅਤੇ ਨਾਕਾਬੰਦੀ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਚੋਣਾਂ ਵਿੱਚ ਸ਼ਰਾਰਤੀ ਤੇ ਸ਼ੱਕੀ ਗੁੰਡਾ ਅਨਸਰਾਂ ਨੂੰ ਨੱਥ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡਾਂ 'ਚ ਵੀ ਸਪੈਸ਼ਲ ਨਾਕਾਬੰਦੀ ਤੇ ਗਸ਼ਤ ਕੀਤੀ ਜਾ ਰਹੀ ਹੈ ਤਾਂ ਕਿ ਇਹ ਚੋਣਾਂ ਪੂਰੇ ਅਮਨ-ਅਮਾਨ ਨਾਲ ਸਿਰੇ ਚਾੜ੍ਹੀਆਂ ਜਾ ਸਕਣ।ਉਨ੍ਹਾਂ ਕਿਹਾ ਕਿ ਖੰਨਾ ਪੁਲਸ ਜ਼ਿਲ੍ਹੇ ਵਿੱਚ 46 ਸੰਵੇਦਨਸ਼ੀਲ ਇਲਾਕੇ ਹਨ, ਜਿਨ੍ਹਾਂ ਦੀ ਸੁਰੱਖਿਆ ਲਈ ਵਿਸ਼ੇਸ਼ ਗਸ਼ਤ ਤੇ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਇਸ ਸਮੇਂ ਉਨ੍ਹਾਂ ਨਾਲ ਐੱਸ ਐੱਸ ਪੀ ਖੰਨਾ ਸ਼੍ਰੀਮਤੀ ਡਾ. ਜਯੋਤੀ ਯਾਦਵ ਬੈਂਸ ਸਨ, ਜਿਨ੍ਹਾਂ ਨੇ ਨਾਲ ਲਗਦੇ ਪਿੰਡਾਂ ਤੇ ਸੰਵੇਦਨਸ਼ੀਲ ਇਲਾਕਿਆਂ ਦੀ ਪੁਲਸ ਬਲ ਨਾਲ ਗਸ਼ਤ ਕੀਤੀ।

# ਲੱਧਾਹੇੜੀ ਦੇ ਟਕਸਾਲੀ ਕਾਂਗਰਸੀ ਆਗੂ 'ਆਪ' 'ਚ ਸ਼ਾਮਲ

### ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਯਤਨਸ਼ੀਲ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਕ੍ਰਾਂਤੀਕਾਰੀ ਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਹਲਕੇ ਦੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਰਿਸ਼ਤੇਦਾਰ ਪਿੰਡ ਲੱਧਾਹੇੜੀ ਤੋਂ ਬੰਤ ਸਿੰਘ, ਕੈਰੋ ਸਿੰਘ, ਨੈਹਰੂ ਸਿੰਘ, ਕਸ਼ਮੀਰਾ ਸਿੰਘ ਟਕਸਾਲੀ ਕਾਂਗਰਸੀ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਉਣ ਉਪਰੰਤ ਕੀਤਾ।ਆਪ ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਸਾਡਾ ਕੋਈ ਵੀ ਕੰਮ ਮੰਤਰੀ ਰਹਿੰਦੇ ਨਹੀਂ ਕੀਤਾ।ਉਨ੍ਹਾਂ ਕਾਂਗਰਸ ਸਰਕਾਰ ਵਿੱਚ ਰਹਿ ਕੇ ਭ੍ਰਿਸ਼ਟਾਚਾਰ ਨੂੰ ਹੀ ਅੰਜਾਮ ਦਿੱਤਾ ਹੈ ਅਤੇ ਉਨ੍ਹਾਂ ਆਪਣੀਆਂ ਜੇਬਾਂ ਹੀ ਭਰੀਆਂ ਹਨ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਕਾਂਗਰਸ ਪਾਰਟੀ ਦਾ ਵਜੂਦ ਖਤਮ ਹੋ ਚੁੱਕਿਆ ਹੈ।ਸੂਬੇ ਦੇ ਲੋਕ ਹੁਣ ਮੁੜ ਤੋਂ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਝਾੜੂ ਦੀ ਸਰਕਾਰ ਬਣਾਉਣ ਨੂੰ ਉਤਾਵਲੇ ਹਨ।ਦੇਵ ਮਾਨ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਪਰਵਾਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਯਤਨਸ਼ੀਲ ਹੈ ਤੇ ਜੇਕਰ ਆਮ ਆਦਮੀ ਪਾਰਟੀ ਦੇ ਬਲਾਕ ਸੰਮਤੀ ਮੈਂਬਰ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚੁਣੇ ਜਾਂਦੇ ਹਨ ਤਾਂ ਸਰਕਾਰ ਨੂੰ ਹੋਰ ਵੀ ਮਜ਼ਬੂਤੀ ਮਿਲੇਗੀ ਅਤੇ ਪਿੰਡਾਂ ਦੇ ਹੋਰ ਵੱਧ ਵਿਕਾਸ ਹੋਣਗੇ, ਕਿਉਂਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਅਧੀਨ ਕਰੋੜਾਂ ਦੇ ਫੰਡ ਪਿੰਡਾਂ ਦੇ ਵਿਕਾਸ ਲਈ ਹੁੰਦੇ ਹਨ, ਜੋ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੀ ਸਹਿਮਤੀ ਨਾਲ ਪਿੰਡਾਂ ਵਿੱਚ ਖਰਚੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 2027 ਤੋਂ ਪਹਿਲਾਂ ਪਹਿਲਾਂ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲ ਦਿੱਤੀ ਜਾਵੇਗੀ।ਉਨ੍ਹਾਂ ਪਿੰਡ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ 14 ਦਸੰਬਰ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੋਤ ਸਿੰਘ ਨੌਜਵਾਨ ਪ੍ਰਧਾਨ, ਮੁਖਤਾਰ ਸਿੰਘ ਸਰਪੰਚ ਲੱਧਾਹੇੜੀ, ਗੁਰਚਰਨ ਸਿੰਘ ਸਰਪੰਚ ਮਨਿੰਦਰ ਸਿੰਘ ਅਦਿ ਹਾਜ਼ਰ ਸਨ।

## ਨੌਜਵਾਨ ਆਗੂ ਰਵਿੰਦਰ ਰਵੀ ਸਾਥੀਆਂ ਸਮੇਤ ਅਕਾਲੀ ਦਲ 'ਚ ਸ਼ਾਮਲ

### ਅਕਾਲੀ ਦਲ ਹੀ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਅਸਲ ਆਵਾਜ਼ : ਬਿੱਟੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਅਨੁਸਾਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਅਕਾਲੀ ਆਗੂ ਜਤਿੰਦਰ ਸਿੰਘ ਬਿੱਟੂ ਦੀ ਅਗਵਾਈ ਹੇਠ ਇਲਾਕੇ ਦੇ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਲੋਕ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨਾਲ ਪਾਰਟੀ ਦੇ ਹੱਕ ਵਿੱਚ ਮਾਹੌਲ ਬਣਦਾ ਦਿਖਾਈ ਦੇ ਰਿਹਾ ਹੈ।ਅਕਾਲੀ ਦਲ ਦੀ ਸਰਗਰਮ ਟੀਮ ਵੱਲੋਂ ਨਾ ਸਿਰਫ ਆਪਣੇ ਵਰਕਰਾਂ ਨੂੰ ਘਰ-ਘਰ ਪਹੁੰਚ ਕੇ ਸਰਗਰਮ ਕੀਤਾ ਜਾ ਰਿਹਾ ਹੈ, ਸਗੋਂ ਹੋਰਨਾਂ ਸਿਆਸੀ ਪਾਰਟੀਆਂ ਨਾਲ ਜੁੜੇ ਵਰਕਰਾਂ ਨੂੰ ਵੀ ਅਕਾਲੀ ਦਲ ਦੀ ਨੀਤੀ ਤੇ ਵਿਚਾਰਧਾਰਾ ਨਾਲ ਜੋੜਿਆ ਜਾ ਰਿਹਾ ਹੈ।ਆਗੂਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਹੀ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਅਸਲ ਆਵਾਜ਼ ਹੈ ਤੇ ਪਿੰਡਾਂ ਦੇ ਵਿਕਾਸ, ਕਿਸਾਨੀ, ਨੌਜਵਾਨਾਂ ਦੇ ਰੁਜ਼ਗਾਰ ਅਤੇ ਪੰਥਕ ਮਸਲਿਆਂ 'ਤੇ ਹਮੇਸ਼ਾਂ ਡਟ ਕੇ ਖੜ੍ਹੀ ਰਹੀ ਹੈ।ਇਸ ਦੌਰਾਨ ਪਿੰਡ ਚੰਨੂਵਾਲਾ ਦੇ ਨੌਜਵਾਨ ਆਗੂ ਰਵਿੰਦਰ ਸਿੰਘ ਰਵੀ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਵਾਇਆ ਗਿਆ।ਅਕਾਲੀ ਆਗੂ ਜਤਿੰਦਰ ਸਿੰਘ ਬਿੱਟੂ, ਤਲਵਾਰ ਸਿੰਘ ਬਰਾੜ, ਪ੍ਰਿੰਸੀਪਲ ਪਵਨਦੀਪ ਸਿੰਘ ਤੇ ਜੱਸਾ ਸਿੰਘ ਸਮੇਤ ਹੋਰ ਆਗੂਆਂ ਵੱਲੋਂ ਰਵਿੰਦਰ ਸਿੰਘ ਰਵੀ ਨੂੰ ਅਕਾਲੀ ਦਲ ਦੀ ਨੀਤੀ ਨਾਲ ਪ੍ਰਭਾਵਿਤ ਕਰਦਿਆਂ ਪਾਰਟੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਗਿਆ।ਰਵਿੰਦਰ ਸਿੰਘ ਰਵੀ ਦੇ ਨਾਲ-ਨਾਲ ਉਸ ਦੀ ਪ੍ਰੇਰਣਾ ਨਾਲ ਉਸ ਦੇ ਕਈ ਸਾਥੀ ਵੀ ਅਕਾਲੀ ਦਲ ਵਿਚ ਸ਼ਾਮਲ ਹੋਏ, ਜਿਸ ਨਾਲ ਪਾਰਟੀ ਦੀ ਸੰਗਠਨਾਤਮਕ ਤਾਕਤ ਹੋਰ ਮਜ਼ਬੂਤ ਹੋਈ ਹੈ।ਇਸ ਮੌਕੇ ਸ਼ਾਮਲ ਹੋਏ ਵਰਕਰਾਂ ਨੂੰ ਅਕਾਲੀ ਆਗੂਆਂ ਵੱਲੋਂ ਪਾਰਟੀ ਵਿੱਚ ਜੀ ਆਇਆ ਆਖਿਆ ਗਿਆ ਤੇ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਨੂੰ ਪੂਰਾ ਸਨਮਾਨ ਤੇ ਜ਼ਿੰਮੇਵਾਰੀ ਦਿੱਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਨੌਜਵਾਨਾਂ ਦੀ ਵੱਧ ਰਹੀ ਸ਼ਮੂਲੀਅਤ ਨਾਲ ਅਕਾਲੀ ਦਲ ਨੂੰ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵੱਡੀ ਜਿੱਤ ਮਿਲੇਗੀ ਤੇ ਪਾਰਟੀ ਮੁੜ ਪਿੰਡ ਪੱਧਰ 'ਤੇ ਮਜ਼ਬੂਤ ਹੋ ਕੇ ਉੱਭਰੇਗੀ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਪੁਲਸ ਵੱਲੋਂ ਹਾਈ ਅਲਰਟ

### 629 ਪੋਲਿੰਗ ਬੂਥਾਂ 'ਤੇ ਨਾਕਾਬੰਦੀ, ਪੈਟਰੋਲਿੰਗ ਪਾਰਟੀਆਂ ਸਮੇਤ ਸੁਰੱਖਿਆ ਪ੍ਰਬੰਧ ਮਜ਼ਬੂਤ : ਐੱਸ ਐੱਸ ਪੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਵੱਲੋਂ ਜਾਰੀ ਹਦਾਇਤਾਂ ਦੇ ਅਨੁਸਾਰ ਅਭਿਮੰਨਿਊ ਰਾਣਾ ਆਈ ਪੀ ਐੱਸ, ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਇਸੇ ਤਹਿਤ ਪੁਲਸ ਲਾਈਨ ਸ੍ਰੀ ਮੁਕਤਸਰ ਸਾਹਿਬ ਵਿਖੇ ਚੋਣ ਡਿਊਟੀ 'ਤੇ ਤਾਇਨਾਤ ਫੋਰਸ ਨੂੰ ਵਿਸਥਾਰ ਨਾਲ ਬ੍ਰੀਫ਼ ਕੀਤਾ ਗਿਆ।ਪੈਟਰੋਲਿੰਗ ਪਾਰਟੀਆਂ ਨੂੰ ਵਾਇਰਲੈੱਸ ਸੈੱਟ ਜਾਰੀ ਕਰਕੇ ਆਪਣੇ-ਆਪਣੇ ਨਿਰਧਾਰਤ ਖੇਤਰਾਂ ਵੱਲ ਰਵਾਨਾ ਕੀਤਾ ਗਿਆ।ਇਸ ਮੌਕੇ ਸ੍ਰੀਮਤੀ ਹਰਕਮਲ ਕੌਰ, ਐੱਸ ਪੀ (ਐੱਚ), ਤਜਿੰਦਰ ਪਾਲ ਸਿੰਘ ਡੀਐੱਸਪੀ (ਐੱਚ) ਵੀ ਮੌਜੂਦ ਸਨ।ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕੁੱਲ 334 ਪੋਲਿੰਗ ਸਟੇਸ਼ਨ ਤੇ 629 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ, ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਤੇ ਨਿਰਪੱਖ ਬਣਾਉਣ ਲਈ ਜ਼ਿਲ੍ਹੇ ਅੰਦਰ ਇੰਟਰ-ਡਿਸਟਰਿਕਟ, ਇੰਟਰ-ਸਟੇਟ ਤੇ ਅੰਦਰੂਨੀ ਨਾਕਿਆਂ ਸਮੇਤ ਪੋਲਿੰਗ ਬੂਥਾਂ ਦੇ ਆਲੇ-ਦੁਆਲੇ ਪੈਟਰੋਲਿੰਗ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਹਨ।ਕੁੱਲ ਮਿਲਾ ਕੇ 1800 ਦੇ ਕਰੀਬ ਪੁਲਸ ਅਧਿਕਾਰੀ ਤੇ ਕਰਮਚਾਰੀ ਡਿਊਟੀ 'ਤੇ ਲਗਾਏ ਗਏ ਹਨ।ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਤੇ ਅਤਿ-ਸੰਵੇਦਨਸ਼ੀਲ ਪੋਲਿੰਗ ਬੂਥਾਂ 'ਤੇ ਵਾਧੂ ਫੋਰਸ, ਗਸ਼ਤ ਟੀਮਾਂ ਤੇ ਖ਼ਾਸ ਨਿਗਰਾਨੀ ਪ੍ਰਬੰਧ ਕੀਤੇ ਗਏ ਹਨ।ਜ਼ਿਲ੍ਹਾ ਪ੍ਰਸ਼ਾਸਨ ਤੇ ਸ੍ਰੀ ਮੁਕਤਸਰ ਸਾਹਿਬ ਪੁਲਸ 24 ਘੰਟੇ ਲੋਕਾਂ ਦੀ ਸਹਾਇਤਾ ਲਈ ਤਿਆਰ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਚੋਣਾਂ ਦੇ ਮੱਦੇਨਜ਼ਰ ਹੋਟਲਾਂ, ਢਾਬਿਆਂ ਤੇ ਰੈਸਟੋਰੈਂਟਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਅਪਰਾਧੀ ਤੱਤਾਂ ਦੀ ਆਵਾਜਾਈ 'ਤੇ ਨਿਗਰਾਨੀ ਰਹੇ ਤੇ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਬਣੀ ਰਹੇ।ਇਸ ਮੌਕੇ ਐੱਸ.ਐੱਸ.ਪੀ. ਵੱਲੋਂ ਚੋਣ ਡਿਊਟੀ 'ਤੇ ਤਾਇਨਾਤ ਸਾਰੇ ਪੁਲਸ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਗਿਆ ਕਿ ਚੋਣ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਆਜ਼ਾਦ, ਨਿਰਪੱਖ ਤੇ ਸ਼ਾਂਤੀਪੂਰਨ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਡਿਊਟੀ ਦੌਰਾਨ ਪੂਰੀ ਨਿਰਪੱਖਤਾ, ਅਨੁਸ਼ਾਸਨ ਤੇ ਕਾਨੂੰਨ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ ਤੇ ਜਨਤਾ ਨਾਲ ਨਿਮਰਤਾ ਤੇ ਸਮਝਦਾਰੀ ਨਾਲ ਪੇਸ਼ ਆਇਆ ਜਾਵੇ।ਐੱਸ.ਐੱਸ.ਪੀ. ਨੇ ਸਪੱਸ਼ਟ ਕੀਤਾ ਕਿ ਪੋਲਿੰਗ ਸਟੇਸ਼ਨਾਂ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧ ਕੜੇ ਰਹਿਣਗੇ ਤੇ ਕਿਸੇ ਵੀ ਤਰ੍ਹਾਂ ਦੀ ਗੜਬੜ, ਦਬਾਅ ਜਾਂ ਕਾਨੂੰਨ ਭੰਗ ਕਰਨ ਦੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਹੁਕਮ ਦਿੱਤੇ ਕਿ ਸਾਰੇ ਪੁਲਸ ਕਰਮਚਾਰੀ ਆਪਣੇ ਪ੍ਰੀਜ਼ਾਈਡਿੰਗ ਅਫਸਰਾਂ ਨਾਲ ਤਾਲਮੇਲ ਰੱਖਣ, ਸਮੇਂ ਦੀ ਪਾਬੰਦੀ ਨਾਲ ਡਿਊਟੀ ਨਿਭਾਉਣ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨਾ ਯਕੀਨੀ ਪੰਜਾਬ-ਹਰਿਆਣਾ ਤੇ ਪੰਜਾਬ-ਰਾਜਸਥਾਨ ਸਰਹੱਦਾਂ 'ਤੇ ਗੁਆਂਢੀ ਰਾਜਾਂ ਦੀ ਪੁਲਸ ਨਾਲ ਸਹਿਯੋਗ ਕਰਦੇ ਹੋਏ ਸਖ਼ਤ ਨਾਕਾਬੰਦੀ ਕੀਤੀ ਗਈ ਹੈ ਤਾਂ ਜੋ ਗੈਰ-ਕਾਨੂੰਨੀ ਸ਼ਰਾਬ, ਸ਼ੱਕੀ ਗਤੀਵਿਧੀਆਂ ਤੇ ਬਾਹਰੀ ਅਨਸਰਾਂ ਦੀ ਆਵਾਜਾਈ ਨੂੰ ਰੋਕਿਆ ਜਾ ਸਕੇ। ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ, ਦਬਾਅ ਜਾਂ ਲਾਲਚ ਦੇ ਨਿੱਡਰ ਹੋ ਕੇ ਆਪਣੀ ਵੋਟ ਦਾ ਇਸਤੇਮਾਲ ਕਰਨ।ਜੇਕਰ ਕੋਈ ਵਿਅਕਤੀ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ।

# ਕਿਰਤੀ-ਕਿਸਾਨਾਂ, ਮੁਲਾਜ਼ਮਾਂ ਦੀ ਭਰਵੀਂ ਮੀਟਿੰਗ 'ਚ 'ਮਨੂੰਵਾਦ ਭਜਾਓ ਬੇ.ਗਮਪੁਰਾ ਵਸਾਓ' ਦਾ ਦਿੱਤਾ ਹੋਕਾ




**ਕੋਟਕਪੂਰਾ (ਪੱਤਰ ਪ੍ਰੇਰਕ)**

ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ (ਜੇ.ਪੀ.ਐਮ.ਓ.) ਦੀ ਫਰੀਦਕੋਟ ਜ਼ਿਲ੍ਹਾ ਇਕਾਈ ਵੱਲੋਂ ਸ਼੍ਰੀ ਗੁਰੂ ਤੇਗ ਬਹਾਦੁਰ ਨਗਰ ਵਿਖੇ ਜਤਿੰਦਰ ਕੁਮਾਰ ਤੇ ਗੁਰਤੇਜ ਸਿੰਘ ਹਰੀਨੌਂ ਦੀ ਪ੍ਰਧਾਨਗੀ ਹੇਠ ਕਿਰਤੀ-ਕਿਸਾਨਾਂ, ਮੁਲਾਜ਼ਮਾਂ, ਨੌਜਵਾਨਾਂ, ਔਰਤਾਂ ਦੀ ਭਰਵੀਂ ਮੀਟਿੰਗ ਸੱਦੀ ਗਈ।ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਕਨਵੀਨਰ ਸਾਥੀ ਵੀਰ ਇੰਦਰ ਜੀਤ ਸਿੰਘ ਪੁਰੀ ਨੇ ਚਲਾਈ।

ਇਸ ਮੌਕੇ ਉਚੇਚੇ ਪੁੱਜੇ ਮੰਚ ਦੇ ਸੂਬਾਈ ਆਗੂ ਸਾਥੀ ਮਾਹੀਪਾਲ ਨੇ ਦੇਸ਼ ਦੇ ਮੌਜੂਦਾ ਸੰਵਿਧਾਨ ਨੂੰ ਖਾਰਜ ਕਰਨ ਤੇ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਕਾਇਮ ਹੋਏ ਭਾਰਤ ਦੇ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚੇ ਨੂੰ ਤਬਾਹ ਕਰਨ ਦੀਆਂ ਆਰ.ਐੱਸ.ਐੱਸ.-ਭਾਜਪਾ ਤੇ ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਬੁਥਾੜ ਭੰਨਣ ਲਈ ਵਿਸ਼ਾਲ ਲੋਕ ਲਾਮਬੰਦੀ 'ਤੇ ਅਧਾਰਤ ਤਿੱਖੇ ਤੇ ਬੱਝਵੇਂ ਜਨ ਸੰਗਰਾਮ ਵਿੱਢਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਦਲਿਤਾਂ, ਔਰਤਾਂ ਨੂੰ ਗੁਲਾਮ ਬਣਾਈ ਰੱਖਣ ਦੀ ਪੈਰਵੀ ਕਰਦੀ ਮਨੂੰ ਸਿਮਰਤੀ ਦੀ ਦੇਸ਼ ਦੀ ਸ਼ਾਸ਼ਨ ਪੱਧਤੀ ਵਜੋਂ ਪੁਨਰ ਸਥਾਪਤੀ ਦੀਆਂ ਸੰਘ ਪਰਵਾਰ ਦੀਆਂ ਕੁਚਾਲਾਂ ਨੂੰ ਪਛਾੜਣ ਲਈ ਦੇਸ਼ ਵਿਆਪੀ ਘੋਲਾਂ ਵੱਲ ਪੇਸ਼ ਕਦਮੀ ਕਰਨ ਦੀ ਅਪੀਲ ਕੀਤੀ ਹੈ।ਸਾਥੀ ਮਹੀਪਾਲ ਨੇ ਹਿੰਦੂਤਵੀ ਖਰੂਦੀਆਂ ਵੱਲੋਂ ਦੇਸ਼ ਭਰ 'ਚ ਕੀਤੇ ਜਾ ਰਹੇ ਮੁਸਲਮਾਨ ਤੇ ਈਸਾਈ ਵਸੋਂ ਦੇ ਘਾਣ ਤੇ ਦਲਿਤਾਂ-ਔਰਤਾਂ 'ਤੇ ਢਾਹੇ ਜਾ ਰਹੇ ਅਕਹਿ ਤੇ ਅਸਹਿ ਜਬਰ ਖਿਲਾਫ ਹਰ ਪੱਧਰ 'ਤੇ ਤਕੜਾ ਪ੍ਰਤੀਰੋਧ ਉਸਾਰਨ ਦਾ ਵੀ ਸੱਦਾ ਦਿੱਤਾ ਹੈ।

ਸੂਬਾਈ ਆਗੂ ਨੇ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ, ਲੋਕਾਈ ਨੂੰ ਦਰਪੇਸ਼ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਭੁੱਖਮਰੀ ਆਦਿ ਦੁਸ਼ਵਾਰੀਆਂ 'ਚ ਅੰਤਾਂ ਦਾ ਵਾਧਾ ਕਰਨ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਭਾਂਜ ਦੇਣ ਲਈ ਸਮੁੱਚੀ ਕਿਰਤੀ ਵਸੋਂ ਦੇ ਫੈਸਲਾਕੁੰਨ ਘੋਲਾਂ ਨੂੰ ਅਜੋਕੇ ਦੌਰ ਦੀ ਪ੍ਰਾਥਮਿਕ ਲੋੜ ਦੱਸਿਆ ਹੈ।ਮੀਟਿੰਗ ਨੇ ਆਰ.ਐੱਸ.ਐੱਸ. ਦੇ ਫਿਰਕੂ-ਫਾਸ਼ੀ ਹੱਲਿਆਂ ਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਘਾਤਕ, ਧਰਮ ਅਧਾਰਤ ਪਿਛਾਖੜੀ ਰਾਜ ਕਾਇਮ ਕਰਨ ਦੀ ਇਸ ਦੀ ਫੁੱਟਪਾਊ ਵਿਉਂਤਬੰਦੀ ਖਿਲਾਫ ਪਿੰਡਾਂ-ਸ਼ਹਿਰਾਂ ਦੇ ਕਿਰਤੀ ਮੁਹੱਲਿਆਂ ਤੇ ਦਲਿਤ ਬਸਤੀਆਂ 'ਚ ਜਨ ਸੰਪਰਕ ਅਭਿਆਨ ਜਾਰੀ ਰੱਖਣ ਦਾ ਨਿਰਣਾ ਲਿਆ। ਚਾਰ ਸਾਹਿਬਜ਼ਾਦਿਆਂ ਤੇ ਲਾਸਾਨੀ ਸਿੱਖ ਸ਼ਹੀਦਾਂ ਦੀ ਅਦੁਤੀ ਕੁਰਬਾਨੀ ਨੂੰ ਸਿਜਦਾ ਕਰਨ ਲਈ 22 ਦਸੰਬਰ 2025 ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਕੀਤੇ ਜਾ ਰਹੇ ਸੂਬਾਈ ਸੈਮੀਨਾਰ ਵਿੱਚ ਵੀ ਨੁਮਾਇੰਦੇ ਭੇਜਣ ਦਾ ਫੈਸਲਾ ਲਿਆ ਗਿਆ।28 ਦਸੰਬਰ ਨੂੰ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ, ਲੋਕ ਮਾਰੂ ਨੀਤੀਆਂ ਖਿਲਾਫ ਰੇਲਵੇ ਸਟੇਸ਼ਨ ਜਲੰਧਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਪ੍ਰਤੀਨਿਧ ਕਨਵੈਨਸ਼ਨ ਤੇ ਰੋਸ ਮਾਰਚ ਵਿੱਚ ਸੈਂਕੜੇ ਸਾਥੀਆਂ ਦੀ ਸ਼ਮੂਲੀਅਤ ਕਰਵਾਏ ਜਾਣ ਦੀ ਵੀ ਠੋਸ ਵਿਉਂਤਬੰਦੀ ਕੀਤੀ ਗਈ ਹੈ। ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਔਲਖ, ਗੁਰਤੇਜ ਸਿੰਘ ਖਹਿਰਾ, ਹਰਜਿੰਦਰ ਸਿੰਘ ਕਾਕਾ, ਸੂਰਤ ਸਿੰਘ ਮਾਹਲਾ, ਜਸਮੇਲ ਸਿੰਘ ਰਾਹੀ, ਅਜੀਤ ਸਿੰਘ ਖਾਲਸਾ, ਗਮਦੂਰ ਸਿੰਘ ਹਰੀਨੌਂ, ਸੁਖਵਿੰਦਰ ਸਿੰਘ ਢਿੱਲਵਾਂ, ਜਨਕ ਰਾਜ ਜਨਕੂ, ਬੇਬੀ ਅਬਰੌਲ, ਗਗਨਦੀਪ ਔਲਖ ਨੇ ਵੀ ਵਿਚਾਰ ਰੱਖੇ।

# ਪ੍ਰਮਾਣੂ ਉਦਯੋਗ ਨੂੰ ਨਿੱਜੀ ਖੇਤਰ ਲਈ ਖੋਲ੍ਹਣਾ ਵਿਨਾਸ਼ਕਾਰੀ : ਆਈ ਡੀ ਪੀ ਡੀ

## *ਇਸ ਕਦਮ ਨੂੰ ਵਾਪਸ ਲੈਣ ਦੀ ਮੰਗ*

**ਲੁਧਿਆਣਾ (ਕਥੂਰੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਇੱਕ ਬਿਆਨ ਵਿੱਚ ਚੇਤਾਵਨੀ ਦਿੱਤੀ ਹੈ ਕਿ ਪ੍ਰਮਾਣੂ ਉਦਯੋਗ ਵਿੱਚ ਨਿੱਜੀਕਰਨ ਵਿਨਾਸ਼ਕਾਰੀ ਹੋਵੇਗਾ।ਪ੍ਰਮਾਣੂ ਉਦਯੋਗ ਪਹਿਲਾਂ ਹੀ ਕਈ ਤਰ੍ਹਾਂ ਦੇ ਜੋਖਮਾਂ ਨਾਲ ਭਰਿਆ ਹੋਇਆ ਹੈ।ਦੁਨੀਆ ਭਰ ਦੇ ਵੱਖ-ਵੱਖ ਦੇਸ਼ ਹੁਣ ਪ੍ਰਮਾਣੂ ਦੀ ਬਜਾਏ ਨਵਿਆਉਣਯੋਗ ਊਰਜਾ ਸਰੋਤਾਂ ਵੱਲ ਤਬਦੀਲ ਹੋ ਰਹੇ ਹਨ। ਇਸ ਦੇ ਪ੍ਰਬੰਧਨ ਤੇ ਬਾਅਦ ਵਿੱਚ ਰਹਿੰਦ-ਖੂੰਹਦ ਦੇ ਡੰਪਿੰਗ ਦਾ ਕੋਈ ਪੱਕਾ ਤਰੀਕਾ ਨਹੀਂ ਹੈ।ਇਸਦੇ ਨਿੱਜੀਕਰਨ ਨਾਲ ਨਾ ਸਿਰਫ਼ ਸੁਰੱਖਿਆ ਜੋਖਮ ਪੈਦਾ ਹੋ ਜਾਣਗੇ, ਬਲਕਿ ਗੰਭੀਰ ਸਿਹਤ ਖਤਰੇ ਵੀ ਪੈਦਾ ਹੋਣਗੇ।ਨਿੱਜੀ ਖੇਤਰ ਦਾ ਇੱਕੋ ਇੱਕ ਉਦੇਸ਼ ਮੁਨਾਫ਼ਾ ਕਮਾਉਣਾ ਹੈ।ਰਾਸ਼ਟਰੀ ਹਿੱਤ ਵਿੱਚ ਨਿੱਜੀ ਖਿਡਾਰੀਆਂ ਲਈ ਬਹੁਤ ਘੱਟ ਜਗ੍ਹਾ ਹੈ।ਅਸੀਂ ਹਾਲ ਹੀ ਵਿੱਚ ਦੇਖਿਆ ਹੈ ਕਿ ਇੰਡੀਗੋ ਨੇ ਪੂਰੇ ਦੇਸ਼ ਨੂੰ ਕਿਵੇਂ ਫਿਰੌਤੀ ਵਿੱਚ ਪਾ ਦਿੱਤਾ।ਡਾ: ਅਰੁਣ ਮਿੱਤਰਾ ਪ੍ਰਧਾਨ ਤੇ ਡਾ: ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ (ਆਈਡੀਪੀਡੀ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਮਾਣੂ ਉਦਯੋਗ ਵਿੱਚ ਨਿੱਜੀ ਖੇਤਰ ਨੂੰ ਸ਼ੁਰੂ ਕਰਨ ਦੇ ਆਪਣੇ ਫੈਸਲੇ ਵਾਪਸ ਲਏ।

# ਕਾਂਗਰਸ ਪਾਰਟੀ ਚਾਰੇ ਜ਼ੋਨਾਂ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਕੁਲਬੀਰ ਜ਼ੀਰਾ



**ਜ਼ੀਰਾ (ਰੂਪ ਸਿੰਘ ਸੰਧੂ)**-ਜ਼ੀਰਾ ਵਿੱਚ ਕਾਂਗਰਸ ਦੀ ਚੜ੍ਹਤ ਨੂੰ ਦੇਖਦਿਆਂ ਆਪ ਪਾਰਟੀ ਤੇ ਅਕਾਲੀ ਦਲ ਵਿੱਚ ਭਾਰੀ ਘਬਰਾਹਟ ਪਾਈ ਜਾ ਰਹੀ ਹੈ ਤੇ ਭਾਜਪਾ ਨਾਲ ਰਲ ਕੇ ਕਾਂਗਰਸ ਦਾ ਮੁਕਾਬਲਾ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਜ਼ੀਰਾ ਹਲਕੇ ਦੇ ਚਾਰੇ ਜ਼ੋਨਾਂ ਵਕੀਲਾਂ ਵਾਲਾ, ਫਤਿਹਗੜ੍ਹ ਸਭਰਾ, ਅਕਬਰ ਵਾਲਾ ਤੇ ਸ਼ਾਹਵਾਲਾ ਤੋਂ ਭਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ. ਕੁਲਬੀਰ ਸਿੰਘ ਜ਼ੀਰਾ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਲੈਣ ਤੇ ਸਾਬਕਾ ਐੱਮ ਐੱਲ ਏ ਜ਼ੀਰਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਵਕੀਲਾਂ ਵਾਲਾ ਜ਼ੋਨ ਵਿੱਚ ਹੀ ਉਲਝ ਕੇ ਰਹਿ ਗਏ ਹਨ, ਕਿਉਂਕਿ ਇਸ ਜ਼ੋਨ ਤੋਂ ਉਨ੍ਹਾਂ ਦੇ ਛੋਟੇ ਭਰਾ ਮਹਿਕਦੀਪ ਸਿੰਘ ਇਸ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜ ਰਹੇ ਹਨ ਆਮ ਆਦਮੀ ਪਾਰਟੀ ਦੇ ਐੱਮ ਐੱਲ ਏ ਨਰੇਸ਼ ਕਟਾਰੀਆ ਤੇ ਉਨ੍ਹਾਂ ਦੇ ਸਪੁੱਤਰ ਸ਼ੰਕਰ ਕਟਾਰੀਆ ਬੁਖਲਾਟ ਵਿੱਚ ਆ ਕੇ ਉਨ੍ਹਾਂ ਦੇ ਵਰਕਰਾਂ ਨੂੰ ਡਰਾ, ਧਮਕਾ ਕੇ ਚੋਣਾਂ ਜਿੱਤਣਾ ਚਾਹੁੰਦੇ ਹਨ, ਪਰ ਕਾਂਗਰਸ ਪਾਰਟੀ ਦੇ ਵਰਕਰ ਚੜ੍ਹਦੀ ਕਲਾ ਤੇ ਚਟਾਨ ਵਾਂਗ ਉਨ੍ਹਾਂ ਨਾਲ ਖੜੇ ਹਨ ਅਤੇ ਹਰ ਮੁਕਾਬਲੇ ਦਾ ਟਾਕਰਾ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਗੁੰਡਾਗਰਦੀ ਜਾਂ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸ਼ਿਖਰ ਧਵਨ ਵੱਲੋਂ 18ਵੀਆਂ ਬੀ ਬੀ ਐੱਸ ਗੇਮਾਂ ਦੀ ਸ਼ੁਰੂਆਤ

## ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ : ਸੰਜੀਵ ਸੈਣੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਬਲੂਮਿੰਗ ਬਡਜ਼ ਸਕੂਲ ਵਿਖੇ ਗਰੁੱਪ ਚੇਅਰਮੈਨ ਸੰਜੀਵ ਕੁਮਾਰ ਸੈਣੀ ਤੇ ਚੇਅਰਪਰਸਨ ਕਮਲ ਸੈਣੀ ਦੀ ਅਗਵਾਈ ਹੇਠ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੀਆਂ 18ਵੀਆਂ ਬੀ.ਬੀ.ਐੱਸ. ਸਾਲਾਨਾ ਖੇਡਾਂ ਦੀ ਸ਼ੁਰੂਆਤ ਇਕ-ਸ਼ਾਨਦਾਰ ਸਮਾਗਮ ਰਾਹੀਂ ਕੀਤੀ ਗਈ।ਇਸ ਸਮਾਰੋਹ ਵਿੱਚ ਖਾਸ ਤੌਰ 'ਤੇ ਅੰਤਰਰਾਸ਼ਟਰੀ ਕ੍ਰਿਕਟਰ ਸ਼ਿਖਰ ਧਵਨ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਦੇ ਨਾਲ ਹੀ ਮਸ਼ਹੂਰ ਗਾਇਕ ਕੇ. ਐੱਸ. ਮੱਖਣ, ਪ੍ਰਾਈਮ ਏਸ਼ੀਆ ਸੈਲੀਬ੍ਰਿਟੀ ਰਿਪੋਰਟਰ ਸਵਰਨ ਸਿੰਘ ਟੌਹਣਾ ਤੇ ਭਾਰਤੀ ਅੰਤਰਰਾਸ਼ਟਰੀ ਵੂਮੈਨ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਦੇ ਪਿਤਾ ਹਰਮਿੰਦਰ ਸਿੰਘ ਭੁੱਲਰ ਵੱਲੋਂ ਵੀ ਮੁੱਖ ਮਹਿਮਾਨ ਦੇ ਤੌਰ 'ਤੇ ਇਸ ਸਮਾਗਮ ਦੀ ਸ਼ੋਭਾ ਵਧਾਈ ਗਈ।ਸਾਰੇ ਮੁੱਖ ਮਹਿਮਾਨਾਂ ਦਾ ਸੁਆਗਤ ਬੀ.ਬੀ.ਐੱਸ. ਗਰੁੱਪ ਚੇਅਰਮੈਨ ਡਾ. ਸੰਜੀਵ ਕੁਮਾਰ ਸੈਣੀ, ਚਅਰਪਰਸਨ ਸ੍ਰੀਮਤੀ ਕਮਲ ਸੈਣੀ, ਸਕੂਲ ਪ੍ਰਿੰਸੀਪਲ ਡਾ. ਹਮਾਲਿਆ ਰਾਣੀ, ਵਾਈਸ ਪ੍ਰਿੰਸੀਪਲ ਸ੍ਰੀਮਤੀ ਨਿਧੀ ਬਰਾਬ ਤੇ ਸੀ.ਈ.ਓ. ਰਾਹੁਲ ਛਾਬੜਾ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਬੜੇ ਹੀ ਮਨਮੋਹਕ ਤੇ ਸੁੰਦਰ ਢੰਗ ਨਾਲ ਹੋਈ।ਮੁੱਖ ਮਹਿਮਾਨਾਂ ਦੇ ਸੁਆਗਤ ਤੋਂ ਬਾਅਦ ਨੈਸ਼ਨਲ ਫਲੈਗ ਬੀ.ਬੀ.ਐੱਸ. ਸਕੂਲ ਫਲੈਗ ਤੇ ਬੀ.ਬੀ.ਐੱਸ. ਗੇਮਜ਼ ਫਲੈਗ ਲਹਿਰਾਇਆ ਗਿਆ।ਇਸ ਦੇ ਨਾਲ ਬੀ.ਬੀ.ਐੱਸ. ਬੈਂਡ ਦੀ ਅਗਵਾਈ ਹੇਠ ਮਾਰਚ ਪਾਸਟ ਹੋਇਆ ਤੇ ਰਾਸ਼ਟਰੀ ਖੇਡ ਨੂੰ ਸਲਾਮੀ ਦਿੱਤੀ ਗਈ।ਇਸ ਮਾਰਚ ਪਾਸਟ ਤੋਂ ਬਾਅਦ ਮੁੱਖ ਮਹਿਮਾਨ ਸ਼ਿਖਰ ਧਵਨ ਵੱਲੋਂ ਮਿਸ਼ਾਲ ਜਗਾਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ।ਸਾਰੀਆਂ ਹਾਊਸ ਟੀਮਾਂ ਨੇ ਖੇਡਾਂ ਨੂੰ ਇਮਾਨਦਾਰੀ ਤੇ ਅਨੁਸ਼ਾਸਨ ਵਿੱਚ ਰਹਿ ਕੇ ਖੇਡਣ ਤੇ ਸਕੂਲ ਦਾ ਸਨਮਾਨ ਵਧਾਉਣ ਦਾ ਪ੍ਰਣ ਲਿਆ।ਇਸ ਉਪਰੰਤ ਮੁੱਖ ਮਹਿਮਾਨ ਤੇ ਚੇਅਰਮੈਨ ਸੰਜੀਵ ਕੁਮਾਰ ਸੈਣੀ ਵੱਲੋਂ ਸਾਂਝੇ ਤੌਰ 'ਤੇ ਸਕੂਲ ਦੀ ਖੇਡ ਮਸਾਲ ਜਗਾਈ ਗਈ ਤੇ ਇਹ ਮਸਾਲ ਸਕੂਲ ਕੈਪਟਨਜ਼ ਦੇ ਸਪੁਰਦ ਕੀਤੀ ਗਈ।ਇਸ ਉਪਰੰਤ ਗਰੁੱਪ ਚੇਅਰਮੈਨ ਸੰਜੀਵ ਕੁਮਾਰ ਸੈਣੀ ਵੱਲੋਂ ਖਿਡਾਰੀਆਂ ਨੂੰ ਸੰਬੋਧਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਵਿੱਚ ਬੀ.ਸੀ.ਐੱਸ. ਬੈਂਗਪਾਈਪਰ ਬੈਂਡ ਵੱਲੋਂ ਬਹੁਤ ਸੋਹਣੀ ਡਿਸਪਲੇਅ ਕੀਤੀ ਗਈ।ਕੁੰਦਨਾ ਕਲਾਸੀਕਲ ਡਾਂਸ ਰਾਹੀਂ ਸਮਾਰੋਹ ਦਾ ਸ਼ੁੱਭ ਅਰੰਭ ਹੋਇਆ।ਦੇਸ਼ ਭਗਤੀ ਦੀ ਥੀਮ ਉੱਪਰ ਜੂਨੀਅਰ ਗਰੁੱਪ ਵੱਲੋਂ ਗਰੁੱਪ ਡਾਂਸ ਖੇਤਰੀ ਡਾਂਸ ਤੇ ਸੀਨੀਅਰ ਲੜਕੀਆਂ ਦੁਆਰਾ ਪੰਜਾਬੀ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ, ਜਿਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਜਿਮਨਾਸਟਿਕ ਤੇ ਯੋਗਾ ਡਿਸਪਲੇਅ ਰਾਹੀਂ ਵਿਦਿਆਰਥੀਆਂ ਨੇ ਆਪਣੀ ਚੁਸਤੀ ਵਰਤੀ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਤੋਂ ਬਾਅਦ 'ਗੱਤਕਾ' ਦਾ ਬਹੁਤ ਹੀ ਸ਼ਾਨਦਾਰ ਤੇ ਦਿਲ ਖਿੱਚਵਾਂ ਪ੍ਰਦਰਸ਼ਨ ਕੀਤਾ ਗਿਆ, ਜੋ ਕਿ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦੇ ਬਲਿਦਾਨ ਨੂੰ ਸਮਰਪਤ ਸੀ।ਇਨ੍ਹਾਂ ਸਭ ਦੇ ਨਾਲ ਨਾਲ ਮੁੱਖ ਮਹਿਮਾਨ ਤੇ ਸਕੂਲ ਮੈਨੇਜਮੈਂਟ ਤੇ ਸਟਾਫ ਵੱਲੋਂ ਖੇਡ ਮੁਕਾਬਲਿਆ ਦੀ ਘੋਸ਼ਣਾ ਕੀਤੀ ਗਈ।ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਕਾਤਰਾਂ

### ਚੋਣਾਂ 'ਚ ਵੋਟ ਪਾਉਣ ਲਈ ਕਿਰਤੀਆਂ ਨੂੰ ਕੰਮ ਤੋਂ ਛੋਟ

ਸੰਗਰੂਰ (ਪ੍ਰਵੀਨ ਸਿੰਘ)-ਮਨਵੇਸ਼ ਸਿੰਘ ਸਿੱਧੂ ਆਈ.ਏ.ਐੱਸ. ਸਕੱਤਰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਜਾਰੀ ਨੋਟਫਿਕੇਸ਼ਨ ਮੁਤਾਬਕ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਰਾਜ ਵਿੱਚ ਸਥਿਤ ਅਦਾਰਿਆਂ (ਜਿਸ ਵਿੱਚ ਪ੍ਰਭਾਸ਼ਿਤ ਫੈਕਟਰੀਆਂ ਸ਼ਾਮਲ ਹਨ) ਵਿੱਚ ਕੰਮ ਕਰਨ ਵਾਲੇ ਸਾਰੇ ਕਾਮਿਆਂ ਨੂੰ, ਜੋ ਸਬੰਧਤ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀਆਂ ਦੇ ਅਧੀਨ ਆਉਂਦੀਆਂ ਗ੍ਰਾਮ ਪੰਚਾਇਤਾਂ ਦੇ ਮਾਲੀਆ ਅਧਿਕਾਰ ਖੇਤਰ ਦੇ ਅੰਦਰ ਵੋਟਰ ਹਨ, ਨੂੰ ਆਪਣੇ ਕਾਰਜ ਤੋਂ ਛੋਟ ਦਿੱਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨ ਦਾ ਮੌਕਾ ਮਿਲ ਸਕੇ।ਜਾਰੀ ਨੋਟੀਫਿਕੇਸ਼ਨ ਮੁਤਾਬਕ ਉਨ੍ਹਾਂ ਕਾਮਿਆਂ ਤੇ ਕਰਮਚਾਰੀਆਂ ਨੂੰ ਵੋਟ ਪਾਉਣ ਦਾ ਮੌਕਾ ਪ੍ਰਦਾਨ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ, ਜੋ ਪੰਜਾਬ ਰਾਜ ਵਿੱਚ ਅਦਾਰਿਆਂ ਵਿੱਚ ਕੰਮ ਕਰ ਰਹੇ ਹਨ ਅਤੇ ਸਬੰਧਤ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਅਧੀਨ ਆਉਣ ਵਾਲੀਆਂ ਗ੍ਰਾਮ ਪੰਚਾਇਤਾਂ ਦੇ ਮਾਲੀਆ ਅਧਿਕਾਰ ਖੇਤਰ ਦੇ ਅੰਦਰ ਵੋਟਰ ਵਜੋਂ ਦਰਜ ਹਨ।

### ਪੈਨਸ਼ਨਰਜ਼ ਡੇ 17 ਨੂੰ ਮਨਾਇਆ ਜਾਵੇਗਾ

**ਜਲਾਲਾਬਾਦ (ਜੀਤ ਕੁਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਹਰੇਕ ਸਾਲ ਦੀ ਤਰ੍ਹਾਂ 17 ਦਸੰਬਰ 2025 ਨੂੰ ਪੈਨਸ਼ਨਰ ਡੇ ਜਲਾਲਾਬਾਦ ਦੇ ਜਨਤਾ ਭਵਨ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਪ੍ਰਧਾਨ ਬਲਬੀਰ ਸਿੰਘ ਪੁਆਰ ਨੇ ਦੱਸਿਆ ਕਿ 31-12-1950 ਤੱਕ 75 ਸਾਲ ਦੀ ਉਮਰ ਪੂਰੀ ਕਰਨ ਵਾਲੇ 22 ਪੈਨਸ਼ਨਰਜ਼ ਨੂੰ ਸਨਮਾਨਤ ਕੀਤਾ ਜਾਵੇਗਾ। ਸਮਾਗਮ ਦੇ ਮੁੱਖ ਮਹਿਮਾਨ ਗੁਰਬਖਸ਼ ਸਿੰਘ ਖੁਰਾਣਾ ਤੇ ਦੇਸ ਰਾਜ ਗਾਂਧੀ ਹੋਣਗੇ। ਵਿਸ਼ੇਸ਼ ਮਹਿਮਾਨ ਡਾਕਟਰ ਪ੍ਰਕਾਸ਼ ਦੋਸ਼ੀ ਸਮਾਜ ਸੇਵਕ ਹੋਣਗੇ। ਇਸ ਤੋਂ ਇਲਾਵਾ ਸ੍ਰੀ ਵਿਭਾਸ਼ ਕੁਮਾਰ ਚੀਫ ਮੈਨੇਜਰ ਸਟੇਟ ਬੈਂਕ ਆਫ ਇੰਡੀਆ, ਵਿਕਾਸ ਸ਼ਰਮਾ ਚੀਫ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਜਲਾਲਾਬਾਦ ਪੱਛਮੀ, ਸੁਰਿੰਦਰ ਬੋਧ ਚੀਫ ਮੈਨੇਜਰ ਬੈਂਕ ਆਫ ਇੰਡੀਆ, ਗੁਰਪ੍ਰੀਤ ਸਿੰਘ ਚੀਫ ਮੈਨੇਜਰ ਸਟੇਟ ਬੈਂਕ ਆਫ ਇੰਡੀਆ ਬ੍ਰਾਂਚ ਹੋਣਗੇ। ਉਨ੍ਹਾਂ ਸਮੂਹ ਪੈਨਸ਼ਨਰਜ਼ ਨੂੰ 17 ਦਸੰਬਰ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

### ਚੋਣਾਂ ਦੇ ਮੱਦੇਨਜ਼ਰ ਅੱਜ ਤੇ ਭਲਕੇ 'ਡਰਾਈ ਡੇ' ਘੋਸ਼ਿਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਧੀਕ ਜ਼ਿਲ੍ਹਾ ਮੈਜਿਸਟਰੇਟ ਡਾ. ਨਿੱਧੀ ਕੁਮੁਦ ਬੰਬਾਹ ਵੱਲੋਂ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਤੇ ਲੋਕ ਪ੍ਰਤੀਨਧਤਾ ਐਕਟ 1951 ਦੇ ਸੈਕਸ਼ਨ 135 ਸੀ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਿਤੀ 14.12.2025 ਤੋਂ 15.12.2025 ਨੂੰ ਸਵੇਰੇ 10 ਵਜੇ ਤੱਕ "ਡਰਾਈ ਡੇ" ਘੋਸ਼ਿਤ ਕੀਤਾ ਜਾਂਦਾ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀਆਂ ਦੀਆਂ ਚੋਣਾਂ 14.12.2025 (ਐਤਵਾਰ) ਨੂੰ ਹੋਣ ਜਾ ਰਹੀਆਂ ਹਨ। ਇਸ ਕਰਕੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ 14 ਦਸੰਬਰ ਤੋਂ 15 ਦਸੰਬਰ 2025 ਨੂੰ ਸਵੇਰੇ 10 ਵਜੇ ਤੱਕ "ਡਰਾਈ ਡੇ" ਘੋਸ਼ਿਤ ਕਰਦੇ ਹੋਏ ਜ਼ਿਲ੍ਹੇ ਵਿੱਚ ਸ਼ਰਾਬ ਦੇ ਠੇਕਿਆਂ ਨੂੰ ਬੰਦ ਰੱਖਣ ਅਤੇ ਵਿਅਕਤੀਆਂ ਦੁਆਰਾਂ ਸ਼ਰਾਬ ਸਟੋਰ ਕਰਨ ਤੇ ਵੇਚਣ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਜਾਂਦੀ ਹੈ। ਇਹ ਹੁਕਮ ਹੋਟਲਾਂ, ਰੈਸਟੋਰੈਂਟਾਂ, ਕਲੱਬਾਂ ਤੇ ਸ਼ਰਾਬ ਦੇ ਅਹਾਤਿਆਂ ਜਿੱਥੇ ਸ਼ਰਾਬ ਵੇਚਣ ਤੇ ਪੀਣ ਦੀ ਕਾਨੂੰਨੀ ਇਜਾਜ਼ਤ ਹੈ ਤੇ ਵੀ ਪੂਰਨ ਤੌਰ 'ਤੇ ਲੋਕ ਲਾਗੂ ਹੋਣਗੇ।

# ਮ੍ਰਿਤਕ ਸ਼ਿਵਾ ਕੁਮਾਰ ਮਾਮਲੇ 'ਚ ਤਿੰਨ ਮੁਲਜ਼ਮ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪਿਛਲੇ ਦਿਨੀਂ ਕੋਟਲੀ ਰੋਡ ਸ੍ਰੀ ਮੁਕਤਸਰ ਸਾਹਿਬ ਤੋਂ ਸ਼ਿਵਾ ਕੁਮਾਰ ਪੁੱਤਰ ਅਸ਼ੋਕ ਕੁਮਾਰ ਮ੍ਰਿਤਕ ਮਿਲਣ 'ਤੇ ਉਸ ਦੀ ਮਾਤਾ ਨੀਲਮ ਪਤਨੀ ਅਜੀਤ ਸਿੰਘ ਦੇ ਬਿਆਨਾਂ 'ਤੇ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਬੀ.ਐੱਨ.ਐੱਸ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਕੀਤਾ ਗਿਆ ਸੀ।ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਅਭਿਮੰਨਿਊ ਰਾਣਾ ਦੀਆਂ ਹਦਾਇਤਾਂ ਅਨੁਸਾਰ ਇਸ ਗੰਭੀਰ ਮਾਮਲੇ ਦੀ ਜਾਂਚ ਲਈ ਵੱਖ-ਵੱਖ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ।ਪੁਲਸ ਟੀਮਾਂ ਵੱਲੋਂ ਤਕਨੀਕੀ ਜਾਂਚ, ਸੂਚਨਾ ਇਕੱਠੀ ਕਰਨ ਤੇ ਮੌਕੇ ਦੀ ਪੂਰੀ ਤਰ੍ਹਾਂ ਜਾਂਚ ਕਰਨ ਉਪਰੰਤ ਮਾਮਲੇ ਵਿੱਚ ਸ਼ਾਮਲ ਤਿੰਨ ਮੁਲਜ਼ਮਾਂ ਰਮਨਦੀਪ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਕੁਆਰਟਰ ਨਹਿਰੀ ਕਲੋਨੀ ਸ੍ਰੀ ਮੁਕਤਸਰ ਸਾਹਿਬ, ਅੰਕੁਸ਼ ਪੁੱਤਰ ਅਸ਼ੋਕ ਕੁਮਾਰ ਵਾਸੀ ਕੋਟਲੀ ਰੋਡ ਸ੍ਰੀ ਮੁਕਤਸਰ ਸਾਹਿਬ, ਸੁਖਵਿੰਦਰ ਨਿੱਕੂ ਪੁੱਤਰ ਹਰਦਿਆਲ ਸਿੰਘ ਵਾਸੀ ਆਦਰਸ਼ ਨਗਰ ਸ੍ਰੀ ਮੁਕਤਸਰ ਸਾਹਿਬ ਨੂੰ 12 ਘੰਟਿਆਂ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ।ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਅਦਾਲਤ ਤੋਂ ਪੁਲਸ ਰਿਮਾਂਡ ਪ੍ਰਾਪਤ ਕਰਕੇ ਮਾਮਲੇ ਦੀ ਹੋਰ ਡੂੰਘਾਈ ਨਾਲ ਤਫ਼ਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ।ਤਫ਼ਤੀਸ਼ ਦੌਰਾਨ ਮਾਮਲੇ ਨਾਲ ਜੁੜੇ ਹਰ ਪੱਖ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਮੰਗਾਂ ਮੰਨਵਾਉਣ ਲਈ ਵਜਾਇਆ ਸੰਘਰਸ਼ ਦਾ ਬਿਗਲ



**ਪਟਿਆਲਾ (ਰਾਜਿੰਦਰ ਥਿੰਦ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ, ਹੈੱਡ ਆਫਿਸ ਯੂਨਿਟ ਪਟਿਆਲਾ ਦੀ ਮੀਟਿੰਗ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਹੈੱਡ ਆਫ਼ਿਸ ਪ੍ਰਧਾਨ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ।ਇੰਜ. ਹਰਜੀਤ ਸਿੰਘ ਜਨਰਲ ਸਕੱਤਰ ਨੇ ਜਥੇਬੰਦੀ ਦੇ ਮੈਂਬਰ ਚਰਨ ਦਾਸ, ਸੂਬਾ ਸਲਾਹਕਾਰ ਇੰਜ. ਸੰਤੋਖ ਸਿੰਘ ਸਹੁਰਾ ਸਾਹਿਬ ਅਵਤਾਰ ਸਿੰਘ ਮਾਂਗਟ ਤੇ ਪ੍ਰਸਿੱਧ ਬਾਲੀਵੁੱਡ ਅਦਾਕਾਰ ਧਰਮਿੰਦਰ, ਜੋ ਕਿ ਪੰਜਾਬ ਦੇ ਜੰਮ-ਪਲ ਸਨ, ਦੇ ਸਵਰਗਵਾਸ ਹੋਣ 'ਤੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਰੱਖਿਆ।ਜਨਰਲ ਸਕੱਤਰ ਨੇ ਜਾਣੂ ਕਰਵਾਇਆ ਕਿ 1.1.2016 ਦੀ ਪੇ-ਰਵੀਜ਼ਨ ਸਮੇਂ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੇਂਦਰ ਸਰਕਾਰ ਨਾਲੋਂ ਡੀ ਏ ਦੋ ਕਿਸ਼ਤਾਂ 1.7.2015 ਤੇ 1.1.2016 ਨੂੰ ਲਮਕਾਉਣ ਕੇਂਦਰ ਦੇ ਸੂਚਕ ਅੰਕ ਤੋੜਿਆ ਗਿਆ ਤੇ ਬਣਦੇ 125% ਡੀ ਏ ਦੀ ਬਜਾਏ 113% ਡੀ ਏ ਨਾਲ ਰਵੀਜ਼ਨ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਉੱਪਰ ਡੂੰਘੀ ਸੱਟ ਮਾਰੀ ਗਈ, ਜਿਸ ਤਰੁੱਟੀ ਨੂੰ ਦਰੁਸਤ ਕਰਵਾਉਣ ਲਈ ਮੁਲਾਜ਼ਮਾਂ ਨੂੰ ਸੰਘਰਸ਼ ਕਰਨੇ ਪੈ ਰਹੇ ਹਨ।ਕੇਂਦਰ ਸਰਕਾਰ ਨੇ 2026 ਤੋਂ ਸੁਧਾਈ ਲਈ ਪੇ-ਕਮਿਸ਼ਨ ਗਠਿਤ ਕਰ ਦਿੱਤਾ ਹੈ।ਪੰਜਾਬ ਸਰਕਾਰ ਵੱਲੋਂ 16% ਡੀ ਏ ਰੋਕਿਆ ਹੋਇਆ ਹੈ, ਜੋ ਕਿ ਮੁਲਾਜ਼ਮ ਮਾਰੂ ਨੀਤੀ ਹੈ।

ਇੰਜ. ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ ਤੇ ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਜਾਣੂ ਕਰਵਾਇਆ ਕਿ ਪਾਵਰਕਾਮ ਦੀਆਂ ਸਾਰੀਆਂ ਮੁਲਾਜ਼ਮ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਦੇ ਮਨਸੂਬੇ ਵਿਰੁੱਧ ਸੰਘਰਸ਼ ਸ਼ੁਰੂ ਕਰਨ ਲਈ ਮੀਟਿੰਗ ਕੀਤੀ ਗਈ ਤੇ ਜਲਦ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਵਿੱਚ ਜਥੇਬੰਦੀ ਸ਼ਮੂਲੀਅਤ ਕਰੇਗੀ।ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਪਿਛਲੇ ਪੇਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ 1.1.2016 ਤੋਂ ਪਹਿਲਾਂ ਰਿਟਾਇਰ ਪੈਨਸ਼ਨਰਾਂ ਨੂੰ 2.59 ਦਾ ਸੋਧਿਆ ਫੈਕਟਰ, ਡੀ ਏ ਦੀਆਂ ਬਕਾਇਆ ਕਿਸ਼ਤਾਂ ਤੇ ਬਕਾਏ ਤੁਰੰਤ ਜਾਰੀ ਕੀਤੇ ਜਾਣ ਤੇ 200/- ਰੁਪਏ ਜਜ਼ੀਆ ਟੈਕਸ ਬੰਦ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਸਰਕਾਰ ਨੂੰ ਇਸ ਦੇ ਸਿੱਟੇ ਭੁਗਤਣੇ ਪੈਣਗੇ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਜੇ ਤੁਸੀਂ ਨਹੀਂ ਸਾਡੇ ਤਾਂ ਅਸੀਂ ਵੀ ਨਹੀਂ ਤੁਹਾਡੇ ਦੀ ਨੀਤੀ ਅਪਣਾਈ ਜਾਵੇਗੀ।ਮੀਟਿੰਗ ਵਿੱਚ ਪ੍ਰਧਾਨ, ਜਨਰਲ ਸਕੱਤਰ ਤੋਂ ਇੰਜ. ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ, ਗੱਜਣ ਸਿੰਘ ਸੂਬਾ ਮੀਡੀਆ ਸਲਾਹਕਾਰ, ਅਮਰਜੀਤ ਸਿੰਘ ਕੈਸ਼ੀਅਰ, ਇੰਜ. ਜਗਤਾਰ ਸਿੰਘ, ਇੰਜ. ਕਰਤਾਰ ਸਿੰਘ, ਭਾਨ ਸਿੰਘ, ਇੰਜ ਅਮਰਜੀਤ ਸਿੰਘ ਵਾਲੀਆ ਸਾਬਕਾ ਮੁੱਖ ਇੰਜੀਨੀਅਰ, ਮਨਮੋਹਣ ਸਿੰਘ ਸਿੱਧੂ, ਹਰਬੰਸ ਸਿੰਘ ਟਿਵਾਣਾ, ਇੰਜ. ਸਤਪਾਲ ਸ਼ਰਮਾ, ਅਮਰੀਕ ਸਿੰਘ ਤੇ ਬਹੁਤਾਤ ਗਿਣਤੀ ਵਿੱਚ ਸੀਨੀਅਰ ਪੈਨਸ਼ਨਰ ਤੇ ਮੈਂਬਰ ਹਾਜ਼ਰ ਸਨ।

# ਪਿਸਤੌਲ ਤੇ ਜ਼ਿੰਦਾ ਕਾਰਤੂਸ ਸਮੇਤ ਦੋ ਕਾਬੂ



**ਲਹਿਰਾਗਾਗਾ (ਰੀਤਵਾਲ)**

ਥਾਣਾ ਲਹਿਰਾ ਦੀ ਪੁਲਸ ਨੂੰ ਨਸ਼ਾਖੋਰੀ ਤੇ ਕ੍ਰਾਇਮ ਪੇਸ਼ਾ ਵਿਅਕਤੀਆਂ ਖਿਲਾਫ ਚਲਾਈ ਮੁਹਿੰਮ ਨੂੰ ਉਦੋਂ ਬਲ ਮਿਲਿਆ, ਜਦੋਂ ਦੋ ਵਿਅਕਤੀਆਂ ਨੂੰ ਦੇਸੀ ਪਿਸਟਲ ਤੇ ਜ਼ਿੰਦਾ ਕਾਰਤੂਸਾਂ ਸਮੇਤ ਕਾਬੂ ਕਰ ਲਿਆ ਗਿਆ।ਇਸ ਸਬੰਧੀ ਥਾਣਾ ਸਦਰ ਮੁਖੀ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਰਣਜੀਤ ਸਿੰਘ ਇੰਚਾਰਜ ਚੌਂਕੀ ਚੋਟੀਆਂ, ਥਾਣਾ ਲਹਿਰਾ ਸਮੇਤ ਕਰਮਚਾਰੀਆਂ ਦੇ ਗਸ਼ਤ ਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਟੀ ਪੁਆਇੰਟ ਚੋਟੀਆਂ ਮੌਜੂਦ ਸਨ। ਉਸ ਸਮੇਂ ਮੁਖਬਰ ਖਾਸ ਨੇ ਅਲਿਹਦਗੀ ਵਿੱਚ ਆ ਕੇ ਇਤਲਾਹ ਦਿੱਤੀ ਕਿ ਸੁਖਵਿੰਦਰ ਸਿੰਘ ਉਰਫ ਬਾਈ ਜੀ ਵਾਸੀ ਅਲੀਸ਼ੇਰ ਹਾਲ ਅਵਾਦ ਲਹਿਰਾ ਤੇ ਗੁਰਸੇਵਕ ਸਿੰਘ ਵਾਸੀ ਆਲਮਪੁਰ, ਥਾਣਾ ਲਹਿਰਾ ਜੋ ਦੋਵੇਂ ਮਿਲ ਕੇ ਕਿਸੇ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ।ਅੱਜ ਆਲਮਪੁਰ ਤੋਂ 200 ਗਜ ਨਹਿਰ ਦੇ ਨਾਲ ਲੱਗਦੇ ਖਤਾਨਾਂ ਵਿੱਚ ਬੈਠੇ ਹਨ, ਜੇਕਰ ਛਾਪਾਮਾਰੀ ਕੀਤੀ ਜਾਵੇ ਤਾਂ ਇਹ ਅਸਲੇ ਸਮੇਤ ਕਾਬੂ ਆ ਸਕਦੇ ਹਨ।ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਕਾਰਨ ਥਾਣਾ ਲਹਿਰਾ ਵਿਖੇ ਰੁੱਕਾ ਭੇਜ ਕੇ ਮੁਕਦਮਾ ਦਰਜ ਰਜਿਸਟਰਡ ਕਰਵਾਇਆ ਤੇ ਛਾਪੇਮਾਰੀ ਕਰਨ ਦੌਰਾਨ ਸੁਖਵਿੰਦਰ ਸਿੰਘ ਤੇ ਗੁਰਸੇਵਕ ਸਿੰਘ ਪਾਸੋਂ ਇੱਕ ਦੇਸੀ ਪਿਸਟਲ ਸਮੇਤ ਦੋ ਜ਼ਿੰਦਾ ਕਾਰਤੂਸ 32 ਬੋਰ ਬਰਾਮਦ ਹੋਏ।ਦੋਸ਼ੀਆਂ ਨੂੰ ਮੌਕੇ 'ਤੇ ਗ੍ਰਿਫਤਾਰ ਕਰਕੇ ਆਰਮਜ਼ ਐਕਟ ਤਹਿਤ ਪਰਚਾ ਦਰਜ ਰਜਿਸਟਰ ਕੀਤਾ ਗਿਆ ਹੈ ਅਤੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ।

# ਖ਼ੂਨਦਾਨ ਕੈਂਪ 'ਚ ਦਿਖਾਇਆ ਖ਼ੂਨਦਾਨੀਆਂ ਨੇ ਉਤਸ਼ਾਹ




**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਸਰਕਾਰ ਦੀ 'ਯੂਥ ਅਗੇਂਸਟ ਡਰੱਗਸ' ਤਹਿਤ ਚੱਲ ਰਹੀ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿੱਚ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਲਾਹਣਤ ਤੋਂ ਸੁਚੇਤ ਕੀਤਾ ਜਾ ਰਿਹਾ ਹੈ, ਉੱਥੇ ਉਨ੍ਹਾਂ ਨੂੰ ਲੋਕ ਭਲਾਈ ਦੇ ਕਾਰਜਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਸਹੀ ਮਾਰਗ 'ਤੇ ਚੱਲ ਕੇ ਆਪਣੇ ਕੈਰੀਅਰ ਵੱਲ ਤਵੱਜੋਂ ਦੇ ਸਕਣ।ਇਸ ਸਿਲਸਿਲੇ ਤਹਿਤ ਜ਼ਿਲ੍ਹਾ ਤੇ ਸੈਸ਼ਨ ਜੱਜ ਲੁਧਿਆਣਾ ਦੇ ਮਾਣਯੋਗ ਜੱਜ ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ ਦੀਆਂ ਹਦਾਇਤਾਂ 'ਤੇ ਅਤੇ ਸੀਜੇਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਣਯੋਗ ਸ੍ਰੀਮਤੀ ਸੁਮਿਤ ਸੱਭਰਵਾਲ ਦੇ ਨਿਰਦੇਸ਼ਾਂ ਹੇਠ ਅੱਜ ਸਬ ਡਵੀਜ਼ਨਲ ਮੈਜਿਸਟ੍ਰੇਟ ਸਮਰਾਲਾ ਮਾਣਯੋਗ ਜੱਜ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਜੁਡੀਸ਼ਲ ਕੋਰਟ ਕੰਪਲੈਕਸ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕਾਰਜ ਵਿੱਚ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਮਾਣਯੋਗ ਰਮਨ ਕੁਮਾਰ, ਸਥਾਨਕ ਕੋਰਟ ਦੇ ਸਿਵਲ ਜੱਜ ਮਾਣਯੋਗ ਰਾਜਿੰਦਰ ਪਾਲ ਸਿੰਘ ਗਿੱਲ ਤੇ ਮਾਣਯੋਗ ਜੱਜ ਦੇਵ ਨੂਰ ਸਿੰਘ ਦੀ ਵਿਸ਼ੇਸ਼ ਭੂਮਿਕਾ ਰਹੀ। ਇਸ ਮੌਕੇ ਸਥਾਨਕ ਕਰਨ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਕਰੀਬ 35 ਯੂਨਿਟ ਖ਼ੂਨ ਇਕੱਤਰ ਕੀਤਾ।ਖ਼ੂਨਦਾਨ ਕਰਨ ਵਾਲਿਆਂ ਵਿੱਚ ਅਦਾਲਤੀ ਸਟਾਫ ਦੇ ਮੈਂਬਰਾਂ ਤੋਂ ਇਲਾਵਾ ਵਕੀਲਾਂ ਨੇ ਵੀ ਖ਼ੂਨ ਦਾਨ ਕੀਤਾ, ਜਿਨ੍ਹਾਂ ਵਿੱਚ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜਸਪ੍ਰੀਤ ਸਿੰਘ ਕਲਾਲਮਾਜਰਾ ਤੇ ਸਕੱਤਰ ਬਿੰਨੀ ਬਵੇਜਾ ਦੀ ਸ਼ਲਾਘਾਯੋਗ ਭੂਮਿਕਾ ਰਹੀ।ਇਸ ਮੌਕੇ ਮਾਣਯੋਗ ਜੱਜ ਰਾਜਿੰਦਰ ਸਿੰਘ ਨੇ ਕਿਹਾ ਕਿ ਇਸ ਧਰਤੀ ਤੇ ਖ਼ੂਨਦਾਨ ਸਭ ਤੋਂ ਪਵਿੱਤਰ ਤੇ ਬੇਸ਼ਕੀਮਤੀ ਕਾਰਜ ਹੈ, ਜੋ ਅਤਿ ਲੋੜਵੰਦ ਮਰੀਜ਼ ਨੂੰ ਇੱਕ ਨਵਾਂ ਜੀਵਨ ਦੇਣ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ।ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਦਾਨੀ ਨੂੰ ਇੱਕ ਰੂਹਾਨੀ ਖੁਸ਼ੀ ਦਾ ਅਹਿਸਾਸ ਹੁੰਦਾ ਹੈ ਕਿ ਉਸ ਨੇ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਣ ਲਈ ਇੱਕ ਅਹਿਮ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਖ਼ੂਨ ਕਿਸੇ ਯੰਤਰ ਨਾਲ ਨਹੀਂ ਬਣਾਇਆ ਜਾ ਸਕਦਾ ਬਲਕਿ ਇਸ ਦੀ ਪੂਰਤੀ ਮਹਿਜ਼ ਦਾਨ ਕਰਨ ਨਾਲ ਹੀ ਹੁੰਦੀ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸਮਰਾਲਾ ਵਿੱਚ ਇੱਕ ਵਿਸ਼ੇਸ਼ ਰੈਲੀ ਦਾ ਆਯੋਜਨ ਵੀ ਕੀਤਾ ਗਿਆ ਸੀ, ਜਿਸ ਵਿੱਚ ਨੌਜਵਾਨਾਂ ਤੇ ਆਮ ਲੋਕਾਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ।ਉਨ੍ਹਾਂ ਨੌਜਵਾਨਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਉਹ ਨਸ਼ਿਆਂ ਦਾ ਰਾਹ ਛੱਡ ਕੇ ਇਨਸਾਨੀਅਤ ਦੇ ਭਲੇ ਲਈ ਖ਼ੂਨਦਾਨ ਵਰਗੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ।

# ਸ਼ੂਟਰ ਗੁਰਵਿੰਦਰ ਗਿੰਦੂ ਪੁਲਸ ਮੁਕਾਬਲੇ 'ਚ ਜ਼ਖਮੀਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਬੀਤੀ ਦੇਰ ਰਾਤ ਗੈਂਗਸਟਰ ਪ੍ਰਭ ਦਾਸੂਵਾਲ ਗੈਂਗ ਨਾਲ ਸੰਬੰਧਤ ਗੈਂਗਸਟਰ ਸ਼ੂਟਰ ਗੁਰਵਿੰਦਰ ਗਿੰਦੂ ਮੋਗਾ ਤੋਂ ਲੁਹਾਰੇ ਜਾਂਦੇ ਬਾਈਪਾਸ 'ਤੇ ਇੱਕ ਕੱਚੀ ਪਹੀ 'ਤੇ ਪੁਲਸ ਮੁਕਾਬਲੇ ਦੌਰਾਨ ਦੋਨਾਂ ਪਾਸਿਓਂ ਚੱਲੀ ਗੋਲੀ ਦੌਰਾਨ ਜ਼ਖਮੀ ਹੋ ਗਿਆ, ਜਿਸ ਨੂੰ ਮੋਗਾ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਨੇ ਦੱਸਿਆ ਕਿ ਗੁਰਵਿੰਦਰ ਗਿੰਦੂ ਨਾਮ ਦਾ ਇਹ ਬਦਮਾਸ਼ ਪ੍ਰਭ ਦਾਸੂਵਾਲ ਗੈਂਗਸਟਰ ਦੇ ਗਰੁੱਪ ਦਾ ਗੁਰਗਾ ਹੈ, ਜਿਸ 'ਤੇ ਫਰੌਤੀਆਂ ਤੇ ਆਰਮਜ਼ ਐਕਟ ਦੇ ਮਾਮਲੇ ਦਰਜ ਹਨ।ਉਨ੍ਹਾਂ ਕਿਹਾ ਕਿ ਮੋਗਾ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇੱਕ ਮੁਕੱਦਮੇ ਵਿੱਚ ਲੁੜੀਂਦਾ ਬਦਮਾਸ਼ ਮੋਗਾ ਲੰਡੇਕੇ ਸੂਏ ਦੇ ਕੋਲ ਫਿਰ ਰਿਹਾ ਹੈ, ਜਿਸ 'ਤੇ ਪੁਲਸ ਨੇ ਜਦ ਰੇਡ ਕੀਤੀ ਤਾਂ ਬਦਮਾਸ਼ ਵੱਲੋਂ ਪੁਲਸ 'ਤੇ ਫਾਇਰਿੰਗ ਕਰ ਦਿੱਤੀ ਗਈ। ਜਵਾਬ ਵਿੱਚ ਪੁਲਸ ਨੇ ਵੀ ਫਾਇਰਿੰਗ ਕੀਤੀ ਤੇ ਫਾਇਰਿੰਗ ਦੌਰਾਨ ਬਦਮਾਸ਼ ਗੁਰਵਿੰਦਰ ਗਿੰਦੂ ਦੀ ਲੱਤ 'ਤੇ ਗੋਲੀ ਵੱਜੀ, ਜਿਸ ਨਾਲ ਉਹ ਜ਼ਖਮੀ ਹੋ ਗਿਆ ਤੇ ਉਸ ਨੂੰ ਸਿਵਲ ਹਸਪਤਾਲ ਮੋਗਾ ਦਾਖਲ ਕਰਵਾਇਆ ਗਿਆ।ਇਸ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਉਸ ਨੂੰ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ।ਐੱਸ.ਐੱਸ.ਪੀ. ਨੇ ਦੱਸਿਆ ਕਿ ਗੁਰਵਿੰਦਰ ਗਿੰਦੂ ਤਰਨਤਾਰਨ ਦਾ ਰਹਿਣ ਵਾਲਾ ਹੈ ਅਤੇ ਇਸ ਪਾਸੋਂ ਅੱਜ ਇੱਕ 32 ਬੋਰ ਪਿਸਟਲ ਤੇ ਮੋਟਰਸਾਈਕਲ ਬਰਾਮਦ ਹੋਇਆ ਹੈ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਬੁਢਲਾਡਾ ਦੇ ਮਨਜੀਤ ਕੌਰ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਬੁਢਲਾਡਾ (ਅਸ਼ੋਕ ਲਾਕੜਾ)**

ਇੱਥੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੇ ਬਲਾਕ ਬੁਢਲਾਡਾ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ 'ਚ ਬੀਬੀ ਮਨਜੀਤ ਕੌਰ ਬੀਰੋਕੇ ਪ੍ਰਧਾਨ ਤੇ ਬੀਬੀ ਡੇਜ਼ੀ ਗੁਪਤਾ ਸਕੱਤਰ ਅਤੇ ਬੀਬੀ ਰਣਜੀਤ ਕੌਰ ਖਜ਼ਾਨਚੀ ਚੁਣੇ ਗਏ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੀ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਸੂਬਾਈ ਆਗੂ ਤੇ ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਕਿਹਾ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ), ਜੋ ਕਿ ਦੇਸ਼ ਪੱਧਰ 'ਤੇ ਆਲ ਇੰਡੀਆ ਫੈਡਰੇਸ਼ਨ ਆਫ਼ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਨਾਲ ਸਬੰਧਤ ਹੈ। ਜਥੇਬੰਦੀ ਦੀ ਚੋਣ ਸਰਕਲ ਪੱਧਰ ਤੋਂ ਲੈ ਰਾਸ਼ਟਰੀ ਪੱਧਰ ਤੱਕ ਪ੍ਰਧਾਨ ਸਮੇਤ ਸਾਰੇ ਅਹੁਦੇਦਾਰਾਂ ਦੀ ਚੋਣ ਜਮਹੂਰੀ ਤਾਰੀਕੇ ਨਾਲ ਕੀਤੀ ਜਾਂਦੀ ਹੈ ਨਾ ਕਿ ਅਹੁਦੇਦਾਰ ਥੋਪੇ ਜਾਂਦੇ ਹਨ।

ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਅਦਾਲਤਾਂ ਦੇ ਕਈ ਫੈਸਲੇ ਆਂਗਣਵਾੜੀ ਮੁਲਾਜ਼ਮਾਂ ਦੇ ਹੱਕ ਵਿੱਚ ਆ ਚੁੱਕੇ ਹਨ, ਪ੍ਰੰਤੂ ਕੇਂਦਰ ਤੇ ਰਾਜ ਸਰਕਾਰਾਂ ਇਨ੍ਹਾਂ ਫ਼ੈਸਲਿਆਂ ਨੂੰ ਲਾਗੂ ਨਹੀਂ ਕਰ ਰਹੀਆਂ।ਉਨ੍ਹਾਂ ਕਿਹਾ ਕਿ ਆਂਗਣਵਾੜੀ ਮੁਲਾਜ਼ਮਾਂ ਕੋਲ ਇੱਕੋ ਇੱਕ ਰਾਹ ਸੰਘਰਸ਼ ਅਤੇ ਏਕੇ ਦਾ ਹੈ ਇਸ ਲਈ ਹਰ ਆਂਗਣਵਾੜੀ ਵਰਕਰ ਅਤੇ ਹੈਲਪਰ ਜਥੇਬੰਦੀ ਦੇ ਨਾਲ ਜੁੜ ਕੇ ਸੰਘਰਸ਼ਾਂ ਦੇ ਮੈਦਾਨ ਵਿੱਚ ਕੁੱਦਣਾ ਚਾਹੀਦਾ ਹੈ।ਜਥੇਬੰਦੀ ਦੀ ਨਵੀਂ ਚੁਣੀ ਪ੍ਰਧਾਨ ਮਨਜੀਤ ਕੌਰ ਬੀਰੋਕੇ ਨੇ ਜ਼ਿਲ੍ਹਾ ਪ੍ਰਧਾਨ ਸਮੇਤ ਬਲਾਕ ਦੀਆਂ ਪ੍ਰਤੀਨਿਧਾਂ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਬਲਾਕ ਬੁਢਲਾਡਾ ਦੀ ਚੋਣ ਦੋ ਬਾਕੀ ਅਹੁਦੇਦਾਰਾਂ ਵਿੱਚ ਬਲਾਕ ਮੀਤ ਪ੍ਰਧਾਨ ਸੁਮਨ ਲਤਾ ਬਰੇਟਾ, ਸ਼ਿੰਦਰ ਕੌਰ ਬਰੇ, ਸਹਾਇਕ ਸਕੱਤਰ ਸੁਮਨ ਲਤਾ, ਪੁਸ਼ਪਾ ਖੁਡਾਲ, ਸਹਾਇਕ ਖਜ਼ਾਨਚੀ ਤੇਜਿੰਦਰ ਵਾਲੀਆ, ਪ੍ਰੈੱਸ ਸਕੱਤਰ ਰੋਜ਼ੀ ਤੋਂ ਵੀਰਪਾਲ ਕੌਰ ਗੁਰਨੇ, ਬਸ਼ੀਰਾ ਖੁਡਾਲ, ਗੁਰਪਾਲ ਕੌਰ, ਜੀਤ ਕੌਰ, ਜੱਸੀ ਕੌਰ ਆਦਿ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ।ਇਸ ਮੌਕੇ ਉਨ੍ਹਾਂ ਨਾਲ ਸ਼ਿੰਦਰ ਕੌਰ ਬਰੇਟਾ, ਤੇਜਿੰਦਰ ਕੌਰ ਵਾਲੀਆ, ਸੁਮਨ ਗਰਗ, ਮਨਜੀਤ ਕੌਰ ਬੀਰੋਕੇ ਆਦਿ ਆਂਗਣਵਾੜੀ ਆਗੂ ਮੌਜੂਦ ਸਨ।

# ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਵੱਲੋਂ ਬਾਲ ਸੰਭਾਲ ਤੇ ਸਿੱਖਿਆ ਨੂੰ ਸੰਵਿਧਾਨਕ ਅਧਿਕਾਰ ਬਣਾਉਣ ਦਾ ਸਮਰਥਨ



**ਬਰਨਾਲਾ (ਰਾਜਿੰਦਰ ਬਰਾੜ)**-ਰਾਜ ਸਭਾ ਮੈਂਬਰ ਪਦਮਸ਼੍ਰੀ ਰਜਿੰਦਰ ਗੁਪਤਾ ਨੇ ਰਾਜ ਸਭਾ ਵਿੱਚ ਸ੍ਰੀਮਤੀ ਸੁਧਾ ਮੂਰਤੀ ਵੱਲੋਂ ਪੇਸ਼ ਕੀਤੇ ਪ੍ਰਾਈਵੇਟ ਮੈਂਬਰ ਰੈਜ਼ੋਲੂਸ਼ਨ ਦਾ ਪੂਰਾ ਸਮਰਥਨ ਕੀਤਾ, ਜਿਸ ਵਿੱਚ ਸੰਵਿਧਾਨ ਵਿੱਚ ਨਵਾਂ ਆਰਟਿਕਲ 21ਬੀ ਸ਼ਾਮਲ ਕਰਕੇ 3 ਤੋਂ 6 ਸਾਲ ਦੇ ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਸ਼ੁਰੂਆਤੀ ਬਾਲ ਸੰਭਾਲ ਤੇ ਸਿੱਖਿਆ (ਈ.ਈ.ਸੀ.ਈ) ਨੂੰ ਅਧਿਕਾਰ ਬਣਾਉਣ ਦਾ ਪ੍ਰਸਤਾਵ ਹੈ। ਇਸ ਨੂੰ ਸਮੇਂ ਦੀ ਵੱਡੀ ਲੋੜ ਤੇ ਵਿਗਿਆਨਕ ਨਜ਼ਰੀਏ ਨਾਲ ਬਹੁਤ ਜ਼ਰੂਰੀ ਕਦਮ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਬੱਚੇ ਦਾ 85% ਮਸਤਿਸ਼ਕ ਵਿਕਾਸ ਛੇ ਸਾਲ ਦੀ ਉਮਰ ਤੱਕ ਹੋ ਜਾਂਦਾ ਹੈ, ਇਸ ਲਈ ਇਹ ਮਹੱਤਵਪੂਰਨ ਸਾਲ ਬਹੁਤ ਕੀਮਤੀ ਹੁੰਦੇ ਹਨ।ਉਨ੍ਹਾਂ ਕਿਹਾ ਕਿ ਭਾਰਤ ਦੀ ਆਂਗਣਵਾੜੀ ਪ੍ਰਣਾਲੀ, ਜੋ ਇਸ ਸਾਲ 50 ਸਾਲ ਪੂਰੇ ਕਰ ਰਹੀ ਹੈ, 1975 ਵਿੱਚ ਸ਼ੁਰੂ ਹੋਏ 33 ਪਾਇਲਟ ਕੇਂਦਰਾਂ ਤੋਂ ਵਧ ਕੇ ਅੱਜ 13.96 ਲੱਖ ਕੇਂਦਰਾਂ ਤੱਕ ਫੈਲ ਚੁੱਕੀ ਹੈ। ਇਸ ਦੇ ਬਾਵਜੂਦ ਕਈ ਕੇਂਦਰਾਂ ਵਿੱਚ ਆਧਾਰਭੂਤ ਢਾਂਚੇ ਦੀ ਕਮੀ ਕਾਰਨ ਸੇਵਾਵਾਂ ਦੀ ਗੁਣਵੱਤਾ ਪ੍ਰਭਾਵਿਤ ਹੋ ਰਹੀ ਹੈ।ਲਗਭਗ 3.58 ਲੱਖ ਕੇਂਦਰ ਅਜੇ ਵੀ ਕਿਰਾਏ ਜਾਂ ਅਸਥਾਈ ਥਾਵਾਂ ਤੋਂ ਚੱਲ ਰਹੇ ਹਨ ਅਤੇ ਕਈਆਂ ਵਿੱਚ ਪਾਈਪ ਨਾਲ ਪਾਣੀ, ਸ਼ੌਚਾਲਾ, ਰਸੋਈ ਤੇ ਸੌਰ ਊਰਜਾ ਵਰਗੀਆਂ ਮੁੱਢਲੀਆਂ ਸੁਵਿਧਾਵਾਂ ਦੀ ਘਾਟ ਹੈ।ਗੁਪਤਾ ਨੇ ਕਿਹਾ ਕਿ ਇਨ੍ਹਾਂ ਸੀਮਿਤ ਸੰਸਾਧਨਾਂ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਪੋਸ਼ਣ, ਟੀਕਾਕਰਨ, ਸ਼ੁਰੂਆਤੀ ਸਿੱਖਿਆ, ਘਰ-ਘਰ ਜਾ ਕੇ ਜਾਗਰੂਕਤਾ ਫੈਲਾਉਣ ਵਰਗੇ 20 ਤੋਂ ਵੱਧ ਮਹੱਤਵਪੂਰਨ ਕੰਮਾਂ ਦੀ ਜ਼ਿੰਮੇਵਾਰੀ ਹੈ।ਕਈ ਵਾਰ ਉਨ੍ਹਾਂ ਨੂੰ ਚੋਣ ਡਿਊਟੀਆਂ ਤੇ ਹੋਰ ਸਰਕਾਰੀ ਸਰਵੇਖਣਾਂ ਦਾ ਵਾਧੂ ਬੋਝ ਵੀ ਝੇਲਣਾ ਪੈਂਦਾ ਹੈ।ਇਸ ਲਈ ਈ.ਈ.ਸੀ.ਈ. ਨੂੰ ਸੰਵਿਧਾਨਕ ਅਧਿਕਾਰ ਬਣਾਉਣ ਤੋਂ ਪਹਿਲਾਂ ਆਂਗਣਵਾੜੀ ਪ੍ਰਣਾਲੀ ਤੇ ਵਰਕਰਾਂ ਦੀ ਮਜ਼ਬੂਤੀ ਬੁਨਿਆਦੀ ਸ਼ਰਤ ਹੈ।ਸਾਂਸਦ ਗੁਪਤਾ ਨੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ, ਦਿਵਿਆਂਗ ਬੱਚਿਆਂ ਤੇ ਦੁਰਲਭ ਬਿਮਾਰੀਆਂ ਨਾਲ ਪ੍ਰਭਾਵਿਤ ਨੰਨ੍ਹੇ ਬੱਚਿਆਂ ਵੱਲ ਖ਼ਾਸ ਧਿਆਨ ਦੇਣ ਦੀ ਅਪੀਲ ਕੀਤੀ।ਗੁਪਤਾ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਸ਼ੁਰੂਆਤੀ ਬਾਲ ਸਿੱਖਿਆ ਦੇ ਨਜ਼ਰੀਏ ਵਿੱਚ ਵੱਡੇ ਸੁਧਾਰ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਭਾਰਤ ਦੀ ਸਿੱਖਿਆ ਪੱਧਤੀ ਅਜੇ ਵੀ ਬਾਲ-ਕੇਂਦ੍ਰਿਤ ਹੋਣ ਦੀ ਬਜਾਏ ਵਯਸਕ-ਕੇਂਦ੍ਰਿਤ ਹੈ, ਜਿੱਥੇ ਅਕਸਰ ਕੰਮ ਬੱਚੇ ਨਾਲ ਮਿਲ ਕੇ ਕਰਨ ਦੀ ਬਜਾਏ ਬੱਚੇ ਲਈ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ਾਂ ਵਿੱਚੋਂ ਇੱਕ ਹੋਣ ਦੇ ਨਾਤੇ ਭਾਰਤ ਨੂੰ ਉਹ ਬੱਚੇ ਚਾਹੀਦੇ ਹਨ, ਜੋ ਸਿਰਫ਼ ਅਕਾਦਮਿਕ ਤੌਰ 'ਤੇ ਹੀ ਨਹੀਂ, ਸਗੋਂ ਭਾਵਨਾਤਮਕ ਤੇ ਸਮਾਜਕ ਤੌਰ 'ਤੇ ਵੀ ਮਜ਼ਬੂਤ ਹੋਣ।

ਆਪਣੇ ਸੰਬੋਧਨ ਦੇ ਅਖੀਰ ਵਿੱਚ ਸਾਂਸਦ ਗੁਪਤਾ ਨੇ ਕਿਹਾ ਕਿ ਆਰਟੀਕਲ 21ਬੀ ਦਾ ਇਹ ਪ੍ਰਸਤਾਵ ਕੇਵਲ ਸੰਵਿਧਾਨਕ ਸੋਧ ਨਹੀਂ, ਸਗੋਂ ਭਾਰਤ ਵਿੱਚ ਬਚਪਨ ਨੂੰ ਨਵੀਂ ਦਿਸ਼ਾ ਦੇਣ ਦਾ ਵਾਅਦਾ ਹੈ।ਉਨ੍ਹਾਂ ਆਂਗਣਵਾੜੀ ਢਾਂਚੇ ਨੂੰ ਮਜ਼ਬੂਤ ਕਰਨ, ਵਰਕਰਾਂ ਤੇ ਗੈਰ-ਜ਼ਰੂਰੀ ਬੋਝ ਘਟਾਉਣ, ਦਿਵਿਆਂਗਤਾ ਤੇ ਦੁਰਲਭ ਬਿਮਾਰੀਆਂ ਲਈ ਵੱਧ ਸਹਾਇਤਾ ਮੁਹੱਈਆ ਕਰਾਉਣ, ਵਿਸ਼ੇਸ਼ ਅਧਿਆਪਕਾਂ ਦੀ ਗਿਣਤੀ ਵਧਾਉਣ ਅਤੇ ਸਮਗ੍ਰ ਵਿਕਾਸ 'ਤੇ ਆਧਾਰਤ ਪਾਠਕ੍ਰਮ ਦੇ ਤਿਆਰ ਕਰਨ ਦੀ ਮੰਗ ਉਠਾਈ।ਗੁਪਤਾ ਨੇ ਕਿਹਾ ਕਿ ਇਹ ਸੰਕਲਪ ਕੇਵਲ ਅੱਜ ਦੇ ਬੱਚਿਆਂ ਦਾ ਨਹੀਂ, ਸਗੋਂ ਕੱਲ੍ਹ ਦੇ ਨਾਗਰਿਕਾਂ ਦਾ ਭਵਿੱਖ ਤੈਅ ਕਰਦਾ ਹੈ।

# ਰੇਲਵੇ ਦੀ ਗਲਤੀ ਕਾਰਨ ਲਾਂਘੇ ਦੀ ਸਮੱਸਿਆ ਨਾਲ ਜੂਝ ਰਹੇ ਝੋਕ ਟਹਿਲ ਸਿੰਘ ਵਾਲਾ ਦੇ ਵਾਸੀ

## *ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸੰਘਰਸ਼ ਦੀ ਚੇਤਾਵਨੀ*



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਖਜ਼ਾਨਚੀ ਰਣਜੀਤ ਸਿੰਘ ਝੋਕ ਦੀ ਅਗਵਾਈ ਵਿੱਚ ਪਿੰਡ ਝੋਕ ਟਹਿਲ ਸਿੰਘ ਵਾਲਾ ਵਿੱਚ ਹੋਈ, ਜਿਸ ਵਿੱਚ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਵੀ ਸ਼ਾਮਲ ਹੋਏ।ਮੀਟਿੰਗ ਵਿੱਚ ਲੰਮੇ ਸਮੇਂ ਤੋਂ ਰੇਲਵੇ ਲਾਈਨ ਦੇ ਅੰਡਰ ਬ੍ਰਿਜ ਕਾਰਨ ਪਿੰਡ ਵਾਸੀਆਂ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਫਿਰੋਜ਼ਪੁਰ ਤੋਂ ਗੰਗਾਨਗਰ ਜਾਣ ਵਾਲੀ ਰੇਲਵੇ ਲਾਈਨ 'ਤੇ ਬਣਾਏ ਗਏ ਅੰਡਰ ਬ੍ਰਿਜਾਂ ਕਾਰਨ ਇਲਾਕੇ ਦੇ ਕਿਸਾਨਾਂ ਨੂੰ ਲਾਂਘੇ ਦੀ ਵੱਡੀ ਸਮੱਸਿਆ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਇਹ ਬ੍ਰਿਜ ਬਣਾਉਂਦੇ ਸਮੇਂ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਧਿਆਨ ਨਹੀਂ ਰੱਖਿਆ ਗਿਆ, ਜਿਸ ਦਾ ਲੈਵਲ ਕਾਫੀ ਉੱਪਰ ਹੈ, ਪਾਣੀ ਦਾ ਲੈਵਲ ਉੱਪਰ ਆਉਣ ਦੀ ਸਭ ਤੋਂ ਜ਼ਿਆਦਾ ਸਮੱਸਿਆ ਅੰਡਰ ਬ੍ਰਿਜ ਸੀ-24 'ਤੇ ਆ ਰਹੀ ਹੈ, ਪਰ ਸੀ-21, 22 ਤੇ 23 ਵੀ ਪ੍ਰਭਾਵਤ ਹਨ।ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕ ਵੱਖ ਵੱਖ ਅਧਿਕਾਰੀਆਂ ਦੇ ਚੱਕਰ ਕੱਟ ਚੁੱਕੇ ਹਨ, ਪਰ ਕਿਤੇ ਵੀ ਨਾ ਤਾਂ ਸੁਣਵਾਈ ਹੋਈ ਅਤੇ ਨਾ ਹੀ ਸਮੱਸਿਆ ਦਾ ਕੋਈ ਹੱਲ ਕੀਤਾ ਗਿਆ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਇੱਕ ਹਫਤੇ ਤੱਕ ਕੋਈ ਢੁੱਕਵਾਂ ਹੱਲ ਨਾ ਹੋਇਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਬਲਾਕ ਆਗੂ ਨਿਰਭੈ ਸਿੰਘ ਟਾਹਲੀ ਵਾਲਾ, ਅਮਰਜੀਤ ਸਿੰਘ, ਕੁਲਵੰਤ ਸਿੰਘ, ਦਿਲਬੀਰ ਸਿੰਘ ਝੋਕ ਟਹਿਲ ਸਿੰਘ ਵਾਲਾ, ਜਸਵੀਰ ਸਿੰਘ, ਅਮਰੀਕ ਸਿੰਘ, ਜਸਪ੍ਰੀਤ ਸਿੰਘ, ਹਰਚੰਦ ਸਿੰਘ, ਅਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

# ਉਪ-ਮੰਡਲ ਪੱਧਰ 'ਤੇ ਕੌਮੀ ਲੋਕ ਅਦਾਲਤ 'ਚ ਸੈਂਕੜੇ ਕੇਸਾਂ ਦੇ ਮੌਕੇ 'ਤੇ ਫੈਸਲੇ

## ਲੱਖਾਂ ਰੁਪਏ ਦੇ ਅਵਾਰਡ ਕੀਤੇ ਪਾਸ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਸਮਾਣਾ ਦੀਆਂ ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਸ੍ਰੀ ਅਵਤਾਰ ਸਿੰਘ ਤੇ ਮੈਡਮ ਅਮਨਦੀਪ ਕੰਬੋਜ ਸੀ ਜੇ ਐੱਮ-ਕਮ-ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ-ਕਮ-ਚੇਅਰਮੈਨ ਉਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਸਮਾਣਾ ਦੀ ਪ੍ਰਧਾਨਗੀ ਹੇਠ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।ਉਪ-ਮੰਡਲ ਪੱਧਰ 'ਤੇ ਛੇ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ, ਦੂਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਜੱਜ ਡਾਕਟਰ ਰਾਜਵਿੰਦਰ ਕੌਰ, ਤੀਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਏਕਤਾ ਸੇਡਾ, ਚੌਥੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਜਸਲੀਨ ਕੌਰ ਬਵੇਜਾ, ਪੰਜਵੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਮੋਹਿਨੀ ਗੋਇਲ ਤੇ ਛੇਵੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਡਿੰਪਲ ਗਰਗ ਨੇ ਕੀਤੀ ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਾਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਕੇਸ ਫੈਸਲਾ ਕਰਵਾ ਦਿੱਤੇ ਗਏ।ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਸ਼ਿਵ ਕੁਮਾਰ ਘੱਗਾ, ਜਤਿੰਦਰ ਕੁਮਾਰ (ਹੈਪੀ ਢੀਂਡਸਾ), ਸੰਜੇ ਸਿੰਗਲਾ, ਲਵ ਕੁਮਾਰ, ਪਵਨ ਸਾਸਤਰੀ ਐਡਵੋਕੇਟਸ, ਸ਼ਬਦ ਕੌਰ, ਮਨਪ੍ਰੀਤ ਕੌਰ, ਅਸੀਨ ਖਾਨ, ਵਿਕਰਮ ਭਟਨਾਗਰ ਅਤੇ ਜਸਵੀਰ ਸਿੰਘ ਤੇ ਰੀਡਰ ਮੇਜਰ ਸਿੰਘ, ਰਜਿੰਦਰ ਸਿੰਘ, ਗੁਰਦੀਪ ਸਿੰਘ, ਕਿਰਨ ਕੁਮਾਰ, ਰਾਹੁਲ ਢੀਂਡਸਾ, ਸਰਵੇਸ਼ ਕੁਮਾਰ, ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਮੈਡਮ ਮੋਨਿਕਾ ਪਹੂਜਾ ਤੇ ਐਡਵੋਕੇਟ ਗੁਰਵਿੰਦਰ ਸਿੰਘ ਗੋਲਣ ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ: ਨਵਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸੰਦੀਪ ਜਿੰਦਲ ਨੇ ਕੌਮੀ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਕੌਮੀ ਲੋਕ ਅਦਾਲਤਾਂ ਵਿੱਚ ਦੋਨਾਂ ਧਿਰਾਂ ਨੂੰ ਸਮਝਾ ਕੇ ਕੇਸਾਂ ਵਿੱਚ ਹੁੰਦੇ ਨੁਕਸਾਨ ਤੋਂ ਜਾਣੂ ਕਰਵਾ ਕੇ ਆਪਸੀ ਸਹਿਮਤੀ ਨਾਲ ਸਮਝੌਤੇ ਕਰਵਾਏ ਜਾਂਦੇ ਹਨ ਤੇ ਰਿਕਵਰੀ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਸਾਇਲ ਨੂੰ ਪੂਰੀ ਵਾਪਸ ਮਿਲ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਦੇ ਕੇਸਾਂ ਦੇ ਫੈਸਲੇ ਕੌਮੀ ਲੋਕ ਅਦਾਲਤਾਂ ਰਾਹੀ ਕਰਵਾਉਣ ਤਾਂ ਜੋ ਆਪਸੀ ਪਿਆਰ ਤੇ ਭਾਈਚਾਰਾ ਬਣਿਆ ਰਹੇ ਤੇ ਲੋਕ ਕੇਸਾਂ ਰਾਹੀ ਹੁੰਦੀ ਪੈਸੇ ਅਤੇ ਸਮੇਂ ਦੀ ਬਰਬਾਦੀ ਤੋਂ ਬਚੇ ਰਹਿਣ।

# ਨਿਊਜ਼ੀਲੈਂਡ ਤੋਂ ਆਏ ਵਫ਼ਦ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ





**ਜਲੰਧਰ (ਕੇਸਰ)** ਸ਼ਹੀਦ ਭਗਤ ਸਿੰਘ ਟਰੱਸਟ ਨਿਊਜ਼ੀਲੈਂਡ ਤੋਂ ਰੁਪਿੰਦਰ ਕੌਰ ਗਿੱਲ ਅਤੇ ਉਨ੍ਹਾਂ ਦੇ ਜੀਵਨ ਸਾਥੀ ਗੁਰਵਿੰਦਰ ਸਿੰਘ ਨਿਊਜ਼ੀਲੈਂਡ ਵਿਖੇ ਆਪਣੇ ਪਰਵਾਰ ਨੂੰ ਗ਼ਦਰ ਲਹਿਰ, ਕੌਮੀ ਮੁਕਤੀ ਸੰਗਰਾਮ ਦੀ ਮਾਣਮੱਤੀ ਵਿਰਾਸਤ ਅਤੇ ਅਜੋਕੇ ਮਾਨਵੀ ਸਰੋਕਾਰਾਂ ਨਾਲ ਜੋੜਨ ਲਈ ਤਤਪਰ ਰਹਿੰਦੇ ਹਨ। ਰੁਪਿੰਦਰ ਕੌਰ ਗਿੱਲ ਉਹਨਾਂ ਦੀ ਮਾਂ ਗੁਰਮੀਤ ਕੌਰ ਰਾਜੇਆਣਾ ਮੋਗਾ ਨੇ ਮਨਦੀਪ ਮਹਿਮ ਅਤੇ ਮਨਪ੍ਰੀਤ ਦੀ ਪ੍ਰੇਰਨਾ ਅਤੇ ਅਗਵਾਈ ਸਦਕਾ ਨਿਊਜ਼ੀਲੈਂਡ ਤੋਂ ਵਡੇਰੇ ਪਰਵਾਰ ਨੂੰ ਨਾਲ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਆਏ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਸ ਵਫ਼ਦ ਨੂੰ ਸੁਆਗਤ ਵਿੱਚ ਜੀ ਆਇਆਂ ਕਿਹਾ ਅਤੇ ਪੰਜਾਬੀ, ਅੰਗਰੇਜ਼ੀ, ਹਿੰਦੀ ਵਿੱਚ ਗ਼ਦਰੀ ਸਾਹਿਤ ਦੀਆਂ ਪੁਸਤਕਾਂ ਭੇਂਟ ਕਰਕੇ ਸਨਮਾਨਤ ਕੀਤਾ। ਬਾਹਰੋਂ ਆਏ ਇਸ ਵਫ਼ਦ ਨੇ ਮਿਊਜ਼ੀਅਮ, ਲਾਇਬ੍ਰੇਰੀ, ਵੱਖ-ਵੱਖ ਹਾਲ, ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੁੰਦੀਆਂ ਸਰਗਰਮੀਆਂ ਅਤੇ ਸਾਹਿਤਕ/ਸਭਿਆਚਾਰਕ ਕਲਾ ਕਿਰਤਾਂ ਬਾਰੇ ਜਾਣ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਉਹਨਾਂ ਵਿਚਾਰ-ਚਰਚਾ ਕਰਦੇ ਹੋਏ ਕਿਹਾ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਮਹਾਨ ਇਨਕਲਾਬੀ ਇਤਿਹਾਸਕ ਵਿਰਸੇ ਦੀ ਮਸ਼ਾਲ ਜਗਦੀ ਰੱਖ ਰਿਹਾ ਹੈ ਅਤੇ ਸਾਡੇ ਵਰਗੇ ਪ੍ਰਦੇਸਾਂ ਅੰਦਰ ਪਰਵਾਸ ਦਾ ਦਰਦ ਹੰਢਾ ਰਹੇ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਨਿਊਜ਼ੀਲੈਂਡ ਦੇ ਸ਼ਹਿਰ ਔਕਲੈਂਡ ਵਿੱਚ ਸ਼ਹੀਦ ਭਗਤ ਸਿੰਘ ਟਰੱਸਟ ਨਿਊਜ਼ੀਲੈਂਡ ਵੱਲੋਂ ਹੁੰਦੀਆਂ ਨਿਰੰਤਰ ਸਰਗਰਮੀਆਂ ਦਾ ਆਦਾਨ-ਪ੍ਰਦਾਨ ਸਾਂਝਾ ਕਰਦਿਆਂ ਸਮੂਹ ਪਰਵਾਰ ਨੇ ਭਵਿੱਖ ਵਿੱਚ ਇਹ ਸਾਂਝ ਹੋਰ ਵੀ ਮਜ਼ਬੂਤ ਕਰਨ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਖ਼ਜ਼ਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਅਮੋਲਕ ਸਿੰਘ, ਚਰੰਜੀ ਲਾਲ ਕੰਗਣੀਵਾਲ, ਸੁਰਿੰਦਰ ਕੁਮਾਰੀ ਕੋਛੜ ਅਤੇ ਰਣਜੀਤ ਸਿੰਘ ਔਲਖ ਵੀ ਹਾਜ਼ਰ ਸਨ।

## 19ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਦਾ ਅੱਜ ਫਾਈਨਲ

# ਸੁਰਜੀਤ ਹਾਕੀ ਅਕੈਡਮੀ ਅਤੇ ਰਾਊਂਡ ਗਲਾਸ ਅਕੈਡਮੀ ਵਿਚਾਲੇ ਖ਼ਿਤਾਬੀ ਮੁਕਾਬਲਾ ਹੋਵੇਗਾ ਅੱਜ

**ਜਲੰਧਰ (ਸ਼ੈਲੀ ਐਲਬਰਟ)** ਅੱਜ 19ਵੇਂ ਆਲ ਇੰਡੀਆ ਸਰਦਾਰ ਬਲਵੰਤ ਸਿੰਘ ਕਪੂਰ ਮੈਮੋਰੀਅਲ ਹਾਕੀ ਟੂਰਨਾਮੈਂਟ (ਅੰਡਰ - 19 ਲੜਕੇ) ਦਾ ਫਾਈਨਲ ਮੈਚ ਸੁਰਜੀਤ ਹਾਕੀ ਅਕੈਡਮੀ ਜਲੰਧਰ ਅਤੇ ਰਾਊਂਡ ਗਲਾਸ ਹਾਕੀ ਅਕੈਡਮੀ ਮੋਹਾਲੀ ਵਿਚਕਾਰ ਖੇਡਿਆ ਜਾਵੇਗਾ, ਇਹ ਮੈਚ ਦੁਪਹਿਰ 2:00 ਵਜੇ ਹੋਵੇਗਾ। ਇਸ ਤੋਂ ਪਹਿਲਾਂ ਸਵੇਰੇ 11:30 ਵਜੇ ਉੜੀਸਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਭੁਵਨੇਸ਼ਵਰ ਬਨਾਮ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਟੀਮਾਂ ਤੀਜੇ ਸਥਾਨ ਲਈ ਆਹਮੋ-ਸਾਹਮਣੇ ਹੋਣਗੀਆਂ। ਸ਼ਨੀਵਾਰ ਨੂੰ ਖੇਡੇ ਗਏ ਪਹਿਲੇ ਸੈਮੀਫਾਈਨਲ ਵਿੱਚ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੇ ਉੜੀਸਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਨੂੰ 4-3 ਨਾਲ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ। ਸੁਰਜੀਤ ਅਕੈਡਮੀ ਵੱਲੋਂ ਟੀਮ ਲਈ ਮਨਪ੍ਰੀਤ ਸਿੰਘ, ਕਰਨ ਸਿੰਘ, ਸਿਮਰਨ ਸਿੰਘ, ਚਰਨਜੀਤ ਸਿੰਘ ਨੇ 1-1 ਗੋਲ ਕੀਤਾ। ਉੜੀਸਾ ਟੀਮ ਲਈ ਵਿਲਿਆਮ ਸਿੰਘ ਨੇ ਇੱਕ ਅਤੇ ਬਿਲਕਨ ਓਰਮ ਨੇ ਦੋ ਗੋਲ ਕੀਤੇ। ਸੁਰਜੀਤ ਹਾਕੀ ਅਕੈਡਮੀ ਦੇ ਚਰਨਜੀਤ ਸਿੰਘ ਨੂੰ ਮੈਨ ਆਫ ਦਾ ਮੈਚ ਚੁਣਿਆ ਗਿਆ। ਦੂਜੇ ਸੈਮੀਫਾਈਨਲ ਮੈਚ ਵਿੱਚ ਰਾਊਂਡ ਗਲਾਸ ਹਾਕੀ ਅਕੈਡਮੀ ਮੁਹਾਲੀ ਨੇ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੂੰ 5-2 ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਰਾਊਂਡ ਗਲਾਸ ਅਕੈਡਮੀ ਦੀ ਤਰਫ਼ੋਂ ਜਗਮਨ ਸਿੰਘ ਨੇ ਹੈਟ੍ਰਿਕ ਜਦਕਿ ਵਿਕਰਮ ਸਿੰਘ, ਇੰਦਰਜੀਤ ਸਿੰਘ ਨੇ 1-1 ਗੋਲ ਕੀਤਾ। ਹੈਟ੍ਰਿਕ ਬਣਾਉਣ ਵਾਲੇ ਜਗਮਨ ਸਿੰਘ ਨੂੰ ਮੈਨ ਆਫ ਦਾ ਮੈਚ ਚੁਣਿਆ ਗਿਆ। ਨੇਵਲ ਟਾਟਾ ਟੀਮ ਲਈ ਮਨਿਤ ਅਤੇ ਟਿੰਟਸ ਨੇ ਇਕ-ਇਕ ਗੋਲ ਕੀਤਾ। ਇਸ ਮੌਕੇ ਵਿਧਾਇਕ ਪਰਮਸ਼੍ਰੀ ਪਰਗਟ ਸਿੰਘ ਐਮਐਲਏ ਜਲੰਧਰ ਕੈਂਟ, ਅਭਿਨਵ ਚੋਪੜਾ ਡਾਇਰੈਕਟਰ ਪੰਜਾਬ ਕੇਸਰੀ ਗਰੁੱਪ ਮੁੱਖ ਮਹਿਮਾਨ ਵਜੋਂ ਪੁੱਜੇ। ਜਿਨ੍ਹਾਂ ਨੇ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਰਲੋਕ ਸਿੰਘ ਕਪੂਰ, ਹਰਭਜਨ ਸਿੰਘ ਕਪੂਰ, ਤੇਜਿੰਦਰ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਹਰਭਜਨ ਕੌਰ, ਮਨਜੀਤ ਕੌਰ, ਪਰਵਿੰਦਰ ਕੌਰ, ਬਲਵਿੰਦਰ ਕੌਰ, ਪਰਮਿੰਦਰ ਕੌਰ, ਮਧੂ ਸ਼ਰਮਾ, ਅਮਨਪ੍ਰੀਤ ਕੌਰ, ਪ੍ਰਨੀਤ ਕੌਰ, ਪਰੀਤਮ ਕੌਰ ਕਪੂਰ, ਕਰਨ ਸਿੰਘ ਕਪੂਰ, ਕਪੂਰੈਵਲ, ਡਾ. ਕੰਵਰ ਚੱਢਾ, ਸੰਜੀਵ ਕੁਮਾਰ ਓਲੰਪੀਅਨ, ਮੁਖਬੈਨ ਸਿੰਘ ਓਲੰਪੀਅਨ, ਰਾਜਿੰਦਰ ਸਿੰਘ ਸੀਨੀਅਰ ਓਲੰਪੀਅਨ, ਰਿਪੁਦਮਨ ਕੁਮਾਰ ਸਿੰਘ, ਦਲਜੀਤ ਸਿੰਘ ਇੰਟਰਨੈਸ਼ਨਲ, ਅਵਤਾਰ ਉੱਲਾ ਖਾਨ, ਗੁਰਜੇਦਰ ਸਿੰਘ, ਨਰਿੰਦਰ ਸਿੰਘ, ਐਮ.ਪੀ ਕਾਲੀਆ, ਗੁਰਮੀਤ ਸਿੰਘ ਮਿੰਟੂ, ਜਗਿੰਦਰ ਸਿੰਘ ਕਪੂਰ, ਅਜਵਿੰਦਰ ਸਿੰਘ ਕਪੂਰ, ਹਰਗੁਣ ਸਿੰਘ ਕਪੂਰ, ਮਨਦੀਪ ਸਿੰਘ, ਬਲਜੀਤ ਸਿੰਘ, ਸਤਪਾਲ ਸਿੰਘ, ਬਲਜੀਤ ਸਿੰਘ, ਬਲਜੀਤ ਸਿੰਘ, ਡਾ. ਕੁਲਜੀਤ ਸਿੰਘ ਰੰਧਾਵਾ, ਹਰਿੰਦਰ ਸਿੰਘ ਸੰਘਾ, ਅਵਤਾਰ ਸਿੰਘ ਹਾਕੀ ਕੋਚ, ਨਰਿੰਦਰ ਵਿਗ, ਧਰਮਪਾਲ ਸਿੰਘ, ਜਗਜੀਤ ਸਿੰਘ, ਲਕਸ਼ੈ, ਚੜ੍ਹਤ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਸੁਭਾਸ਼ ਚੰਦਰ, ਪਵਨ, ਕੁਸ਼ੈ ਕੁਮਾਰ, ਸੁਦੇਸ਼ ਸੇਠੀ, ਰਾਜਿੰਦਰ ਸ਼ਰਮਾ, ਦੀਪਕ ਸ਼ਰਮਾ ਅੰਪਾਇਰ, ਜਗਦੇਵ ਸਿੰਘ, ਸ਼ਿਵਲੋਚਕ ਆਦਿ ਹਾਜ਼ਰ ਸਨ।



# ਪੁਲਸ ਵੱਲੋਂ ਫਲੈਗ ਮਾਰਚ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਡੀ ਐਸ ਪੀ ਓਂਕਾਰ ਸਿੰਘ ਬਰਾੜ ਨੇ ਥਾਣਾ ਨੂਰਮਹਿਲ ਦੇ ਮੁੱਖ ਅਫਸਰ ਇੰਸਪੈਕਟਰ ਪਰਮਿੰਦਰ ਸਿੰਘ, ਥਾਣਾ ਸਿਟੀ ਦੇ ਮੁੱਖ ਅਫਸਰ ਸਬ ਇੰਸਪੈਕਟਰ ਹਰਮਿੰਦਰ ਸਿੰਘ ਸੰਧੂ ਅਤੇ ਥਾਣਾ ਸਦਰ ਦੇ ਮੁੱਖ ਅਫਸਰ ਸਬ ਇੰਸਪੈਕਟਰ ਦਿਲਬਾਗ ਸਿੰਘ ਦੀਆਂ ਟੀਮਾਂ ਨਾਲ ਭਾਰੀ ਪੁਲਸ ਫੋਰਸ ਅਤੇ ਸਬ-ਡਿਵੀਜ਼ਨ ਦੇ ਸਮੂਹ ਪਿੰਡਾਂ ਵਿੱਚ ਵਿਸ਼ਾਲ ਫਲੈਗ ਮਾਰਚ ਕੀਤਾ। ਫਲੈਗ ਮਾਰਚ ਦਾ ਮੰਤਵ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਨੂੰ ਸ਼ਾਂਤੀਪੂਰਵਕ ਅਤੇ ਨਿਰਪੱਖ ਢੰਗ ਨਾਲ ਯਕੀਨੀ ਬਣਾਉਣਾ ਸੀ।ਫਲੈਗ ਮਾਰਚ ਦੌਰਾਨ ਨਾਗਰਿਕਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਉਹ ਡਰ-ਭੈ ਤੋਂ ਰਹਿਤ ਹੋ ਕੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਅਤੇ ਪੁਲਸ ਪ੍ਰਸ਼ਾਸਨ ਦੇ ਨਾਲ ਮਿਲ ਕੇ ਸ਼ਾਂਤੀ ਨੂੰ ਕਾਇਮ ਰੱਖਣ ਵਿੱਚ ਸਹਿਯੋਗ ਕਰਨ।

# ਜੱਟ ਸਿੱਖ ਕੌਂਸਲ ਨੇ ਹੜ੍ਹ ਪੀੜਤ ਵਿਦਿਆਰਥੀਆਂ ਨੂੰ ਦਿੱਤੀ ਸਕਾਲਰਸ਼ਿਪ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਜਿੱਥੇ ਜ਼ਰੂਰਤਮੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਕੇ ਉਨ੍ਹਾਂ ਦੀ ਪੜ੍ਹਾਈ ਵਿਚ ਮੱਦਦ ਕਰਦਾ ਹੈ ਉੱਥੇ ਵੱਖ-ਵੱਖ ਗੈਰ ਸਰਕਾਰੀ ਸੰਸਥਾਵਾਂ ਨੂੰ ਵੀ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਪ੍ਰੇਰਿਤ ਕਰਦਾ ਹੈ।ਇਸੇ ਤਹਿਤ ਦੀ ਜੱਟ ਸਿੱਖ ਕੌਂਸਲ (ਰਜਿ:) ਵੱਲੋਂ 80 ਹਜ਼ਾਰ ਰੁਪਏ ਦੀ ਸਕਾਲਰਸ਼ਿਪ ਲਾਇਲਪੁਰ ਖਾਲਸਾ ਕਾਲਜ ਦੀਆਂ ਵੱਖ-ਵੱਖ ਸੰਸਥਾਵਾਂ ਦੇ 10 ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਗਈ ਜਿਹਨਾਂ ਵਿੱਚ 8 ਵਿਦਿਆਰਥੀ ਹੜ੍ਹ ਪੀੜਤ ਅਤੇ 2 ਵਿਦਿਆਰਥੀ ਅਕਾਦਮਿਕ ਐਕਸੀਲੈਂਟ ਸਨ।ਡਾ. ਐਚ. ਐਸ. ਮਾਨ (ਪ੍ਰੈਜ਼ੀਡੈਂਟ ਜੱਟ ਸਿੱਖ ਕੌਂਸਲ), ਜਸਪਾਲ ਸਿੰਘ ਵੜੈਚ (ਸਯੁੰਕਤ ਸਕੱਤਰ ਕਾਲਜ ਗਵਰਨਿੰਗ ਕੌਂਸਲ), ਸੁਖਬਹਾਰ ਸਿੰਘ (ਸੈਕਟਰੀ ਜੱਟ ਸਿੱਖ ਕੌਂਸਲ), ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਜਗਵਿੰਦਰ ਕੌਰ ਦਿਓਲ (ਮੈਂਬਰ ਜੱਟ ਸਿੱਖ ਗਵਰਨਿੰਗ ਕੌਂਸਲ) ਅਤੇ ਸੁਖਵਿੰਦਰ ਸਿੰਘ ਲਾਲੀ (ਫਾਊਂਡਰ ਮੈਂਬਰ ਜੱਟ ਸਿੱਖ ਕੌਂਸਲ) ਨੇ ਇਕੱਠਿਆਂ 80 ਹਜ਼ਾਰ ਦੀ ਰਾਸ਼ੀ ਲਾਇਲਪੁਰ ਖਾਲਸਾ ਕਾਲਜ ਦੀਆਂ ਵੱਖ-ਵੱਖ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਰੂਪ ਵਿਚ ਦਿੱਤੀ।ਇਸ ਮੌਕੇ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ 'ਦੀ ਜੱਟ ਸਿੱਖ ਕੌਂਸਲ' ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਕਿਉਂਕਿ ਇਸ ਨਾਲ ਜਿੱਥੇ ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਮਦਦ ਮਿਲਦੀ ਹੈ ਉੱਥੇ ਅਗਾਂਹ ਪੜ੍ਹਨ ਤੇ ਅੱਗੇ ਵੱਧਣ ਲਈ ਉਤਸ਼ਾਹ ਵੀ ਮਿਲਦਾ ਹੈ।ਉਹਨਾਂ ਨੇ ਕਿਹਾ ਅੱਜ ਦੇ ਸਮੇਂ ਵਿੱਚ ਅਜਿਹਾ ਵਡਮੁੱਲਾ ਕਾਰਜ, ਸਭ ਤੋਂ ਵੱਡੀ ਸੇਵਾ ਹੈ। ਜ਼ਿਕਰਯੋਗ ਹੈ ਕਿ ਜੱਟ ਸਿੱਖ ਕੌਂਸਿਲ ਪਿਛਲੇ ਲੰਮੇ ਸਮੇਂ ਤੋਂ ਕਾਲਜ ਦੇ ਵਿਦਿਆਰਥੀਆਂ ਨੂੰ ਇਹ ਸਕਾਲਰਸ਼ਿਪ ਦਿੰਦੀ ਆ ਰਹੀ।



# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਹਿਤਪੁਰ ਬਲਾਕ ਦੇ ਵੱਖ-ਵੱਖ ਪਿੰਡਾਂ 'ਚ ਜਥਾ ਮਾਰਚ ਤੇ ਰੈਲੀਆਂ

**ਮਹਿਤਪੁਰ (ਰਾਜਾ)**- ਪੇਂਡੂ ਮਜ਼ਦੂਰ ਯੂਨੀਅਨ ਵਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮਹਿਤਪੁਰ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਜਥਾ ਮਾਰਚ ਅਤੇ ਰੈਲੀਆਂ ਕਰਕੇ ਮਿਹਨਤਕਸ਼ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਵੱਖ-ਵੱਖ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਵਿੱਚ ਖੜ੍ਹੇ ਦਲਬਦਲੂ ਉਮੀਦਵਾਰਾਂ ਨੂੰ ਮੂੰਹ ਨਾ ਲਾਉਣ। ਕੱਲ ਤੱਕ ਜਿਹੜੇ ਕਾਂਗਰਸ ਵਿੱਚ ਸਨ ਅੱਜ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵਿੱਚ ਆਮ ਆਦਮੀ ਪਾਰਟੀ ਦਾ ਝਾੜੂ ਚੱਕੀ ਫਿਰਦੇ ਹਨ। ਮਜ਼ਦੂਰਾਂ ਨੇ ਹੱਥਾਂ ਵਿੱਚ 'ਵੋਟਾਂ ਵੇਲੇ ਬਾਪੂ ਕਹਿੰਦੇ ਮੁੜ ਕੇ ਸਾਡੀ ਸਾਰ ਨਾ ਲੈਂਦੇ' 'ਭਾਜਪਾ, ਝਾੜੂ , ਕਾਂਗਰਸ ਅਕਾਲੀ ਇੱਕੋ ਹੀ ਜਾਤ ਇਹਨਾਂ ਤੇ ਨਾ ਲੋਕੋ ਕਰੋ ਵਿਸ਼ਵਾਸ' ਬੈਨਰ ਚੁੱਕੇ ਹੋਏ ਸਨ। ਪੇਂਡੂ ਮਜ਼ਦੂਰ ਯੂਨੀਅਨ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਮਹਿਤਪੁਰ ਇਲਾਕੇ ਪ੍ਰਧਾਨ ਕਸ਼ਮੀਰ ਮੰਡਿਆਲਾ ਨੇ ਕਿਹਾ ਕਿ ਕੇਂਦਰ ਵਿੱਚ ਭਾਜਪਾ ਅਤੇ ਸੂਬੇ ਦੀ ਆਮ ਆਦਮੀ ਪਾਰਟੀ ਬਿਜਲੀ ਸੋਧ ਬਿਲ 2025, ਲੇਬਰ ਕੋਡ ਬਿਲ, ਬੀਜ ਬਿੱਲ ਲਿਆ ਕੇ ਦੇਸੀ ਤੇ ਵਿਦੇਸ਼ੀ ਕਾਰਪੋਰੇਟ ਦੇ ਹੱਥਾਂ ਵਿੱਚ ਪੰਜਾਬ ਦੀ ਮਿਹਨਤਕਸ਼ ਜਨਤਾ ਦਾ ਮੁੱਲ ਵੱਟ ਕੇ ਹਾਕਮ ਪਾਰਟੀਆਂ ਆਪਣੀਆਂ ਤਿਜੌਰੀਆਂ ਭਰਨੀਆਂ ਚਹੁੰਦੀਆਂ ਹਨ। ਇਸ ਮੌਕੇ ਬੋਲਦਿਆਂ ਇਸਤਰੀ ਜਾਗਰਤੀ ਮੰਚ ਦੀ ਪ੍ਰਧਾਨ ਅਨੀਤਾ ਸੰਧੂ ਅਤੇ ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਸੁਖਦੇਵ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਚਾਰ ਸਾਲਾਂ ਵਿੱਚ ਆਪਣੀ ਇੱਕ ਵੀ ਗਰੰਟੀ ਪੂਰੀ ਕਰਨ ਵਿੱਚ ਖਰੀ ਨਹੀਂ ਉਤਰੀ ਨਾ ਤਾਂ ਔਰਤਾਂ ਦੇ ਖਾਤਿਆਂ ਵਿੱਚ ਇੱਕ ਹਜ਼ਾਰ, ਨਾ ਬਜ਼ੁਰਗਾਂ ਅਤੇ ਵਿਧਵਾ ਨੂੰ 2500 ਰੁਪਏ ਪੈਨਸ਼ਨ, ਨਾ ਮਨਰੇਗਾ ਨੂੰ 100 ਦਿਨ ਰੁਜ਼ਗਾਰ, ਨਾ ਪੰਜ ਮਰਲੇ ਦੇ ਪਲਾਟ, ਨਾ ਪ੍ਰਧਾਨ ਮੰਤਰੀ ਆਵਾਸ ਯੋਜਨਾ, ਨਾ ਨਸ਼ਿਆਂ ਅਤੇ ਆਏ ਦਿਨ ਹੋ ਰਹੀਆਂ ਲੁੱਟਾਂ ਖੋਹਾਂ ਅਤੇ ਕਤਲੋਗਾਰਤ ਤੋਂ ਮੁਕਤੀ ਦਿਵਾ ਸਕੀ ਹੈ। ਅੱਜ ਸੂਬੇ ਦਾ ਹਰ ਬਸ਼ਿੰਦਾ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਹੜ੍ਹ ਅਤੇ ਬਾਰਿਸ਼ ਤੋਂ ਪ੍ਰਭਾਵਿਤ ਲੋਕ ਮੁਆਵਜ਼ਾ ਲੈਣ ਲਈ ਅਜੇ ਵੀ ਦਫਤਰਾਂ ਦੇ ਧੱਕੇ ਖਾ ਰਹੇ ਹਨ। ਆਪਣੇ ਹੱਕਾਂ ਲਈ ਆਵਾਜ਼ ਉਠਾ ਰਹੇ ਲੋਕਾਂ ਨੂੰ ਦਬਾਉਣ ਲਈ ਹਾਕਮ ਪਾਰਟੀ ਨੇ ਪੂਰੇ ਰਾਜ ਨੂੰ ਪੁਲਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ। ਉਨਾਂ ਨੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਵਪਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਚੋਣਾਂ ਵਿੱਚ ਖੜ੍ਹੇ ਦਲਬਦਲੂਆਂ ਤੇ ਉਨਾਂ ਦੀਆਂ ਲੋਟੂ ਪਾਰਟੀਆਂ ਇਹਨਾਂ ਚੋਣਾਂ ਵਿੱਚ ਮੂੰਹ ਨਾ ਲਾਉਣ।




# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਊਨਾਂ ਰੋਡ ਬਜਵਾੜਾ ਕਲਾਂ ( ਹੁਸ਼ਿਆਰਪੁਰ) ਵਿਖੇ 14 ਦਸੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ।ਜਿਸ ਵਿੱਚ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ, ਸੰਤ ਮਹਾਂਪੁਰਸ਼ ਬੁੱਢਾ ਦਲ, ਟਕਸਾਲਾ ਦੇ ਮੁਖੀ ਸਾਹਿਬਾਨ, ਤਰਨਾ ਦਲ ਅਤੇ ਹੋਰ ਸੰਤ ਮਹਾਂਪੁਰਸ਼ ਸਮਾਗਮ ਵਿੱਚ ਦਰਸ਼ਨ ਦੇ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਸੰਤ ਬਾਬਾ ਗੁਰਦੇਵ ਸਿੰਘ ਜੀ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਬਜਵਾੜਾਂ ਕਲਾਂ ਹੁਸ਼ਿਆਰਪੁਰ ਨੇ ਦੱਸਿਆ ਕਿ 14 ਦਸੰਬਰ ਦਿਨ ਐਤਵਾਰ ਨੂੰ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠਾਂ ਦੇ ਪਾਠ ਦੇ ਭੋਗ ਪੈਣਗੇ।ਉਸ ਤੋਂ ਬਾਅਦ ਗੁਰਮਤਿ ਸਮਾਗਮ ਹੋਵੇਗਾ।ਜਿਸ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ। ਇਸ ਮੌਕੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਵੀ ਚਾਨਣਾ ਪਾਇਆ ਜਾਵੇਗਾ।14 ਦਸੰਬਰ ਦਿਨ ਐਤਵਾਰ ਨੂੰ ਹੀ ਦੁਪਹਿਰ 12 ਵਜੇ ਪੰਜ ਪਿਆਰਿਆਂ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਵੀ ਛਕਾਇਆ ਜਾਵੇਗਾ। ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਆਉਣ।

## ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ 'ਚ ਲੱਗਾ ਮੈਗਾ ਕੈਂਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਮਨੁੱਖਤਾ ਨੂੰ ਸਮਰਪਿਤ ਹੈ ਜਿਸ ਨੇ ਆਪਣੇ ਕਾਰਜਕਾਲ ਦੌਰਾਨ ਹਜ਼ਾਰਾਂ ਲੋੜਵੰਦ ਮਰੀਜ਼ਾਂ ਦੇ ਫ੍ਰੀ ਆਪਰੇਸ਼ਨ ਕਰ ਉਹਨਾਂ ਦੀਆਂ ਅੱਖਾਂ ਨੂੰ ਨਵੀਂ ਰੌਸ਼ਨੀ ਦੇਣ ਦਾ ਪਰ ਉਪਕਾਰੀ ਮਹਾਨ ਕਾਰਜ ਕੀਤਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੰਤ ਬਾਬਾ ਗੁਰਦਿਆਲ ਸਿੰਘ ਹੁਰਾਂ ਨੇ ਹਸਪਤਾਲ 'ਚ ਲਗਾਏ ਗਏ ਇੱਕ ਅੱਖਾਂ ਦੀ ਸਰਜਰੀ ਦੇ ਫਰੀ ਮੈਗਾ ਕੈਂਪ ਦੌਰਾਨ ਸੈਂਕੜੇ ਮਰੀਜ਼ਾਂ ਨੂੰ ਉਹਨਾਂ ਦੇ ਆਪਰੇਸ਼ਨ ਮਗਰੋਂ ਸਿਹਤ ਮੰਦ ਹੋਣ 'ਤੇ ਵਿਦਾਈਗੀ ਦਿੰਦੇ ਰਵਾਨਾ ਕੀਤਾ।ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਜਿੱਥੇ ਕੈਂਪ ਅੰਦਰ ਮਾਨਵਤਾ ਦੀ ਸੇਵਾ ਲਈ ਉਚੇਚੇ ਤੌਰ 'ਤੇ ਅਮਰੀਕਾ ਤੋਂ ਪੁੱਜੇ ਡਾਕਟਰ ਪੁਨੀਤਰਾਜ ਸਿੰਘ ਤੇ ਡਾਕਟਰ ਅਮਰਜੋਤ ਸਿੰਘ ਨੂੰ ਉਹਨਾਂ ਦੀਆਂ ਸੇਵਾਵਾਂ ਦੇ ਲਈ ਸਨਮਾਨਿਤ ਕੀਤਾ।ਉਥੇ ਬਾਬਾ ਗੁਰਦਿਆਲ ਸਿੰਘ ਨੇ ਇਸ ਅਸਥਾਨ ਨੂੰ ਮਾਨਵਤਾ ਲਈ ਵਰਦਾਨ ਕਰਾਰ ਦਿੱਤਾ। ਇਸ ਮੌਕੇ ਕਰਵਾਏ ਗਏ ਵਿਦਾਇਗੀ ਸਮਾਗਮ ਮੌਕੇ ਹਸਪਤਾਲ ਪ੍ਰਬੰਧਕ ਸ੍ਰੀ ਦੀਪਕ ਬਹਲ ਤੇ ਪ੍ਰੋਫੈਸਰ ਮਨਪ੍ਰੀਤ ਕੌਰ ਨੇ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਭੇਂਟ ਕੀਤੀਆਂ ਉੱਥੇ ਇਸ ਮੌਕੇ 200 ਦੇ ਕਰੀਬ ਮਰੀਜ਼ਾਂ ਨੂੰ ਹਸਪਤਾਲ ਵੱਲੋਂ ਫਰੀ ਰਿਹਾਇਸ਼ ਤੇ ਲੰਗਰ ਆਦਿ ਦੀ ਵੀ ਸੇਵਾ ਕੀਤੀ ਗਈ।ਇਸ ਮੌਕੇ ਡਾ: ਦਵਿੰਦਰ ਸਿੰਘ, ਡਾ: ਵਿਨੋਦ ਸਰੀਨ, ਡਾ:ਆਰ.ਆਰ ਸੱਗਰ, ਡਾ:ਸੋਢੀ, ਡਾ: ਨਛੱਤਰ ਸਿੰਘ, ਜਥੇਦਾਰ ਹਰਮੇਲ ਪ੍ਰਕਾਸ਼ ਸਿੰਘ ,ਭਾਈ ਜੋਰਾਵਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਸਪਤਾਲ ਦੇ ਡਾਕਟਰ ਤੇ ਸਟਾਫ ਸਮੇਤ ਹੋਰ ਕਈ ਹਾਜ਼ਰ ਸਨ।



# ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਕਿਸਾਨਾਂ 'ਤੇ ਜਬਰ ਦੀ ਨਿਖੇਧੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਰਾਜਸਥਾਨ ਦੀ ਭਾਜਪਾ ਸਰਕਾਰ ਵੱਲੋਂ ਹਨੂੰਮਾਨਗੜ੍ਹ ਜ਼ਿਲ੍ਹੇ ਦੇ ਟਿੱਬੀ ਵਿਖੇ ਈਥਾਨੋਲ ਫੈਕਟਰੀ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਕੇਸ ਦਰਜ ਕਰਨ ਅਤੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਖਤ ਨਿਖੇਧੀ ਕੀਤੀ ਹੈ। ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਪ੍ਰਧਾਨਗੀ ਮੰਡਲ ਬਲਦੇਵ ਸਿੰਘ ਨਿਹਾਲਗੜ੍ਹ, ਮੁਕੇਸ਼ ਚੰਦਰ ਸ਼ਰਮਾ ਅਤੇ ਬਿੰਦਰ ਸਿੰਘ ਗੋਲੇ ਵਾਲਾ ਨੇ ਕਿਹਾ ਕਿ ਕਿਸਾਨ ਪਿਛਲੇ ਲਗਭਗ ਇੱਕ ਸਾਲ ਤੋਂ ਈਥਾਨੋਲ ਫੈਕਟਰੀ ਦੇ ਖਿਲਾਫ ਸੰਘਰਸ਼ ਕਰ ਰਹੇ ਹਨ। ਕਿਸਾਨਾਂ ਨੂੰ ਖਦਸ਼ਾ ਹੈ ਕਿ ਇਹ ਫੈਕਟਰੀ ਉਹਨਾਂ ਦੇ ਪਹਿਲਾਂ ਤੋਂ ਹੀ ਖਰਾਬ ਪਾਣੀ ਅਤੇ ਹਵਾ ਨੂੰ ਹੋਰ ਪ੍ਰਦੂਸ਼ਿਤ ਕਰੇਗੀ। ਰਾਜਸਥਾਨ ਦੀ ਭਾਜਪਾ ਸਰਕਾਰ ਉਹਨਾਂ ਦੀ ਗੱਲ ਸੁਣਨ ਤੋਂ ਇਨਕਾਰੀ ਹੈ, ਉਲਟਾ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਦਮਨ ਦਾ ਸਹਾਰਾ ਲੈ ਰਹੀ ਹੈ। ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਹਮੇਸ਼ਾ ਹੀ ਕਿਸਾਨਾਂ, ਮਜ਼ਦੂਰਾਂ ਦੇ ਖਿਲਾਫ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿੱਚ ਰਹੀਆਂ ਹਨ। ਹੁਣ ਫਿਰ ਰਾਜਸਥਾਨ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ ਖਾਤਰ ਆਪਣੇ ਹੀ ਲੋਕਾਂ ਤੇ ਅੰਨ੍ਹਾ ਜਬਰ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਕਿਸਾਨਾਂ 'ਤੇ ਜਬਰ ਬੰਦ ਕੀਤਾ ਜਾਵੇ, ਜੇਲ੍ਹਾਂ ਵਿੱਚ ਬੰਦ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਹਨਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੀਤਾ ਜਾਵੇ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਤੋਂ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ ਰੱਦ ਕਰਨ ਦੀ ਮੰਗ ਦੁਹਰਾਈ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ ਦੇ ਖਿਲਾਫ ਆਪਣਾ ਰੁਖ ਸਪਸ਼ਟ ਕਰੇ। ਦੂਜੀਆਂ ਪਾਰਲੀਮੈਂਟਰੀ ਪਾਰਟੀਆਂ ਨੂੰ ਵੀ ਕਿਹਾ ਗਿਆ ਕਿ ਉਹ ਵੀ ਇਹਨਾਂ ਮਸਲਿਆਂ ਤੇ ਆਪਣੀ ਜ਼ੁਬਾਨ ਖੋਲ੍ਹਣ ਅਤੇ ਆਪਣਾ ਪੱਖ ਜਨਤਾ ਸਾਹਮਣੇ ਪੇਸ਼ ਕਰਨ।

# ਬਲਵਿੰਦਰ ਕੌਰ ਘੁੱਗਸ਼ੋਰ ਤੇ ਸਰਬਜੀਤ ਕੌਰ ਕੁੱਦੋਵਾਲ ਦੇ ਹੱਕ 'ਚ ਡੋਰ-ਟੂ-ਡੋਰ ਵੋਟਾਂ ਮੰਗੀਆਂ

**ਕਰਤਾਰਪੁਰ (ਪੱਤਰ ਪ੍ਰੇਰਕ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਜ਼ਿਲ੍ਹਾ ਪ੍ਰੀਸ਼ਦ ਜੋਨ ਵਰਿਆਣਾ ਤੋਂ ਉਮੀਦਵਾਰ ਬਲਵਿੰਦਰ ਕੌਰ ਘੁੱਗਸ਼ੋਰ ਜਿਹਨਾਂ ਦਾ ਚੋਣ ਨਿਸ਼ਾਨ ਸਟੂਲ ਅਤੇ ਬਲਾਕ ਸੰਮਤੀ ਜੋਨ ਭੀਖਾ ਨੰਗਲ ਤੋਂ ਉਮੀਦਵਾਰ ਸਰਬਜੀਤ ਕੌਰ ਕੁੱਦੋਵਾਲ ਜਿਹਨਾਂ ਦਾ ਚੋਣ ਨਿਸ਼ਾਨ ਬੈਟ ਦੇ ਹੱਕ 'ਚ ਪਿੰਡ ਵਰਿਆਣਾ, ਨੰਦਨਪੁਰ, ਨੂਸੀ, ਸਰਾਏ ਖਾਸ, ਪਾੜਾ ਪਿੰਡ, ਮੱਲੀਆਂ, ਦਿਆਲਪੁਰ, ਕੁੱਦੋਵਾਲ, ਖੁਸਰੋਪੁਰ, ਬਿਸ਼ਰਾਮਪੁਰ ਆਦਿ ਵਿਖੇ ਡੋਰ ਟੂ ਡੋਰ ਹੱਥ ਪਰਚਾ ਵੰਡ ਕੇ ਇਨਕਲਾਬੀ ਧਿਰ ਨੂੰ ਵੋਟਾਂ ਦੇ ਕੇ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਲੋਕ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਦੱਸਿਆ ਕਿ ਅੱਜ ਜਦੋਂ ਸਾਰੀਆਂ ਹਾਕਮ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ ਅਕਾਲੀਆਂ ਅਤੇ ਭਾਜਪਾ ਵਲੋਂ ਮਜ਼ਦੂਰ ਕਿਸਾਨ ਮੁਲਾਜ਼ਮ ਵਿਰੋਧੀ ਆਰਥਿਕ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕੀਤਾ ਹੈ।ਅੱਜ ਮਜ਼ਦੂਰਾਂ ਕਿਸਾਨਾਂ ਤੇ ਆਮ ਵਰਗ ਨੂੰ ਮਿਲਦੀ ਮੁਫ਼ਤ ਬਿਜਲੀ ਦੀ ਸਹੂਲਤ ਖੋਹਣ ਲਈ ਕੇਂਦਰ ਸਰਕਾਰ ਬਿਜਲੀ ਸੋਧ ਬਿਲ 2025 ਲੈ ਕੇ ਆਈ ਹੈ, ਚਿੱਪ ਵਾਲੇ ਮੀਟਰ ਲਗਾਏ ਜਾ ਰਹੇ ਹਨ। ਜਿਸਨੂੰ ਆਮ ਆਦਮੀ ਪਾਰਟੀ, ਕਾਂਗਰਸ ਸਮੇਤ ਸਭ ਹਾਕਮ ਜਮਾਤਾਂ ਦੀਆਂ ਨੁਮਾਇੰਦਾ ਪਾਰਟੀਆਂ ਨੇ ਹਮਾਇਤ ਕਰ ਰਹੀਆਂ ਹਨ। ਪਾਰਟੀ ਸਮੂਹ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਆਪਣੇ ਹੱਕੀ ਸੰਘਰਸ਼ਾਂ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰੀਸ਼ਦ ਜੋਨ ਵਰਿਆਣਾ ਤੋਂ ਉਮੀਦਵਾਰ ਬਲਵਿੰਦਰ ਕੌਰ ਘੁੱਗਸ਼ੋਰ ਜਿਹਨਾਂ ਦਾ ਚੋਣ ਨਿਸ਼ਾਨ ਸਟੂਲ ਅਤੇ ਬਲਾਕ ਸੰਮਤੀ ਜੋਨ ਭੀਖਾਨੰਗਲ ਤੋਂ ਉਮੀਦਵਾਰ ਸਰਬਜੀਤ ਕੌਰ ਕੁੱਦੋਵਾਲ ਜਿਹਨਾਂ ਦਾ ਚੋਣ ਨਿਸ਼ਾਨ ਬੈਟ ਨੂੰ ਵੋਟ ਪਾ ਕੇ ਸੰਘਰਸ਼ਸ਼ੀਲ ਧਿਰ ਨੂੰ ਮਜ਼ਬੂਤ ਕੀਤਾ ਜਾਵੇ।



## ਅਜ਼ਾਦ ਉਮੀਦਵਾਰ ਸੁਖਪਾਲਵੀਰ ਸਿੰਘ ਸੋਨੂੰ ਝੰਡੂਵਾਲ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਬਲਾਕ ਸੰਮਤੀ ਜੋਨ ਫੱਤੋਵਾਲ ਤੋਂ ਅਜ਼ਾਦ ਉਮੀਦਵਾਰ ਸੁਖਪਾਲਵੀਰ ਸਿੰਘ ਸੋਨੂੰ ਝੰਡੂਵਾਲ ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਫੱਤੋਵਾਲ ਜ਼ੋਨ ਦੇ ਵੱਖ ਵੱਖ ਧੜਿਆਂ ਦੇ ਵੋਟਰਾਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸੁਖਪਾਲਵੀਰ ਸਿੰਘ ਸੋਨੂੰ ਝੰਡੂਵਾਲ ਇਸ ਜ਼ੋਨ ਵਿੱਚ ਵੱਡੀ ਜਿੱਤ ਦਰਜ ਕਰਨਗੇ। ਜ਼ੋਨ ਦੇ ਪਿੰਡਾਂ ਦੇ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਸੋਨੂੰ ਝੰਡੂਵਾਲ ਦੀ ਅਤੇ ਉਨ੍ਹਾਂ ਵੱਲੋਂ ਵੋਟਰਾਂ ਨਾਲ਼ ਸਿੱਧਾ ਸੰਪਰਕ ਕਰਦਿਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਗੱਲਬਾਤ ਕਰਦਿਆਂ ਸੁਖਪਾਲਵੀਰ ਸਿੰਘ ਸੋਨੂੰ ਝੰਡੂਵਾਲ ਨੇ ਕਿਹਾ ਕਿ ਉਹ ਆਪਣੇ ਜ਼ੋਨ ਦੇ ਵੋਟਰਾਂ ਨਾਲ ਲਗਾਤਾਰ ਰਾਬਤਾ ਕਾਇਮ ਕਰ ਰਹੇ ਹਨ ਅਤੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਜ਼ੋਨ ਵਿੱਚ ਪੈਂਦੇ ਪਿੰਡਾਂ ਲੋਧੀਵਾਲ, ਨਬੀਪੁਰ, ਭਾਗੋ ਬੁੱਢਾ, ਮੰਡ ਅੱਲੂਵਾਲ, ਸਰਦੁੱਲਾਪੁਰ, ਫੱਤੂਵਾਲ, ਅੱਲੂਵਾਲ, ਬੂਸੋਵਾਲ ਆਦਿ ਵਿੱਚ ਉਨ੍ਹਾਂ ਦੀ ਟੀਮ ਵੱਲੋਂ ਲਗਾਤਾਰ ਦੌਰਾ ਕਰਦਿਆਂ ਉਨ੍ਹਾਂ ਨੂੰ ਚੋਣ ਨਿਸ਼ਾਨ ਬੈਟ ਬੱਲੇ 'ਤੇ ਮੋਹਰਾਂ ਲਾਉਣ ਦੀ ਅਪੀਲ ਕੀਤੀ ਜਾ ਰਹੀ ਹੈ।



## ਆਰ ਟੀ ਆਈ ਸੈੱਲ ਦੇ ਪੰਜਾਬ ਪ੍ਰਧਾਨ ਸ਼ੌਕੀ ਟੂਰਾ ਦਾ ਸਨਮਾਨ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)**- ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਆਰ.ਟੀ.ਆਈ. ਸੈੱਲ ਦੇ ਪੰਜਾਬ ਪ੍ਰਧਾਨ ਸ਼ੌਕੀ ਟੂਰਾ ਨੂੰ ਦਿੱਲੀ ਵਿਖੇ ਕੌਂਸਲ ਵੱਲੋਂ ਆਯੋਜਿਤ ਰਾਸ਼ਟਰੀ ਸੰਮੇਲਨ ਦੌਰਾਨ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਸ਼ੌਕੀ ਟੂਰਾ ਨੇ ਦੱਸਿਆ ਕਿ ਇਹ ਪੁਰਸਕਾਰ ਉਨ੍ਹਾਂ ਨੂੰ ਕੌਂਸਲ ਦੀ ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਅਤੇ ਵਿਸ਼ੇਸ਼ ਮਹਿਮਾਨ ਪ੍ਰਮੋਦ ਕੌਸ਼ਿਕ ਨੇ ਭੇਟ ਕੀਤਾ। ਉਨ੍ਹਾਂ ਦੱਸਿਆ ਕਿ ਕੌਂਸਲ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਣ ਤੱਕ ਉਨ੍ਹਾਂ ਨੇ ਆਪਣੀਆਂ ਸਭ ਤੋਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਇਹ ਸਨਮਾਨ ਉਨ੍ਹਾਂ ਨੂੰ ਸੰਗਠਨ ਦੇ ਵਿਸਥਾਰ ਅਤੇ ਸੂਚਨਾ ਦਾ ਅਧਿਕਾਰ ਕਾਨੂੰਨ ਸੰਬੰਧੀ ਜਾਗਰੂਕਤਾ ਮੁਹਿੰਮ ਨੂੰ ਹੋਰ ਵੀ ਸਮਰਪਣ ਨਾਲ ਅੱਗੇ ਵਧਾਉਣ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਦੀ ਅਗਵਾਈ ਹੇਠ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਲਗਨ ਨਾਲ ਨਿਭਾਉਂਦੇ ਰਹਿਣਗੇ। ਉਨ੍ਹਾਂ ਨੇ ਰਾਜ ਭਰ ਵਿੱਚ ਸੰਗਠਨ ਦੀਆਂ ਸ਼ਾਖਾਵਾਂ ਦਾ ਵਿਸਥਾਰ ਕਰਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਮਨੁੱਖੀ ਅਧਿਕਾਰ ਪ੍ਰੀਸ਼ਦ ਅਤੇ ਖਾਸ ਕਰਕੇ ਆਰ.ਟੀ.ਆਈ. ਸੈੱਲ ਨਾਲ ਜੋੜਨ ਦਾ ਭਰੋਸਾ ਦਿੱਤਾ। ਦਿੱਲੀ ਵਿੱਚ ਹੋਏ ਸਮਾਗਮ 'ਚ ਹੋਰਨਾਂ ਤੋਂ ਆਰ.ਟੀ.ਆਈ. ਸੈੱਲ ਦੀ ਰਾਸ਼ਟਰੀ ਪ੍ਰਧਾਨ ਮੈਡਮ ਐਸ.ਕੇ. ਗਿੱਲ, ਵਪਾਰ ਸੈੱਲ ਦੇ ਰਾਸ਼ਟਰੀ ਪ੍ਰਧਾਨ ਤੇਜਿੰਦਰ ਬਾਵਾ, ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਆਸ਼ੂ ਮਾਰਕੰਡਾ, ਐਂਟੀ ਕੁਰੱਪਸ਼ਨ ਸੈੱਲ ਦੇ ਪੰਜਾਬ ਪ੍ਰਧਾਨ ਰਮਨ ਨਹਿਰਾ, ਮਹਿਲਾ ਸੈੱਲ ਦੇ ਰਾਸ਼ਟਰੀ ਉਪ ਪ੍ਰਧਾਨ ਐਡਵੋਕੇਟ ਅਨੂ ਸ਼ਰਮਾ ਅਤੇ ਜ਼ਿਲ੍ਹਾ ਕਪੂਰਥਲਾ ਦੇ ਉਪ ਪ੍ਰਧਾਨ ਹਰੀਸ਼ ਗੁਲਾਟੀ ਆਦਿ ਸ਼ਾਮਲ ਸਨ।

## ਪ੍ਰੋ. ਕੁਲਵੰਤ ਸਿੰਘ ਸੰਧੂ ਨੂੰ ਸਦਮਾ, ਸਹੁਰਾ ਸਾਹਿਬ ਦਾ ਦੇਹਾਂਤ

**ਜਲੰਧਰ: (ਕੇਸਰ)**- ਬੀਤੀ ਦਿਨੀਂ ਪ੍ਰਵਚਨ ਦੇ ਸੰਪਾਦਕ ਪ੍ਰੋ. ਕੁਲਵੰਤ ਸਿੰਘ ਸੰਧੂ ਦੇ ਸਹੁਰਾ ਸਾਹਿਬ ਪ੍ਰਸ਼ੋਤਮ ਸਿੰਘ ਬੱਲ ਵਿਛੋੜਾ ਦੇ ਗਏ। ਉਨ੍ਹਾਂ ਆਪਣੇ ਅੰਤਮ ਸਾਹ ਪ੍ਰੋ. ਸਾਹਿਬ ਕੋਲ ਹੀ ਲਏ। ਉਨ੍ਹਾਂ ਦੀ ਅੰਤਮ ਅਰਦਾਸ 17 ਦਸੰਬਰ 12.30 ਤੋਂ 1.30 ਵਜੇ ਗੁਰਦੁਆਰਾ ਸਾਹਿਬ ਅਰਬਨ ਅਸਟੇਟ ਫੇਜ਼-1 ਵਿਖੇ ਹੋਵੇਗੀ। ਪ੍ਰਸ਼ੋਤਮ ਸਿੰਘ ਬੱਲ ਦੋਆਬਾ ਕਾਲਜ ਜਲੰਧਰ ਵਿਚ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋਏ ਸਨ।

## ਚੋਣਾਂ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਚੋਣ ਅਬਜ਼ਰਵਰ ਨਿਯੁਕਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਾਜ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ 14 ਦਸੰਬਰ ਨੂੰ ਹੋਣ ਜਾ ਰਹੀਆਂ ਆਮ ਚੋਣਾਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਰਾਜ ਚੋਣ ਕਮਿਸ਼ਨ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਸਬੰਧੀ ਕਮਿਸ਼ਨ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਕਮਿਸ਼ਨ ਵੱਲੋਂ ਚੋਣ ਲੜ ਰਹੇ ਉਮੀਦਵਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਮਿਸ਼ਨ ਵੱਲੋਂ ਸਾਰੇ ਜ਼ਿਲ੍ਹਿਆਂ ਵਿੱਚ ਆਈ.ਏ.ਐੱਸ./ਸੀਨੀਅਰ ਪੀ.ਸੀ.ਐੱਸ. ਅਧਿਕਾਰੀਆਂ ਨੂੰ ਬਤੌਰ 'ਚੋਣ ਅਬਜ਼ਰਵਰ' ਨਿਯੁਕਤ ਕੀਤਾ ਗਿਆ ਹੈ, ਜੋ ਕਿ ਅੱਜ ਤੋਂ ਲੈ ਕੇ ਚੋਣ ਅਮਲ ਮੁਕੰਮਲ ਹੋਣ ਤੱਕ (ਭਾਵ ਵੋਟਾਂ ਦੀ ਗਿਣਤੀ ਅਤੇ ਨਤੀਜੇ ਆਉਣ ਤੱਕ) ਆਪਣੇ-ਆਪਣੇ ਜ਼ਿਲ੍ਹੇ ਵਿੱਚ ਮੌਜੂਦ ਰਹਿਣਗੇ ਅਤੇ ਲੋੜ ਅਨੁਸਾਰ ਰਾਜ ਚੋਣ ਕਮਿਸ਼ਨ ਨੂੰ ਇਹਨਾਂ ਚੋਣਾਂ ਸਬੰਧੀ ਸੂਚਿਤ ਕਰਦੇ ਰਹਿਣਗੇ। ਇਹਨਾਂ ਨਿਯੁਕਤ ਕੀਤੇ ਚੋਣ ਅਬਜ਼ਰਬਰਾਂ ਦੇ ਵੇਰਵੇ ਰਾਜ ਚੋਣ ਕਮਿਸ਼ਨ ਦੀ ਵੈਬਸਾਈਟ (https://sec.punjab.gov.in) ਤੇ ਉਪਲੱਬਧ ਹਨ।

# ਆਸ਼ਾਦੀਪ ਵੈੱਲਫੇਅਰ ਸੋਸਾਇਟੀ ਜਗਜੀਤ ਸਿੰਘ ਸਚਦੇਵਾ ਦੇ ਵਿਜ਼ਨ ਨੂੰ ਅੱਗੇ ਵਧਾ ਰਹੀ : ਸਚਦੇਵਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਪਰਮਜੀਤ ਸਿੰਘ ਸਚਦੇਵਾ ਨੇ ਆਪਣੇ ਪਿਤਾ ਸਵਰਗੀ ਜਗਜੀਤ ਸਿੰਘ ਸਚਦੇਵਾ ਦੀ ਯਾਦ ਵਿੱਚ ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾਂ ਵਿਖੇ ਲੰਗਰ ਲਗਾਇਆ। ਜਗਜੀਤ ਸਿੰਘ ਸਚਦੇਵਾ ਦਾ 19 ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਇਸ ਮੌਕੇ ਸਪੈਸ਼ਲ ਸਕੂਲ ਦੇ ਵਿਸ਼ੇਸ਼ ਵਿਦਿਆਰਥੀ, ਡਿਪਲੋਮਾ ਵਿਦਿਆਰਥੀ, ਸਕੂਲ ਸਟਾਫ਼ ਅਤੇ ਸੁਸਾਇਟੀ ਦੇ ਸਾਰੇ ਮੈਂਬਰ ਮੌਜੂਦ ਸਨ, ਜਿਨ੍ਹਾਂ ਨੇ ਸਵਰਗੀ ਜਗਜੀਤ ਸਿੰਘ ਸਚਦੇਵਾ ਦੇ ਸਮਾਜ ਸੇਵਾ ਕਾਰਜਾਂ ਨੂੰ ਯਾਦ ਕੀਤਾ। ਸਚਦੇਵਾ ਪਰਵਾਰ ਦੇ ਮੈਂਬਰ ਵੀ ਮੌਜੂਦ ਸਨ। ਇਸ ਮੌਕੇ ਪਰਮਜੀਤ ਸਚਦੇਵਾ ਨੇ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਕੀਤਾ ਜਾ ਰਿਹਾ ਸਮਾਜ ਸੇਵਾ ਕਾਰਜ ਸਵਰਗੀ ਜਗਜੀਤ ਸਿੰਘ ਸਚਦੇਵਾ ਦੀ ਸੋਚ ਨੂੰ ਅੱਗੇ ਵਧਾਉਣ ਦਾ ਕੰਮ ਹੈ, ਜੋ ਕਿ ਨਿਰੰਤਰ ਜਾਰੀ ਰਹੇਗਾ। ਇਸ ਮੌਕੇ ਇੰਦਰਜੀਤ ਕੌਰ ਸਚਦੇਵਾ, ਡਿੰਪੀ ਸਚਦੇਵਾ, ਜਸਵਿੰਦਰ ਕੌਰ ਸਚਦੇਵਾ, ਰਣਵੀਰ ਸਚਦੇਵਾ, ਤਨਿਸ਼ਕਾ ਸਚਦੇਵਾ, ਤਿਆਰਾ ਸਚਦੇਵਾ, ਰਿਸ਼ੇਲ ਸਚਦੇਵਾ, ਅਮਨਦੀਪ ਸਚਦੇਵਾ, ਨੇਹਾ ਸਚਦੇਵਾ, ਪ੍ਰਧਾਨ ਹਰਬੰਸ ਸਿੰਘ, ਅਸ਼ਦੀਪ ਵੈਲਫੇਅਰ ਸੋਸਾਇਟੀ ਤੋਂ ਹਰਬੰਸ ਸਿੰਘ, ਗਰੇਵਾਲ ਮਹਿਤਾਬ ਸਿੰਘ ਮਹਿਤਾਮੇ, ਤਲਵਾੜ, ਬਲਰਾਮ, ਵਿਨੋਦ ਭੂਸ਼ਣ ਅਗਰਵਾਲ, ਲੋਕੇਸ਼ ਖੰਨਾ, ਜੇ.ਐਸ. ਦਰਦੀ, ਰਾਮ ਆਸਰਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ ਆਦਿ ਵੀ ਹਾਜ਼ਰ ਸਨ। ਇਸ ਸਮੇਂ ਸੁਰਿੰਦਰ ਸਿੰਘ ਵੱਲੋਂ ਜਗਜੀਤ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ।

# ਬੇਬੀ ਨਵਿਆ ਦੀ ਯਾਦ 'ਚ ਮੈਗਾ ਖ਼ੂਨਦਾਨ ਕੈਂਪ ਦੀਆਂ ਤਿਆਰੀਆਂ ਪੂਰੀਆਂ : ਆਸ਼ੂ ਸਾਂਪਲਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਾਂਪਲਾ ਫਾਊਂਡੇਸ਼ਨ ਨਾਲ ਜੁੜੀ ਨਵਿਆ ਹੈਲਪਿੰਗ ਹੈਂਡ ਵਲੋਂ ਸੀਨੀਅਰ ਭਾਜਪਾ ਆਗੂ ਆਸ਼ੂ ਸਾਂਪਲਾ ਦੀ ਸਪੁੱਤਰੀ ਬੇਬੀ ਨਵਿਆ ਦੀ ਨਿੱਘੀ ਯਾਦ ਵਿੱਚ 14 ਦਸੰਬਰ ਨੂੰ ਆਸ਼ੀਸ਼ ਕਾਂਟੀਨੈਂਟਲ (ਗੁਪਤਾ ਪੈਲੇਸ) ਜੀ ਟੀ ਰੋਡ ਫਗਵਾੜਾ ਵਿਖੇ ਲਗਾਏ ਜਾ ਰਹੇ ਮੈਗਾ ਖ਼ੂਨਦਾਨ ਕੈਂਪ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦੇ ਹੋਏ ਆਸ਼ੂ ਸਾਂਪਲਾ ਨੇ ਬਹੁਤ ਹੀ ਭਾਵੁਕ ਲਹਿਜੇ 'ਚ ਦੱਸਿਆ ਕਿ ਉਨ੍ਹਾਂ ਦੀ ਸਪੁੱਤਰੀ ਨਵਿਆ ਦਾ 12 ਜੁਲਾਈ, 2016 ਨੂੰ ਸਿਰਫ਼ ਢਾਈ ਸਾਲ ਦੀ ਛੋਟੀ ਉਮਰ ਵਿੱਚ ਇੱਕ ਗੰਭੀਰ ਬਿਮਾਰੀ ਕਾਰਨ ਦੁਖਦਾਈ ਦੇਹਾਂਤ ਹੋ ਗਿਆ ਸੀ। ਨਵਿਆ ਦਾ ਮਾਸੂਮ ਚਿਹਰਾ ਅਤੇ ਵੈਂਟੀਲੇਟਰ 'ਤੇ ਇਲਾਜ ਦੌਰਾਨ ਉਸ ਦੀਆਂ ਅੱਖਾਂ ਵਿੱਚੋਂ ਘਰ ਵਾਪਸੀ ਦੀ ਚਾਹਤ 'ਚ ਵੱਗਦੇ ਹੰਝੂ ਅੱਜ ਵੀ ਉਹਨਾਂ ਨੂੰ ਉਨ੍ਹਾਂ ਪਲਾਂ ਦੀ ਯਾਦ ਦਿਵਾਉਂਦੇ ਹਨ ਅਤੇ ਕੁਦਰਤ ਅੱਗੇ ਆਪਣੀ ਬੇਵਸੀ 'ਤੇ ਰੁਲਾ ਛੱਡਦੇ ਹਨ। ਨਵਿਆ ਆਪਣੇ ਇਲਾਜ ਦੌਰਾਨ 58 ਦਿਨਾਂ ਤੱਕ ਹਸਪਤਾਲ ਵਿੱਚ ਰਹੀ। ਉਸ ਨੂੰ ਹਰ ਰੋਜ਼ ਦੋ ਤੋਂ ਤਿੰਨ ਯੂਨਿਟ ਖ਼ੂਨ ਚੜ੍ਹਾਇਆ ਜਾਂਦਾ ਸੀ। ਹਾਲਾਂਕਿ ਉਹਨਾਂ ਦੀ ਪੁੱਤਰੀ ਠੀਕ ਨਹੀਂ ਹੋ ਸਕੀ, ਪਰ ਉਸ ਸਮੇਂ ਦੌਰਾਨ ਅਣਗਿਣਤ ਅਣਜਾਣ ਲੋਕਾਂ ਨੇ ਉਸ ਮਾਸੂਮ ਨੂੰ ਬਚਾਉਣ ਲਈ ਆਪਣਾ ਖ਼ੂਨ ਦਾਨ ਕੀਤਾ। ਇਹ ਦੇਖ ਕੇ, ਉਹਨਾਂ ਨੂੰ ਮਨੁੱਖੀ ਜੀਵਨ ਵਿੱਚ ਖ਼ੂਨ ਦੀ ਮਹੱਤਤਾ ਦਾ ਅਹਿਸਾਸ ਹੋਇਆ। ਆਸ਼ੂ ਸਾਂਪਲਾ ਨੇ ਦੱਸਿਆ ਕਿ ਇਸ ਦੁਖਦਾਈ ਘਟਨਾ ਨੇ ਉਹਨਾਂ ਨੂੰ ਨਵਿਆ ਹੈਲਪਿੰਗ ਹੈਂਡ ਦਾ ਗਠਨ ਕਰਕੇ ਖ਼ੂਨਦਾਨ ਦੇ ਖੇਤਰ 'ਚ ਕੰਮ ਕਰਨ ਲਈ ਪ੍ਰੇਰਿਤ ਕੀਤਾ।ਉਹਨਾਂ ਕਿਹਾ ਕਿ ਨਵਿਆ ਹੈਲਪਿੰਗ ਹੈਂਡ ਦੁਆਰਾ ਹਰ ਸਾਲ ਨਵਿਆ ਦੇ ਜਨਮ ਦਿਨ 'ਤੇ ਕੈਂਪ ਰਾਹੀਂ ਇਕੱਠਾ ਕੀਤਾ ਗਿਆ ਖ਼ੂਨ ਉਨ੍ਹਾਂ ਮਾਸੂਮ ਬੱਚਿਆਂ ਦੇ ਮਾਪਿਆਂ ਨੂੰ ਉਸ ਅਸਹਿ ਦਰਦ ਤੋਂ ਬਚਾਅ ਸਕਦਾ ਹੈ ਜੋ ਅਜੇ ਵੀ ਉਨ੍ਹਾਂ ਨੂੰ ਤੜਫਾ ਜਾਂਦਾ ਹੈ। ਉਨ੍ਹਾਂ ਫਗਵਾੜਾ ਅਤੇ ਆਸ ਪਾਸ ਦੇ ਇਲਾਕਿਆਂ ਦੇ ਸਮੂਹ ਵਸਨੀਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ 14 ਦਸੰਬਰ ਨੂੰ ਨਵਿਆ ਦੇ ਬਾਰ੍ਹਵੇਂ ਜਨਮ ਦਿਨ ਮੌਕੇ ਆਸ਼ੀਸ਼ ਕਾਂਟੀਨੈਂਟਲ (ਗੁਪਤਾ ਪੈਲੇਸ) ਜੀ.ਟੀ. ਰੋਡ ਫਗਵਾੜਾ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲੱਗਣ ਵਾਲੇ ਕੈਂਪ ਦੌਰਾਨ ਵੱਡੀ ਗਿਣਤੀ 'ਚ ਪਹੁੰਚਣ ਅਤੇ ਆਪਣਾ ਖ਼ੂਨ ਦਾਨ ਕਰਨ।

# ਸੋਨਾਲਿਕਾ ਕਲੀਨ ਐਂਡ ਗ੍ਰੀਨ ਮੁਹਿੰਮ ਤਹਿਤ ਸ਼ਹਿਰ ਦੀਆਂ ਕਾਲੋਨੀਆਂ 'ਚ ਚਲਾਇਆ ਸਫਾਈ ਅਭਿਆਨ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)** ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਵਾਤਾਵਰਣ ਅਨੁਕੂਲ ਬਣਾਉਣ ਦੇ ਉਦੇਸ਼ ਨਾਲ ਸੋਨਾਲਿਕਾ ਕਲੀਨ ਐਂਡ ਗ੍ਰੀਨ ਮੁਹਿੰਮ ਤਹਿਤ ਪ੍ਰਸਿੱਧ ਸਮਾਜ ਸੇਵੀ ਸੁਨੀਲ ਕੁਮਾਰ ਪੋਮਰਾ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਕਾਲੋਨੀਆਂ ਵਿੱਚ ਵਿਸਤ੍ਰਿਤ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਮੁਹਿੰਮ ਦੀ ਖਾਸ ਗੱਲ ਇਹ ਹੈ ਕਿ ਸੁਨੀਲ ਕੁਮਾਰ ਪੋਮਰਾ ਖੁਦ ਕਾਲੋਨੀਆਂ ਵਿੱਚ ਪਹੁੰਚ ਕੇ ਸੋਨਾਲਿਕਾ ਦੇ ਸੋਲਸ ਲੋਡਰ ਰਾਹੀਂ ਸਫਾਈ ਕਰਵਾ ਰਹੇ ਹਨ ਅਤੇ ਆਮ ਨਾਗਰਿਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਵੀ ਕਰ ਰਹੇ ਹਨ।ਅਭਿਆਨ ਦੌਰਾਨ ਗਲੀਆਂ, ਸੜਕਾਂ ਦੇ ਕੰਢਿਆਂ ਅਤੇ ਖਾਲੀ ਪਏ ਪਲਾਟਾਂ ਵਿੱਚ ਲੰਮੇ ਸਮੇਂ ਤੋਂ ਇਕੱਠਾ ਹੋਇਆ ਕੂੜਾ-ਕਰਕਟ ਸਾਫ਼ ਕੀਤਾ ਗਿਆ। ਸੁਨੀਲ ਕੁਮਾਰ ਪੋਮਰਾ ਨੇ ਕਿਹਾ ਕਿ ਸਫਾਈ ਸਿਰਫ਼ ਨਗਰ ਨਿਗਮ ਜਾਂ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਸਮਾਜ ਦੇ ਹਰ ਵਿਅਕਤੀ ਨੂੰ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਆਲੇ-ਦੁਆਲੇ ਸਫਾਈ ਰੱਖਣ ਅਤੇ ਸਰਵਜਨਿਕ ਥਾਵਾਂ 'ਤੇ ਗੰਦਗੀ ਨਾ ਫੈਲਾਉਣ। ਇਸ ਸੋਨਾਲਿਕਾ ਕਲੀਨ ਗ੍ਰੀਨ ਮੁਹਿੰਮ ਵਿੱਚ ਜੇ.ਐੱਸ. ਚੌਹਾਨ ਵੀ ਸੁਨੀਲ ਕੁਮਾਰ ਪੋਮਰਾ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰ ਰਹੇ ਹਨ। ਗ੍ਰੀਨ ਵੈਲੀ ਹੁਸ਼ਿਆਰਪੁਰ ਐਨਕਲੇਵ ਵਿੱਚ ਚਲਾਏ ਗਏ ਵਿਸ਼ੇਸ਼ ਸਫਾਈ ਅਭਿਆਨ ਮੌਕੇ ਕਈ ਗਣਮਾਨਯ ਹਸਤੀਆਂ ਹਾਜ਼ਰ ਰਹੀਆਂ।ਇਨ੍ਹਾਂ ਵਿੱਚ ਰਜਨੀਸ਼ ਕੁਮਾਰ ਗੁਲਿਆਨੀ, ਸਰਪੰਚ ਅਨੀਤਾ ਰਾਣੀ, ਐਡਵੋਕੇਟ ਸ਼ਮਸ਼ੇਰ ਸਿੰਘ, ਸਤੀਸ਼ ਗੋਇਲ, ਅਰਵਿੰਦ ਧੀਮਾਨ, ਅਰਵ ਕੁਮਾਰ ਅਤੇ ਤਨਵੀਰ ਸਿੰਘ ਸੈਨੀ ਮੁੱਖ ਤੌਰ 'ਤੇ ਸ਼ਾਮਲ ਸਨ। ਸੋਨਾਲਿਕਾ ਕਲੀਨ ਗ੍ਰੀਨ ਮੁਹਿੰਮ ਰਾਹੀਂ ਹੁਸ਼ਿਆਰਪੁਰ ਵਿੱਚ ਸਫਾਈ ਅਤੇ ਵਾਤਾਵਰਣ ਸੁਰੱਖਿਆ ਨੂੰ ਲੈ ਕੇ ਇੱਕ ਮਜ਼ਬੂਤ ਸੰਦੇਸ਼ ਦਿੱਤਾ ਜਾ ਰਿਹਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਨੂੰ ਸਾਫ਼ ਅਤੇ ਹਰਿਆ-ਭਰਿਆ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।



## ਚੋਣਾਂ ਦੇ ਮੱਦੇਨਜ਼ਰ ਪੋਲਿੰਗ ਸਟੇਸ਼ਨਾਂ ਦੇ ਆਲੇ-ਦੁਆਲੇ ਮਨਾਹੀ ਦੇ ਹੁਕਮ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ-2025 ਜੋ ਕਿ 14 ਦਸੰਬਰ ਨੂੰ ਹੋ ਰਹੀਆਂ ਹਨ, ਨੂੰ ਨਿਰਵਿਘਨ, ਸ਼ਾਂਤੀਪੂਰਨ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਜ਼ਿਲ੍ਹਾ ਮੈਜਿਸਟ੍ਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼੍ਰੀਮਤੀ ਕੋਮਲ ਮਿੱਤਲ, ਆਈ.ਏ.ਐੱਸ., ਨੇ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (ਐਕਟ 46 ਆਫ਼ 2023) ਦੇ ਅਧਿਆਇ 11 (ਸੀ - ਤੁਰੰਤ ਪ੍ਰੇਸ਼ਾਨੀ ਜਾਂ ਅਨੁਮਾਨਿਤ ਖ਼ਤਰੇ ਵਾਲੇ ਮਾਮਲੇ), ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ, ਪੰਚਾਇਤ ਸੰਮਤੀ ਮਾਜਰੀ, ਖਰੜ ਅਤੇ ਡੇਰਾਬੱਸੀ ਦੇ ਅਧਿਕਾਰ ਖੇਤਰ ਵਿੱਚ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।ਰਾਜ ਚੋਣ ਕਮਿਸ਼ਨ, ਪੰਜਾਬ ਦੇ ਸਕੱਤਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਚੋਣਾਂ ਦੇ ਸ਼ਾਂਤੀਪੂਰਨ, ਨਿਰਪੱਖ ਅਤੇ ਸੁਚੱਜੇ ਆਯੋਜਨ ਅਤੇ ਜ਼ਿਲ੍ਹੇ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 110 ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਅਨੁਸਾਰ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਰੈਵਨਿਊ ਹੱਦਾਂ ਅੰਦਰ ਸਥਿਤ ਸਾਰੇ ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਦੇ ਘੇਰੇ ਵਿੱਚ, 13 ਦਸੰਬਰ 2025 ਤੋਂ 14 ਦਸੰਬਰ 2025 ਤੱਕ, ਆਦਰਸ਼ ਚੋਣ ਜ਼ਾਬਤੇ ਦੇ ਤਹਿਤ ਹੇਠ ਲਿਖੀਆਂ ਗਤੀਵਿਧੀਆਂ 'ਤੇ ਸਖ਼ਤ ਪਾਬੰਦੀ ਰਹੇਗੀ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ (ਕਤਾਰ ਵਿੱਚ ਲੱਗੇ ਵੋਟਰਾਂ ਤੋਂ ਇਲਾਵਾ) ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ/ਗਤੀਵਿਧੀਆਂ ਕਰਨ ਤੇ ਪਾਬੰਦੀ ਹੋਵੇਗੀ।

# ਬੀਬੀ ਗੁਰਦੇਵ ਕੌਰ ਨੂੰ ਵੱਖ-ਵੱਖ ਰਾਜਨੀਤਕ ਤੇ ਧਾਰਮਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਆਦਮਪੁਰ (ਪਰਮਜੀਤ ਸਿੰਘ)**- ਜਥੇਦਾਰ ਮੇਜਰ ਸਿੰਘ ਹਰੀਪੁਰ ਸਾਬਕਾ ਚੇਅਰਮੈਨ ਬਲਾਕ ਸੰਮਤੀ ਆਦਮਪੁਰ ਹਰੀਪੁਕਰ ਦੀ ਮਾਤਾ ਬੀਬੀ ਗੁਰਦੇਵ ਕੌਰ ਪਤਨੀ ਜੋਗਿੰਦਰ ਸਿੰਘ ਦਿਓਲ ਵਾਸੀ ਹਰੀਪੁਰ ਜੋ ਮਿਤੀ 3 ਦਸੰਬਰ ਦਿਨ ਬੁੱਧਵਾਰ ਨੂੰ ਆਪਣੀ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾ ਵਿੱਚ ਦਾ ਬਿਰਾਜੇ ਸਨ ਜਿਨ੍ਹਾਂ ਦੀ ਅੰਤਿਮ ਅਰਦਾਸ ਉਨ੍ਹਾਂ ਦੇ ਗ੍ਰਹਿ ਪਿੰਡ ਹਰੀਪੁਰ ਆਦਮਪੁਰ ਵਿਖੇ ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਜਾਈ ਸੁਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਜੱਥੇ ਵਲੋਂ ਵੈਰਾਗ ਮਈ ਕੀਰਤਨ ਕੀਤਾ ਗਿਆ ਉਪਰੰਤ ਭਾਈ ਸੁਖਦੇਵ ਸਿੰਘ ਅਰਦਾਸੀਆਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲੋਂ ਬੀਬੀ ਗੁਰਦੇਵ ਕੌਰ ਨਮਿਤ ਸਮਾਪਤੀ ਦੀ ਅਰਦਾਸ ਕੀਤੀ ਉਪਰੰਤ ਮੇਜਰ ਸਿੰਘ ਹਰੀਪੁਰ, ਗੁਰਮੀਤ ਸਿੰਘ, ਮਲਕੀਤ ਸਿੰਘ ਦੋਲਪੁਰ ਵੱਲੋਂ ਮਾਤਾ ਗੁਰਦੇਵ ਕੌਰ ਦੀ ਅੰਮਿਤ ਅਰਦਾਸ ਤੇ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੋਣ ਤੇ ਸਮੂਹ ਰਾਜਨੀਕਿਤ ਤੇ ਧਾਰਮਿਕ ਆਗੂਆਂ ਸਮੇਤ ਰਿਸ਼ਤੇਦਾਰਾਂ ਸਮੇਤ ਇਲਾਕੇ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪਿਤਾ



ਸਵ. ਗੁਰਦੇਵ ਕੌਰ ਦੀ ਅੰਤਿਮ ਅਰਦਾਸ ਮੌਕੇ ਪਰਿਵਾਰਕ ਮੈਂਬਰ ਮੇਜਰ ਸਿੰਘ, ਮਲਕੀਤ ਸਿੰਘ, ਜਰਨੈਲ ਸਿੰਘ ਸਮੇਤ ਕੀਰਤਨ ਦੀ ਹਾਜ਼ਰੀ ਭਰਦੇ ਹਜ਼ੂਰੀ ਰਾਗੀ ਦਰਬਾਰ ਸਾਹਿਬ (ਹੇਠਾਂ) ਹਾਜ਼ਰ ਰਾਜਨੀਤਿਕ ਆਗੂ ਅਤੇ ਸੰਗਤ।

# ਜ਼ਿਲ੍ਹੇ 'ਚ ਸਿੰਥੈਟਿਕ ਡੋਰ ਬਣਾਉਣ, ਵੇਚਣ, ਸਟੋਰ ਕਰਨ ਤੇ ਖ਼ਰੀਦਣ 'ਤੇ ਮੁਕੰਮਲ ਪਾਬੰਦੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਪਤੰਗਾਂ/ਗੁੱਡੀਆਂ ਉਡਾਉਣ ਲਈ ਨਾਈਲੋਨ, ਸਿੰਥੈਟਿਕ ਪਲਾਸਟਿਕ ਦੀ ਬਣੀ ਡੋਰ ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ ਅਤੇ ਸਪਲਾਈ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਪਾਬੰਦੀ ਧਾਗੇ ਵਾਲੀ ਡੋਰ 'ਤੇ ਲਾਗੂ ਨਹੀਂ ਹੋਵੇਗੀ। ਇਹ ਹੁਕਮ 9 ਫਰਵਰੀ 2026 ਤੱਕ ਲਾਗੂ ਰਹਿਣਗੇ।ਜ਼ਿਲ੍ਹਾ ਮੈਜਿਸਟਰੇਟ ਨੇ ਜਾਰੀ ਕੀਤੇ ਹੁਕਮਾਂ ਵਿਚ ਕਿਹਾ ਹੈ ਕਿ ਪਤੰਗਾਂ/ਗੁੱਡੀਆਂ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸੂਤੀ ਡੋਰ ਤੋਂ ਹਟ ਕੇ ਸਿੰਥੈਟਿਕ ਪਲਾਸਟਿਕ ਦੀ ਬਣੀ ਹੋਈ ਹੈ ਅਤੇ ਉਹ ਬਹੁਤ ਮਜ਼ਬੂਤ, ਨਾ ਗਲਣਯੋਗ ਅਤੇ ਨਾ ਟੁੱਟਣਯੋਗ ਹੈ। ਇਹ ਡੋਰ ਪਤੰਗਬਾਜ਼ੀ ਸਮੇਂ ਪਤੰਗ/ਗੁੱਡੀਆਂ ਉਡਾਉਣ ਵਾਲਿਆਂ ਦੇ ਹੱਥ ਅਤੇ ਉਂਗਲਾਂ ਕੱਟ ਦਿੰਦੀ ਹੈ। ਇਸ ਡੋਰ ਨਾਲ ਦੋਪਹੀਆ ਵਾਹਨ ਚਾਲਕਾਂ ਦੇ ਗਲ਼ ਅਤੇ ਕੰਨ ਆਦਿ ਕੱਟੇ ਜਾਣ, ਉਡਦੇ ਪੰਛੀਆਂ ਦੇ ਫਸ ਜਾਣ ਅਤੇ ਉਨ੍ਹਾਂ ਦੇ ਮਰਨ ਬਾਰੇ ਕਾਫ਼ੀ ਦੁਰਘਟਨਾਵਾਂ ਵਾਪਰੀਆਂ ਹਨ। ਇਸ ਤੋਂ ਇਲਾਵਾ ਡੋਰ ਵਿਚ ਫਸੇ ਪੰਛੀਆਂ ਦੀ ਮੌਤ ਹੋ ਜਾਣ 'ਤੇ ਉਨ੍ਹਾਂ ਦਾ ਰੁੱਖਾਂ 'ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਾਵਰਨ ਵੀ ਦੂਸ਼ਿਤ ਹੁੰਦਾ ਹੈ। ਇਸ ਤਰ੍ਹਾਂ ਸਿੰਥੈਟਿਕ/ਪਲਾਸਟਿਕ ਦੀ ਬਣੀ ਇਹ ਡੋਰ ਜਦੋਂ ਪਤੰਗਾਂ/ਗੁੱਡੀਆਂ ਉਡਾਉਣ ਲਈ ਵਰਤੀ ਜਾਂਦੀ ਹੈ, ਤਾਂ ਇਹ ਮਨੁੱਖੀ ਜਾਨਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ।

# ਕੌਮੀ ਲੋਕ ਅਦਾਲਤ ਲੱਗੀ

ਜਲੰਧਰ (ਨ ਜ਼ ਸ)-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਅਤੇ ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਦੀ ਯੋਗ ਅਗਵਾਈ ਹੇਠ 13 ਦਸੰਬਰ ਨੂੰ ਜਲੰਧਰ, ਫਿਲੌਰ ਅਤੇ ਨਕੋਦਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।

ਇਸ ਲੋਕ ਅਦਾਲਤ ਵਿੱਚ ਸਾਰੇ ਤਰ੍ਹਾਂ ਦੇ ਅਦਾਲਤਾਂ ਵਿੱਚ ਲੰਬਿਤ ਸਿਵਲ ਕੇਸ, ਵਿਆਹ ਸਬੰਧੀ ਕੇਸ, ਐਮ.ਏ.ਸੀ.ਟੀ. ਕੇਸ, ਰਾਜ਼ੀਨਾਮਾ ਯੋਗ ਫੌਜਦਾਰੀ ਕੇਸ, ਟ੍ਰੈਫਿਕ ਚਲਾਨ, ਅਤੇ ਬੈਂਕਾਂ, ਵਿੱਤੀ ਸੰਸਥਾਵਾਂ, ਬੀ.ਐਸ.ਐਨ.ਐਲ., ਪੀ.ਐਸ.ਪੀ.ਸੀ.ਐਲ. ਅਤੇ ਮਾਲ ਵਿਭਾਗ ਨਾਲ ਸਬੰਧਤ ਮੁਕੱਦਮੇ ਤੋਂ ਪਹਿਲਾਂ ਵਾਲੇ ਕੇਸ ਆਦਿ ਸੁਣਵਾਈ ਲਈ ਲਏ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਦੱਸਿਆ ਕਿ ਜਲੰਧਰ, ਫਿਲੌਰ ਅਤੇ ਨਕੋਦਰ ਵਿੱਚ ਕੁੱਲ 25 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੁੱਲ 47702 ਕੇਸ ਸੁਣਵਾਈ ਲਈ ਲਏ ਗਏ ਅਤੇ ਇਨ੍ਹਾਂ ਵਿੱਚੋਂ 46813 ਕੇਸਾਂ ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ ਕੀਤਾ ਗਿਆ। ਅਦਾਲਤ ਵਿੱਚ 358219255/- (35ਕਰੋੜ 82 ਲੱਖ 19 ਹਜ਼ਾਰ 255/) ਰੁਪਏ ਦੇ ਅਵਾਰਡ ਨਿਪਟਾਏ ਗਏ।



ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਡੀ.ਐਲ.ਐਸ.ਏ. ਜਲੰਧਰ ਅਤੇ ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਜਲੰਧਰ ਵਿੱਚ ਗਠਿਤ ਬੈਂਚਾਂ ਦਾ ਨਿਰੀਖਣ ਵੀ ਕੀਤਾ।

ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਜਲੰਧਰ ਨੇ ਅੱਗੇ ਦੱਸਿਆ ਕਿ ਲੋਕ ਅਦਾਲਤ ਰਾਹੀਂ ਕੇਸਾਂ ਨੂੰ ਤੇਜ਼ੀ ਨਾਲ ਨਿਆਂ ਮਿਲਦਾ ਹੈ। ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਫੈਸਲੇ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾ ਸਕਦੀ। ਫੈਸਲਾ ਦੋਵਾਂ ਧਿਰਾਂ ਵਿਚਕਾਰ ਆਪਸੀ ਸਮਝੌਤੇ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਲੋਕ ਅਦਾਲਤਾਂ ਭਾਈਚਾਰਕ ਸਾਂਝ ਵਧਾਉਂਦੀਆਂ ਹਨ। ਇਸ ਤੋਂ ਇਲਾਵਾ, ਅਰਜ਼ੀਕਰਤਾ ਦੁਆਰਾ ਅਦਾ ਕੀਤੀ ਗਈ ਅਦਾਲਤੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ।

ਇਸ ਸਬੰਧੀ ਸ੍ਰੀ ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਦੱਸਿਆ ਕਿ ਸਮੇਂ-ਸਮੇਂ 'ਤੇ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਕੇਸਾਂ ਦਾ ਨਿਪਟਾਰਾ ਆਪਸੀ ਸਮਝੌਤੇ ਰਾਹੀਂ ਕੀਤਾ ਜਾ ਸਕੇ। ਲੋਕ ਅਦਾਲਤ ਵਿੱਚ ਕੇਸ ਲਗਾਉਣ ਅਤੇ ਕਿਸੇ ਵੀ ਕਾਨੂੰਨੀ ਮਾਮਲੇ ਬਾਰੇ ਸਲਾਹ/ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਲਈ, ਕੋਈ ਵੀ ਵਿਅਕਤੀ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 10 ਮਾਰਚ 2026 ਨੂੰ ਲੱਗੇਗੀ। ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਜਲੰਧਰ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ, ਡੀਐਲਐਸਏ ਨੇ ਜ਼ਿਲ੍ਹੇ ਵਿੱਚ ਨਸ਼ਾ ਛੁਡਾਊ ਮੁਹਿੰਮ ਸ਼ੁਰੂ ਕੀਤੀ ਹੈ। ਮਹੀਨੇ ਦੌਰਾਨ ਸਕੂਲ/ਕਾਲਜਾਂ/ਪਿੰਡਾਂ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ।

# ਸੰਮਤੀ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪੋਲਿੰਗ ਸਟੇਸ਼ਨਾਂ ਨੇੜੇ ਮਨਾਹੀ ਦੇ ਹੁਕਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ-2025 ਜੋ ਕਿ 14 ਦਸੰਬਰ 2025 ਨੂੰ ਹੋ ਰਹੀਆਂ ਹਨ, ਨੂੰ ਨਿਰਵਿਘਨ, ਸ਼ਾਂਤੀਪੂਰਨ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਜ਼ਿਲ੍ਹਾ ਮੈਜਿਸਟ੍ਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼੍ਰੀਮਤੀ ਕੋਮਲ ਮਿੱਤਲ, ਆਈ.ਏ.ਐਸ., ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 (ਐਕਟ 46 ਆਫ 2023) ਦੇ ਅਧਿਆਇ 11 (ਸੀ - ਤੁਰੰਤ ਪ੍ਰੇਸ਼ਾਨੀ ਜਾਂ ਅਨੁਮਾਨਿਤ ਖ਼ਤਰੇ ਵਾਲੇ ਮਾਮਲੇ), ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ, ਪੰਚਾਇਤ ਸੰਮਤੀ ਮਾਜਰੀ, ਖਰੜ ਅਤੇ ਡੇਰਾਬੱਸੀ ਦੇ ਅਧਿਕਾਰ ਖੇਤਰ ਵਿੱਚ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ।

ਰਾਜ ਚੋਣ ਕਮਿਸ਼ਨ, ਪੰਜਾਬ ਦੇ ਸਕੱਤਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਚੋਣਾਂ ਦੇ ਸ਼ਾਂਤੀਪੂਰਨ, ਨਿਰਪੱਖ ਅਤੇ ਸੁਚੱਜੇ ਆਯੋਜਨ ਅਤੇ ਜ਼ਿਲ੍ਹੇ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 110 ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਮੈਜਿਸਟ੍ਰੇਟ ਦੇ ਹੁਕਮਾਂ ਅਨੁਸਾਰ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਰੈਵਨਿਊ ਹੱਦਾਂ ਅੰਦਰ ਸਥਿਤ ਸਾਰੇ ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਦੇ ਘੇਰੇ ਵਿੱਚ, 13 ਦਸੰਬਰ 2025 ਤੋਂ 14 ਦਸੰਬਰ 2025 ਤੱਕ, ਆਦਰਸ਼ ਚੋਣ ਜ਼ਾਬਤੇ ਦੇ ਤਹਿਤ ਹੇਠ ਲਿਖੀਆਂ ਗਤੀਵਿਧੀਆਂ 'ਤੇ ਸਖ਼ਤ ਪਾਬੰਦੀ ਹੋਵੇਗੀ:

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ (ਕਤਾਰ ਵਿੱਚ ਲੱਗੇ ਵੋਟਰਾਂ ਤੋਂ ਇਲਾਵਾ) ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ/ਗਤੀਵਿਧੀਆਂ ਕਰਨ ਤੇ ਪਾਬੰਦੀ ਹੋਵੇਗੀ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਵੋਟਾਂ ਦਾ ਪ੍ਰਚਾਰ ਕਰਨ ਜਾਂ ਅਪੀਲ ਕਰਨ ਤੇ ਪਾਬੰਦੀ ਹੋਵੇਗੀ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕੋਈ ਵੀ ਰਾਜਨੀਤਿਕ ਪਾਰਟੀ, ਜਾਂ ਚੋਣ ਲੜ ਰਹੇ ਉਮੀਦਵਾਰ ਵੱਲੋਂ ਆਪਣਾ ਬੂਥ/ਟੈਂਟ ਨਹੀਂ ਲਗਾਇਆ ਜਾਵੇਗਾ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕਿਸੇ ਵੀ ਕਿਸਮ ਦਾ ਚੋਣਾਂ ਨਾਲ ਸਬੰਧਤ ਹਾਜਨੀਤਿਕ ਪਾਰਟੀ/ਉਮੀਦਵਾਰ ਦਾ ਪੋਸਟਰ/ਬੈਨਰ ਨਹੀਂ ਲਗਾਇਆ ਜਾਵੇਗਾ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਸੈਲੂਲਰ ਫੋਨ/ਕੋਰਡਲੈਸ ਫੋਨ/ਵਾਇਰਲੈਸ ਸੈਟ/ਲਾਊਡ ਸਪੀਕਰ ਆਦਿ ਦੀ ਵਰਤੋਂ 'ਤੇ ਪਾਬੰਦੀ ਹੋਵੇਗੀ। ਚੋਣ ਡਿਊਟੀ 'ਤੇ ਤਾਇਨਾਤ ਚੋਣ ਅਬਜ਼ਰਵਰ, ਪੁਲਿਸ ਅਧਿਕਾਰੀ, ਡਿਊਟੀ ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ ਨਾਲ ਸਬੰਧਤ ਕਰਮਚਾਰੀਆਂ ਨੂੰ ਇਸ ਤੋਂ ਛੋਟ ਹੋਵੇਗੀ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਰਾਜ ਚੋਣ ਕਮਿਸ਼ਨ, ਪੰਜਾਬ, ਜ਼ਿਲ੍ਹਾ ਚੋਣ ਅਫ਼ਸਰ ਅਤੇ ਸਬੰਧਤ ਰਿਟਰਨਿੰਗ ਅਫਸਰਾਂ ਵੱਲੋਂ ਅਧਿਕਾਰਤ ਵਿਅਕਤੀ ਤੋਂ ਸਿਵਾਏ ਕਿਸੇ ਵੀ ਵਿਅਕਤੀ ਨੂੰ ਆਪਣਾ ਨਿੱਜੀ/ ਪ੍ਰਾਈਵੇਟ ਵਾਹਨ ਲੈ ਕੇ ਜਾਣ ਤੇ ਮਨਾਹੀ ਹੋਵੇਗੀ।

ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਜੋ ਚੋਣ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਦੀ ਹੋਵੇ ਤੇ ਮੁਕੰਮਲ ਪਾਬੰਦੀ ਹੋਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਵਿਰੁੱਧ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਅਧੀਨ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਹ ਮਨਾਹੀ ਹੁਕਮ 14 ਦਸੰਬਰ 2025 ਨੂੰ ਮਤਦਾਨ ਦੀ ਪ੍ਰਕਿਰਿਆ ਪੂਰੀ ਹੋਣ ਤੱਕ ਲਾਗੂ ਰਹਿਣਗੇ।

ਪਰ, ਇਹ ਹੁਕਮ ਸੈਨਾ ਕਰਮਚਾਰੀਆਂ, ਅਰਧ ਸੈਨਿਕ ਬਲਾਂ ਅਤੇ ਪੁਲਿਸ ਕਰਮਚਾਰੀਆਂ, ਜੋ ਚੋਣ ਡਿਊਟੀ 'ਤੇ ਤਾਇਨਾਤ ਹਨ, 'ਤੇ ਲਾਗੂ ਨਹੀਂ ਹੋਣਗੇ।

ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਨੇ ਸਾਰੀਆਂ ਰਾਜਨੀਤਿਕ ਪਾਰਟੀਆਂ, ਉਮੀਦਵਾਰਾਂ ਅਤੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ, ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਲਈ ਪੂਰਾ ਸਹਿਯੋਗ ਦਿੱਤਾ ਜਾਵੇ।

# ਸੇਲਜ਼ਮੈਨ ਤੋਂ ਪੌਣੇ ਦੋ ਲੱਖ ਦੀ ਨਗਦੀ ਤੇ ਮੋਬਾਇਲ ਖੋਹ ਕੇ ਫਰਾਰ

**ਗੁਰਦਾਸਪੁਰ (ਜਨਕ ਮਹਾਜਨ)**-ਇਕ ਨੌਜਵਾਨ ਤੋਂ ਮੁਕੇਰੀਆਂ ਤੋਂ ਸੇਲਜ਼ ਦੇ 1 ਲੱਖ 70 ਹਜ਼ਾਰ ਰੁਪਏ, ਪਰਸ 'ਚੋਂ 4 ਹਜ਼ਾਰ ਰੁਪਏ ਅਤੇ ਮੋਬਾਇਲ ਫੋਨ ਖੋਹ ਕੇ ਅਣਪਛਾਤੇ ਨੌਜਵਾਨ ਕਾਰ 'ਚ ਫਰਾਰ ਹੋ ਗਏ।ਪੁਰਾਣਾ ਸ਼ਾਲਾ ਪੁਲਸ ਨੇ ਇਸ ਸਬੰਧੀ ਅਣਪਛਾਤੇ ਨੌਜਵਾਨਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਇਸ ਸਬੰਧੀ ਅਮਿਤ ਪੁੱਤਰ ਕੇਵਲ ਕ੍ਰਿਸ਼ਨ ਨਿਵਾਸੀ ਮੁਹੱਲਾ ਨੰਗਲ ਕੋਟਲੀ ਨੇ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਮੁਕੇਰੀਆਂ ਤੋਂ ਸੇਲਜ਼ ਦੇ 1 ਲੱਖ 70 ਹਜ਼ਾਰ ਰੁਪਏ ਲੈ ਕੇ ਮੋਟਰਸਾਈਕਲ 'ਤੇ ਗੁਰਦਾਸਪੁਰ ਨੂੰ ਵਾਪਸ ਆ ਰਿਹਾ ਸੀ। ਜਦ ਜੀ. ਟੀ. ਰੋਡ ਸੰਮ ਨਹਿਰ ਘੱਲੂਘਾਰਾ ਮੋੜ ਲਾਗੇ ਪਹੁੰਚਿਆ ਤਾਂ ਇਕ ਕਾਰ ਆਲਟੋ ਬਿਨਾਂ ਨੰਬਰੀ ਵਿਚੋਂ ਦੋ ਨੌਜਵਾਨ ਉਤਰੇ, ਜਿਨ੍ਹਾਂ ਨੇ ਉਸ ਨੂੰ ਰੋਕ ਕੇ ਪਹਿਲਾਂ ਮਾਰਕੁੱਟ ਕੀਤੀ ਅਤੇ ਬਾਅਦ ਵਿਚ 1 ਲੱਖ 70 ਹਜ਼ਾਰ ਰੁਪਏ ਅਤੇ ਪਰਸ ਵਿਚੋਂ 4 ਹਜ਼ਾਰ ਰੁਪਏ, ਮੋਬਾਇਲ ਫੋਨ ਖੋਹ ਕੇ ਲੈ ਗਏ।ਦੂਜੇ ਪਾਸੇ ਏਐੱਸਆਈ ਦੇਸ ਰਾਜ ਨੇ ਦੱਸਿਆ ਕਿ ਇਸ ਸਬੰਧੀ ਅਮਿਤ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# 15 ਤੋਂ 22 ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾਵੇਗਾ: ਸਿਵਲ ਸਰਜਨ

ਗੁਰਦਾਸਪੁਰ, (ਜਨਕ ਮਹਾਜਨ)-ਸਿਵਲ ਸਰਜਨ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਸੋਸਾਇਟੀ ਦੀ ਮੀਟਿੰਗ ਦਫਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਹੋਈ।ਇਸ ਮੌਕੇ ਡਾ. ਮਹੇਸ਼ ਪ੍ਰਭਾਕਰ ਨੇ ਕਿਹਾ ਕਿ 15 ਤੋਂ 22 ਦਸੰਬਰ ਤੱਕ ਵਿਸ਼ੇਸ਼ ਟੀਕਾਕਰਣ ਹਫਤਾ ਮਨਾਇਆ ਜਾਏਗਾ।

ਇਸ ਦੌਰਾਨ ਉਨ੍ਹਾਂ ਬੱਚਿਆਂ ਅਤੇ ਗਰਭਵਤੀ ਮਾਵਾਂ ਦਾ ਟੀਕਾਕਰਣ ਕੀਤਾ ਜਾਵੇਗਾ ਜੋ ਕਿਸੇ ਕਾਰਨ ਇਸ ਤੋਂ ਵਾਂਝੇ ਰਹਿ ਗਏ ਸਨ।ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਲਗਾਏ ਜਾ ਰਿਹੇ ਟੀਕਾਕਰਨ ਕੈਂਪ ਦੀ ਐਂਟਰੀ ਯੂ ਵਿਨ ਪੋਰਟਲ 'ਤੇ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਟੀਬੀ ਮੁਕਤ ਮੁਹਿੰਮ ਦੌਰਾਨ ਸਕਰੀਨਿੰਗ ਵਧਾਈ ਜਾਵੇ ।ਪਿੰਡ ਪੱਧਰ ਤੇ ਕੈਂਪ ਲਾ ਕੇ ਸ਼ੱਕੀ ਮਰੀਜ਼ਾਂ ਦੀ ਭਾਲ ਕੀਤੀ ਜਾਵੇ।ਸਮੂਹ ਸਿਹਤ ਸੰਸਥਾਵਾਂ ਵਿੱਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ।ਆਮ ਜਨਤਾ ਅਤੇ ਸਟਾਫ ਲਈ ਸਾਫ ਸੁਥਰੇ ਬਾਥਰੂਮ ਮੁਹੱਈਆ ਕਰਵਾਏ ਜਾਣ।ਰਾਤ ਦੇ ਸਮੇਂ ਰੌਸ਼ਨੀ ਦਾ ਪੂਰਾ ਪ੍ਰਬੰਧ ਕੀਤਾ ਜਾਵੇ ।ਸੁਰੱਖਿਆ ਲਈ ਸੀਸੀਟੀਵੀ ਕੈਮਰੇ ਲਗਾਏ ਜਾਣ।ਉਨ੍ਹਾਂ ਕਿਹਾ ਕਿ ਕੁੜੀਆਂ ਅਤੇ ਮੁੰਡਿਆਂ ਦੀ ਜਨਮ ਦਰ ਵਿਚ ਫ਼ਰਕ ਨੂੰ ਠੀਕ ਕਰਨ ਦਾ ਯਤਨ ਕੀਤਾ ਜਾਵੇ।ਗਰਭਵਤੀ ਮਾਵਾਂ ਦਾ ਮਹੀਨਾਵਾਰ ਚੈੱਕਅਪ ਯਕੀਨੀ ਬਣਾਇਆ ਜਾਵੇ।ਹਾਈ ਰਿਸਕ ਕੇਸਾਂ ਦਾ ਸਪੈਸ਼ਲਿਸਟ ਡਾਕਟਰ ਤੋਂ ਚੈੱਕਅਪ ਕਰਾਇਆ ਜਾਵੇ। ਡਲਿਵਰੀ ਕੇਸਾਂ ਦੀ ਰੈਫਰਲ ਸਬੰਧੀ ਕਾਰਨ ਸਪਸ਼ਟ ਕੀਤੇ ਜਾਣ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਡਾ. ਤੇਜਿੰਦਰ ਕੌਰ, ਡਾ. ਭਾਵਨਾ ਸ਼ਰਮਾ, ਡਾ. ਅੰਕੁਰ, ਡਾ. ਵਿੰਮੀ ਮਹਾਜਨ, ਡਾ. ਅਮਰਦੀਪ ਸਿੰਘ ਬੈਂਸ, ਡਾ. ਲਖਵਿੰਦਰ ਸਿੰਘ, ਡਾ. ਰਵਿੰਦਰ ਸਿੰਘ, ਡਾ. ਮਨਮੋਹਨਜੀਤ ਸਿੰਘ, ਡਾ. ਵਰਿੰਦਰ ਮੋਹਨ, ਡਾ. ਜਸਵਿੰਦਰ ਸਿੰਘ, ਡਾ. ਗੁਰਪ੍ਰੀਤ ਕੌਰ, ਡਾ. ਵੰਦਨਾ, ਡਾ. ਮਮਤਾ, ਡਾ. ਅਮਨਦੀਪ ਕੌਰ, ਡਾ. ਗੁਰਪਰਦੀਪ ਸਿੰਘ, ਡੀਪੀਐੱਮ ਗੁਰਪ੍ਰੀਤ ਸਿੰਘ, ਮਾਸ ਮੀਡੀਆ ਅਫਸਰ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਅਵਾਂਖਾ 'ਚ ਅਰੁਣਾ ਚੌਧਰੀ ਨੇ ਕਾਂਗਰਸੀ ਉਮੀਦਵਾਰਾਂ ਲਈ ਮੰਗੀਆਂ ਵੋਟਾਂ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਦੀ ਮੌਜੂਦਾ ਵਿਧਾਇਕਾ ਅਤੇ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਵੱਲੋਂ ਬੀਤੀ ਸ਼ਾਮ ਪਿੰਡ ਅਵਾਂਖਾ ਵਿਖੇ ਭਰਵੀਂ ਚੋਣ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜ ਰਹੇ ਕਾਂਗਰਸੀ ਉਮੀਦਵਾਰ ਸੁਰਿੰਦਰ ਪਾਲ ਗੋਲਡੀ ਅਤੇ ਬਲਾਕ ਸੰਮਤੀ ਉਮੀਦਵਾਰ ਸਰਿਸ਼ਟਾ ਦੇਵੀ ਦੇ ਹੱਕ ਵਿੱਚ ਪ੍ਰਚਾਰ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਜ਼ੋਨ ਲਈ ਕਾਂਗਰਸ ਪਾਰਟੀ ਨੇ ਬੜੇ ਹੀ ਮਿਹਨਤੀ ਤੇ ਕਾਬਲ ਉਮੀਦਵਾਰ ਚੋਣ ਮੈਦਾਨ 'ਚ ਉਤਾਰੇ ਹਨ, ਜਿਨ੍ਹਾਂ ਨੂੰ 14 ਦਸੰਬਰ ਨੂੰ ਵੋਟਾਂ ਪਾ ਕੇ ਜੇਤੂ ਬਣਾਉਣ ਲਈ ਉਹ ਅਵਾਂਖਾ ਜ਼ੋਨ ਦੇ ਸਮੂਹ ਲੋਕਾਂ ਨੂੰ ਅਪੀਲ ਕਰਦੇ ਹਨ।ਉਨ੍ਹਾਂ ਕਿਹਾ ਕਿ ਲੋਕ ਝਾੜੂ ਵਾਲਿਆਂ ਦੀ ਪਾਰਟੀ ਦੀਆਂ ਗੱਲਾਂ ਵਿੱਚ ਇਸ ਵਾਰ ਨਾ ਆਉਣ ਅਤੇ ਆਪਣਾ ਕੀਮਤੀ ਵੋਟ ਸਿਰਫ਼ ਕਾਂਗਰਸ ਪਾਰਟੀ ਦੇ ਹੱਕ ਵਿੱਚ ਹੀ ਪਾਉਣ।ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾ ਹੀ ਅਵਾਂਖਾ ਦੀ ਜਨਤਾ 'ਤੇ ਮਾਣ ਰਿਹਾ ਹੈ, ਕਿਉਂਕਿ ਇਹ ਹਰ ਵਾਰ ਹੁੰਮ-ਹੁੰਮਾ ਕੇ ਕਾਂਗਰਸ ਪਾਰਟੀ ਦਾ ਸਾਥ ਦਿੰਦੇ ਹਨ ਅਤੇ ਮੈਡਮ ਅਰੁਣਾ ਚੌਧਰੀ ਨੂੰ ਚਾਰ ਵਾਰ ਐੱਮਐੱਲਏ ਅਤੇ ਕੈਬਨਿਟ ਮੰਤਰੀ ਬਣਾਉਣ ਵਿੱਚ ਅਵਾਂਖਾ ਵਾਸੀਆਂ ਦਾ ਅਹਿਮ ਰੋਲ ਹੈ।ਉਨ੍ਹਾਂ ਕਿਹਾ ਕਿ ਇੱਥੇ ਬਹੁਤ ਸਾਰੇ ਅਜਿਹੇ ਲੀਡਰ ਘੁੰਮ ਰਹੇ ਹਨ ਜੋ ਝੂਠੇ ਵਾਅਦਿਆਂ ਅਤੇ



ਗਰੰਟੀਆਂ ਦੀ ਆੜ ਹੇਠ ਵੋਟਰਾਂ ਨੂੰ ਗੁਮਰਾਹ ਕਰਦੇ ਹਨ ਅਤੇ ਫਿਰ ਜਨਤਾ ਦੀ ਸਾਰ ਨਹੀਂ ਲੈਂਦੇ।ਉਨ੍ਹਾਂ ਕਿਹਾ ਕਿ ਅਜਿਹੇ ਗੁੰਮਰਾਹਕੁਨ ਪ੍ਰਚਾਰ ਕਰਨ ਵਾਲਿਆਂ ਨੂੰ ਮੂੰਹ ਨਾ ਲਗਾਇਆ ਜਾਵੇ ਅਤੇ ਪਿੰਡ ਦੇ ਵਿਸ਼ਵਾਸਪਾਤਰ ਸੁਰਿੰਦਰ ਪਾਲ ਗੋਲਡੀ ਅਤੇ ਸਰਿਸ਼ਟਾ ਦੇਵੀ ਨੂੰ ਵੋਟਾਂ ਪਾ ਕੇ ਵਿਧਾਇਕਾ ਅਰੁਣਾ ਚੌਧਰੀ ਦੇ ਹੱਥ ਮਜ਼ਬੂਤ ਕੀਤੇ ਜਾਣ।ਇਸ ਮੌਕੇ ਸਰਪੰਚ ਪੂਰਨ ਚੰਦ ਜੇਕੇ, ਠਾਕੁਰ ਯਸ਼ਪਾਲ, ਡਾ. ਰਮੇਸ਼ ਕੁਮਾਰ, ਬਲਵਿੰਦਰ ਕਲੋਤਰਾ, ਠਾਕੁਰ ਪ੍ਰਦੀਪ, ਰਾਜ ਕੁਮਾਰ ਅਤੇ ਵਿਸ਼ਵਾ ਮਿੱਤਰ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਅਤੇ ਪਿੰਡ ਦੇ ਲੋਕ ਹਾਜ਼ਰ ਸਨ।

# ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਵੋਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਵੋਟਾਂ 14 ਦਸੰਬਰ ਨੂੰ ਪੈਣੀਆਂ ਹਨ, ਜਿਸ ਵਾਸਤੇ ਪੁਖ਼ਤਾ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਅੱਜ ਪੋਲਿੰਗ ਪਾਰਟੀਆਂ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਤੋਂ ਚੋਣ ਬੂਥਾਂ ਲਈ ਰਵਾਨਾਕਰ ਦਿੱਤੀਆਂ ਗਈਆਂ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮਾਨਸਾ ਨਵਜੋਤ ਕੌਰ ਆਈ ਏ ਐੱਸ ਨੇ ਦੱਸਿਆ ਕਿ ਭਲਕੇ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ 11 ਜ਼ੋਨਾਂ ਲਈ, ਪੰਚਾਇਤ ਸੰਮਤੀ ਮਾਨਸਾ ਦੇ 25 ਜ਼ੋਨਾਂ, ਪੰਚਾਇਤ ਸੰਮਤੀ ਸਰਦੂਲਗੜ੍ਹ ਦੇ 15 ਜ਼ੋਨਾਂ , ਪੰਚਾਇਤ ਸੰਮਤੀ ਬੁਢਲਾਡਾ ਦੇ 25 ਜ਼ੋਨਾਂ ਤੇ ਪੰਚਾਇਤ ਸੰਮਤੀ ਝੁਨੀਰ ਦੇ 21 ਜ਼ੋਨਾਂ ਲਈ ਵੋਟਾਂ ਪੈਣਗੀਆਂ।ਇਸ ਤੋਂ ਇਲਾਵਾ ਪੰਚਾਇਤ ਸੰਮਤੀਆਂ ਅਧੀਨ ਆਉਂਦੇ ਕੁੱਲ 436598 ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣਗੇ, ਜਿਨ੍ਹਾਂ ਵਿੱਚ 231912 ਪੁਰਸ਼ ਵੋਟਰ, 204679 ਮਹਿਲਾ ਵੋਟਰ ਤੇ 7 ਟ੍ਰਾਂਸਜੈਂਡਰ ਵੀ ਵੋਟਰ ਹਨ।ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਨਿਰਧਾਰਤ ਗਿਣਤੀ ਕੇਂਦਰਾਂ 'ਤੇ ਹੋਵੇਗੀ।ਜ਼ਿਕਰਯੋਗ ਹੈ ਕਿ ਸਾਡੇ ਇਸ ਪ੍ਰਤੀਨਿਧ ਵੱਲੋਂ ਜਦੋਂ ਕੁੱਝ ਪ੍ਰਜ਼ਾਈਡਿੰਗ ਅਫਸਰਾਂ ਨਾਲ ਉਨ੍ਹਾਂ ਨੂੰ ਮਿਲੀ ਚੋਣ ਸਮੱਗਰੀ ਸਬੰਧੀ ਪੁੱਛਿਆ ਗਿਆ ਤਾਂ, ਉਨ੍ਹਾਂ ਦੱਸਿਆ ਕਿ ਸਾਨੂੰ ਤਾਂ ਸਿਰਫ਼ ਕੁੱਝ ਪ੍ਰੋਫਾਰਮੇ ਆਦਿ ਹੀ ਮਿਲੇ ਹਨ, ਜਦੋਂ ਕਿ ਮੁੱਖ ਸਮੱਗਰੀ ਬੈਲਟ ਪੇਪਰਜ਼, ਵੋਟਰ ਸੂਚੀਆਂ ਤੇ ਮੋਹਰਾਂ ਆਦਿ ਬਾਰੇ ਅਧਿਕਾਰੀਆਂ ਵੱਲੋਂ ਸਬੰਧਤ ਬੂਥਾਂ 'ਤੇ ਪਹੁੰਚਾਉਣ ਦੀ ਗੱਲ ਕਹੀ ਗਈ ਹੈ।


# ਅੌਜਲਾ ਨੇ ਅੰਮ੍ਰਿਤਸਰ ਨਾਲ ਸਬੰਧਿਤ ਵੱਡੇ ਰੇਲਵੇ ਵਿਕਾਸ ਪ੍ਰੋਜੈਕਟਾਂ ਨੂੰ ਤਰਜੀਹ ਦੇਣ ਦੀ ਮੰਗ ਉਠਾਈ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਲੋਕ ਸਭਾ ਦੇ ਸਿਫ਼ਰ ਕਾਲ ਦੌਰਾਨ ਐੱਮ. ਪੀ. ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ ਨਾਲ ਸਬੰਧਿਤ ਵੱਡੇ ਰੇਲਵੇ ਵਿਕਾਸ ਪ੍ਰੋਜੈਕਟਾਂ ਨੂੰ ਤੁਰੰਤ ਤਰਜੀਹ ਦੇਣ ਦੀ ਮੰਗ ਕੀਤੀ।ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਇੱਕ ਅੰਤਰਰਾਸ਼ਟਰੀ ਧਾਰਮਿਕ ਅਤੇ ਸੈਲਾਨੀ ਕੇਂਦਰ ਹੈ, ਪਰ ਰੇਲਵੇ ਸਹੂਲਤਾਂ ਸ਼ਹਿਰ ਦੀਆਂ ਵਧਦੀਆਂ ਜ਼ਰੂਰਤਾਂ ਦੇ ਅਨੁਸਾਰ ਨਹੀਂ ਹਨ।ਉਨ੍ਹਾਂ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਅੱਠ ਸਾਲ ਪੁਰਾਣੀ ਮੰਗ ਪੱਟੀ-ਮੱਖੂ ਰੇਲ ਲਿੰਕ ਲਈ ਜ਼ਮੀਨ ਪ੍ਰਾਪਤੀ, ਨੂੰ ਸਵੀਕਾਰ ਕਰ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਕੋਲ ਸਰੋਤਾਂ ਦੀ ਘਾਟ ਸੀ, ਇਸ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਦਖਲ ਦੇਣ ਦੀ ਅਪੀਲ ਕੀਤੀ ਸੀ ਅਤੇ ਜਿਸ ਨੂੰ ਸਵੀਕਾਰ ਕਰਨਾ ਹੁਣ ਇੱਕ ਸਵਾਗਤਯੋਗ ਖ਼ਬਰ ਹੈ।ਸਭ ਤੋਂ ਮਹੱਤਵਪੂਰਨ ਮੁੱਦਾ ਉਠਾਉਂਦੇ ਹੋਏ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਤੁਰੰਤ ਇੱਕ ਨਵੇਂ, ਆਧੁਨਿਕ ਰੇਲਵੇ ਸਟੇਸ਼ਨ ਦੀ ਲੋੜ ਹੈ।ਉਨ੍ਹਾਂ ਯਾਦ ਕੀਤਾ ਕਿ ਸਾਬਕਾ ਰੇਲ ਮੰਤਰੀ ਪਿਊਸ਼ ਗੋਇਲ ਨੇ ਖੁਦ ਸੰਸਦ ਵਿੱਚ ਕਿਹਾ ਸੀ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ, ਪਰ ਡਿਜ਼ਾਈਨ ਮੁੱਦਿਆਂ ਕਾਰਨ ਇਹ ਪ੍ਰੋਜੈਕਟ ਰੁਕਿਆ ਹੋਇਆ ਸੀ।ਉਨ੍ਹਾਂ ਮੌਜੂਦਾ ਰੇਲ ਮੰਤਰੀ ਨੂੰ ਅੰਮ੍ਰਿਤਸਰ ਦੀਆਂ ਸੈਰ-ਸਪਾਟਾ ਅਤੇ ਵਪਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਪ੍ਰੋਜੈਕਟ ਨੂੰ ਤੇਜ਼ ਕਰਨ ਦੀ ਅਪੀਲ ਕੀਤੀ।ਉਨ੍ਹਾਂ ਅੰਮ੍ਰਿਤਸਰ ਲਈ ਇੱਕ ਨਵੀਂ ਟੂਰਿਸਟ ਰੇਲ ਲਾਈਨ ਅਤੇ ਸਰਕਟ ਬਣਾਉਣ ਦੀ ਵੀ ਮੰਗ ਕੀਤੀ।ਉਨ੍ਹਾਂ ਪ੍ਰਸਤਾਵ ਰੱਖਿਆ ਕਿ ਸੁਲਤਾਨਪੁਰ ਲੋਧੀ ਤੋਂ ਗੋਇੰਦਵਾਲ ਤੱਕ ਇੱਕ ਨਵੀਂ ਰੇਲ ਲਾਈਨ ਵਿਛਾਈ ਜਾਣੀ ਚਾਹੀਦੀ ਹੈ।ਇਸ ਰੂਟ 'ਤੇ ਇੱਕ ਡੀਐੱਮਯੂ ਰੇਲਗੱਡੀ ਚਲਾਈ ਜਾਣੀ ਚਾਹੀਦੀ ਹੈ, ਜੋ ਸੁਲਤਾਨਪੁਰ ਸਾਹਿਬ, ਗੋਇੰਦਵਾਲ, ਖਡੂਰ ਸਾਹਿਬ, ਤਰਨਤਾਰਨ, ਰਾਮਦਾਸ, ਅੰਮ੍ਰਿਤਸਰ ਅਤੇ ਡੇਰਾ ਬਾਬਾ ਨਾਨਕ ਨੂੰ ਜੋੜਦੀ ਹੈ।ਬਿਆਸ-ਕਾਡੀਆ-ਅੰਮ੍ਰਿਤਸਰ ਨੂੰ ਜੋੜ ਕੇ ਇੱਕ ਵੱਖਰਾ ਸਰਕਟ ਬਣਾਇਆ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇਹ ਨੈੱਟਵਰਕ ਧਾਰਮਿਕ ਯਾਤਰਾ ਨੂੰ ਵਧਾਏਗਾ ਅਤੇ ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਸਥਾਨਕ ਯਾਤਰੀਆਂ ਨੂੰ ਬਹੁਤ ਲਾਭ ਪਹੁੰਚਾਏਗਾ।ਸੰਸਦ ਮੈਂਬਰ ਔਜਲਾ ਨੇ ਜ਼ੀਰੋ ਆਵਰ ਦੌਰਾਨ ਕਿਹਾ ਕਿ ਮਹਾਂਮਾਰੀ ਅਤੇ ਹੋਰ ਹਾਲਾਤ ਕਾਰਨ ਹਾਲ ਹੀ ਦੇ ਸਾਲਾਂ ਵਿੱਚ ਅੰਮ੍ਰਿਤਸਰ ਵਿੱਚ ਸੈਰ-ਸਪਾਟੇ ਵਿੱਚ ਕਾਫ਼ੀ ਗਿਰਾਵਟ ਆਈ ਹੈ। ਇਸ ਲਈ ਅੰਮ੍ਰਿਤਸਰ ਦੇ ਨਿਰੰਤਰ ਵਿਕਾਸ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਨੂੰ ਮੈਡੀਕਲ ਸ਼ਹਿਰ ਵਜੋਂ ਵਿਕਸਤ ਕਰਨਾ ਅਤੇ ਰੇਲਵੇ-ਅਧਾਰਤ ਯਾਤਰਾ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ।ਅੰਤ ਵਿੱਚ ਉਨ੍ਹਾਂ ਨੇ ਕੇਂਦਰ ਨੂੰ ਸਪੱਸ਼ਟ ਤੌਰ ਤੇ ਅੰਮ੍ਰਿਤਸਰ ਦੇ ਰੇਲਵੇ ਵਿਕਾਸ ਨੂੰ ਤਰਜੀਹ ਦੇਣ ਅਤੇ ਸਾਰੇ ਪੈਂਡਿੰਗ ਪ੍ਰੋਜੈਕਟਾਂ ਨੂੰ ਤੇਜ਼ ਕਰਨ ਦੀ ਅਪੀਲ ਕੀਤੀ।

# ਅਲੱਗ ਹੋਏ ਜੋੜਿਆਂ ਨੂੰ ਇਕੱਠੇ ਕਰਨ ਦਾ ਸਬੱਬ ਬਣੀ ਰਾਸ਼ਟਰੀ ਲੋਕ ਅਦਾਲਤ


## * ਸਾਲਾਂ ਪੁਰਾਣੇ ਝਗੜੇ ਆਪਸੀ ਸਹਿਮਤੀ ਨਾਲ ਹੋਏ ਖਤਮ, 9808 ਕੇਸਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ

ਪੱਟੀ (ਬਲਦੇਵ ਸਿੰਘ ਸੰਧੂ)-ਜ਼ਿਲ੍ਹਾ ਤਰਨ ਤਾਰਨ ਵਿਖੇ ਕੌਮੀ ਲੋਕ ਅਦਾਲਤ ਲੱਗੀ। ਜਾਣਕਾਰੀ ਦਿੰਦਿਆਂ ਸ੍ਰੀ ਕੰਵਲਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸ਼ੈਸਨਜ਼ ਜੱਜ ਸਹਿਤ-ਚੇਅਰਮੈਨ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨਤਾਰਨ ਨੇ ਦੱਸਿਆ ਕਿ ਪਬਲਿਕ ਦੀ ਸਹੂਲਤ ਲਈ ਕੌਮੀ ਲੋਕ ਅਦਾਲਤ ਦੇ ਕੁੱਲ 08 ਬੈਂਚ ਬਣਾਏ ਗਏ ਜਿਨ੍ਹਾਂ ਵਿੱਚ ਪਹਿਲਾ ਬੈਂਚ ਸ਼੍ਰੀ ਪ੍ਰੇਮ ਕੁਮਾਰ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨਤਾਰਨ, ਦੂਸਰਾ ਬੈਂਚ ਸ਼੍ਰੀ ਮਨੋਜ ਕੁਮਾਰ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ (ਪ੍ਰਿੰਸੀਪਲ ਜੱਜ ਫੈਮਲੀ ਕੋਰਟ) ਤਰਨਤਾਰਨ, ਤੀਸਰਾ ਬੈਂਚ ਸ਼੍ਰੀ ਪੰਕਜ ਵਰਮਾ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਤਰਨਤਾਰਨ, ਚੌਥਾ ਬੈਂਚ ਸ਼੍ਰੀ ਰਮੇਸ਼ ਕੁਮਾਰ ਸਿਵਲ ਜੱਜ ਜੂਨੀਅਰ ਡੀਵੀਜ਼ਨ ਤਰਨ ਤਾਰਨ ਅਤੇ ਪੰਜਵਾਂ ਬੈਂਚ ਸ਼੍ਰੀ ਅਜੈਬ ਸਿੰਘ ਚੇਅਰਮੈਨ ਪਰਮਾਨੈਂਟ ਲੋਕ ਅਦਾਲਤ ਤਰਨ ਤਾਰਨ ਸਨ। ਇਸ ਤੋਂ ਇਲਾਵਾ ਪੱਟੀ ਵਿਖੇ ਦੋ ਬੈਂਚ ਸ਼੍ਰੀ ਸਿਮਰਜੀਤ ਸਿੰਘ ਸਿਵਲ ਜੱਜ ਜੂਨੀਅਰ ਡੀਵੀਜ਼ਨ ਪੱਟੀ ਅਤੇ ਸ਼੍ਰੀ ਕਰਨਜੀਤ ਸਿੰਘ ਸਿਵਲ ਜੱਜ ਜੂਨੀਅਰ ਡਵੀਜ਼ਨ ਪੱਟੀ।ਇਸ ਤੋਂ ਇਲਾਵਾ ਖਡੂਰ ਸਾਹਿਬ ਵਿਖੇ ਇੱਕ (01) ਬੈਂਚ ਸ਼੍ਰੀ ਰਾਜਦੀਪ ਸਿੰਘ ਮਾਨ ਸਿਵਲ ਜੱਜ ਜੂਨੀਅਰ ਡਵੀਜ਼ਨ ਖਡੂਰ ਸਾਹਿਬ ਜਿਸ ਵਿੱਚ ਲੋਕ ਅਦਾਲਤ ਦੇ ਬੈਂਚਾਂ ਦੇ ਮਾਣਯੋਗ ਪ੍ਰੀਜ਼ਾਈਡਿੰਗ ਅਫਸਰਾਂ ਨੇ ਚੈਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਵਿੱਚ ਬਹੁਤ ਹੀ ਸਹਿਜਤਾ, ਸੰਵੇਦਨਸ਼ੀਲਤਾ ਨਾਲ ਪਬਲਿਕ ਦੇ ਨਾਲ, ਆਹਮੋ-ਸਾਹਮਣੇ ਬੈਠ ਕੇ ਉਨ੍ਹਾਂ ਦੇ ਝਗੜਿਆਂ/ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਆਪਸੀ ਸਹਿਮਤੀ ਨਾਲ ਨਿਬੇੜਿਆ।ਅਦਾਲਤ ਵਿੱਚ ਕੁੱਲ 10967 ਰੱਖੇ ਕੇਸਾਂ ਵਿਚੋਂ 9808 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 111183509 ਰੁਪਏ ਦੀ ਰਕਮ ਦੀ ਫੈਸਲੇ ਕੀਤੇ ਗਏ।ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਜੇਕਰ ਲੋਕ ਅਦਾਲਤ ਵਿੱਚ ਕਿਸੇ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ।ਅਦਾਲਤਾਂ ਵਿੱਚ ਸਮੇਂ ਸਮੇਂ 'ਤੇ ਪ੍ਰੀ ਲੋਕ ਅਦਾਲਤਾਂ ਦਾ ਵੀ ਆਯੋਜਨ



ਕੀਤਾ ਗਿਆ ਸੀ।ਰਾਸ਼ਟਰੀ ਲੋਕ ਅਦਾਲਤ ਵਿੱਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।ਇਸ ਮੌਕੇ ਸ਼੍ਰੀਮਤੀ ਸ਼ਿਲਪਾ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਨੇ ਦੱਸਿਆ ਪਬਲਿਕ ਨੂੰ ਵੱਧ ਤੋਂ ਵੱਧ ਕੌਮੀ ਲੋਕ ਅਦਾਲਤ ਵਿੱਚ ਭਾਗ ਲੈਣ ਚਾਹੀਦਾ ਹੈ। ਅਗਲੀ ਕੌਮੀ ਲੋਕ ਅਦਾਲਤ 14 ਜਨਵਰੀ ਨੂੰ ਲੱਗ ਰਹੀ ਹੈ।

# ਨੈਸ਼ਨਲ ਲੋਕ ਅਦਾਲਤ 'ਚ 9268 ਕੇਸ ਪੇਸ਼, 7719 ਦਾ ਹੋਇਆ ਨਿਪਟਾਰਾ



**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ 9 ਬੈਂਚ ਲਗਾਏ ਗਏ ਸਨ, ਜਿਨ੍ਹਾਂ ਵਿੱਚ ਏਕਤਾ ਉਪਲ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਜਸਬੀਰ ਕੌਰ ਪ੍ਰਿੰਸੀਪਲ ਅਤੇ ਫੈਮਲੀ ਕੋਰਟ ਜੱਜ, ਗੁਰਸ਼ੇਰ ਸਿੰਘ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ, ਬਬਿਤਾ ਜੱਜ ਜੂਨੀਅਰ ਡਵੀਜ਼ਨ, ਨਾਜ਼ਮੀਨ ਸਿੰਘ ਜੱਜ ਜੂਨੀਅਰ ਡਵੀਜ਼ਨ, ਰਵਨੀਤ ਕੌਰ ਬੇਦੀ ਜੱਜ ਜੂਨੀਅਰ ਡਵੀਜ਼ਨ, ਆਸਦੀਪ ਸਿੰਘ ਜੱਜ ਜੂਨੀਅਰ ਡਵੀਜ਼ਨ, ਸਤਨਾਮ ਸਿੰਘ ਜੱਜ ਜੂਨੀਅਰ ਡਵੀਜ਼ਨ, ਚਰਨਜੀਤ ਸਿੰਘ ਪਰਮਾਨੈਂਟ ਲੋਕ ਅਦਾਲਤ ਦੇ ਬੈਂਚ ਲਗਾਏ ਗਏ। ਇਸ ਮੌਕੇ ਸਕੱਤਰ-ਕਮ-ਸੀ.ਜੇ.ਐੱਮ. ਰੁਪਿੰਦਰ ਸਿੰਘ ਵੀ ਸ਼ਾਮਿਲ ਸਨ। ਇਸ ਲੋਕ ਅਦਾਲਤ ਵਿੱਚ 9268 ਕੇਸ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚੋਂ 7719 ਕੇਸਾਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕੀਤਾ ਗਿਆ।ਇਸ ਮੌਕੇ 49,29,98,926 ਰੁਪਏ ਦੇ ਐਵਾਰਡ ਪਾਸ ਕੀਤੇ ਗਏ।


**AXIS BANK LTD.** RETAIL ASSET CENTER "2ND AND 3RD FLOOR, PROPERTY NO. 7-E, MALHAR ROAD, SARAABHA NAGAR, LUDHIANA -141001.

REGISTERED OFFICE: "TRISHUL", 3RD FLOOR OPP. SAMARTHESHWAR TEMPLE LAW GARDEN, ELLISBRIDGE AHMEDABAD – 380006

**ਅੰਤਿਕਾ IV ਏ [ਦੇਖੋ ਰੂਲ 8(6) ਦੀ ਵਿਵਸਥਾ] ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿੱਕਰੀ ਨੋਟਿਸ**

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 8(6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਿਡ ਹੈ, ਜਿਸ ਦਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਭੌਤਿਕ ਕਬਜ਼ਾ ਲੈ ਲਿਆ ਗਿਆ ਹੈ, ਜੋ ਕਿ ਸਕਿਉਰਡ ਕ੍ਰੈਡਿਟਰ ਕੋਲ ਬਕਾਇਆ ਰਕਮ (ਹੇਠਾਂ ਸੰਬੰਧਤ ਕਾਲਮ 'ਚ ਦਰਸਾਈ ਗਈ) ਜੋ ਕਿ ਸਕਿਉਰਡ ਕ੍ਰੈਡਿਟਰ ਵੱਲੋਂ ਸਕਿਉਰਡ ਕ੍ਰੈਡਿਟਰ ਦੀ ਸੰਬੰਧਤ ਕਰਜ਼ਦਾਰਾਂ ਅਤੇ ਗਰੰਟਰਾਂ (ਹੇਠਾਂ ਦਰਸਾਏ ਗਏ) ਵੱਲ ਬਕਾਇਆ ਰਕਮ ਦੀ ਵਸੂਲੀ ਲਈ ਇਸ ਨੂੰ 'ਜਿਵੇਂ ਹੈ, ਜਿੱਥੇ ਹੈ', 'ਉਥੇ ਜੋ, ਜਿਵੇਂ ਹੈ' ਅਤੇ 'ਉਥੇ ਜੋ ਵੀ ਹੈ' ਦੇ ਅਧਾਰ 'ਤੇ ਵੇਚਿਆ ਜਾਵੇਗਾ। ਰਕਮ ਦੀ ਵਸੂਲੀ ਲਈ ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ, ਜੋ ਕਿ ਹੇਠਾਂ ਸੰਬੰਧਤ ਕਾਲਮਾਂ 'ਚ ਦਰਸਾਈ ਗਈ ਹੈ, ਕਰਜ਼ਦਾਰਾਂ ਅਤੇ ਗਰੰਟਰਾਂ ਵੱਲ ਸਕਿਉਰਡ ਕ੍ਰੈਡਿਟਰ ਦੀ ਬਕਾਇਆ ਹੈ।

| ਲੜੀ ਨੰ. | ਕਰਜ਼ਦਾਰ ਅਤੇ ਰਹਿਣਕਾਰ ਦਾ ਨਾਂਅ | ਨਿਲਾਮੀ ਦੀ ਮਿਤੀ ਅਤੇ ਸਮਾਂ / ਬਕਾਇਆ ਰਕਮ (ਰੁਪਏ 'ਚ) / ਰਾਖਵੀਂ ਕੀਮਤ ਅਤੇ ਈ ਐੱਮ ਡੀ ਕੀਮਤ | ਬੋਲੀ ਜਮ੍ਹਾਂ ਕਰਨ ਦੀ ਮਿਤੀ ਅਤੇ ਸਮਾਂ |
|---|---|---|---|
| 1 | 1. ਸ੍ਰੀ ਚੰਦ ਪੁੱਤਰ ਹਰਜੀਤ ਸਿੰਘ ਅਤੇ 2. ਸ੍ਰੀ ਸੂਰਜ ਪੁੱਤਰ ਹਰਜੀਤ ਸਿੰਘ ਅਤੇ 3. ਸ੍ਰੀਮਤੀ ਪਰਮਜੀਤ ਕੌਰ ਪਤਨੀ ਹਰਜੀਤ ਸਿੰਘ ਵਾਸੀ ਐੱਲ ਆਈ ਜੀ-637, ਹਾਊਸਿੰਗ ਬੋਰਡ ਕਲੋਨੀ ਬਲਾਕ-ਸੀ ਰਣਜੀਤ ਐਵੇਨਿਊ ਅੰਮ੍ਰਿਤਸਰ-143001 ਨਾਲ ਹੀ : ਰਿਲੈਕਸੋ ਫੁਟਵੇਅਰ ਲਿਮਟਿਡ-111/1 ਹਾਲ ਬਜ਼ਾਰ, ਅੰਮ੍ਰਿਤਸਰ-143001 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 26,11,953/- (ਛੱਬੀ ਲੱਖ ਗਿਆਰਾਂ ਹਜ਼ਾਰ ਨੌਂ ਸੌ ਤਿਰਵੰਜਾ ਰੁਪਏ ਕੇਵਲ) / ਰੁਪਏ 9,00,000/- (ਨੌਂ ਲੱਖ ਰੁਪਏ ਕੇਵਲ) ਅਤੇ ਰੁਪਏ 90,000/- (ਨੱਬੇ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | 1. ਬੈਨਾਮਾ ਵਸੀਕਾ ਨੰ. 14998, ਮਿਤੀ 06.03.2018 ਅਨੁਸਾਰ ਸ੍ਰੀ ਚੰਦ ਪੁੱਤਰ ਹਰਜੀਤ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਫਲੈਟ ਨੰ. ਐਲ ਆਈ ਜੀ 637, ਧਰਾਤਲ ਮੰਜ਼ਲ, ਰਕਬਾ 48 ਵਰਗ ਗਜ਼ (432 ਵਰਗ ਫੁੱਟ) ਹਾਊਸਿੰਗ ਬੋਰਡ ਕਾਲੋਨੀ, ਸੀ-ਬਲਾਕ ਰਣਜੀਤ ਐਵੇਨਿਊ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਉੱਤਰ : ਐੱਨ/ਏ, ਦੱਖਣ : ਐੱਨ/ਏ, ਪੂਰਬ : ਐੱਨ/ਏ, ਪੱਛਮ : ਐੱਨ/ਏ | | |
| 2 | 1. ਸ੍ਰੀ ਮਹਾਂਵੀਰ ਸ਼ਰਮਾ ਪੁੱਤਰ ਟੀਕਮ ਚੰਦਰ ਸ਼ਰਮਾ ਅਤੇ 2. ਸ੍ਰੀ ਟੀਕਮ ਚੰਦਰ ਸ਼ਰਮਾ ਪੁੱਤਰ ਚੇਤ ਰਾਮ ਸ਼ਰਮਾ ਪਿੰਡ ਤੇ ਡਾਕ. ਅਕਾਲਗੜ੍ਹ ਢਪਈ, ਅੰਮ੍ਰਿਤਸਰ-143116 ਨਾਲ ਹੀ : ਪਲਾਟ 'ਤੇ ਬਣਿਆ ਮਕਾਨ ਪ੍ਰਾਈਵੇਟ ਨੰ. 104 ਪਿੰਡ ਰੱਖਸ਼ਿਕਾਰਗਾਹ, ਅਬਾਦੀ ਨਿਊ ਗਰੀਨ ਫੀਲਡ, ਨੇੜੇ ਖਾਲਸਾ ਡੇਅਰੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਨਾਲ ਹੀ : ਸ੍ਰੀ ਮਹਾਂਵੀਰ ਸ਼ਰਮਾ ਪੁੱਤਰ ਟੀਕਮ ਚੰਦਰ ਸ਼ਰਮਾ ਮਾਲਕ ਮੈਸ. ਮਹਾਂਵੀਰ ਇਲੈਕਟਰੀਕਲ ਵਰਕਸ ਪਿੰਡ ਤੇ ਡਾਕ. ਅਕਾਲਗੜ੍ਹ ਢਪਈ, ਅੰਮ੍ਰਿਤਸਰ-143116 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 15,45,357/- (ਪੰਦਰਾਂ ਲੱਖ ਪੰਤਾਲੀ ਹਜ਼ਾਰ ਤਿੰਨ ਸੌ ਸਤਵੰਜਾ ਰੁਪਏ ਕੇਵਲ) / ਰੁਪਏ 9,30,656/- (ਨੌਂ ਲੱਖ ਤੀਹ ਹਜ਼ਾਰ ਛੇ ਸੌ ਛਪੰਜਾ ਰੁਪਏ ਕੇਵਲ) ਅਤੇ ਰੁਪਏ 94,000/- (ਚੌਰਾਨਵੇਂ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | 2. ਬੈਨਾਮਾ ਦਸਤਾਵੇਜ਼ ਨੰ. 2022-23/93/1/1297 ਮਿਤੀ 29 ਅਪ੍ਰੈਲ 2022 ਅਨੁਸਾਰ ਸ੍ਰੀ ਮਹਾਵੀਰ ਸ਼ਰਮਾ ਪੁੱਤਰ ਟੀਕਮ ਚੰਦਰ ਸ਼ਰਮਾ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 104, ਰਕਬਾ 122.59 ਵਰਗ ਗਜ਼, ਖਸਰਾ ਨੰ. 58//5, 58//6, 58//7, 58//14/1 ਮਿਨ ਖੱਤਾ ਨੰ. 568/2, ਖਤੌਨੀ ਨੰ. 1332-1333-1334-1335 ਜਮ੍ਹਾਂਬੰਦੀ ਸਾਲ 2017-2018, ਰੱਖਸ਼ਿਕਾਰਗਾਹ ਵਿਖੇ ਸਥਿਤ ਅਬਾਦੀ ਨਿਊ ਗ੍ਰੀਨ ਫੀਲਡ, ਨੇੜੇ ਖਾਲਸਾ ਡੇਅਰੀ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਹੋਰਾਂ ਦੀ ਮਲਕੀਅਤ, ਪੱਛਮ : ਗਲੀ 20' ਚੌੜੀ, ਉੱਤਰ : ਪਲਾਟ ਨੰ. 103, ਦੱਖਣ : ਹੋਰਾਂ ਦੀ ਮਲਕੀਅਤ | | |
| 3 | 1. ਸ੍ਰੀ ਫ਼ਜਲ ਮਸੀਹ ਪੁੱਤਰ ਨਾਬੂਬ ਮਸੀਹ ਅਤੇ ਸ੍ਰੀਮਤੀ ਅਮਰਜੀਤ ਕੌਰ ਪਤਨੀ ਫਜਲ ਮਸੀਹ ਵਾਸੀ ਨਬੀਪੁਰ ਕਲੋਨੀ, ਨਬੀਪੁਰ, ਜ਼ਿਲ੍ਹਾ ਗੁਰਦਾਸਪੁਰ-1435-21 ਅਤੇ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 222, ਗੋਲਡਨ ਐਵਨਿਊ ਕਲੋਨੀ, ਪਿੰਡ ਲਹਿਲ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ-143521 2. ਸ੍ਰੀ ਫ਼ਜਲ ਮਸੀਹ ਪੁੱਤਰ ਨਾਬੂਬ ਮਸੀਹ- ਗਾਰਡ ਪੰਜਾਬ ਹੋਮਗਾਰਡਜ਼ ਪੁਰਾਣੀ ਇਮਾਰਤ ਖੇਤੀਬਾੜੀ ਦਫ਼ਤਰ ਜੀ ਐਸ ਪੀ ਜ਼ਿਲ੍ਹਾ ਗੁਰਦਾਸਪੁਰ-143521 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 18,62,560/- (ਅਠਾਰਾਂ ਲੱਖ ਬਾਹਠ ਹਜ਼ਾਰ ਪੰਜ ਸੌ ਸੱਠ ਰੁਪਏ ਕੇਵਲ) / ਰੁਪਏ 7,91,194/- (ਸੱਤ ਲੱਖ ਇਕਾਨਵੇਂ ਹਜ਼ਾਰ ਇੱਕ ਸੌ ਚੌਰਾਨਵੇਂ ਰੁਪਏ ਕੇਵਲ) ਅਤੇ ਰੁਪਏ 80,000/- (ਅੱਸੀ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | ਬੈਨਾਮਾ ਦਸਤਾਵੇਜ਼ ਨੰ 2020-21/150/1/846 ਮਿਤੀ 07 ਜਨਵਰੀ 2021 ਅਨੁਸਾਰ ਸ੍ਰੀ ਫਜ਼ਲ ਮਸੀਹ ਪੁੱਤਰ ਨਾਬੂਬ ਮਸੀਹ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 222, ਰਕਬਾ 0-6 ਮਰਲਾ (183.33 ਵਰਗ ਗਜ਼) ਗੋਲਡਨ ਐਵੇਨਿਊ ਕਾਲੋਨੀ ਵਿਖੇ ਸਥਿਤ, ਪਿੰਡ ਲਹਿਲ, ਹੱਦਬਸਤ ਨੰ. 386, ਤਹਿ. ਤੇ ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਪਲਾਟ ਨੰ. 231, ਬਾਹੀ 30', ਪੱਛਮ : ਗਲੀ 20' ਬਾਹੀ 30', ਉੱਤਰ : ਪਲਾਟ ਨੰ. 221 ਬਾਹੀ 55', ਦੱਖਣ : ਪਲਾਟ ਨੰ.223 ਬਾਹੀ 55' | | |
| 4 | 1. ਸ੍ਰੀ ਸ਼ੇਖ ਸੱਦਾਮ ਅਲੀ ਪੁੱਤਰ ਐਸ ਕੇ ਮਹਾਰਾਜ ਅਲੀ ਅਤੇ ਸ੍ਰੀਮਤੀ ਐੱਸ ਕੇ ਮੋਨੋਯਾਰਾ ਬੇਗਮ ਪਤਨੀ ਐਸ ਕੇ ਮਹਾਰਾਜ ਅਲੀ 958, ਅਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ-II, ਅੰਮ੍ਰਿਤਸਰ-143105 ਨਾਲ ਹੀ : ਵਾਸੀ ਮਕਾਨ ਵਡਾਲੀ ਗੁਰੂ ਅਰਬਨ, ਅਬਾਦੀ ਹਰਿਗੋਬਿੰਦਪੁਰਾ ਨੇੜੇ ਮਾਨ ਆਟਾ ਚੱਕੀ, ਨੇੜੇ ਪੈਟਰੋਲ ਪੰਪ, ਜ਼ਿਲ੍ਹਾ ਅੰਮ੍ਰਿਤਸਰ-143105, ਨਾਲ ਹੀ : ਸ੍ਰੀ ਸ਼ੇਖ ਸੱਦਾਮ ਅਲੀ ਪੁੱਤਰ ਐਸ ਕੇ ਮਹਾਰਾਜ ਅਲੀ ਮਾਲਕ ਮੈਸ. ਅਲੀ ਐਮਬਰਾਇਡਰੀ ਵਰਕਸ 958, ਅਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ-II, ਅੰਮ੍ਰਿਤਸਰ-143105 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 7,94,589/- (ਸੱਤ ਲੱਖ ਚੌਰਾਨਵੇਂ ਹਜ਼ਾਰ ਪੰਜ ਸੌ ਉਣਾਨਵੇਂ ਰੁਪਏ ਕੇਵਲ) / ਰੁਪਏ 5,69,023/- (ਪੰਜ ਲੱਖ ਉਣੱਤਰ ਹਜ਼ਾਰ ਤੇਈ ਰੁਪਏ ਕੇਵਲ) ਅਤੇ ਰੁਪਏ 57,000/- (ਸਤਵੰਜਾ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | ਬੈਨਾਮਾ ਦਸਤਾਵੇਜ਼ ਨੰ 2021-22/93/1/1178 ਮਿਤੀ 23 ਅਪ੍ਰੈਲ 2021 ਅਨੁਸਾਰ ਸ੍ਰੀਮਤੀ ਐੱਸ ਕੇ ਮੋਨੋਯਾਰਾ ਬੇਗਮ ਪਤਨੀ ਐਸ ਕੇ ਮਹਾਰਾਜ ਅਲੀ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 52.88 ਵਰਗ ਗਜ਼, ਖਸਰਾ ਨੰ. 2328/1179, 2329/1179, 2332/1184,2335/1184,2339/1184,2340/1184, 2344/1184, 2327/1179 ਮਿਨ, ਵਡਾਲੀ ਗੁਰੂ ਅਰਬਨ, ਅਬਾਦੀ ਹਰਗੋਬਿੰਦਪੁਰਾ ਵਿਖੇ ਸਥਿਤ, ਨੇੜੇ ਮਾਨ ਆਟਾ ਚੱਕੀ, ਨੇੜੇ ਪੈਟਰੋਲ ਪੰਪ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਦਲਬੀਰ ਸਿੰਘ ਦੀ ਮਾਲਕੀ, ਪੱਛਮ : ਜਾਇਦਾਦ ਦਾ ਬਾਕੀ ਹਿੱਸਾ, ਉੱਤਰ : ਜਗਜੀਤ ਸਿੰਘ ਦਾ ਮਕਾਨ, ਦੱਖਣ : ਗਲੀ। | | |
| 5 | 1. ਸ੍ਰੀ ਰਾਕੇਸ਼ ਕੁਮਾਰ ਸੋਨੀ ਪੁੱਤਰ ਸਤਪਾਲ ਕੁਮਾਰ ਸੋਨੀ (ਮਾਲਕ) ਮੈਸ. ਸੋਨੀ ਜਿੰਮ ਅਤੇ 2. ਸ੍ਰੀਮਤੀ ਮੀਨੂੰ ਸੋਨੂੰ ਪਤਨੀ ਰਾਕੇਸ਼ ਕੁਮਾਰ ਸੋਨੀ (ਮਾਲਕ ਮੈਸ. ਸਿਮਰਨ ਸ਼ਾਲਜ਼) #240 ਦਸਮੇਸ਼ ਸਿਟੀ, ਭਰਾੜੀਵਾਲ ਝਬਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ-143001 ਨਾਲ ਹੀ : ਮਕਾਨ ਖਾਨਾ ਸੁਮਾਰੀ ਨੰ. 2956/7 (ਪੁਰਾਣਾ) ਅਤੇ ਨਵਾਂ ਨੰ. 1971/7-13, ਸਥਿਤ ਅੰਮ੍ਰਿਤਸਰ ਗਿੱਲਵਾਲੀ ਗੇਟ, ਚਾਟੀਵਿੰਡ ਗੇਟ, ਬਾਜ਼ਾਰ ਘੁਮਿਆਰਾਂ ਵਾਲਾ, ਮਿਊਂਸਪਲ ਕਾਰਪੋਰੇਸ਼ਨ ਦੇ ਅੰਦਰਵਾਰ, ਜ਼ਿਲ੍ਹਾ ਅੰਮ੍ਰਿਤਸਰ-143001 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 99,06,923/- (ਰੁਪਏ ਨੜਿਨਵੇਂ ਲੱਖ ਛੇ ਹਜ਼ਾਰ ਨੌਂ ਸੌ ਤੇਈ ਅੰਦਰੂਨ ਕੇਵਲ) / ਰੁਪਏ 1,04,60,100/ (ਰੁਪਏ ਇੱਕ ਕਰੋੜ ਚਾਰ ਲੱਖ ਸੱਠ ਹਜ਼ਾਰ ਇੱਕ ਸੌ ਰੁਪਏ ਕੇਵਲ) ਅਤੇ ਰੁਪਏ 10,50,000/- (ਰੁਪਏ ਦਸ ਲੱਖ ਪੰਜਾਹ ਹਜ਼ਾਰ ਕੇਵਲ) | 29 ਦਸੰਬਰ 2025 |
| | ਬੈਨਾਮਾ ਦਸਤਾਵੇਜ਼ ਨੰ. 15045 ਮਿਤੀ 04.01.1993 ਅਨੁਸਾਰ ਸ੍ਰੀ ਰਾਕੇਸ਼ ਕੁਮਾਰ ਸੋਨੀ ਪੁੱਤਰ ਸ੍ਰੀ ਸਤਪਾਲ ਕੁਮਾਰ ਸੋਨੀ ਦੇ ਨਾਂਅ ਰਜਿਸਟਰਡ ਵਪਾਰਕ ਜਾਇਦਾਦ ਰਕਬਾ 140 ਵਰਗ ਗਜ਼, ਖਾਨਾਸ਼ੁਮਾਰੀ ਨੰ. 2956/7(ਪੁਰਾਣਾ) ਅਤੇ ਨਵਾਂ ਨੰ. 1971/7-13) ਅੰਮ੍ਰਿਤਸਰ ਗਿਲਵਾਲੀ ਗੇਟ ਦੇ ਅੰਦਰਵਾਰ, ਚਾਟੀਵਿੰਡ ਗੇਟ, ਬਜ਼ਾਰ ਘੁਮਿਆਰਾਂ ਵਾਲਾ, ਮਿਊਂਸਪਲ ਕਾਰਪੋਰੇਸ਼ਨ ਦੇ ਅੰਦਰਵਾਰ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਾਰਕਿਟ, ਪੱਛਮ : ਹੋਰਾਂ ਦੀ ਜਾਇਦਾਦ, ਉੱਤਰ : ਮੋਹਨ ਸਿੰਘ ਅਤੇ ਬਸੰਤ ਸਿੰਘ ਦਾ ਮਕਾਨ, ਦੱਖਣ : ਗੁਰਦੁਆਰਾ ਸਾਹਿਬ ਦੀ ਜਾਇਦਾਦ | | |
| 6 | 1. ਸ੍ਰੀ ਅਮਰਪ੍ਰੀਤ ਸਿੰਘ ਬਰਾੜ ਪੁੱਤਰ ਅਮਰਜੀਤ ਸਿੰਘ ਬਰਾੜ ਅਤੇ 2. ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਅਮਰਪ੍ਰੀਤ ਸਿੰਘ ਬਰਾੜ ਮਕਾਨ ਨੰ.-40, ਪ੍ਰੋਫੈਸਰ ਕਾਲੋਨੀ, ਪੀ ਏ ਪੀ ਲਾਈਨਜ਼ ਰਾਮਾ ਮੰਡੀ, ਜਲੰਧਰ ਕੈਂਟ, ਜਲੰਧਰ ਪੰਜਾਬ-144006 ਨਾਲ ਹੀ : ਮਕਾਨ ਨੰ. 125-ਏ, ਅਬਾਦੀ ਨਿਊ ਡਿਫੈਂਸ ਕਾਲੋਨੀ, ਪਿੰਡ ਦਕੋਹਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ। | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 73,13,276/- (ਤਹੱਤਰ ਲੱਖ ਤੇਰਾਂ ਹਜ਼ਾਰ ਦੋ ਸੌ ਛਿਅੱਤਰ ਰੁਪਏ ਕੇਵਲ) / ਰੁਪਏ 63,13,500/- (ਤਰੇਹਠ ਲੱਖ ਤੇਰਾਂ ਹਜ਼ਾਰ ਪੰਜ ਸੌ ਰੁਪਏ ਕੇਵਲ) ਅਤੇ 6,32,000/- (ਛੇ ਲੱਖ ਬੱਤੀ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | ਬੈਨਾਮਾ ਦਸਤਾਵੇਜ਼ ਨੰ. 2027 ਮਿਤੀ 15.05.2018 ਅਨੁਸਾਰ ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਅਮਰਪ੍ਰੀਤ ਸਿੰਘ ਬਰਾੜ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ ਨੰ. 125-ਏ, ਰਕਬਾ 15 ਮਰਲੇ, ਖੱਤਾ ਨੰ. 61/70, 62/75, 72/81, 76/85, ਖਸਰਾ ਲੰ. 114/2, 64/2, 66/2,54/2/2, 57,55,56 ਜਮ੍ਹਾਂਬੰਦੀ ਸਾਲ 2015-16, ਅਬਾਦੀ ਨਿਊ ਡਿਫੈਂਸ ਕਾਲੋਨੀ, ਪਿੰਡ ਦਕੋਹਾ, ਤਹਿ. ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਉੱਤਰ : ਸੜਕ, ਦੱਖਣ: ਹੋਰ, ਪੂਰਬ : ਸੜਕ, ਪੱਛਮ : ਖਾਲੀ ਪਲਾਟ | | |
| 7 | 1. ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸੁਖਜਿੰਦਰ ਸਿੰਘ ਮਕਾਨ ਨੰ.22, ਗਲੀ ਨੰ. 1, ਪਿੱਛੇ ਜਗਦੇਵ ਗੈਸ ਗਡਾਊਨ, ਬਸੰਤ ਵਿਹਾਰ, ਛੇਹਰਟਾ, ਅੰਮ੍ਰਿਤਸਰ-143105 | 30 ਦਸੰਬਰ 2025 / 12 ਦਸੰਬਰ 2025 ਨੂੰ ਰੁਪਏ 35,23,988/- (ਪੈਂਤੀ ਲੱਖ ਤੇਈ ਹਜ਼ਾਰ ਨੌਂ ਸੌ ਅਠਾਸੀ ਰੁਪਏ ਕੇਵਲ) / ਰੁਪਏ 25,10,040/- (ਪੱਚੀ ਲੱਖ ਦਸ ਹਜ਼ਾਰ ਚਾਲੀ ਰੁਪਏ ਕੇਵਲ) ਅਤੇ 2,51,000/- (ਦੋ ਲੱਖ ਇਕਵੰਜਾ ਹਜ਼ਾਰ ਰੁਪਏ ਕੇਵਲ) | 29 ਦਸੰਬਰ 2025 |
| | ਬੈਨਾਮਾ ਦਸਤਾਵੇਜ਼ ਨੰ. 2088 ਮਿਤੀ 25.05.2009 ਅਨੁਸਾਰ ਸੀਮਤੀ ਰੁਪਿੰਦਰ ਕੌਰ ਪਤਨੀ ਸੁਖਜਿੰਦਰ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 117 ਵਰਗ ਗਜ਼ ਖੱਤਾ ਨੰ. 78//44, 78//45, ਖੇਵਟ-ਖਤੌਨੀ ਨੰ. 1261/1710, ਜਮ੍ਹਾਂਬੰਦੀ ਸਾਲ 2003-2004, ਹੱਦਬਸਤ ਨੰ. 368, ਕਾਲਾ ਘਨੂੰਪੁਰ ਵਿਖੇ ਸਥਿਤ, ਸਬ-ਅਰਬਨ ਅਬਾਦੀ ਬਸੰਤ ਵਿਹਾਰ, ਤਹਿ. ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਜੋਗਿੰਦਰ ਸਿੰਘ, ਪੱਛਮ : ਵਿਨੋਦ ਕੁਮਾਰ, ਉੱਤਰ : ਗਲੀ 16' ਚੌੜੀ, ਦੱਖਣ : ਜੋਗਿੰਦਰ ਸਿੰਘ | | |

ਲੜੀ ਨੰ. 1 ਤੋਂ 7 ਲਈ ਸੰਪਰਕ ਵਿਅਕਤੀ :- ਅਧਿਕਾਰਤ ਅਫਸਰ : ਸੰਦੀਪ ਬਵੇਜਾ/ਸੁਮਿਤ ਕੁਮਾਰ sandeep.baweja@axisbank.com/ sumit119.kumar@axisbank.com ਜਾਂ 96462-23355 'ਤੇ ਸੰਪਰਕ ਕਰੋ।

ਵਿੱਕਰੀ ਦੇ ਨਿਯਮ ਤੇ ਸ਼ਰਤਾਂ ਦੇ ਵੇਰਵੇ ਲਈ ਕਿਰਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਦੇ ਪ੍ਰਵਾਨਤ ਸਰਵਿਸ ਪ੍ਰੋਵਾਈਡਰ ਐਮ/ਐਸ ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਲਿੰਕ ਦਾ ਹਵਾਲਾ ਲਿਆ ਜਾਵੇ। ਨਿਲਾਮੀ ਦੇ ਪ੍ਰਵਾਨਤ ਸਰਵਿਸ ਪ੍ਰੋਵਾਈਡਰ ਐਮ/ਐਸ ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਹੋਵੇਗੀ। ਇਹ ਵੀ ਨੋਟ ਕੀਤਾ ਜਾਵੇ ਕਿ ਵਿਕਰੀ ਕਿਸੇ ਵੀ ਹੋਰ ਸਕਿਉਰਟਾਈਜੇਸ਼ਨ ਅਰਜ਼ੀ ਦੇ ਨਤੀਜੇ ਅਧੀਨ ਜੋ ਕਿ ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਕੋਲ ਦਰਜ ਜੇਕਰ ਕੋਈ ਹੈ, ਆਧਾਰ 'ਤੇ ਹੋਵੇਗੀ। ਕਿਸੇ ਵੀ ਹੋਰ ਸਹਾਇਤਾ ਲਈ, ਚਾਹਵਾਨ ਬੋਲੀਕਾਰ ਦਫ਼ਤਰੀ ਸਮੇਂ ਦੌਰਾਨ ਅਧਿਕਾਰਤ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ। ਬੋਲੀ ਤਬਦੀਲ ਯੋਗ ਨਹੀਂ ਹੈ। ਬੋਲੀ ਵਾਧਾ ਰਕਮ ਹਰੇਕ ਖਾਤੇ ਲਈ ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) ਹੈ।

ਬੋਲੀ ਜਮ੍ਹਾਂ ਕਰਨ ਦਾ ਸਥਾਨ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਨਿਰੀਖਣ ਪੂਰਵ ਸਹਿਮਤੀ ਦੇ ਆਧਾਰ 'ਤੇ ਹੋਵੇਗਾ।

ਇਸ ਨੋਟਿਸ ਨੂੰ ਕਰਜ਼ਦਾਰਾਂ ਨੂੰ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 8(6) ਅਧੀਨ 15 ਦਿਨਾ ਨੋਟਿਸ ਮੰਨਿਆ ਜਾਵੇ।

ਮਿਤੀ : 14.12.2025, ਸਥਾਨ : ਲੁਧਿਆਣਾ/ਅੰਮ੍ਰਿਤਸਰ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਨਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ।

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | कार्य का नाम |
|---|---|---|
| EAFZR-SLR25-133 | 29.11.25 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 15212/R1, 15212/R1, 14730/R1, 11906/R1, 14730/F2, 14028/R1, 14028/F1, 14028/F2, 14505/F1, 14618/F1, 11906/F1, 14630/F1 & 14730/F1. |
| EAFZR-PACKING38 | 29.11.25 ਨੂੰ 11:00 ਵਜੇ | ਜਲੰਧਰ ਕੈਂਟ & ਫ਼ਿਰੋਜ਼ਪੁਰ ਕੈਂਟ ਵਿਚ ਦੋ ਪਹੀਯਾ ਵਾਹਨਾਂ ਅਤੇ ਹੋਰ ਪਾਰਸਲ ਪੈਕੇਜਾਂ ਦੀ ਪੇਕਿੰਗ ਦੇ ਲਈ ਅਨੁਬੰਧ ਦਾ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ। 3858/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਪਬਲਿਕ ਨੋਟਿਸ**

ਸੂਚਿਤ ਕੀਤਾ ਜਾਂਦਾ ਹੈ ਕਿ ਮੁੰਦ ਹਸਪਤਾਲ ਬੀ-ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ ਵੱਲੋਂ 31-12-2020 ਤੱਕ ਦਾ IPD ਰਿਕਾਰਡ ਨਸ਼ਟ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਸੰਬੰਧਿਤ ਰਿਕਾਰਡ ਚਾਹੀਦਾ ਹੋਵੇ, ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਹਸਪਤਾਲ ਨਾਲ ਸੰਪਰਕ ਕਰ ਸਕਦਾ ਹੈ। ਮੋਬਾਇਲ 98150-50241 84270-02770.

**ਆਮ ਸੂਚਨਾ**

ਜਰਮਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਘੋਲੀਆ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਘੋਲੀਆ ਖੁਰਦ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ-03-406 ਐਨ, 12.5 ਹਾਰਸ ਪਾਵਰ ਨੂੰ ਕਿਰਨਦੀਪ ਕੌਰ ਪਤਨੀ ਹਰਜਿੰਦਰ ਸਿੰਘ ਬਰਾੜ ਵਾਸੀ ਫਲੈਟ ਨੰ. 903, ਨਿਊ ਬ੍ਰਿਜ ਟਰੰਕ ਰੋਡ, ਇਡਨ ਸਿਟੀ ਮਹੇਸ਼ਤਲਾ (ਐੱਮ) ਸਾਊਸ 24, ਪ੍ਰਗਨਾਸ, ਵੈੱਸਟ ਬੰਗਾਲ ਹਾਲ ਅਬਾਦ ਰਾਉਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਸਮਾਧ ਭਾਈ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਨਿਰਮਲ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਘੋਲੀਆ ਖੁਰਦ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਘੋਲੀਆ ਖੁਰਦ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਜੀ ਕੇ ਐੱਚ-76, 12.5 ਹਾਰਸ ਪਾਵਰ ਨੂੰ ਕਿਰਨਦੀਪ ਕੌਰ ਪਤਨੀ ਹਰਜਿੰਦਰ ਸਿੰਘ ਬਰਾੜ ਵਾਸੀ ਫਲੈਟ ਨੰ. 903, ਨਿਊ ਬ੍ਰਿਜ ਟਰੰਕ ਰੋਡ, ਇਡਨ ਸਿਟੀ ਮਹੇਸ਼ਤਲਾ (ਐੱਮ) ਸਾਊਸ 24, ਪ੍ਰਗਨਾਸ, ਵੈੱਸਟ ਬੰਗਾਲ ਹਾਲ ਅਬਾਦ ਰਾਉਕੇ ਕਲਾਂ ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਸਮਾਧ ਭਾਈ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਸੁਰਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਬੀੜ ਬੱਧਨੀ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਬੀੜ ਬੱਧਨੀ, ਜ਼ਿਲ੍ਹਾ ਮੋਗਾ ਵਿੱਚ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3007933283 (ਏ ਪੀ-10-493), 15 ਹਾਰਸ ਪਾਵਰ ਨੂੰ ਜਗਰਾਜ ਸਿੰਘ ਪੁੱਤਰ ਮਾਧਾ ਸਿੰਘ ਵਾਸੀ ਬੀੜ ਬੱਧਨੀ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਸਮਾਧ ਭਾਈ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੈਂ, ਸੁਰਜੀਤ ਕੌਰ ਪਤਨੀ ਮੋਹਣ ਸਿੰਘ, ਵਾਸੀ ਪਿੰਡ ਹੇਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਸੁਰਜੀਤ ਕੌਰ ਅਤੇ ਅਜੀਤ ਕੌਰ ਦੋਵੇਂ ਨਾਂਅ ਮੇਰੇ ਹਨ। ਮੈਨੂੰ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ। ਸੰਬੰਧਤ ਨੋਟ ਕਰਨ। (ਆਰ)

**Criminal Courts, Zira**

In The Court of Ms. Gurpreet Kaur-II Judicial Magistrate First Class-2, Zira

Next Date, Purpose of case, Orders and Judgments as well as other case information is available on http://ecourts.gov.in

PBFZA1-001342-2022
Next Date : 23-12-2025
Case No. : NACT/213/2022
Raminder Bisley V/s Amarjeet Singh
Police Station/Fir No. Mallanwala/000
138/142 of Negotiable Instruments Act

Proclamation requiring the appearance of a person accused

Detail of offence:-

Notice To: Amarjeet Singh Father : Mohan Singh, Dhandian, Tehsil Zira

Whereas Complaint/Case Has Been Made Before me That Amarjeet Singh S/o Mohan Singh R/o Dhandian, Tehsil Zira has committed (or is Suspected to have committed) the offence punishable under section 138/142 of Negotiable Instruments Act and it has been returned to a warrant of arrest thereupon issued that the Said Amarjeet Singh cannot be found, and whereas it has been shown to my satisfaction that the said Amarjeet Singh has absconded (or is concealing himself/herself to avoid the service of the said warrant); Proclamation is hereby made that the said Amarjeet Singh is required to appear before this Court (or before me) on 23-12-2025 to answer the said complaint/case.

Dated, this day of 4-12-2025

Judicial Magistrate First Class-2, Zira



**ਕਲਾਸੀਫਾਈਡ ਇਸ਼ਤਿਹਾਰ**

**ਆਮ ਸੂਚਨਾ**

ਮੈਂ, ਕਸ਼ਿਸ਼ ਪੁੱਤਰੀ ਬਲਬੀਰ ਸਿੰਘ ਵਾਸੀ ਮਕਾਨ ਨੰ: 464, ਗਲੀ ਨੰ: 6, ਨਰਾਇਣ ਨਗਰ, ਬਹਾਦੁਰਪੁਰ, ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੇ 8ਵੀਂ ਦੇ ਸਕੂਲ ਸਰਟੀਫਿਕੇਟ ਵਿੱਚ ਮੇਰੇ ਪਿਤਾ ਦਾ ਨਾਮ ਬਲਵੀਰ ਸਿੰਘ (Balveer Singh) ਅਤੇ 10ਵੀਂ ਦੇ ਸਰਟੀਫਿਕੇਟ ਵਿੱਚ ਬਲਵੀਰ ਸਿੰਘ (Balvir Singh) ਲਿਖਿਆ ਹੈ ਅਤੇ ਮੇਰੇ ਉਕਤ ਦੋਨੋਂ ਸਰਟੀਫਿਕੇਟਾਂ ਵਿੱਚ ਮੇਰੀ ਮਾਤਾ ਦਾ ਨਾਮ ਅੰਜੂ (Anju) ਲਿਖਿਆ ਹੈ। ਮੇਰੇ ਪਿਤਾ ਦਾ ਸਹੀ ਨਾਮ ਬਲਬੀਰ ਸਿੰਘ (Balbir Singh) ਹੈ ਅਤੇ ਮੇਰੀ ਮਾਤਾ ਦਾ ਸਹੀ ਨਾਮ ਅੰਜੂ ਬਾਲਾ (Anju Bala) ਹੈ। ਸੰਬੰਧਿਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਸੁੱਖਚਰਨ ਸਿੰਘ ਪੁੱਤਰ ਜਗਿੰਦਰ ਸਿੰਘ ਵਾਸੀ ਬੁੱਢਾ ਥੇਹ ਛੋਟਾ, ਬਿਆਸ, ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਹਰ ਆਮ ਤੇ ਖਾਸ ਨੂੰ ਸੂਚਿਤ ਕਰਦਾ ਹਾਂ ਕਿ ਮੇਰਾ ਬੇਟਾ ਸੋਵੀਰ ਸਿੰਘ ਅਤੇ ਉਸ ਦੀ ਪਤਨੀ ਲਵਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ ਤੇ ਅਚੱਲ ਜ਼ਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਹਰਜਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪਿੰਡ ਗਿੱਲ ਜਿਲਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਸਿਮਰਨਜੀਤ ਸਿੰਘ ਅਤੇ ਨੂੰਹ ਰਾਜ ਕੌਰ ਸਾਡੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਇਨ੍ਹਾਂ ਨੂੰ ਮੈਂ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਉਮਾ ਰਾਣੀ ਪਤਨੀ ਅਸ਼ੋਕ ਕੁਮਾਰ ਵਾਸੀ ਗੁਰੂ ਨਾਨਕ ਨਗਰ, ਦਕੋਹਾ ਰੋਡ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਰਿੱਧੀ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਜੋਗਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਗਲੀ ਸ਼ਿਵ ਮੰਦਰ ਵਾਲੀ, ਨਰੈਣਗੜ੍ਹ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਬੀਰ ਕੌਰ ਪਤਨੀ ਹਰਭਜਨ ਸਿੰਘ ਵਾਸੀ ਮਕਾਨ ਨੰ. 3072/15, ਗਲੀ ਨੰ. 13, ਮਹਿਤਾ ਰੋਡ, ਮਕਬੂਲਪੁਰਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਨਵਨੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਆਸ਼ੂ ਸ਼ਰਮਾ ਪਤਨੀ ਰਾਜ ਕੁਮਾਰ ਅਤੇ ਰਾਜ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. 405, ਗਲੀ ਧੋਬੀਆਂ, ਗੇਟ ਖਜ਼ਾਨਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸ਼ਿਵ ਸ਼ਰਮਾ ਅਤੇ ਉਸ ਦੀ ਪਤਨੀ ਸਾਕਸ਼ੀ ਸ਼ਰਮਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

**ਨਾਂਅ ਦੀ ਬਦਲੀ**

ਮੈਂ, ਰੋਹਿਨ ਥਾਪਰ ਪੁੱਤਰ ਸੁਖਪਾਲ ਥਾਪਰ ਵਾਸੀ 153, ਰਾਜਾ ਅਸਟੇਟ, ਪਿੰਡ ਮੂਲੇ ਚੱਕ, ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਰੋਹਿਨ ਥਾਪਰ ਤੋਂ ਬਦਲ ਕੇ ਰੋਹਿਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ, ਗੁਰਮੇਲ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਮੱਲੇਆਣਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਜਗਦੀਸ਼ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ, ਕੁਲਵੰਤ ਸਿੰਘ ਅਤੇ ਉਸ ਦੀ ਪਤਨੀ ਸੁਖਦੀਪ ਕੌਰ ਅਤੇ ਗੁਰਜੰਟ ਸਿੰਘ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

**Change of Name**

I Kawaljeet Kaur wife of Gurjant Singh village and post office chabhal Tehsil and district Tarn Taran. I declare that Kawaljeet Kaur and Kawaljit Kaur are both my names. I am known by two names. Please note.

I, Jaipartap Singh S/O Jarnail Singh R/O H.No.243,VPO Bhullar, Tehsil Batala, Distt. Gurdaspur, Punjab have changed my name from Jaipartap Singh to Jaipartap as my Given name and Singh as my Surname. Concerned note.

I, Gabina Kaur Bedi D/O Navjot Singh Bedi R/O H. No. 364- R Model Town, Jalandhar, Pin: 144001, Punjab, India have changed my name from Gabina Kaur to Gabina Kaur as Given name and Bedi as Surname . All concern may note.

I Sukhbir Singh S/o Dhanna Singh Saini R/o D-355 Ranjit Avenue Amritsar have changed my name to Sukhbir Singh Saini

I, Divya Harblas Rattan W/o Abhaydeep Singh R/o 46-B, Guru Tegh Bahadur Nagar, Kabir Park Amritsar have changed my name from Divya Harblas Rattan To Divya Arora and Arora is my Surname. All Please Note.

I, Amandeep Singh S/o Kulwant Singh R/o Vpo Timmowal Distt Amritsar have declare that Singh is my Surname Amandeep is my given name

I, Ranjit Singh S/o Mukhtar Singh R/o VPO Thothian, Thothian, Amritsar, Punjab-143111 have changed my name from Ranjit Singh to Singh is my surname and Ranjit is my given name.

I, Achar Pal son of Shri Rattan Chand resident of Ward No. 11, Deep Colony, Garhshankar, Distt. Hoshiarpur, Punjab, India have changed my name to Pal Achhar and Surname as Pal. All concerned please note.

I, Balkar Singh S/o Lal Singh R/o Village Rayya district Amritsar have changed my name from Balkar Singh to Balkar Singh Jassi.

I Kamaljeet S/o Satnam Singh R/o shri om agencies , GT Road, Santokhpura, Jalandhar have changed my name from Kamaljeet to Kamal Jeet Singh

**ਸੂਚਨਾ**

ਪਿੰਡ ਜੈਨਪੁਰ, ਹੰਬੜਾਂ ਰੋਡ, ਲੁਧਿਆਣਾ ਵਿਖੇ ਕਲੋਨੀ CM VALLEY ਅੰਦਰ ਬਣੇ ਕਲੱਬ ਹਾਊਸ ਨੂੰ ਕਲੋਨੀ ਲੈਆਊਟ ਪਾਸ ਕਰਵਾਉਣ ਵੇਲੇ ਆਰਕੀਟੈਕਟ ਵਲੋਂ ਕਮਿਊਨਟੀ ਸੈਂਟਰ ਲਿਖ ਦਿਤਾ ਗਿਆ ਸੀ ਜਿਸ ਦਾ ਨਾਮ ਸੋਧ ਕੇ ਅਸੀਂ ਕਲੱਬ ਹਾਉਸ ਕਰਵਾਉਣ ਲੱਗੇ ਹਾਂ। ਕਿਸੇ ਆਮ ਅਤੇ ਖਾਸ ਨੂੰ ਕਿਸੇ ਵੀ ਪ੍ਰਕਾਰ ਦਾ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ (STP-Regulatory Ludhiana) ਕੋਲ ਆਪਣਾ ਇਤਰਾਜ ਦਰਜ ਕਰਵਾਏ।

ਵੱਲੋਂ: CMI Developers


**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਜਨਮ ਦਿਨ ਮੁਬਾਰਕ



ਨਵਜੀਤ ਸ਼ਰਮਾ ਬਠਿੰਡਾ



ਹਿਮਾਂਸ਼ ਸ਼ਰਮਾ ਜਲੰਧਰ

## ਐੱਸ ਸੀ ਕਮਿਸ਼ਨ ਦੇ ਚੇਅਰਮੈਨ ਗੜ੍ਹੀ ਵੱਲੋਂ ਮੁੱਖ ਮੰਤਰੀ ਮਾਨ ਨਾਲ ਮੁਲਾਕਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਰਾਜ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਉਹਨਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ।ਮੁਲਾਕਾਤ ਦੌਰਾਨ ਗੜ੍ਹੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸੂਬੇ ਦੇ ਦਲਿਤ ਵਰਗ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਉਹਨਾਂ ਨੇ ਮੁੱਖ ਮੰਤਰੀ ਨੂੰ ਕਮਿਸ਼ਨ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਦਿੱਤੀ। ਗੜ੍ਹੀ ਨੇ ਇਸ ਮੁਲਾਕਾਤ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਮਾਨ ਵੱਲੋਂ ਕਮਿਸ਼ਨ ਦੇ ਕੰਮਕਾਜ ਸਬੰਧੀ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਨਾਲ ਹੀ ਕਮਿਸ਼ਨ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਲਿਖਤੀ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਤਾਂ ਜੋ ਉਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਇਹ ਰਿਪੋਰਟ ਜਲਦ ਹੀ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤੀ ਜਾਵੇਗੀ।



## ਸ੍ਰੀ ਚਰਨਛੋਹ ਬੇਗਮਪੁਰਾ ਲਈ ਸੰਤ ਪਰਮਜੀਤ ਦਾਸ ਨਗਰ ਵੱਲੋਂ 50 ਹਜ਼ਾਰ ਰੁਪਏ ਦੀ ਸੇਵਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੰਤ ਪਰਮਜੀਤ ਦਾਸ ਡੇਰਾ ਸੰਤ ਮੇਲਾ ਰਾਮ ਨਗਰ ਕੈਂਥੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਭਾਰੀ ਸੰਗਤਾਂ ਨਾਲ ਸੱਚਖੰਡ ਸ੍ਰੀ ਬੇਗਮਪੁਰਾ ਪਹੁੰਚੇ ਅਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 50 ਹਜ਼ਾਰ ਰੁਪਏ ਦੀ ਸੇਵਾ ਦਾ ਯੋਗਦਾਨ ਪਾਇਆ ਗਿਆ। ਇਸ ਮੌਕੇ ਸੰਤ ਪਰਮਜੀਤ ਦਾਸ ਨਗਰ ਨੇ ਸ੍ਰੀ ਬੇਗਮਪੁਰ ਸੱਚਖੰਡ ਵਿਖੇ ਪਹੁੰਚਕੇ ਚਲ ਰਹੇ ਨਵ ਉਸਾਰੀ ਸੇਵਾ ਕਾਰਜਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਆਉਣ ਵਾਲੇ ਸਮੇਂ ਵਿਚ ਵੀ ਗੁਰੂਘਰ ਵਿਖੇ ਸੇਵਾ ਲਈ ਹਾਜ਼ਰ ਰਹਿਣ ਦਾ ਸੰਕਲਪ ਲਿਆ। ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮਟਾਵਰੀ ਸੀਨੀਅਰ ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਵਲੋਂ ਸ੍ਰੀ ਬੇਗਮਪੁਰਾ ਗੁਰੂਘਰ ਦੀ ਸੇਵਾ ਲਈ ਪਾਏ ਯੋਗਦਾਨ ਲਈ ਸੰਤ ਪਰਮਜੀਤ ਦਾਸ ਅਤੇ ਨਗਰ ਦੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵਲੋਂ ਬਹੁਤ ਵੱਡੀ ਸੇਵਾ ਆਰੰਭ ਕੀਤੀ ਗਈ ਹੈ ਅਤੇ ਸਤਿਸੰਗ ਸਮਾਗਮ ਆਰੰਭ ਕੀਤੇ ਗਏ ਹਨ ਅਤੇ ਸ੍ਰੀ ਚਰਨਛੋਹ ਬੇਗਮਪੁਰਾ ਆਦਿ ਧਰਮ ਮਿਸ਼ਨ ਦੇ ਪ੍ਰਚਾਰ ਦਾ ਇੱਕ ਵੱਡਾ ਪਲੇਟਫਾਰਮ ਅਤੇ ਕੇਂਦਰ ਬਣ ਗਿਆ ਹੈ। ਉਨਾਂ ਕਿਹਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਮਨਾਂ ਅੰਦਰ ਭਾਰੀ ਸ਼ਰਧਾ ਹੈ ਅਤੇ ਸਹਿਯੋਗ ਤੇ ਸਮਰਥਨ ਪ੍ਰਾਪਤ ਹੋ ਰਿਹਾ ਹੈ, ਜਿਸ ਲਈ ਆਦਿ ਧਰਮ ਮਿਸ਼ਨ ਹਮੇਸ਼ਾ ਸੰਗਤਾਂ ਦਾ ਰਿਣੀ ਤੇ ਧੰਨਵਾਦੀ ਰਹੇਗਾ।



## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ 1800 ਤੋਂ ਵੱਧ ਸੁਰੱਖਿਆ ਕਰਮੀ ਤਾਇਨਾਤ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਐੱਸ ਐੱਸ ਪੀ ਕਪੂਰਥਲਾ ਗੌਰਵ ਤੂਰਾ ਨੇ ਕਿਹਾ ਕਿ ਕਪੂਰਥਲਾ ਜ਼ਿਲ੍ਹੇ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਪਿੰਡ ਢਪਈ ਵਿਖੇ ਫਲੈਗ ਮਾਰਚ ਦੌਰਾਨ ਉਨ੍ਹਾਂ ਕਿਹਾ ਕਿ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਦੇ 10 ਜ਼ੋਨਾਂ ਤੇ ਬਲਾਕ ਸੰਮਤੀ ਦੇ 88 ਜ਼ੋਨਾਂ ਲਈ ਕਪੂਰਥਲਾ ਪੁਲਿਸ ਵੱਲੋਂ ਢੁਕਵੀਂ ਗਿਣਤੀ ਵਿੱਚ ਫੋਰਸ ਤਾਇਨਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉੱਚ ਅਧਿਕਾਰੀਆਂ ਤੋਂ ਇਲਾਵਾ 1800 ਪੁਲਿਸ ਕਰਮੀ 661 ਪੋਲਿੰਗ ਬੂਥਾਂ ਉਪਰ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ ਹਰੇਕ 20 ਪਿੰਡਾਂ ਲਈ ਵਿਸ਼ੇਸ਼ ਗਸ਼ਤ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਕਿ ਲਗਾਤਾਰ ਗਸ਼ਤ ਕਰਕੇ ਸਥਿਤੀ ਉਪਰ ਨਜ਼ਰ ਰੱਖਣਗੀਆਂ।



## ਉਤਰੀ ਜ਼ੋਨ ਦੇ ਖੇਡ ਮੁਕਾਬਲੇ 15 ਭਲਕ

**ਮਾਹਿਲਪੁਰ (ਸੜਕੀ)**- ਦੇਸ਼ ਨੂੰ ਸਵ: ਸਰਦਾਰ ਜਰਨੈਲ ਸਿੰਘ ਵਰਗੇ ਵਿਸ਼ਵ ਪੱਧਰੀ ਖਿਡਾਰੀ ਸੌਂਪਣ ਵਾਲੇ ਇਲਾਕਾ ਮਾਹਿਲਪੁਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੇ ਖੇਡ ਸਟੇਡੀਅਮ ਵਿੱਚ 15 ਦਸੰਬਰ ਤੋਂ 19 ਦਸੰਬਰ ਨੂੰ ਹੋਣ ਵਾਲੇ ਉਤਰੀ ਜ਼ੋਨ ਦੇ ਖੇਡ ਮੁਕਾਬਲਿਆਂ ਵਿੱਚ ਪੰਜਾਬ, ਹਿਮਾਚਲ, ਜੰਮੂ ਕਸ਼ਮੀਰ ਤੇ ਲੱਦਾਖ ਦੇ ਖਿਡਾਰੀ ਆਪਣੀ ਖੇਡ ਕਲਾ ਦੇ ਜੌਹਰ ਦਿਖਾਉਣਗੇ।ਜਿਸ ਦੇ ਲਈ ਮਾਹਿਲਪੁਰ ਇਲਾਕਾ ਨਿਵਾਸੀਆਂ 'ਚ ਬੇਹੱਦ ਜੋਸ਼, ਉਤਸ਼ਾਹ ਤੇ ਖ਼ੁਸ਼ੀ ਦਾ ਮਾਹੌਲ ਹੈ।ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ ਤੇ ਇੰਦਰ ਸਿੰਘ ਫਗਵਾੜਾ ਸਮੇਤ ਗੁਰਕ੍ਰਿਪਾਲ ਸਿੰਘ ਪਾਲੀ ਫਗਵਾੜੀ ਤੇ ਕਮਾਂਡੈਂਟ ਕੇਸਰ ਕਿਰਪਾਲ ਸਿੰਘ ਬੈਂਡੀ ਵਰਗੇ ਨਾਮੀ ਫੁੱਟਬਾਲਰ ਇਨ੍ਹਾਂ ਖੇਡ ਮੁਕਾਬਲਿਆਂ 'ਚ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਪਹੁੰਚਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਿਸਾਨ ਆਗੂ ਤੇ ਫੁੱਟਬਾਲ ਪ੍ਰੇਮੀ ਤਰਲੋਚਨ ਸਿੰਘ ਹੀਰ ਨੇ ਕਿਹਾ ਕਿ ਖਿਡਾਰੀਆਂ ਨੇ ਇਲਾਕਾ ਨਿਵਾਸੀ ਸਮੂਹ ਖੇਡ ਕਲੱਬਾਂ ਨੂੰ ਇਨ੍ਹਾਂ ਤਿੰਨਾਂ ਦਿਨਾਂ ਦੇ ਆਪਣੇ ਸਾਰੇ ਰੁਝੇਵੇਂ ਛੱਡ ਕੇ ਵੱਧ ਤੋਂ ਵੱਧ ਸਾਥੀਆਂ ਸਮੇਤ ਪ੍ਰਿੰਸੀਪਲ ਹਰਗੁਨ ਸਿੰਘ ਮੈਮੋਰੀਅਲ ਸਟੇਡੀਅਮ 'ਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਕੋਚ ਬੰਧਨ ਸਿੰਘ,ਮਦਨ ਲਾਲ ਮੱਦੀ,ਹਰਦੇਵ ਸਿੰਘ ਢਿੱਲੋਂ,ਦਰਸ਼ਨ ਸਿੰਘ ਢਿੱਲੋਂ, ਵਰਿੰਦਰ ਕੁਮਾਰ ਅਮਰੀਕਾ,ਹਰਪਾਲ ਹੱਲੂਵਾਲ, ਜਸਵਿੰਦਰ ਸਿੰਘ ਫੇਗਾ, ਪ੍ਰਵੀਨ ਕੁਮਾਰ ਮੋਹਤਾ,ਮਨਜੀਤ ਸਿੰਘ,ਨਵਨੀਤ ਕੁਮਾਰ ਭਾਰਦਵਾਜ, ਰਾਜ ਕੁਮਾਰ ਜੋਟੀ ਸਮੇਤ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।



## ਰੇਲ ਗੱਡੀ ਦੀ ਫੇਟ ਵੱਜਣ ਨਾਲ ਨੌਜਵਾਨ ਜ਼ਖ਼ਮੀ

**ਫਿਲੌਰ (ਨਿਰਮਲ)**- ਫਿਲੌਰ ਰੇਲਵੇ ਸਟੇਸ਼ਨ ਨਜ਼ਦੀਕੀ ਨੂਰਮਹਿਲ ਫਾਟਕ ਵਿਖੇ ਇੱਕ ਨੌਜਵਾਨ ਰੇਲ ਗੱਡੀ ਦੀ ਫੇਟ ਵੱਜਣ ਨਾਲ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜੀ ਆਰ ਪੀ ਚੌਕੀ ਇੰਚਾਰਜ ਫਿਲੌਰ ਹਰਮੇਸ਼ ਪਾਲ ਨੇ ਦੱਸਿਆ ਕਿ ਇੱਕ ਨੌਜਵਾਨ ਗੱਗੀ ਪੁੱਤਰ ਬਲਵੀਰ ਚੰਦ ਵਾਸੀ ਇੰਦਰਾ ਕਲੌਨੀ ਫਿਲੌਰ ਜਿਸ ਦੀ ਉਮਰ 28-30 ਸਾਲ ਹੈ ਉਹ ਗੱਡੀ ਨੰਬਰ 12497 ਸਾਨੇਪੰਜਾਬ ਜੋ ਕਿ ਅਮ੍ਰਿਤਸਰ ਨੂੰ ਜਾ ਰਹੀ ਸੀ ਦੀ ਲਪੇਟ 'ਚ ਆ ਗਿਆ ਜਿਸ ਕਾਰਨ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ।ਜਿਸ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਪਹੁੰਚਾਇਆ ਗਿਆ।



## ਇਨੋਸੈਂਟ ਹਾਰਟਸ 'ਚ ਮੈਟਾਵਰਸਿਸ ਸੈਸ਼ਨ, ਭਵਿੱਖ ਦੀਆਂ ਤਕਨੀਕਾਂ ਨਾਲ ਰੂਬਰੂ ਹੋਏ ਵਿਦਿਆਰਥੀ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਨੇ ਆਪਣੇ ਸਾਰੇ ਕੈਂਪਸ — ਗਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਵਿੱਚ ਮੈਟਾਵਰਸਿਸ ਗਤੀਵਿਧੀ ਦਾ ਦੂਜਾ ਸੈਸ਼ਨ ਆਯੋਜਿਤ ਕੀਤਾ ਅਤੇ ਭਵਿੱਖ-ਤਿਆਰ ਸਿੱਖਿਆ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ। ਇਹ ਸੈਸ਼ਨ ਦੇ ਵਿਦਿਆਰਥੀਆਂ ਲਈ ਕਰਵਾਇਆ ਗਿਆ, ਜਿਸ ਨੇ ਉਨ੍ਹਾਂ ਨੂੰ ਇੱਕ ਡੂੰਘੇ ਅਤੇ ਤਕਨੀਕੀ ਤੌਰ 'ਤੇ ਅੱਗੇ ਵਧੇ ਸਿੱਖਣ ਦਾ ਤਜਰਬਾ ਪ੍ਰਦਾਨ ਕੀਤਾ। ਇਹ ਪ੍ਰੋਗਰਾਮ ਦ੍ਰਿਸ਼ਟਾ ਮੈਟਾਵਰਸਿਸ, ਗੁਰੁਗ੍ਰਾਮ ਜੋ ਕਿ ਭਾਰਤ ਦੀ ਅਗੇਤੀ ਵੀ ਆਰ ਲਰਨਿੰਗ ਕੰਪਨੀ ਅਤੇ ਇਮਰਸਿਵ ਸਿੱਖਿਆ ਦੀ ਪਾਇਨੀਅਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।ਵਿਦਿਆਰਥੀਆਂ ਨੇ ਦੁਨੀਆ ਦੀ ਪ੍ਰਸਿੱਧ ਹੈਰੀਟੇਜ ਸਾਈਟਸ ਵਿਸ਼ੇ ਦੀ ਪੜਚੋਲ ਕੀਤੀ, ਜਦਕਿ ਕਲਾਸ ਛੇਵੀਂ ਤੋਂ ਅੱਠਵੀਂ ਦੇ ਸਿਖਿਆਰਥੀਆਂ ਨੇ ਕਲਾਈਮੇਟ ਚੇਂਜ ਸੇਵਿੰਗ ਦ ਪਲੈਨੇਟ ਵਿਸ਼ੇ ਨੂੰ ਸਮਝਿਆ। ਵਿਦਿਆਰਥੀਆਂ ਨੂੰ ਮੈਟਾਵਰਸਿਸ ਦੇ ਮੂਲ ਤੱਤਾਂ — ਔਗੂਮੈਂਟ ਰਿਐਲਿਟੀ ਵਰਚੁਅਲ ਰਿਐਲਿਟੀ ਐਂਡ ਆਰਟੀਫਿਸ਼ਅਲ ਇੰਟੈਲੀਜਸ ਬਾਰੇ ਸਮਝ ਪ੍ਰਦਾਨ ਕੀਤੀ। ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ ਅਤੇ ਇਮਰਸਿਵ ਵਾਤਾਵਰਣ ਦਾ ਪੂਰੀ ਤਰ੍ਹਾਂ ਆਨੰਦ ਮਾਣਿਆ।



## ਸੇਵਾ-ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ

**ਮੋਹਤੀਆਣਾ (ਜਗਤਾਰ ਸਿੰਘ ਝੁੰਗਰਾਲੀ)**- ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਨਗਰ ਨਿਗਮ ਹੁਸ਼ਿਆਰਪੁਰ ਦੇ ਮੀਟਿੰਗ ਹਾਲ ਵਿਚ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਧ ਚੜ੍ਹ ਕੇ ਸੇਵਾ ਮੁਕਤ ਕਰਮਚਾਰੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਕਾਰਵਾਈ ਸੰਜੀਵ ਅਰੋੜਾ ਸਰਪ੍ਰਸਤ ਵਲੋਂ ਕੀਤੀ ਗਈ। ਬਾਕੀ ਬੁਲਾਰੇ ਅਤੇ ਕੁਲਵੰਤ ਸਿੰਘ ਸੈਣੀ ਚੇਅਰਮੈਨ ਵਲੋਂ ਸਰਕਾਰ ਖਿਲਾਫ ਬੋਲਦਿਆ ਕਿਹਾ ਗਿਆ, ਇਹ ਸਰਕਾਰ ਜਦ ਦੀ ਆਈ ਹੈ, ਜਿਹਨਾਂ ਮੁੱਦਿਆ ਉਪਰ ਇਹ ਆਈ ਹੈ ਉਹਨਾਂ ਮੁੱਦਿਆ ਤੋਂ ਭਟਕ ਗਈ ਹੈ, ਕਿਉਂਕਿ ਪਹਿਲਾ ਮੁੱਦਾ ਕੱਚੇ ਮੁਲਾਜਮਾਂ ਨੂੰ ਪੱਕਾ ਕਰਨਾ, ਪੱਕੇ ਮੁਲਾਜਮਾਂ ਦੇ ਸਾਰੇ ਹੱਕ ਦੇਣੇ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਨੀਆਂ ਜੋ ਮੁੱਖ ਸਨ, ਪਰ ਇਹਨਾਂ ਨੇ ਕੱਚੇ ਮੁਲਾਜਮਾਂ ਦੀ ਕੋਈ ਸਾਰ ਨਹੀਂ ਲਈ। ਪੱਕੇ ਮੁਲਾਜਮ ਜਿਹਨਾਂ ਦਾ ਮਹਿੰਗਾਈ ਭੱਤਾ ਵੀ ਬਕਾਇਆ ਰੁੱਕਿਆ ਹੈ ਅਤੇ ਡੀ.ਏ ਜੋ ਕਿ 16 ਪ੍ਰਤੀਸ਼ਤ ਘੱਟ ਦੇ ਰਹੀ ਹੈ ਉਹ ਦੀਵਾਲੀ ਉਪਰ ਵੀ ਕੋਈ ਕਿਸ਼ਤ ਨਾ ਦੇ ਕੇ ਮੁਲਾਜਮਾਂ ਪ੍ਰਤੀ ਆਪਣਾ ਵਤੀਰਾ ਜ਼ਾਹਿਰ ਕੀਤਾ ਹੈ। ਵੱਖ ਵੱਖ ਬੁਲਾਰਿਆਂ ਵਲੋਂ ਸਰਕਾਰ ਦੀ ਅਤੇ ਨਗਰ ਨਿਗਮ ਹੁਸ਼ਿਆਰਪੁਰ ਦੇ ਅਫਸਰ ਸਾਹਿਬਾਨ ਜਿਹਨਾਂ ਨੂੰ ਅਸੀਂ ਤਨਖਾਹ ਵਧਾਉਣ ਨੂੰ ਕਹਿੰਦੇ ਹਾਂ ਉਹਨਾਂ ਨੇ ਡਾਟਾ ਐਂਟਰੀ ਅਪਰੇਟਰਾਂ ਦੀ ਤਨਖਾਹ ਘੱਟ ਕਰ ਦਿੱਤੀ ਜੋ ਕਿ ਬਹੁਤ ਨਿੰਦਣਯੋਗ ਹੈ। ਉਹਨਾਂ ਨੂੰ ਪੂਰੀ ਤਨਖਾਹ ਨਾ ਦਿੱਤੀ ਗਈ ਤਾਂ ਰਿਟਾਇਰ ਯੂਨੀਅਨ ਮੁਲਾਜਮਾਂ ਨੂੰ ਨਾਲ ਲੈ ਕੇ ਸੰਘਰਸ਼ ਕਰੇਗੀ, ਜਿਸ ਦੀ ਜ਼ਿੰਮੇਵਾਰੀ ਲੋਕਲ ਪ੍ਰਸ਼ਾਸਨ ਦੀ ਹੋਵੇਗੀ। ਇਸ ਗੱਲ ਦਾ ਭਾਰੀ ਰੋਸ ਕਰਦਿਆਂ ਕੁਲਵੰਤ ਸਿੰਘ ਸੈਣੀ ਨੇ ਦੱਸਿਆ ਅਤੇ ਉਹਨਾਂ ਨੇ ਇਹ ਵੀ ਕਿਹਾ ਕਿ ਮਿਤੀ 15 ਦਸੰਬਰ ਨੂੰ ਸਬ ਕਮੇਟੀ ਮੁਲਾਜਮਾਂ ਦੀਆਂ ਮੰਗਾਂ ਸਬੰਧੀ ਬਣਾਈ ਗਈ ਹੈ ਉਸ ਦੇ ਵਿੱਚ ਵੀ ਇੱਥੇ ਦੇ ਅਫਸਰਾਂ ਦੀ ਅਤੇ ਕੌਂਸਲਰਾਂ ਦੀ ਜੋ ਮੁਲਾਜਮਾਂ ਦੇ ਖਿਲਾਫ ਚੱਲਦੇ ਹਨ ਉਹਨਾਂ ਦੀ ਵੀ ਗੱਲ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਕੇਵਲ ਲਾਲ ਹੀਰ, ਦਸ਼ਰਤ ਲਾਲ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਸੀਤਾ ਰਾਮ, ਮਦਨ ਲਾਲ, ਅਸ਼ਵਨੀ ਸ਼ਰਮਾ ਜੇ.ਈ, ਸੁਰਜੀਤ ਬਹਿਲ, ਸੁਰਿੰਦਰ ਕੁਮਾਰ, ਅਵਤਾਰ ਸਿੰਘ, ਏ.ਡੀ.ਐਫ.ਓ, ਅਸ਼ਵਨੀ ਐਸ.ਡੀ.ਓ ਆਦਿ ਸ਼ਾਮਿਲ ਸਨ।



## ਸਰਕਾਰ ਨੂੰ ਪੰਜਾਬ 'ਚ ਵਿਗੜਦੀ ਕਾਨੂੰਨ ਵਿਵਸਥਾ ਨੂੰ ਰੋਕਣਾ ਚਾਹੀਦਾ : ਰਮਨ ਨਹਿਰਾ

**ਫਗਵਾੜਾ (ਡਾ. ਰਮਨ)**- ਅੰਮ੍ਰਿਤਸਰ ਦੇ ਸਕੂਲਾਂ ਨੂੰ ਮਿਲੀਆਂ ਧਮਕੀਆਂ ਨੇ ਇੱਕ ਵਾਰ ਫਿਰ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਉਜਾਗਰ ਕਰ ਦਿੱਤਾ ਹੈ। ਹਿਊਮਨ ਰਾਇਟ ਕੌਂਸਲ ਇੰਡੀਆ, ਐਂਟੀ ਕੁਰਪੱਸ਼ਨ ਸੈਲ ਦੇ ਪੰਜਾਬ ਮੁਖੀ ਰਮਨ ਨਹਿਰਾ ਨੇ ਇੱਕ ਪ੍ਰੈਸ ਬਿਆਨ ਵਿੱਚ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਰੋਜ਼ਾਨਾ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਦੀਆਂ ਰਿਪੋਰਟਾਂ ਆ ਰਹੀਆਂ ਹਨ। ਹਰ ਪਾਸੇ ਗੋਲੀਬਾਰੀ ਦੀਆਂ ਘਟਨਾਵਾਂ ਆਮ ਹੋ ਰਹੀਆਂ ਹਨ ਅਤੇ ਅੰਮ੍ਰਿਤਸਰ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਰਸਾਉਂਦੀ ਹੈ ਕਿ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ ਅਤੇ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਉਨ੍ਹਾਂ ਨੂੰ ਕਾਬੂ ਕਰਨ ਵਿੱਚ ਅਸਫਲ ਹੋ ਰਿਹਾ ਹੈ। ਰਮਨ ਨਹਿਰਾ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇੱਥੇ ਵਿਗੜਦੀ ਕਾਨੂੰਨ ਵਿਵਸਥਾ ਦੇ ਨਤੀਜੇ ਪੂਰੇ ਦੇਸ਼ ਨੂੰ ਭੁਗਤਣੇ ਪੈ ਸਕਦੇ ਹਨ। ਉਨ੍ਹਾਂ ਕਿਹਾ ਕਿ 1980 ਅਤੇ 1990 ਦੇ ਦਹਾਕੇ ਵਿੱਚ ਪੰਜਾਬ ਨੂੰ ਅੱਤਵਾਦ ਦਾ ਜੋ ਸਦਮਾ ਸਹਿਣਾ ਪਿਆ ਸੀ, ਉਸਨੂੰ ਦੁਹਰਾਇਆ ਨਹੀਂ ਜਾਣਾ ਚਾਹੀਦਾ। ਇਸ ਲਈ, ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਪੰਜਾਬ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਆਮ ਜਨਤਾ ਦਾ ਵਿਸ਼ਵਾਸ ਬਰਕਰਾਰ ਰਹੇ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ : ਐੱਸ ਐੱਸ ਪੀ

**ਕਪੂਰਥਲਾ (ਮਨਜੀਤ ਮਾਨ)**- ਐਸ ਐਸ ਪੀ ਕਪੂਰਥਲਾ ਗੌਰਵ ਤੂਰਾ ਨੇ ਕਿਹਾ ਕਿ ਕਪੂਰਥਲਾ ਜ਼ਿਲ੍ਹੇ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਪਿੰਡ ਢਪਈ ਵਿਖੇ ਫਲੈਗ ਮਾਰਚ ਦੌਰਾਨ ਉਨ੍ਹਾਂ ਕਿਹਾ ਕਿ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਦੇ 10 ਜ਼ੋਨਾਂ ਤੇ ਬਲਾਕ ਸੰਮਤੀ ਦੇ 88 ਜ਼ੋਨਾਂ ਲਈ ਕਪੂਰਥਲਾ ਪੁਲਸ ਵੱਲੋਂ ਢੁਕਵੀ ਗਿਣਤੀ ਵਿੱਚ ਫੋਰਸ ਤਾਇਨਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉੱਚ ਅਧਿਕਾਰੀਆਂ ਤੋਂ ਇਲਾਵਾ 1800 ਪੁਲਸ ਕਰਮੀ 661 ਪੋਲਿੰਗ ਬੂਥਾਂ ਉਪਰ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ ਹਰੇਕ 20 ਪਿੰਡਾਂ ਲਈ ਵਿਸ਼ੇਸ਼ ਗਸ਼ਤ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਕਿ ਲਗਾਤਾਰ ਗਸ਼ਤ ਕਰਕੇ ਸਥਿਤੀ ਉਪਰ ਨਜ਼ਰ ਰੱਖਣਗੀਆਂ। ਤੂਰਾ ਨੇ ਕਿਹਾ ਕਿ ਚੋਣਾਂ ਦੌਰਾਨ ਕਿਸੇ ਵੀ ਸ਼ਰਾਰਤੀ ਅਨਸਰ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਇਸ ਤੋਂ ਇਲਾਵਾ ਸੰਵੇਦਨਸ਼ੀਲ ਤੇ ਅਤਿ ਸੰਵੇਦਨਸ਼ੀਲ ਬੂਥਾਂ ਲਈ ਫੋਰਸ ਦੀ ਵਾਧੂ ਨਫਰੀ ਤਾਇਨਾਤ ਕੀਤੀ ਗਈ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹਕੇ ਆਪਣੇ ਜਮਹੂਰੀ ਹੱਕ ਦੀ ਬਿਨਾਂ ਕਿਸੇ ਭੈਅ ਦੇ ਵਰਤੋਂ ਕਰਨ।



## ਜ਼ਿਲ੍ਹੇ ਦੇ ਸਾਰੇ ਆਂਗਣਵਾੜੀ ਕੇਂਦਰਾਂ 'ਚ ਮਨਾਇਆ ਈ ਸੀ ਸੀ ਈ ਦਿਵਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ੁੱਕਰਵਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਬਲਾਕਾਂ ਦੇ ਆਂਗਣਵਾੜੀ ਕੇਂਦਰਾਂ ਵਿੱਚ ਈ.ਸੀ.ਸੀ.ਈ (ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ) ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਰਾਕੇਟ ਲਰਨਿੰਗ ਫਾਊਂਡੇਸ਼ਨ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਸਹਾਇਤਾ ਪ੍ਰਦਾਨ ਕੀਤੀ।ਈ.ਸੀ.ਸੀ.ਈ ਦਿਵਸ ਦੇ ਮੌਕੇ ਵੱਖ-ਵੱਖ ਆਂਗਣਵਾੜੀ ਕੇਂਦਰਾਂ ਵਿੱਚ ਛੋਟੇ ਬੱਚਿਆਂ ਲਈ ਵਿੱਦਿਅਕ ਅਤੇ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੇਂਟਿੰਗ ਮੁਕਾਬਲੇ, ਕਵਿਤਾ ਪਾਠ, ਕਹਾਣੀ ਸੁਣਾਉਣ, ਖੇਡਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਸ਼ਾਮਿਲ ਸਨ। ਬੱਚਿਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਪ੍ਰੋਗਰਾਮ ਦੌਰਾਨ ਆਂਗਨਵਾੜੀ ਵਰਕਰਾਂ ਨੇ ਮੌਜੂਦ ਮਾਵਾਂ ਨੂੰ ਬਾਲ ਸਿਹਤ, ਪੋਸ਼ਣ, ਸਫਾਈ ਅਤੇ ਟੀਕਾਕਰਨ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ। ਗਰਭਵਤੀ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਸਹੀ ਪੋਸ਼ਣ, ਨਿਯਮਿਤ ਸਿਹਤ ਜਾਂਚ ਅਤੇ ਆਇਰਨ ਅਤੇ ਫੋਲਿਕ ਐਸਿਡ ਪੂਰਕਾਂ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ।ਇਸ ਮੌਕੇ ਸਿਹਤ ਵਿਭਾਗ ਦੀ ਟੀਮ ਨੇ ਮਾਵਾਂ ਅਤੇ ਬੱਚਿਆਂ ਦੀ ਸਿਹਤ ਜਾਂਚ ਕਰਨ ਲਈ ਆਂਗਣਵਾੜੀ ਕੇਂਦਰਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੂੰ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਅਪਣਾਉਣ ਲਈ ਉਤਸ਼ਾਹਿਤ ਕੀਤਾ।



## ਬਠਿੰਡਾ ਥਰਮਲ ਕਲੋਨੀ ਦੀ ਜ਼ਮੀਨ ਵੇਚਣ ਦੇ ਕੀਤੇ ਫੈਸਲੇ ਵਿਰੁੱਧ ਸਰਕਾਰ ਦੀ ਨਿਖੇਧੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਅਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟ੍ਰਾਂਸਕੋ ਆਊਟਸੋਰਸਡ ਮੁਲਾਜ਼ਮ ਪੰਜਾਬ ਵੱਲੋਂ ਬਠਿੰਡਾ ਥਰਮਲ ਕਲੋਨੀ ਦੀ ਜ਼ਮੀਨ ਵੇਚਣ ਦੇ ਕੀਤੇ ਫੈਸਲੇ ਵਿਰੁੱਧ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜਨ ਦਾ ਐਲਾਨ ਕੀਤਾ ਗਿਆ। ਟੈਕਨੀਕਲ ਸਰਵਿਸਜ਼ ਯੂਨੀਅਨ ਮੋਹਾਲੀ ਤੋਂ ਸਰਕਲ ਪ੍ਰਧਾਨ ਗੁਰਬਖਸ਼ ਸਿੰਘ, ਮੁੱਖ ਸਲਾਹਕਾਰ ਲੱਖਾ ਸਿੰਘ, ਕਾਨੂੰਨੀ ਸਲਾਹਕਾਰ ਜਤਿੰਦਰ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਪ੍ਰਧਾਨ ਵਿਜੇ ਕੁਮਾਰ, ਡਵੀਜ਼ਨ ਪ੍ਰਧਾਨ ਜ਼ੋਰਾਵਰ ਸਿੰਘ ਨੇ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਬਠਿੰਡਾ ਥਰਮਲ ਕਲੋਨੀ ਦੀ ਜ਼ਮੀਨ ਵੇਚਣ ਦੇ ਕੀਤੇ ਫੈਸਲੇ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਸਬ ਡਵੀਜ਼ਨ/ਡਵੀਜ਼ਨ ਪੱਧਰ ਤੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਵਿਰੋਧ ਵਿੱਚ ਰੈਲੀਆਂ ਕਰਕੇ ਅਰਥੀਆਂ ਸਾੜਨ ਦਾ ਫੈਸਲਾ ਕੀਤਾ। ਆਗੂਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਾਮਰਾਜੀ ਦਿਸ਼ਾਂ ਨਿਰਦੇਸ਼ਾਂ ਤਹਿਤ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਬਿਜਲੀ ਐਕਟ 2003 ਵਿੱਚ ਲਗਾਤਾਰ ਸੋਧਾਂ ਕਰਦਿਆਂ ਹੁਣ ਬਿਜਲੀ ਸੋਧ ਬਿੱਲ 2025 ਨੂੰ ਪਾਸ ਕਰਕੇ ਬਿਜਲੀ ਖੇਤਰ ਦਾ ਮੁਕੰਮਲ ਰੂਪ ਵਿੱਚ ਨਿੱਜੀਕਰਨ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਵੀ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਵੇਚਣ ਦੇ ਫੈਸਲੇ ਇਸੇ ਨੀਤੀ ਤਹਿਤ ਹੀ ਕੀਤੇ ਜਾ ਰਹੇ ਹਨ।ਕਿਸਾਨਾਂ ਵਿਰੋਧੀ ਕੇਂਦਰ ਵੱਲੋਂ ਲਿਆਂਦੇ ਗਏ ਸੀਡ ਬਿੱਲ 2025 ਨੂੰ ਰੱਦ ਕਰਾਉਣ ਲਈ ਅਤੇ ਕਿਰਤ ਕਾਨੂੰਨਾਂ ਨੂੰ ਬਹਾਲ ਕਰਵਾਉਣ ਲਈ ਬੁਲਾਰਿਆਂ ਨੇ ਜ਼ੋਰ ਦਿੱਤਾ। ਲੋਕ ਵਿਰੋਧੀ ਨਿੱਜੀਕਰਨ ਦੀ ਨੀਤੀ ਲਾਗੂ ਕਰਨ ਲਈ ਸਾਰੀਆਂ ਹਾਕਮ ਜਮਾਤੀ ਪਾਰਲੀਮਾਨੀ ਪਾਰਟੀਆਂ ਇਕਮੱਤ ਹਨ। ਇਹਨਾਂ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਬਿਜਲੀ ਐਕਟ 2003 ਅਤੇ 2025 ਲਾਗੂ ਕਰਦਿਆਂ ਬਿਜਲੀ ਕਾਰਪੋਰੇਸ਼ਨ ਦੇ ਨਿਜੀਕਰਨ ਦਾ ਹੱਲ ਤੇਜ਼ ਕੀਤਾ ਹੋਇਆ ਹੈ। ਆਗੂਆਂ ਨੇ ਪੰਜਾਬ ਦੇ ਸਮੂਹ ਕਿਸਾਨਾਂ ਮਜ਼ਦੂਰਾਂ, ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਨ ਦੇ ਇਸ ਤਬਾਹਕੁੰਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ, ਲੰਬੇ ਅਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ। ਉਨ੍ਹਾਂ ਦੋਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਨਿੱਜੀਕਰਣ ਦੀ ਲੋੜ ਵਜੋਂ ਲਏ ਜਾ ਰਹੇ ਇਹ ਕਦਮ ਬੜੇ ਸਾਜਸ਼ੀ ਅਤੇ ਧੋਖੇ ਭਰੇ ਢੰਗ ਤਰੀਕੇ ਨਾਲ ਲਏ ਜਾ ਰਹੇ ਹਨ। ਜਿਸ ਨੂੰ ਅਸਫਲ ਬਣਾ ਕੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਸਫ਼ਲ ਬਣਾਉਣ ਦੀ ਲੋੜ ਹੈ। ਇਸ ਹਾਲਤ ਵਿੱਚ ਸਭ ਤੋਂ ਪਹਿਲੀ ਲੋੜ ਵੱਖ ਵੱਖ ਜਥੇਬੰਦੀਆਂ ਵਿੱਚ ਵੰਡੇ ਹੋਏ ਬਿਜਲੀ ਮੁਲਾਜ਼ਮਾਂ ਨੂੰ ਤੇ ਭਰਾਤਰੀ ਜਥੇਬੰਦੀਆਂ ਨੂੰ ਇੱਕ ਸਾਂਝੇ ਸੰਘਰਸ਼ ਦੇ ਪਲੇਟਫਾਰਮ 'ਤੇ ਇਕੱਠੇ ਕਰਨ ਦੀ ਅਹਿਮ ਲੋੜ ਹੈ। ਜਗਦੀਪ ਸਿੰਘ, ਹਰਬੰਸ ਸਿੰਘ, ਗੁਰਮੀਤ ਸਿੰਘ, ਬਿਕਰਮ ਸਿੰਘ, ਅਜੀਤ ਸਿੰਘ, ਜਗਜੀਤ ਸਿੰਘ, ਹਰਜੀਤ ਸਿੰਘ, ਸੌਦਾਗਰ ਸਿੰਘ, ਪਰਮਜੀਤ ਸਿੰਘ, ਐਸ.ਸੀ.ਓ. ਸੰਦੀਪ ਨਾਗਪਾਲ, ਸੋਹਣ ਸਿੰਘ, ਸਤਵੰਤ ਸਿੰਘ, ਸੁਰਿੰਦਰ ਮੱਲ੍ਹੀ, ਸੀ.ਐਚ.ਬੀ. ਠੇਕਾ ਕਾਮਿਆਂ ਦੀ ਜੱਥੇਬੰਦੀ ਆਗੂ ਏਕਮ ਸਿੱਧੂ ਅਤੇ ਸਰਕਲ ਸਕੱਤਰ ਵੱਲੋਂ ਸੰਬੋਧਨ ਕਰਦੇ ਹੋਏ ਸਰਕਾਰ ਨੂੰ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ ਗਈ।



## ਚੋਣ ਅਬਜ਼ਰਵਰ ਵੱਲੋਂ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਲਈ ਤਿਆਰੀਆਂ ਦਾ ਜਾਇਜ਼ਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਚਾਇਤ ਸੰਮਤੀਆਂ ਦੀਆਂ ਚੋਣਾਂ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਚੋਣ ਅਬਜ਼ਰਵਰ ਅਮ੍ਰਿਤ ਸਿੰਘ, ਡਾਇਰੈਕਟਰ, ਰੋਜ਼ਗਾਰ ਉਤਪਤੀ, ਸਿਖਲਾਈ ਅਤੇ ਕੌਸ਼ਲ ਵਿਕਾਸ, ਪੰਜਾਬ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਚੋਣ ਤਿਆਰੀਆਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ। ਉਨ੍ਹਾਂ ਨੇ ਖਰੜ, ਮਾਜਰੀ ਅਤੇ ਡੇਰਾਬੱਸੀ ਦੀਆਂ ਪੰਚਾਇਤ ਸੰਮਤੀਆਂ ਦੇ 52 ਜ਼ੋਨਾਂ ਵਿੱਚ 14 ਦਸੰਬਰ ਨੂੰ ਚੋਣਾਂ ਨੂੰ ਬਿਲਕੁਲ ਨਿਰਪੱਖ, ਸੁਤੰਤਰ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਦੀ ਹਦਾਇਤ ਦਿੱਤੀ। ਗਿਣਤੀ ਲਈ ਡਿਊਟੀ 'ਤੇ ਤੈਨਾਤ ਮਾਇਕਰੋ ਅਬਜ਼ਰਵਰਜ਼ ਨਾਲ ਵੱਖਰੀ ਮੀਟਿੰਗ ਦੌਰਾਨ, ਉਨ੍ਹਾਂ ਨੇ ਦੱਸਿਆ ਕਿ ਗਿਣਤੀ 17 ਦਸੰਬਰ 2025 ਨੂੰ ਹੋਵੇਗੀ, ਜਿਸ ਵਿੱਚੋਂ ਖਰੜ ਅਤੇ ਮਾਜਰੀ ਪੰਚਾਇਤ ਸੰਮਤੀਆਂ ਦੀ ਗਿਣਤੀ ਸਰਕਾਰੀ ਬਹੁਤਕਨੀਕੀ ਕਾਲਜ, ਖੂਨੀਮਾਜਰਾ, ਜਦਕਿ ਡੇਰਾਬੱਸੀ ਦੀ ਗਿਣਤੀ ਸਰਕਾਰੀ ਕਾਲਜ, ਡੇਰਾਬੱਸੀ ਵਿੱਚ ਕੀਤੀ ਜਾਵੇਗੀ।



## ਡੇਂਗੂ ਦੇ ਮਾਮਲੇ 85 ਫ਼ੀਸਦੀ ਘਟੇ : ਸਿਵਲ ਸਰਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਜ਼ਿਲ੍ਹੇ ਵਿਚ ਡੇਂਗੂ ਬੁਖ਼ਾਰ ਦੇ ਮਾਮਲੇ ਲਗਭਗ 85 ਫ਼ੀਸਦੀ ਘਟੇ ਹਨ, ਜੋ ਸਿਹਤ ਵਿਭਾਗ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਇਸ ਮਾਰੂ ਬੀਮਾਰੀ ਤੋਂ ਬਚਾਉਣ ਲਈ ਲਗਾਤਾਰ ਕੀਤੀਆਂ ਗਈਆਂ ਵਿਆਪਕ ਸਰਗਰਮੀਆਂ ਦਾ ਨਤੀਜਾ ਹੈ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੇ ਤਮਾਮ ਸੀਨੀਅਰ ਅਧਿਕਾਰੀਆਂ ਸਮੇਤ ਸਿਹਤ ਕਾਮਿਆਂ, ਨਰਸਿੰਗ ਵਿਦਿਆਰਥੀਆਂ ਸਮੇਤ ਸਮੁੱਚੀ ਸਿਹਤ ਟੀਮ ਦੇ ਸਾਂਝੇ ਯਤਨਾਂ ਸਦਕਾ ਇਹ ਸੰਭਵ ਹੋਇਆ ਹੈ।ਵੇਰਵੇ ਸਾਂਝੇ ਕਰਦਿਆਂ ਡਾ. ਸੰਗੀਤਾ ਜੈਨ ਨੇ ਦਸਿਆ ਕਿ ਪਿਛਲੇ ਸਾਲ ਦਸੰਬਰ ਮਹੀਨੇ ਤਕ ਜ਼ਿਲ੍ਹੇ ਵਿਚ ਡੇਂਗੂ ਦੇ 1530 ਮਾਮਲੇ ਦਰਜ ਸਨ ਜਦਕਿ ਇਸ ਵਾਰ ਹੁਣ ਤਕ 213 ਮਾਮਲੇ ਦਰਜ ਹੋਏ ਹਨ। ਇਸੇ ਤਰ੍ਹਾਂ ਸਾਲ 2023 ਵਿਚ ਹੁਣ ਤਕ 1325 ਤੇ 2022 ਵਿਚ 1831 ਮਾਮਲੇ ਸਾਹਮਣੇ ਆਏ ਸਨ।

## ਹੁਸ਼ਿਆਰਪੁਰ 'ਚ 20 ਨੂੰ ਕੱਢਿਆ ਜਾਵੇਗਾ ਤ੍ਰਿਸ਼ੂਲ ਮਾਰਚ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਹਿੰਦੂ ਸਮਾਜ ਦੀਆਂ ਮੰਗੀਆਂ ਜਾ ਰਹੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦੇ ਰੋਸ ਵਜੋਂ ਕੁੰਭਕਰਨੀ ਨੀਂਦ ਸੁੱਤੀ ਪਈ ਮਾਨ ਸਰਕਾਰ ਨੂੰ ਜਗਾਉਣ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਦੇ ਦਿਸ਼ਾ ਨਿਰਦੇਸ਼ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ 20 ਦਸੰਬਰ ਨੂੰ ਹੁਸ਼ਿਆਰਪੁਰ ਵਿਖੇ ਕੱਢੇ ਜਾ ਰਹੇ ਤ੍ਰਿਸ਼ੂਲ ਮਾਰਚ ਸਬੰਧੀ ਸ਼ਿਵ ਸੈਨਾ ਦਫ਼ਤਰ ਟਾਂਡਾ ਵਿਖੇ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਚ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਵੱਖ-ਵੱਖ ਸੰਗਠਨਾਂ ਅਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ 20 ਦਸੰਬਰ ਨੂੰ ਹੁਸ਼ਿਆਰਪੁਰ ਵਿਖੇ ਵੱਡੇ ਪੱਧਰ ਤੇ ਤ੍ਰਿਸ਼ੂਲ ਮਾਰਚ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਕਿ ਇਸ ਤ੍ਰਿਸ਼ੂਲ ਮਾਰਚ ਵਿੱਚ ਹਰ ਜ਼ਿਲ੍ਹੇ ਦੇ ਡੀ.ਸੀ ਨੂੰ ਮਿਲ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ ਹਿੰਦੂ ਸਮਾਜ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਕਿਹਾ ਕਿ 1984 ਦੇ ਦੰਗਾ ਪੀੜਤਾਂ ਦੌਰਾਨ ਸ਼ਹੀਦ ਹੋਏ 35 ਹਜ਼ਾਰ ਮਾਸੂਮ ਹਿੰਦੂ ਪੀੜਤਾਂ ਲਈ 781 ਕਰੋੜ ਰੁਪਏ ਦੇ ਪੈਕਜ ਅਤੇ ਉਨ੍ਹਾਂ ਨੂੰ ਇਨਸਾਫ ਦੇਣ ਦੀ ਮੰਗ ਨੂੰ ਅੱਜ ਤੱਕ ਪੰਜਾਬ ਦੀ ਹਰ ਸਰਕਾਰ ਅਨਗੌਲਿਆ ਕਰਦੀਆਂ ਆ ਰਹੀਆਂ ਹਨ। ਇਸ ਮੌਕੇ ਤੇ ਹਾਜ਼ਰ ਵਿਵੇਕ ਵਿਜਨ, ਪ੍ਰਸ਼ਾਂਤ ਪੰਡਿਤ, ਪੁਨੀਤ ਢੀਂਗਰਾ, ਰਾਜੂ ਖੌਸਲਾ, ਪੰਡਿਤ ਮਿਥਲੇਸ਼ ਗਰਗ, ਸੰਜੀਵ ਖੰਨਾ, ਗੌਰਵ ਬੇਦੀ, ਰਜੀਵ ਖੰਨਾ, ਗੁਰਨਾਮ ਸਿੰਘ ਗੋਨੀ, ਹਰਦੀਪ ਸਿੰਘ, ਪਰਮਜੀਤ ਸਿੰਘ, ਬਬਲੂ ਕੁਮਾਰ, ਮਨਜੋਤ ਸਿੰਘ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਪ੍ਰਧਾਨ ਰਾਹੁਲ ਖੰਨਾ ਨੂੰ ਇਸ ਤ੍ਰਿਸ਼ੂਲ ਮਾਰਚ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਣ ਦਾ ਭਰੋਸਾ ਦਿੱਤਾ।



## ਸਾਈਬਰ ਅਪਰਾਧਾਂ ਦੀ ਰੋਕਥਾਮ 'ਤੇ ਸੈਮੀਨਾਰ ਕਰਵਾਇਆ

**ਡੇਰਾਬਾਸੀ (ਵਿਨੈ ਕੁਮਾਰ ਜੈਨ)**- ਸ੍ਰੀ ਸੁਖਮਨੀ ਡੈਂਟਲ ਕਾਲਜ ਅਤੇ ਹਸਪਤਾਲ, ਡੇਰਾਬਾਸੀ ਨੇ ਸਾਈਬਰ ਅਪਰਾਧਾਂ ਦੀ ਰੋਕਥਾਮ 'ਤੇ ਇੱਕ ਗਿਆਨਵਾਨ ਸੈਮੀਨਾਰ ਦਾ ਸਫਲਤਾਪੂਰਵਕ ਆਯੋਜਨ ਕੀਤਾ, ਜੋ ਕਿ ਚੇਅਰਮੈਨ ਐੱਸ ਐੱਸ ਜੀ ਆਈ ਕੰਵਲਜੀਤ ਸਿੰਘ ਅਤੇ ਡਾਇਰੈਕਟਰ ਐੱਸ ਐੱਸ ਜੀ ਆਈ ਦਮਨਜੀਤ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਸ੍ਰੀ ਸੁਖਮਨੀ ਡੈਂਟਲ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਡਾ. ਰਮਨਦੀਪ ਕੌਰ ਨੇ ਮਾਣਯੋਗ ਮਹਿਮਾਨ ਬੁਲਾਰੇ ਡਾ. ਮਨੋਜ ਗੋਰਸੀ, ਪੁਲਸ ਸੁਪਰਡੈਂਟ, ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ, ਪੰਜਾਬ ਪੁਲਸ ਦਾ ਨਿੱਘਾ ਸਵਾਗਤ ਕੀਤਾ। ਡਾ. ਗੋਰਸੀ, ਜਿਨ੍ਹਾਂ ਕੋਲ ਪੀ ਪੀ ਐੱਸ, ਪੀ ਐੱਚ ਡੀ ਅਤੇ ਐੱਮ ਬੀਏ ਸਮੇਤ ਵਿਸ਼ੇਸ਼ ਯੋਗਤਾਵਾਂ ਹਨ, ਨੇ ਸਾਈਬਰ ਖਤਰਿਆਂ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਦ੍ਰਿਸ਼ ਨੂੰ ਸੰਬੋਧਿਤ ਕਰਦੇ ਹੋਏ ਇੱਕ ਦਿਲਚਸਪ ਅਤੇ ਬਹੁਤ ਜਾਣਕਾਰੀ ਭਰਪੂਰ ਸੈਸ਼ਨ ਦਿੱਤਾ। ਆਪਣੇ ਸੰਬੋਧਨ ਵਿੱਚ ਡਾ. ਗੋਰਸੀ ਨੇ ਸਾਈਬਰ ਅਪਰਾਧਾਂ ਦੇ ਵੱਖ-ਵੱਖ ਰੂਪਾਂ 'ਤੇ ਚਾਨਣਾ ਪਾਇਆ, ਅਸਲ-ਜੀਵਨ ਦੇ ਕੇਸ ਅਧਿਐਨ ਸਾਂਝੇ ਕੀਤੇ, ਅਤੇ ਵਿਹਾਰਕ ਸੁਰੱਖਿਆ ਉਪਾਅ ਪ੍ਰਦਾਨ ਕੀਤੇ ਜੋ ਵਿਅਕਤੀ ਅਤੇ ਸੰਸਥਾਵਾਂ ਡਿਜੀਟਲ ਦੁਨੀਆ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਅਪਣਾ ਸਕਦੇ ਹਨ।ਸੈਮੀਨਾਰ ਵਿੱਚ ਰਸ਼ਪਾਲ ਸਿੰਘ ਮੁੱਖ ਪ੍ਰਸ਼ਾਸਕੀ ਅਧਿਕਾਰੀ ਐੱਸ ਐੱਸ ਜੀ ਆਈ, ਡਾ. ਜੀ. ਐਨ. ਵਰਮਾ, ਪ੍ਰਿੰਸੀਪਲ, ਐੱਸ ਐੱਸ ਆਈ ਈ ਟੀ, ਕਾਲਜ ਦੇ ਸਾਰੇ ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਅਤੇ ਸਟਾਫ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ। ਹਾਜ਼ਰੀਨ ਨੇ ਉਤਸ਼ਾਹ ਨਾਲ ਇੰਟਰਐਕਟਿਵ ਸੈਗਮੈਂਟ ਵਿੱਚ ਹਿੱਸਾ ਲਿਆ, ਡਿਜੀਟਲ ਸੁਰੱਖਿਆ, ਔਨਲਾਈਨ ਧੋਖਾਧੜੀ ਦੀ ਰੋਕਥਾਮ, ਅਤੇ ਸੁਰੱਖਿਅਤ ਇੰਟਰਨੈਟ ਅਭਿਆਸਾਂ ਨਾਲ ਸਬੰਧਤ ਸਵਾਲ ਉਠਾਏ।



## ਪ੍ਰਭ ਆਸਰਾ ਕੁਰਾਲੀ ਵਿਖੇ ਦਾਖਲ ਨਾਗਰਿਕ ਦੀ ਹਾਲਤ ਗੰਭੀਰ

**ਕੁਰਾਲੀ (ਮੋਹਣ ਅੱਗਰਵਾਲ)**- ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਿਸ ਨਾਗਰਿਕਾਂ ਦੀ ਸੇਵਾ-ਸੰਭਾਲ ਕਰ ਰਹੀ ਸੰਸਥਾ ਪ੍ਰਭ ਆਸਰਾ ਦੇ ਇੱਕ ਨਾਗਰਿਕ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ , ਜੋ ਕਿ ਪ੍ਰਭ ਆਸਰਾ ਦੇ ਚਨਾਲੋਂ (ਕੁਰਾਲੀ) ਵਿਖੇ ਸਥਿਤ ਮਲਟੀਸਪੈਸ਼ਲਟੀ ਚੈਰੀਟੇਬਲ ਹਸਪਤਾਲ ਦੇ ਆਈ. ਸੀ. ਯੂ. ਵਾਰਡ ਵਿੱਚ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਜੇਰੇ ਇਲਾਜ ਹਨ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਭੋਲਾ ਸਿੰਘ (ਉਮਰ 68 ਸਾਲ), ਲਗਭਗ 2 ਸਾਲ ਪਹਿਲਾਂ ਪਿੰਡ ਹਠੂਰ, ਲੁਧਿਆਣਾ ਦੀ ਪੰਚਾਇਤ ਵੱਲੋਂ ਇਨ੍ਹਾਂ ਨੂੰ ਬੇਸਹਾਰਾ, ਤਰਸਯੋਗ ਹਾਲਾਤ ਵਿੱਚ ਵੇਖਦਿਆਂ ਪ੍ਰਭ ਆਸਰਾ ਸੰਸਥਾ ਵਿਖੇ ਇਲਾਜ ਅਤੇ ਸੰਭਾਲ ਲਈ ਦਾਖਲ ਕਰਵਾਇਆ ਸੀ। ਸੰਸਥਾ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਵਿਅਕਤੀ ਇਨ੍ਹਾਂ ਨੂੰ ਜਾਣਦਾ ਹੋਵੇ ਜਾਂ ਇਨ੍ਹਾਂ ਦੇ ਰਿਸ਼ਤੇਦਾਰ ਹੋਣ, ਤਾਂ ਉਹ ਕਿਰਪਾ ਕਰਕੇ ਸੰਸਥਾ ਨਾਲ ਤੁਰੰਤ ਸੰਪਰਕ ਕਰ ਸਕਦੇ ਹਨ।



## ਕ੍ਰਿਸਮਸ ਮੌਕੇ ਮਹਿਤਪੁਰ 'ਚ ਸ਼ੋਭਾ ਯਾਤਰਾ ਕੱਢੀ

**ਮਹਿਤਪੁਰ (ਰਾਜਾ)**- ਪਾਸਟਰ ਐਸੋਸੀਏਸ਼ਨ ਵੈਲਫੇਅਰ ਸੋਸਾਇਟੀ ਮਹਿਤਪੁਰ ਅਤੇ ਮਸੀਹੀ ਨੌਜਵਾਨ ਸਭਾ ਮਹਿਤਪੁਰ ਵੱਲੋਂ ਕ੍ਰਿਸਮਿਸ ਦੇ ਮੌਕੇ ਸ਼ੋਭਾ ਯਾਤਰਾ ਕੱਢੀ ਗਈ। ਇਹ ਸ਼ੋਭਾ ਯਾਤਰਾ ਦਾਣਾ ਮੰਡੀ ਤੋਂ ਸ਼ੁਰੂ ਹੋ ਕੇ ਸਾਰੇ ਮਹਿਤਪੁਰ ਦੇ ਬਾਜ਼ਾਰ ਵਿੱਚ ਸਜਾਈ ਗਈ ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ ਤੇ ਭੰਗੜੇ ਪਾ ਕੇ ਖੁਸ਼ੀਆਂ ਮਨਾਈਆਂ, ਥਾਂ ਥਾਂ ਤੇ ਸੰਗਤਾਂ ਵੱਲੋਂ ਲੰਗਰ ਲਗਾਏ ਗਏ। ਸੋਭਾ ਯਾਤਰਾ ਵਿੱਚ ਜਲੰਧਰ, ਲੁਧਿਆਣਾ, ਸ਼ਾਹਕੋਟ, ਨਕੋਦਰ, ਮਹਿਤਪੁਰ ਤੋਂ ਪਾਸਟਰ ਪਹੁੰਚੇ। ਇਸ ਮੌਕੇ ਪਾਸਟਰ ਜੋਹਨ ਮਸੀਹ, ਪਾਸਟਰ ਬਲਰਾਜ, ਪਾਸਟਰ ਸੁਰਿੰਦਰ ਮਸੀਹ, ਪਾਸਟਰ ਨਿਰਮਲਜੀਤ, ਪਾਸਟਰ ਰਾਜੇਸ਼, ਪਾਸਟਰ ਬਚਨ, ਪਾਸਟਰ ਸੰਨੀ, ਪਾਸਟਰ ਵਿਲਸਨ ਜੋਹਨ, ਪਾਸਟਰ ਬਲਦੇਵ ਮਸੀਹ, ਪਾਸਟਰ ਸਤਪਾਲ, ਜੱਸੀ, ਜਸਵੀਰ, ਹੈਪੀ, ਕਰਮਜੀਤ, ਲਵ, ਪ੍ਰਿੰਸ, ਬਲਵੀਰ, ਗੁਰਜੀਤ, ਰਵੀ, ਵਿਕਾਸ ਭੱਟੀ ਤੇ ਹੋਰ ਭਾਰੀ ਗਿਣਤੀ ਵਿੱਚ ਹਾਜ਼ਰ ਸਨ।



## ਖੇਡਾਂ ਹੀ ਨੌਜਵਾਨ ਪੀੜੀ ਨੂੰ ਨਸ਼ਿਆ ਤੋਂ ਦੂਰ ਕਰ ਸਕਦੀਆਂ : ਰਜਿੰਦਰ ਮਾਰਸ਼ਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਦੇਸ਼ ਦੀ ਨੌਜਵਾਨ ਪੀੜੀ ਦਾ ਰੁਝਾਨ ਨਸ਼ਾ, ਬੁਰੀ ਸੰਗਤ ਅਤੇ ਲੜਾਈ ਝਗੜੇ ਵੱਲ ਵੱਧਦਾ ਜਾ ਰਿਹਾ ਹੈ ਜਿਸ ਤੇ ਰੋਕ ਲਗਾਉਣਾ ਬਹੁਤ ਜਰੂਰੀ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਅਤੇ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਕਰਦੇ ਹੋਏ ਕਿਹਾ ਕਿ ਨਸ਼ੇ ਜਿਹੇ ਕੋਹੜ ਅਤੇ ਲੁੱਟਾਂ ਖੋਹਾਂ ਜਿਹੀਆਂ ਬੁਰਾਈਆਂ ਵਿੱਚ ਗਰਤ ਹੋ ਰਹੇ ਨੌਜਵਾਨਾਂ ਨੂੰ ਸਹੀ ਰਸਤੇ ਤੇ ਲਿਆਉਣ ਲਈ ਹਰ ਸੰਸਥਾ ਨੂੰ ਖੇਡਾਂ ਦਾ ਆਯੋਜਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਖੇਡਾਂ ਵਿੱਚ ਹਿੱਸਾ ਲੈ ਕੇ ਨੌਜਵਾਨ ਪੀੜੀ ਬੁਰੀ ਸੰਗਤ ਤੋਂ ਦੂਰ ਰਹਿ ਸਕੇ। ਉਨ੍ਹਾਂ ਕਿਹਾ ਕਿ ਹਰ ਸਕੂਲ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਹਿੱਸਾ ਲੈਣ ਤੋਂ ਇਲਾਵਾ ਯੋਗ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਨਾਲ ਵਿਦਿਆਰਥੀ ਦਾ ਦਿਮਾਗ ਅਤੇ ਮਨ ਸ਼ਾਂਤ ਰਹਿਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਹਰ ਮਾਤਾ ਪਿਤਾ ਨੂੰ ਸਵੇਰੇ ਅਤੇ ਰਾਤ ਨੂੰ ਆਪਣਾ ਕੁਝ ਕੀਮਤੀ ਵਕਤ ਬੱਚਿਆਂ ਨਾਲ ਗੁਜ਼ਾਰਨ ਤੋਂ ਇਲਾਵਾ ਉਨ੍ਹਾਂ ਨੂੰ ਕਸਰਤ ਲਈ ਜਰੂਰ ਪ੍ਰੇਰਿਤ ਕਰਨ ਤਾਂ ਜੋ ਬੱਚਾ ਗਲਤ ਸੰਗਤ ਵਿੱਚ ਬੈਠਣ ਤੋਂ ਦੂਰ ਰਹਿ ਸਕ।



## ਪੰਜਾਬ ਪ੍ਰੈੱਸ ਕਲੱਬ ਦੀ ਚੋਣ ਲੜ ਰਹੇ ਉਮੀਦਵਾਰਾਂ ਨਾਲ ਚੋਣ ਅਧਿਕਾਰੀਆਂ ਦੀ ਮੀਟਿੰਗ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਦੇ ਕੰਪਨੀ ਬਾਗ ਚੌਕ ਵਿੱਚ ਸਥਿਤ ਪੰਜਾਬ ਕਲੱਬ ਦੀ ਚੋਣ ਹੋ ਜਾ ਰਹੀ ਹੈ ਜਿਸ ਦੇ ਸਬੰਧ ਵਿੱਚ ਚੋਣ ਕਰਵਾਉਣ ਵਾਲੇ ਇਲੈਕਸ਼ਨ ਅਧਿਕਾਰੀਆ ਨੇ ਇੱਥੇ ਚੋਣ ਦੇ ਵਿੱਚ ਹਿੱਸਾ ਲੈਣ ਲਈ ਪਹੁੰਚੇ ਉਮੀਦਵਾਰਾਂ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਚੋਣ ਅਧਿਕਾਰੀਆਂ ਵੱਲੋਂ ਕਲੱਬ ਦੀਆਂ ਚੋਣਾਂ ਲੜ ਰਹੇ ਉਮੀਦਵਾਰਾਂ ਨਾਲ ਅੱਜ ਇਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਕਲੱਬ ਦੇ ਚੋਣ ਅਧਿਕਾਰੀ ਡਾ. ਕਮਲੇਸ਼ ਸਿੰਘ ਦੁੱਗਲ, ਡਾ. ਲਖਵਿੰਦਰ ਸਿੰਘ ਜੌਹਲ ਅਤੇ ਕੁਲਦੀਪ ਸਿੰਘ ਬੇਦੀ ਨੇ ਦੱਸਿਆ ਕਿ ਚੋਣ ਲੜ ਰਹੇ ਉਮੀਦਵਾਰਾਂ ਲਈ 15 ਦਸੰਬਰ ਨੂੰ ਪੰਜਾਬ ਪ੍ਰੈੱਸ ਕਲੱਬ ਵਿਖੇ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਵੋਟਾਂ ਪਾਈਆਂ ਜਾਣਗੀਆਂ। ਜਿਸ ਦਾ ਨਤੀਜਾ ਉਸੇ ਦਿਨ ਸ਼ਾਮ ਨੂੰ ਐਲਾਨਿਆ ਜਾਵੇਗਾ। ਕੁੱਲ ਨੌਂ ਅਹੁਦਿਆਂ ਵਿਚੋਂ ਤਿੰਨ ਬਿਨਾਂ ਮੁਕਾਬਲੇ ਜੇਤੂ ਐਲਾਨੇ ਜਾਣ ਤੋਂ ਬਾਅਦ ਹੁਣ ਛੇ ਅਹੁਦਿਆਂ ਪ੍ਰਧਾਨ, ਜਨਰਲ ਸਕੱਤਰ, ਦੋ ਮੀਤ-ਪ੍ਰਧਾਨ, ਸਕੱਤਰ ਅਤੇ ਸੰਯੁਕਤ ਸਕੱਤਰ ਲਈ ਚੋਣ ਹੋਵੇਗੀ।ਮੀਟਿੰਗ ਵਿੱਚ ਹੋਏ ਫੈਸਲਿਆਂ ਅਨੁਸਾਰ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੀ ਬਾਹਰਲੀ ਚਾਰਦਵਾਰੀ ਦੇ ਅੰਦਰਲੇ ਹਿੱਸੇ ਵਿੱਚ ਆਪਣਾ ਚੋਣ ਪ੍ਰਚਾਰ ਕਰਨ ਲਈ ਇਕ ਉਮੀਦਵਾਰ ਵੱਧ ਤੋਂ ਵੱਧ 3 ਬੋਰਡ (5 ਫੁੱਟ ਉਚਾਈ3 ਫੁੱਟ ਚੌੜਾਈ ਦੇ ਸਾਈਜ਼ ਤੱਕ) ਲਗਾ ਸਕਦੇ ਹਨ, ਪ੍ਰਚਾਰ ਲਈ ਵਰਤੀ ਜਾਣ ਵਾਲੀ ਸ਼ਬਦਾਵਾਲੀ ਵਰਤਣ ਵੇਲੇ ਸ਼ਿਸ਼ਟਾਚਾਰ ਕਾਇਮ ਰੱਖਿਆ ਜਾਵੇ, ਚੋਣ ਪ੍ਰਚਾਰ ਲਈ ਲੱਗੀ ਸਮਗਰੀ 14 ਦਸੰਬਰ ਸ਼ਾਮ 5 ਵਜੇ ਤੋਂ ਪਹਿਲਾਂ ਤੱਕ ਹਟਾਉਣੀ ਜ਼ਰੂਰੀ ਹੈ, ਵੋਟਿੰਗ ਦੌਰਾਨ ਉਮੀਦਵਾਰ ਆਪ ਜਾਂ ਉਸ ਦਾ ਇਕ ਪ੍ਰਤੀਨਿਧ (ਪੋਲਿੰਗ ਏਜੰਟ ਵਜੋਂ) ਅੰਦਰ ਮੌਜੂਦ ਰਹਿ ਸਕਦਾ ਹੈ।




## ਕੇਂਦਰ ਸਰਕਾਰ ਐੱਮ ਐੱਸ ਪੀ ਤੇ ਕਿਸਾਨਾਂ ਦੀਆਂ ਖੁਦਕਸ਼ੀਆਂ ਦਾ ਰਿਕਾਰਡ ਦੱਸਣ ਤੋਂ ਭੱਜੀ

### ● ਸੀਚੇਵਾਲ ਨੇ ਰਾਜ ਸਭਾ ਵਿੱਚ ਕਿਸਾਨਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਠਾਇਆ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪਾਰਲੀਮੈਂਟ ਦੇ ਸਰਦ ਰੁੱਤ ਦੇ ਚੱਲ ਰਹੇ ਸੈਸ਼ਨ ਦੌਰਾਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਦਨ ਵਿੱਚ ਕਿਸਾਨਾਂ ਨੂੰ ਸਾਰੀਆਂ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ( ਐਮ ਐਸ ਪੀ) ਨਾ ਦੇਣ ਦੇ ਕਾਰਣ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ, ਕਾਰਪੋਰੇਟ ਘਰਾਣਿਆਂ ਵਾਂਗ ਕਿਸਾਨਾਂ ਦੇ ਕਰਜ਼ਿਆਂ ਦੀ ਮਾਫ਼ੀ ਅਤੇ ਕਿਸਾਨਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਖੁਦਕਸ਼ੀਆਂ ਦਾ ਰਿਕਾਰਡ ਤੇ ਖੁਦਕਸ਼ੀਆਂ ਕਰਨ ਦੇ ਕਾਰਨਾਂ ਬਾਬਤ ਸਵਾਲ ਪੁੱਛੇ ਸਨ। ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਬਾਬਤ ਪੁੱਛੇ ਇਹਨਾਂ ਸਾਰੇ ਸਵਾਲਾਂ ਤੋਂ ਬੱਚਦੀ ਹੋਈ ਅਤੇ ਭੱਜਦੀ ਹੋਈ ਨਜ਼ਰ ਆਈ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਲਈ ਕੀਤੇ ਗਏ ਕੰਮਾਂ ਬਾਰੇ ਤਾਂ ਬੜਾ ਲੰਮਾ ਚੌੜਾ ਭਾਸ਼ਣ ਦਿੱਤਾ ਪਰ ਉਨ੍ਹਾਂ ਨੇ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਵੱਲੋਂ ਪੁੱਛੇ ਸਿੱਧੇ ਸਵਾਲਾਂ ਦਾ ਇੱਕ ਵੀ ਜਵਾਬ ਨਹੀਂ ਦਿੱਤਾ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਫਸਲ ਬੀਮਾ ਯੋਜਨਾ ਲਾਗੂ ਕੀਤੀ ਹੈ। ਕਿਸਾਨਾਂ ਦੇ ਖਾਤਿਆਂ ਵਿੱਚ ਕਿਸਾਨ ਨਿਧੀ ਦੇ ਰੂਪ ਵਿੱਚ ਕਰੋੜਾਂ ਰੁਪਏ ਪਾਏ ਹਨ। ਜਦ ਕਿ ਸੰਤ ਸੀਚੇਵਾਲ ਨੇ ਬੜਾ ਸਪੱਸ਼ਟ ਸਵਾਲ ਕੀਤਾ ਸੀ ਕਿ ਕੀ ਕੇਂਦਰ ਸਰਕਾਰ ਕਿਸਾਨਾਂ ਦੀਆਂ ਖੁਦਕਸ਼ੀਆਂ ਦਾ ਕੋਈ ਰਿਕਾਰਡ ਰੱਖ ਰਹੀ ਹੈ। ਜੇ ਹਾਂ ਤਾਂ ਪਿਛਲੇ 15 ਸਾਲਾਂ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕਸ਼ੀਆਂ ਦਾ ਰਿਕਾਰਡ ਸੂਬਿਆਂ ਮੁਤਾਬਿਕ ਦੱਸਿਆ ਜਾਵੇ। ਉਨ੍ਹਾਂ ਇਹ ਵੀ ਪੁੱਛਿਆ ਸੀ ਕਿ ਕਿਸਾਨਾਂ ਦੀਆਂ ਖੁਦਕਸ਼ੀਆਂ ਦੇ ਕਾਰਨ ਕੀ ਹਨ। ਜੇਕਰ ਕੇਂਦਰ ਸਰਕਾਰ ਖੁਦਕਸ਼ੀਆਂ ਦਾ ਰਿਕਾਰਡ ਨਹੀਂ ਰੱਖ ਰਹੀ ਤਾਂ ਕਿਉਂ ਨਹੀਂ ਰੱਖ ਰਹੀ। ਇਨਾ ਸਿੱਧੇ ਸਵਾਲ ਦਾ ਜਵਾਬ ਦੇਣ ਥਾਂ ਕੇਂਦਰੀ ਖੇਤੀਬਾੜੀ ਮੰਤਰੀ ਚੌਹਾਨ ਨੇ ਲੱਛੇਦਾਰ ਤੇ ਲੋਕ ਲਭਾਊ ਭਾਸ਼ਣ ਤਾਂ ਦਿੱਤਾ ਪਰ ਪੁੱਛੇ ਗਏ ਸਵਾਲਾਂ ਦਾ ਕੋਈ ਤੱਸਲੀਬਖ਼ਸ ਜਵਾਬ ਨਹੀਂ ਦਿੱਤਾ। ਸਗੋਂ ਸਦਨ ਨੂੰ ਦੱਸਿਆ ਕਿ ਖੁਦਕਸ਼ੀਆਂ ਦੇ ਹੋਰ ਵੀ ਕਾਰਨ ਹੋ ਸਕਦੇ ਹਨ। ਇਸੇ ਤਰ੍ਹਾਂ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਤੇ ਐਮ ਐਸ ਪੀ ਨਾ ਦੇਣ ਅਤੇ ਫਸਲਾਂ ਲਈ ਐਲਾਨੀ ਜਾਂਦੀ ਐਮ ਐਸ ਪੀ ਤੇ ਮੰਡੀਆਂ ਵਿੱਚ ਹੁੰਦੀ ਅਸਲ ਖ੍ਰੀਦ ਦੇ ਫਰਕ ਬਾਰੇ ਪੁੱਛੇ ਸਵਾਲ ਨੂੰ ਵੀ ਕੇਂਦਰੀ ਮੰਤਰੀ ਟਾਲ-ਮਟੋਲ ਕਰ ਗਏ। ਉਨ੍ਹਾਂ ਕਿਹਾ ਕਿ ਸਦਨ ਵਿੱਚ ਕਿਸਾਨਾਂ ਬਾਬਤ ਪੁੱਛੇ ਸਵਾਲਾਂ ਦਾ ਜਵਾਬ ਤਸੱਲੀਬਖ਼ਸ਼ ਦਿੰਦੇ ਤਾਂ ਦੇਸ਼ ਦੇ ਕਿਸਾਨਾਂ ਦਾ ਵੀ ਹੌਸਲਾ ਬੱਝਦਾ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਅਤੇ ਭਵਿੱਖ ਬਾਰੇ ਫਿਕਰਮੰਦ ਹੈ ਪਰ ਦੇਸ਼ ਦੇ ਕਿਸਾਨਾਂ ਨੂੰ ਖੇਤੀਬਾੜੀ ਮੰਤਰੀ ਦੇ ਜਵਾਬ ਨਾਲ ਨਿਰਾਸ਼ਾ ਹੀ ਪੱਲੇ ਪਈ ਹੈ। ਜਿਸ ਨੇ ਸਾਬਿਤ ਕਰ ਦਿੱਤਾ ਕਿ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਲੈ ਕੇ ਕਿੰਨੀ ਕੁ ਗੰਭੀਰ ਹੈ।





ਸ਼ਿਵਾਲਿਕ ਦੀਆਂ ਪਹਾੜੀਆਂ 'ਚ ਵਸਿਆ ਚੱਕ ਨਾਨਕੀ
(ਆਖ਼ਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਵਾਹ ਦਿਓ ਲੀਕਾਂ ਤੇ ਭਾਵੇਂ
ਲਾ ਦਿਓ ਹੱਦਾਂ 'ਤੇ ਤਾਰਾਂ,
ਸਿੰਧ ਨੂੰ ਸਤਲੁਜ ਤੇ ਰਾਵੀ
ਨੂੰ ਝਨਾਂ ਮਿਲਦੀ ਰਹੇਗੀ।
- ਗੁਰਮੀਤ ਕੌਰ ਸੰਧਾ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 14 ਦਸੰਬਰ 2025 www.nawanzamana.in ਕੀਮਤ 5.00 ਰੁਪਏ


CENTENARY OF STRUGGLES & SACRIFICES

# ਮੱਧ ਭਾਰਤ 'ਚ ਰਿਆਸਤਾਂ-ਵਿਰੋਧੀ ਰਾਜਾਂ ਤੇ ਕਮਿਊਨਿਸਟ ਲਹਿਰ ਦੇ ਨਾਇਕ

## 'ਸ਼ੇਰ-ਏ-ਭੋਪਾਲ' ਸ਼ਾਕਿਰ ਅਲੀ ਖ਼ਾਨ

ਅਨਿਲ ਰਾਜ਼ੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ

ਸ਼ਾਕਿਰ ਅਲੀ ਖ਼ਾਨ ਭੋਪਾਲ ਰਿਆਸਤ ਦੇ ਵਿਆਪਕ ਤੌਰ 'ਤੇ ਸਤਿਕਾਰਤ ਨੇਤਾ ਅਤੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਮੱਧ ਭਾਰਤ ਵਿੱਚ ਕਮਿਊਨਿਸਟ ਲਹਿਰ ਦੇ ਉਸਰੱਈਏ ਸਨ। ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਵੀ ਕੀਤੀ ਸੀ। ਉਨ੍ਹਾਂ ਦੀ ਆਪਣੀ ਆਤਮਕਥਾ ਦੇ ਅਨੁਸਾਰ, ਸ਼ਾਕਿਰ ਅਲੀ ਦਾ ਜਨਮ ਇੱਕ ਗਰੀਬ ਪਰਵਾਰ ਵਿੱਚ ਹੋਇਆ, ਇਸ ਲਈ ਉਨ੍ਹਾਂ ਵਿੱਚ ਛੋਟੀ ਉਮਰ ਤੋਂ ਹੀ ਬਾਗ਼ੀ ਰੁਝਾਨ ਸੀ। ਉਨ੍ਹਾਂ ਨੂੰ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰਨ ਲਈ ਕਿਸ਼ੋਰ ਅਵਸਥਾ ਵਿੱਚ ਕਿਤਾਬਾਂ 'ਤੇ ਜਿਲਦਾਂ ਬੰਨ੍ਹਣ ਦਾ ਕੰਮ ਕਰਨਾ ਪਿਆ ਸੀ।

ਉਨ੍ਹਾਂ ਦਾ ਜਨਮ 1904 ਵਿੱਚ ਅਸ਼ਟ, ਸਿਹੋਰ ਵਿੱਚ ਹੋਇਆ, ਜੋ ਉਸ ਸਮੇਂ ਭੋਪਾਲ ਦੀ ਪੁਰਾਣੀ ਰਿਆਸਤ ਦਾ ਹਿੱਸਾ ਸੀ।

ਭੋਪਾਲ ਵਿੱਚ ਰਾਜਨੀਤਕ ਜਾਗ੍ਰਿਤੀ ਦੀ ਸਥਾਪਨਾ 18ਵੀਂ ਸਦੀ ਦੇ ਸ਼ੁਰੂ ਵਿੱਚ ਅਫ਼ਗਾਨ ਮੁਗ਼ਲ ਕੁਲੀਨ ਦੋਸਤ ਮੁਹੰਮਦ ਖ਼ਾਨ ਦੁਆਰਾ ਇੱਕ ਰਿਆਸਤ ਵਜੋਂ ਕੀਤੀ ਗਈ ਸੀ। ਇਹ ਬ੍ਰਿਟਿਸ਼ ਭਾਰਤ (1818-1947) ਨਾਲ ਸਹਾਇਕ ਗਠਜੋੜ ਵਿੱਚ '19-ਤੋਪਾਂ ਦੀ ਸਲਾਮੀ ਵਾਲਾ ਰਾਜ' ਸੀ। ਫ਼ਾਰਸੀ ਸਰਕਾਰੀ ਭਾਸ਼ਾ ਸੀ, ਜਦੋਂ ਕਿ ਹਿੰਦੁਸਤਾਨੀ ਆਮ ਭਾਸ਼ਾ ਸੀ। ਇਸ ਦਾ ਖੇਤਰਫਲ 6902 ਵਰਗ ਮੀਲ ਸੀ ਅਤੇ 1901 ਵਿੱਚ ਆਬਾਦੀ 6,65,961 ਸੀ। 1819 ਅਤੇ 1926 ਦੇ ਵਿਚਕਾਰ, ਚਾਰ ਮਹਿਲਾ ਨਵਾਬਾਂ ਦੇ ਰਾਜ ਨੇ ਭੋਪਾਲ ਨੂੰ ਰੇਲਵੇ, ਵਾਟਰ ਵਰਕਸ, ਡਾਕ ਪ੍ਰਣਾਲੀ ਅਤੇ ਇੱਕ ਨਗਰਪਾਲਿਕਾ ਵਰਗੀਆਂ ਆਧੁਨਿਕ ਸਹੂਲਤਾਂ ਦਿੱਤੀਆਂ ਸਨ। ਕੁਦਾਸੀਆ ਬੇਗਮ (1819) ਤੋਂ ਸ਼ੁਰੂ ਹੋ ਕੇ, ਬੇਗਮਾਂ ਨੇ ਪਰਦਾ ਪ੍ਰਣਾਲੀ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਪ੍ਰੋਫੈਸਰ ਬਰਕਤਉੱਲਾ ਖਾਨ ਭੋਪਾਲ ਦੇ ਇੱਕ ਪ੍ਰਮੁੱਖ ਰਾਸ਼ਟਰਵਾਦੀ ਨੇਤਾ ਸਨ, ਜੋ 1887 ਵਿੱਚ ਇੰਗਲੈਂਡ ਗਏ ਸਨ ਅਤੇ ਉਨ੍ਹਾਂ ਨੇ ਸ਼ਿਆਮਜੀ ਕ੍ਰਿਸ਼ਨ ਵਰਮਾ, ਲਾਲਾ ਹਰਦਿਆਲ, ਵੀਰੇਂਦਰਨਾਥ ਚਟੋਪਾਧਿਆਏ ਅਤੇ ਹੋਰਨਾਂ ਨਾਲ ਕੰਮ ਕੀਤਾ। ਉਹ 1915 ਵਿੱਚ ਕਾਬੁਲ ਵਿੱਚ ਸਥਾਪਤ ਆਰਜ਼ੀ ਭਾਰਤੀ ਸਰਕਾਰ ਦੇ ਪ੍ਰਧਾਨ ਮੰਤਰੀ ਸਨ, ਜਿਸ ਦੇ ਰਾਜਾ ਮਹਿੰਦਰ ਪ੍ਰਤਾਪ ਪ੍ਰਧਾਨ ਸਨ। ਉਹ 7 ਮਈ, 1919 ਨੂੰ ਲੈਨਿਨ ਨੂੰ ਮਿਲੇ ਅਤੇ 'ਪ੍ਰਾਵਦਾ' ਦੁਆਰਾ ਉਨ੍ਹਾਂ ਦੀ ਇੰਟਰਵਿਊ ਲਈ ਗਈ। ਉਹ ਕਮਿਊਨਿਸਟਾਂ ਦੇ ਨੇੜੇ ਸਨ।

ਇਨ੍ਹਾਂ ਘਟਨਾਵਾਂ ਨੇ ਸ਼ਾਕਿਰ ਅਲੀ ਦੇ ਮਨ 'ਤੇ ਡੂੰਘੀ ਛਾਪ ਛੱਡੀ।

### ਬਤੌਰ ਪੱਤਰਕਾਰ

ਸ਼ਾਕਿਰ ਅਲੀ 1926-27 ਵਿੱਚ ਪਹਿਲਾਂ ਦਿੱਲੀ ਤੋਂ ਨਿਕਲਦੇ ਉਰਦੂ ਦੇ ਪਰਚੇ 'ਰਿਆਸਤ' ਵਿੱਚ ਕੰਮ ਕਰਨ ਲੱਗੇ ਅਤੇ ਬਾਅਦ ਵਿੱਚ 'ਹਿੰਦ' ਕਲਕੱਤਾ ਵਿੱਚ।

ਉਨ੍ਹਾਂ ਨੇ ਭੋਪਾਲ ਦੇ ਸੁਲਤਾਨੀਆ ਇਨਫੈਂਟਰੀ ਵਿੱਚ 'ਨਾਇਕ' ਵਜੋਂ ਕੰਮ ਕੀਤਾ ਅਤੇ ਬਾਅਦ ਵਿੱਚ ਰਾਜ ਪ੍ਰਸ਼ਾਸਨ ਵਿੱਚ ਰਈਅਤਵਾਰੀ 'ਮੋਹਰਿਰ' ਵਜੋਂ ਕੰਮ ਕੀਤਾ।

ਸ਼ਾਕਿਰ ਅਲੀ 'ਐਜੂਕੇਟਿਡ ਪੀਪਲਜ਼ ਐਸੋਸੀਏਸ਼ਨ' ਨਾਲ ਜੁੜੇ ਹੋਏ ਸਨ। 1928 ਅਤੇ 1931 ਦੇ ਵਿਚਕਾਰ ਪੱਤਰਕਾਰਾਂ ਦੀ ਇੱਕ ਸ਼ਕਤੀਸ਼ਾਲੀ ਲਹਿਰ ਸ਼ੁਰੂ ਹੋਈ ਅਤੇ ਸ਼ਾਕਿਰ ਨੂੰ ਮਾਲ ਵਿਭਾਗ ਵਿੱਚ ਉਸ ਦੀ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ।

### ਭੋਪਾਲ ਵਿੱਚ ਰਾਸ਼ਟਰਵਾਦੀ ਲਹਿਰ

1933-37 ਦੌਰਾਨ ਸ਼ਾਕਿਰ ਅਲੀ ਅਤੇ ਹੋਰਨਾਂ ਵੱਲੋਂ ਇੱਕ 'ਸਰਵੈਂਟਸ ਆਫ਼ ਭੋਪਾਲ ਲੀਗ' (ਅੰਜੁਮਨ ਖੁਦਾਮੇ ਵਤਨ) ਦੀ ਸਥਾਪਨਾ ਕੀਤੀ ਗਈ।ਇਸ ਨੇ 'ਸੁਬਾ ਵਤਨ' (ਰਾਸ਼ਟਰ ਦਾ ਉਭਾਰ) ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਸ਼ਾਕਿਰ ਅਲੀ ਨੇ ਸਰਗਰਮ ਭੂਮਿਕਾ ਨਿਭਾਈ ਅਤੇ ਬਾਅਦ ਵਿੱਚ ਇਸ ਦੇ ਸੰਪਾਦਕ ਬਣ ਗਏ।

ਭੋਪਾਲ ਕਿਲ੍ਹੇ ਦੇ ਨੇੜੇ ਹਜ਼ਾਰਾਂ ਲੋਕਾਂ ਨੇ ਜਨਤਕ ਮੀਟਿੰਗਾਂ ਦਾ ਆਯੋਜਨ ਕੀਤਾ। ਲੋਕ 'ਸੁਬਾ ਵਤਨ' ਦੀਆਂ ਕਾਪੀਆਂ ਖਰੀਦਣ ਲਈ ਇਸ ਦੇ ਦਫ਼ਤਰ ਨੇੜੇ ਇਕੱਠੇ ਹੁੰਦੇ ਸਨ, ਜਿਨ੍ਹਾਂ ਨੂੰ ਕਈ ਵਾਰ 10 ਰੁਪਏ ਵਿੱਚ ਵੀ ਖਰੀਦਿਆ ਜਾਂਦਾ ਸੀ। ਇਸ ਨੂੰ ਨੌਕਰਸ਼ਾਹੀ ਅਤੇ ਸ਼ਾਹੀ ਪਰਵਾਰ ਦੇ ਮੈਂਬਰ ਵੀ ਗੁਪਤ ਰੂਪ ਵਿੱਚ ਪੜ੍ਹਦੇ ਸਨ।

ਸੱਤਾਰ ਜਮਾਲ ਨੇ 1934 ਵਿੱਚ ਵਿਧਾਨ ਪ੍ਰੀਸ਼ਦ ਦੀਆਂ ਚੋਣਾਂ ਅਧਿਕਾਰਤ ਉਮੀਦਵਾਰ ਨੂੰ ਹਰਾ ਕੇ ਜਿੱਤੀਆਂ। 'ਸੁਬਾ ਵਤਨ' ਨੇ ਉਨ੍ਹਾਂ ਦੇ ਹੱਕ ਵਿੱਚ ਇੱਕ ਕਾਰਟੂਨ ਛਾਪਿਆ। ਇਸ ਨਾਲ ਸ਼ਾਸਕਾਂ ਨੂੰ ਗੁੱਸਾ ਆਇਆ। ਸ਼ਾਕਿਰ ਅਲੀ ਖਾਨ, ਅਹਿਮਦ ਮੱਕੀ, ਸਈਅਦ ਹਾਫਿਜ਼ ਅਲੀ ਅਤੇ ਭਗਵਾਨ ਦਿਆਲ ਨੂੰ 22 ਅਗਸਤ, 1934 ਨੂੰ ਅਖ਼ਬਾਰ ਦੇ ਦਫ਼ਤਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਹਜ਼ਾਰਾਂ ਲੋਕ ਸਮਰਥਨ ਵਿੱਚ ਇਕੱਠੇ ਹੋਏ। ਪੁਰਾਣਾ ਕਿਲ੍ਹਾ ਵਿਖੇ ਇੱਕ ਵੱਡੀ ਮੀਟਿੰਗ ਹੋਈ। ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਉਨ੍ਹਾਂ ਸਾਰਿਆਂ ਨੂੰ ਰਿਹਾਅ ਕਰ ਦਿੱਤਾ ਗਿਆ।

ਸਤੰਬਰ 1934 ਵਿੱਚ ਸਰਕਾਰੀ ਗਜ਼ਟ ਵਿੱਚ ਅਖ਼ਬਾਰ ਨੂੰ ਦੁਬਾਰਾ ਘੇਰਿਆ ਗਿਆ, ਜਿਸ ਕਰਕੇ ਅਖ਼ਬਾਰ ਨੇ ਇਸ ਦੀ ਤਿੱਖੀ ਆਲੋਚਨਾ ਕੀਤੀ, ਨਤੀਜੇ ਵਜੋਂ ਗ੍ਰਿਫ਼ਤਾਰੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ।

ਬੇਰੁਜ਼ਗਾਰੀ ਵਿਰੁੱਧ ਇੱਕ ਵੱਡੇ ਵਿਦਰੋਹ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਸੜਕਾਂ 'ਤੇ ਆ ਗਏ। ਸੁਲਤਾਨੀਆ ਇਨਫੈਂਟਰੀ ਬੀ ਕੰਪਨੀ ਨੇ ਵੀ ਬਗਾਵਤ ਕੀਤੀ ਅਤੇ ਮਹਿਲ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਇਸ ਫੌਜੀ ਯੂਨਿਟ ਨੂੰ ਭੰਗ ਕਰ ਦਿੱਤਾ ਗਿਆ ਅਤੇ ਸਿਪਾਹੀਆਂ ਨੂੰ ਰਾਜ ਤੋਂ ਕੱਢ ਦਿੱਤਾ ਗਿਆ।

ਸ਼ਾਕਿਰ ਅਲੀ ਖਾਨ ਨੂੰ ਅਪ੍ਰੈਲ 1935 ਵਿੱਚ ਕੁਝ ਹੋਰ ਲੋਕਾਂ ਦੇ ਨਾਲ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 'ਗਦਰ' ਨੂੰ ਭੜਕਾਉਣ ਦਾ ਦੋਸ਼ ਲਗਾ ਕੇ ਗਿਆ 2 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਸ਼ਾਕਿਰ ਅਲੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਇੱਕ ਨਵਾਂ ਰਸਾਲਾ 'ਸੁਭਾ ਵਤਨ ਸਾਨੀ' ਆਗਰਾ ਤੋਂ ਪ੍ਰਕਾਸ਼ਿਤ ਕੀਤਾ, ਜਿਸ ਨੂੰ ਗੁਪਤ ਰੂਪ ਵਿੱਚ ਵੰਡਿਆ ਜਾਂਦਾ ਸੀ।

### ਸਟੇਟਸ ਪੀਪਲਜ਼ ਕਾਨਫਰੰਸ

1930 ਦੇ ਦਹਾਕੇ ਦੌਰਾਨ ਪ੍ਰਜਾ ਮੰਡਲ ਦੀ ਸਥਾਪਨਾ ਲਈ ਇੱਕ ਅੰਦੋਲਨ ਸਾਰੀਆਂ ਰਿਆਸਤਾਂ ਵਿੱਚ ਫੈਲ ਗਿਆ। ਭੋਪਾਲ ਸਟੇਟ ਪੀਪਲਜ਼ ਕਾਨਫਰੰਸ ਨੇ ਵਰਕਸ਼ਾਪਾਂ ਅਤੇ ਫੈਕਟਰੀਆਂ ਦੇ ਮਜ਼ਦੂਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਇੱਕ ਮਜ਼ਦੂਰ ਸਭਾ ਵੀ ਬਣਾਈ ਗਈ। 1939 ਵਿੱਚ ਲੁਧਿਆਣਾ ਵਿੱਚ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫਰੰਸ ਦੀ ਇੱਕ ਕਨਵੈਨਸ਼ਨ ਹੋਈ, ਜਿਸ ਦੀ ਪ੍ਰਧਾਨਗੀ ਜਵਾਹਰ ਲਾਲ ਨਹਿਰੂ ਨੇ ਕੀਤੀ। ਭੋਪਾਲ ਪ੍ਰਜਾ ਮੰਡਲ ਇਸ ਨਾਲ ਜੁੜ ਗਿਆ।

ਭੋਪਾਲ ਪ੍ਰਜਾ ਮੰਡਲ ਦੀ ਸਥਾਪਨਾ 14 ਫਰਵਰੀ, 1938 ਨੂੰ ਬਜ਼ਮੀ ਸਾਹਿਬ ਦੇ ਘਰ ਹੋਈ ਇੱਕ ਗੁਪਤ ਮੀਟਿੰਗ ਵਿੱਚ ਕੀਤੀ ਗਈ ਸੀ, ਜਿਸ ਵਿੱਚ ਸ਼ਾਕਿਰ ਅਲੀ ਖਾਨ, ਸਈਦ ਅਬੂ, ਸਈਦ ਬਜ਼ਮੀ, ਤਰਜ਼ੀ ਮਸ਼ਰਕੀ, ਅਖ਼ਲਾਕ ਮੁਹੰਮਦ ਖਾਨ, ਨੂਰ ਬਾਜ਼ ਖਾਨ, ਸਈਦ ਜ਼ਹੂਰ ਆਜ਼ਮੀ, ਪੰਡਿਤ ਚਤੁਰ ਨਾਰਾਇਣ ਮਾਲਵੀਆ ਆਦਿ ਸ਼ਾਮਲ ਹੋਏ। ਇਸ ਦਾ ਉਦੇਸ਼ ਇੱਕ ਜ਼ਿੰਮੇਵਾਰ ਸਰਕਾਰ ਦੀ ਸਥਾਪਨਾ ਲਈ ਲੜਨਾ ਅਤੇ ਆਪਣੀਆਂ ਮੰਗਾਂ ਲਈ ਲੜਨ ਵਾਸਤੇ ਜਮਹੂਰੀ ਅਧਿਕਾਰ ਪ੍ਰਾਪਤ ਕਰਨਾ ਸੀ।

### ਸ਼ਾਕਿਰ ਅਲੀ ਨੇ ਸਵਾਲ ਉਠਾਏ

27 ਅਗਸਤ, 1938 ਨੂੰ ਹਿੰਦੁਸਤਾਨ ਟਾਈਮਜ਼ (ਦਿੱਲੀ) ਵਿੱਚ ਪ੍ਰਕਾਸ਼ਿਤ ਆਪਣੇ ਬਿਆਨ ਵਿੱਚ ਸ਼ਾਕਿਰ ਅਲੀ ਨੇ ਦੱਸਿਆ ਕਿ ਭੋਪਾਲ ਰਾਜ ਵਿੱਚ ਆਪਣੇ ਘਰਾਂ ਦੇ ਅੰਦਰ ਵੀ ਰਾਜਨੀਤਕ ਮੀਟਿੰਗਾਂ ਕਰਨਾ ਬਹੁਤ ਮੁਸ਼ਕਲ ਹੈ। ਮੀਟਿੰਗਾਂ ਕਰਨ ਦੀ ਇਜਾਜ਼ਤ ਲਈ 90 ਪ੍ਰਤੀਸ਼ਤ ਤੋਂ ਵੱਧ ਅਰਜ਼ੀਆਂ ਰੱਦ ਕਰ ਦਿੱਤੀਆਂ ਜਾਂਦੀਆਂ ਹਨ।

ਭੋਪਾਲ ਕਸਟਮ ਐਕਟ ਦੇ ਤਹਿਤ, ਹਰੇਕ ਡਾਕੀਏ ਦੇ ਨਾਲ ਇੱਕ ਪੁਲਸ ਵਾਲਾ ਜਾਂਦਾ ਸੀ ਅਤੇ ਪਹੁੰਚਾਈਆਂ ਗਈਆਂ ਚੀਜ਼ਾਂ ਨੂੰ ਤੁਰੰਤ ਜ਼ਬਤ ਕਰ ਲਿਆ ਜਾਂਦਾ ਸੀ। ਇੱਥੋਂ ਤੱਕ ਕਿ ਅੰਗਰੇਜ਼ ਨਿਵਾਸੀਆਂ ਨੇ ਵੀ ਇਸ ਨੂੰ ਬੇਸ਼ਰਮੀ ਭਰਿਆ ਕਾਰਾ ਮੰਨਿਆ ਅਤੇ ਇਸ ਕੰਮ ਨੂੰ ਬੰਦ ਕਰਨ ਲਈ ਕਿਹਾ।

ਜਨਤਕ ਦਬਾਅ ਹੇਠ ਰਾਜ ਸਰਕਾਰ ਨੇ 1938 ਦੇ ਅਖੀਰ ਵਿੱਚ ਰਾਜ ਤੋਂ ਬਾਹਰੋਂ ਪੰਜ ਅਖ਼ਬਾਰਾਂ ਲਈ ਇਜਾਜ਼ਤ ਦਾ ਐਲਾਨ ਕੀਤਾ।

ਸ਼ਾਕਿਰ ਅਲੀ ਨੇ ਜੂਨ 1939 ਵਿੱਚ ਦੋਹਾਦ ਵਿਖੇ ਮੱਧ ਭਾਰਤ ਸਟੇਟਸ ਪੀਪਲਜ਼ ਕਾਨਫਰੰਸ ਦੇ ਸੰਮੇਲਨ ਵਿੱਚ ਹਿੱਸਾ ਲਿਆ।

### ਭੋਪਾਲ ਪਰਜਾ ਮੰਡਲ ਦਾ ਪਹਿਲਾ ਸੈਸ਼ਨ

ਇਹ 18 ਅਤੇ 19 ਅਕਤੂਬਰ, 1938 ਨੂੰ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ। ਸ਼ਾਕਿਰ ਅਲੀ ਨੇ ਇੱਕ ਭਾਵੁਕ ਅਤੇ ਪ੍ਰਭਾਵਸ਼ਾਲੀ ਸਵਾਗਤੀ ਭਾਸ਼ਣ ਦਿੱਤਾ। ਕਾਨਫਰੰਸ ਨੇ ਬੇਰੁਜ਼ਗਾਰੀ, ਸਿੱਖਿਆ ਦੀ ਘਾਟ ਆਦਿ ਬਾਰੇ ਮਤੇ ਪਾਸ ਕੀਤੇ। ਸ਼ਾਕਿਰ ਅਲੀ ਨੇ ਚਰਚਾਵਾਂ ਅਤੇ ਆਲੋਚਨਾਵਾਂ ਦੇ ਨਿਚੋੜ ਦੀ ਆਪਣੇ ਭਾਸ਼ਨ ਵਿੱਚ ਵਿਆਖਿਆ ਕੀਤੀ ਅਤੇ ਬੇਰੁਜ਼ਗਾਰੀ ਬਾਰੇ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਕੁਝ ਸੱਤਾਪੱਖੀ ਲੋਕਾਂ ਨੇ ਕਾਰਵਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਸ਼ਾਕਿਰ ਅਲੀ ਨੇ ਉਨ੍ਹਾਂ ਨਾਲ ਬਹੁਤ ਦ੍ਰਿੜ੍ਹਤਾ ਨਾਲ ਨਜਿੱਠਿਆ ਅਤੇ ਕਾਨਫਰੰਸ ਕਾਮਯਾਬੀ ਨਾਲ ਸੰਪੰਨ ਹੋਈ।

ਕਾਨਫਰੰਸ ਨੇ ਓਬੈਦੁੱਲਾ ਖ਼ਾਨ ਸਕਾਲਰਸ਼ਿਪ ਟਰੱਸਟ ਨੂੰ ਵੀ ਨਿਯਮਤ ਕੀਤਾ।

ਭੋਪਾਲ ਪ੍ਰਜਾ ਮੰਡਲ ਨੇ ਪੂਰੇ ਰਾਜ ਵਿੱਚ ਕਈ ਵੱਡੀਆਂ ਜਨਤਕ ਮੀਟਿੰਗਾਂ ਕੀਤੀਆਂ, ਜਿਸ ਵਿੱਚ ਸ਼ਾਕਿਰ ਅਲੀ ਖਾਨ, ਚਤੁਰ ਨਾਰਾਇਣ ਮਾਲਵੀਆ, ਜ਼ਹੂਰ ਹਾਸ਼ਮੀ ਅਤੇ ਹੋਰਾਂ ਨੇ ਭਾਸ਼ਣ ਦਿੱਤੇ।

### ਸ਼ਾਕਿਰ ਅਲੀ ਦੀ ਭੋਪਾਲ ਨਵਾਬ ਨਾਲ ਮੁਲਾਕਾਤ

ਭੋਪਾਲ ਦੇ ਨਵਾਬ ਲਹਿਰ ਦੀ ਚੜ੍ਹਤ ਤੋਂ ਡਰ ਗਏ ਅਤੇ ਐੱਮ.ਐੱਲ.ਸੀ ਮਿਰਜ਼ਾ ਆਬਿਦ ਹੁਸੈਨ ਖ਼ਾਨ ਰਾਹੀਂ ਸ਼ਾਕਿਰ ਅਲੀ ਖ਼ਾਨ ਨਾਲ ਮੁਲਾਕਾਤ ਦੀ ਬੇਨਤੀ ਕੀਤੀ। ਉਹ ਚਾਂਦਪੁਰਾ ਵਿੱਚ ਮਿਲੇ, ਜਿਸ ਦਾ ਐਲਾਨ ਨਵਾਬ ਦੁਆਰਾ ਇੱਕ ਜਨਤਕ ਪੋਸਟਰ ਵਿੱਚ ਕੀਤਾ ਗਿਆ ਸੀ, ਜਿਸ ਵਿੱਚ ਮੀਟਿੰਗ ਦੇ ਵੇਰਵੇ ਜਨਤਾ ਨੂੰ ਦੱਸੇ ਗਏ ਸਨ। ਇਹ ਇੱਕ ਮਹੱਤਵਪੂਰਨ ਘਟਨਾ ਸੀ।

ਸ਼ਾਕਿਰ ਅਲੀ ਨੇ 12 ਅਪ੍ਰੈਲ, 1939 ਨੂੰ ਇੱਕ ਜਨਤਕ ਮੀਟਿੰਗ ਵਿੱਚ ਗੱਲਬਾਤ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਨਵਾਬ ਨੇ ਬੇਰੁਜ਼ਗਾਰੀ ਵਿਰੋਧੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ, ਜਿਸ ਵਿੱਚ ਨਵਾਬ ਦੇ ਬੰਦਿਆਂ ਤੋਂ ਇਲਾਵਾ ਚਾਰ ਹੋਰ ਲੋਕਾਂ ਦੇ ਨਾਲ ਸ਼ਾਕਿਰ ਅਲੀ ਨੂੰ ਵੀ ਲੋਕ ਪ੍ਰਤੀਨਿਧੀ ਵਜੋਂ ਸ਼ਾਮਲ ਕੀਤਾ ਗਿਆ। ਨਵਾਬ ਨੇ ਸਮੱਸਿਆ ਦੇ ਹੱਲ ਲਈ ਚੁੱਕੇ ਜਾਣ ਵਾਲੇ ਕਈ ਕਦਮਾਂ ਦਾ ਐਲਾਨ ਕੀਤਾ।

ਭੋਪਾਲ ਟਾਈਮਜ਼ 26 ਨਵੰਬਰ, 1938 ਤੋਂ ਉਰਦੂ ਹਫ਼ਤਾਵਾਰੀ ਵਜੋਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ, ਕਿਉਂਕਿ ਇਹ ਭੋਪਾਲ ਪ੍ਰਜਾ ਮੰਡਲ ਦਾ ਮੁੱਖ ਪੱਤਰ ਸੀ।

ਕਈ ਸੰਬੰਧਤ ਸੰਗਠਨ ਵੀ ਬਣਾਏ ਗਏ, ਜਿਹਨਾਂ ਵਿਚ ਨੌਜਵਾਨ, ਔਰਤਾਂ ਅਤੇ ਹੋਰ ਸ਼ਾਮਲ ਸਨ। ਯੰਗਮੈਨ ਪੀਪਲਜ਼ ਐਸੋਸੀਏਸ਼ਨ ਬਣਾਈ ਗਈ, ਜਿਸ ਨੇ 1942 ਦੇ ਅੰਦੋਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸ਼ਾਕਿਰ ਅਲੀ ਖ਼ਾਨ ਮਜ਼ਦੂਰ ਸਭਾ ਦੇ ਸਕੱਤਰ ਬਣੇ। ਮਜ਼ਦੂਰ ਸਭਾ 1946 ਤੱਕ ਇੱਕ ਪ੍ਰਭਾਵਸ਼ਾਲੀ ਸੰਗਠਨ ਬਣ ਗਈ ਸੀ। ਫਿਰ ਇਸ ਵਿੱਚ ਬਿਜਲੀ, ਮਾਚਿਸ ਮਜ਼ਦੂਰ, ਪੀ.ਡਬਲਯੂ.ਡੀ, ਕੁਲੀ, ਸਟੇਟ ਟ੍ਰਾਂਸਪੋਰਟ, ਪੱਥਰ ਆਦਿ ਮਜ਼ਦੂਰਾਂ ਦੀਆਂ ਯੂਨੀਅਨਾਂ ਸ਼ਾਮਲ ਹੋਈਆਂ। ਉਨ੍ਹਾਂ ਨੇ ਉਸੇ ਸਾਲ ਇੱਕ ਵਿਆਪਕ ਅੰਦੋਲਨ ਸ਼ੁਰੂ ਕੀਤਾ। ਪ੍ਰਜਾ ਮੰਡਲ ਨੇ ਮਜ਼ਦੂਰਾਂ ਲਈ ਇੱਕ ਕੈਂਪ ਦਾ ਆਯੋਜਨ ਕੀਤਾ। ਉਸ ਵੇਲੇ ਸ਼ਾਕਿਰ ਅਲੀ ਪ੍ਰਧਾਨ ਅਤੇ ਐੱਸ.ਐੱਮ. ਕਾਮਿਲ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਸਨ।

### ਮੁਸਲਿਮ ਲੀਗ ਦੀ ਫਿਰਕਾਪ੍ਰਸਤੀ ਵਿਰੁੱਧ

ਸ਼ਾਕਿਰ ਅਲੀ ਖ਼ਾਨ ਨੇ ਲੁਧਿਆਣਾ ਵਿੱਚ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫਰੰਸ ਦੇ ਸੰਮੇਲਨ ਵਿੱਚ 'ਇਸਲਾਮਿਕ ਸਟੇਟ ਆਫ ਭੋਪਾਲ' ਦੇ ਵਿਰੁੱਧ ਤਿੱਖੀ ਆਵਾਜ਼ ਉਠਾਈ ਅਤੇ 17 ਅਪ੍ਰੈਲ, 1939 ਨੂੰ ਇੱਕ ਮਤਾ ਪੇਸ਼ ਕੀਤਾ। ਉਨ੍ਹਾਂ ਨੇ ਬ੍ਰਿਟਿਸ਼ ਸ਼ਾਸਨ ਨਾਲ ਭੋਪਾਲ ਦੇ ਰਾਜ ਦੀ ਮਿਲੀਭੁਗਤ ਦੇ ਇਤਿਹਾਸ ਅਤੇ ਭਾਰਤੀ ਆਜ਼ਾਦੀ ਅੰਦੋਲਨ ਦੇ ਵਿਰੋਧ ਦਾ ਵਰਣਨ ਕੀਤਾ। ਮੁਸਲਮਾਨਾਂ 'ਤੇ ਸਭ ਤੋਂ ਵੱਧ ਜ਼ੁਲਮ ਕੀਤੇ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਸ਼ਰਾਬੀ ਗੁੰਡੇ ਮੀਟਿੰਗਾਂ ਵਿੱਚ ਗੜਬੜ ਕਰਨ ਲਈ ਭੇਜੇ ਜਾਂਦੇ ਸਨ।



ਭੋਪਾਲ ਮੁਸਲਿਮ ਲੀਗ ਨੇ ਸ਼ਾਕਿਰ ਅਲੀ ਖਾਨ ਦੇ ਫ਼ਿਰਕਾਪ੍ਰਸਤੀ ਵਿਰੋਧੀ ਰੁਖ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਨੂੰ ਇੱਕ ਅਪਮਾਨਜਨਕ ਅਤੇ ਘਟੀਆ ਪੱਧਰ ਦੀ ਫਿਰਕੂ ਮੁਹਿੰਮ ਦਾ ਸਾਹਮਣਾ ਕਰਨਾ ਪਿਆ।

ਨਵਾਬ ਦੀਆਂ ਚਾਲਾਂ ਅਤੇ ਮੁਸਲਿਮ ਲੀਗ ਦੀ ਫ਼ਿਰਕੂ ਰਾਜਨੀਤੀ ਦੇ ਕਾਰਨ, 1939 ਦੇ ਅੰਤ ਵਿੱਚ ਭੋਪਾਲ ਪ੍ਰਜਾ ਮੰਡਲ ਦੋਫਾੜ ਹੋ ਗਿਆ। ਸ਼ਾਕਿਰ ਅਲੀ ਨੇ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਬਾਅਦ ਵਿੱਚ ਮੰਡਲ ਦਾ ਪੁਨਰਗਠਨ ਕੀਤਾ ਗਿਆ ਅਤੇ ਸ਼ਾਕਿਰ ਅਲੀ ਨੇ ਇੱਕ ਸਪੱਸ਼ਟ ਧਰਮ ਨਿਰਪੱਖ ਪ੍ਰੋਗਰਾਮ ਦੇ ਨਾਲ ਨਵੇਂ ਪ੍ਰਜਾ ਮੰਡਲ ਦਾ ਗਠਨ ਕੀਤਾ ਗਿਆ।

### ਗ੍ਰਿਫਤਾਰੀਆਂ

ਉਪਰੰਤ ਸ਼ਾਕਿਰ ਅਲੀ ਸਮੇਤ ਵੱਡੀ ਗਿਣਤੀ ਵਿੱਚ ਨੇਤਾਵਾਂ ਨੂੰ 16 ਜੂਨ, 1940 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਜੇਲ੍ਹਾਂ ਵਿੱਚ ਸਭ ਤੋਂ ਭੈੜੀਆਂ ਸਥਿਤੀਆਂ ਵਿੱਚ ਰੱਖਿਆ ਗਿਆ। ਉਨ੍ਹਾਂ ਨੇ ਵਿਰੋਧ ਵਿੱਚ ਭੁੱਖ ਹੜਤਾਲਾਂ ਅਤੇ ਸੱਤਿਆਗ੍ਰਹਿ ਸ਼ੁਰੂ ਕਰ ਦਿੱਤੇ, ਜਿਸ ਕਰਕੇ ਸ਼ਾਕਿਰ ਅਲੀ ਦਾ ਭਾਰ ਲੱਗਭੱਗ 23 ਪੌਂਡ ਘਟ ਗਿਆ। ਉਨ੍ਹਾਂ ਨੂੰ ਅਤੇ ਕੁਝ ਹੋਰ ਸਾਥੀਆਂ ਨੂੰ ਜੁਲਾਈ 1942 ਵਿੱਚ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਨੇ ਪ੍ਰਜਾ ਮੰਡਲ ਨੂੰ ਪੁਨਰਗਠਿਤ ਕੀਤਾ ਅਤੇ ਅੰਦੋਲਨ ਦਾ ਨਵਾਂ ਪੜਾਅ ਸ਼ੁਰੂ ਹੋਇਆ। ਵਿਦਿਆਰਥੀਆਂ ਨੇ ਰਾਜ ਵਿੱਚ ਵਿਆਪਕ ਹੜਤਾਲਾਂ ਦਾ ਆਯੋਜਨ ਕੀਤਾ। ਸ਼ਾਕਿਰ ਅਲੀ ਅਤੇ ਹੋਰਾਂ ਨੂੰ ਸਤੰਬਰ 1942 ਵਿੱਚ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ।

1941-46 ਦੌਰਾਨ ਭੋਪਾਲ ਪ੍ਰਜਾ ਮੰਡਲ ਵੱਲੋਂ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਨੇ 1945 ਵਿੱਚ ਆਪਣੀ ਰਾਜ ਕਾਨਫਰੰਸ ਵੀ ਕੀਤੀ, ਜਿਸ ਵਿੱਚ ਕਈ ਮਹੱਤਵਪੂਰਨ ਆਲ ਇੰਡੀਆ ਨੇਤਾਵਾਂ ਨੇ ਸ਼ਿਰਕਤ ਕੀਤੀ।

ਪ੍ਰਜਾ ਮੰਡਲ ਨੇ ਭੋਪਾਲ ਕਾਰਪੋਰੇਸ਼ਨ ਦੀਆਂ ਚੋਣਾਂ ਵੀ ਲੜੀਆਂ ਅਤੇ ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਦੁਆਰਾ ਕੀਤੇ ਗਏ ਫਿਰਕੂ ਪ੍ਰਚਾਰ ਦੇ ਬਾਵਜੂਦ 15 ਵਿੱਚੋਂ 9 ਸੀਟਾਂ ਜਿੱਤੀਆਂ।

### ਗੰਭੀਰ ਫਿਰਕੂ ਸਥਿਤੀ

1946-47 ਦੇ ਫਿਰਕੂ ਦੰਗਿਆਂ ਦਾ ਭੋਪਾਲ ਵਿੱਚ ਵੀ ਪ੍ਰਭਾਵ ਪਿਆ। ਮੁਸਲਿਮ ਲੀਗ, ਖਾਕਸਾਰਾਂ ਅਤੇ ਹੋਰ ਫਿਰਕੂ ਤਾਕਤਾਂ ਨੇ ਫਿਰਕੂ ਗੜਬੜ ਪੈਦਾ ਕਰਨ ਅਤੇ ਪ੍ਰਜਾ ਮੰਡਲ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਮੁਸਲਿਮ ਨੈਸ਼ਨਲ ਗਾਰਡਾਂ ਨੇ ਸੈਂਕੜੇ ਦੀ ਗਿਣਤੀ ਵਿੱਚ ਘੋੜ ਸਵਾਰ ਫੌਜਾਂ ਨੂੰ ਮੈਦਾਨ ਵਿੱਚ ਉਤਾਰਿਆ। ਸ਼ਾਕਿਰ ਅਲੀ ਨੇ ਆਪਣੇ ਭਾਸ਼ਣਾਂ ਅਤੇ ਲਿਖਤਾਂ ਵਿੱਚ ਮੁਸਲਿਮ ਲੀਗ 'ਤੇ ਤਿੱਖਾ ਹਮਲਾ ਕੀਤਾ ਅਤੇ ਪ੍ਰਜਾ ਮੰਡਲ ਨੇ ਫਿਰਕੂ ਦੰਗਿਆਂ ਦੀਆਂ ਕੋਸ਼ਿਸ਼ਾਂ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ 'ਤੇ ਸਰੀਰਕ ਤੌਰ 'ਤੇ ਵੀ ਹਮਲਾ ਕੀਤਾ ਗਿਆ, ਪਰ ਕੁੱਲ ਮਿਲਾ ਕੇ, ਲੋਕਤੰਤਰੀ ਅਤੇ ਧਰਮ ਨਿਰਪੱਖ ਤਾਕਤਾਂ ਦੀ ਚੌਕਸੀ ਕਾਰਨ ਭੋਪਾਲ ਨੂੰ ਬਚਾਇਆ ਜਾ ਸਕਿਆ।

ਸ਼ਾਕਿਰ ਅਲੀ ਅਤੇ ਪ੍ਰਜਾ ਮੰਡਲ ਨੇ ਬਹੁਤ ਸਾਰੇ ਰਾਹਤ ਕਾਰਜ ਕੀਤੇ, ਕਿਉਂਕਿ ਵੱਡੀ ਗਿਣਤੀ ਵਿੱਚ ਸ਼ਰਨਾਰਥੀ ਗਵਾਲੀਅਰ ਵਰਗੇ ਗੁਆਂਢੀ ਖੇਤਰਾਂ ਵਿੱਚ ਪਹੁੰਚਦੇ ਰਹੇ।

### ਸ਼ਾਕਿਰ ਅਲੀ ਨੇ ਭਾਰਤੀ ਤਿਰੰਗਾ ਲਹਿਰਾਇਆ

ਜਦੋਂ 15 ਅਗਸਤ, 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਭੋਪਾਲ ਸਟੇਟ ਇਸ ਵਿੱਚ ਸ਼ਾਮਲ ਨਹੀਂ ਹੋਇਆ ਅਤੇ ਨਾ ਹੀ ਇਸ ਨੇ ਭਾਰਤੀ ਆਜ਼ਾਦੀ ਨੂੰ ਮਾਨਤਾ ਦਿੱਤੀ। ਸ਼ਾਕਿਰ ਅਲੀ ਨੇ ਵਾਰੰਟ ਦੇ ਬਾਵਜੂਦ ਖੰਡਵਾ ਵਿੱਚ ਇੱਕ ਮੀਟਿੰਗ ਕੀਤੀ ਅਤੇ ਉਸ ਦਿਨ ਭਾਰਤੀ ਤਿਰੰਗਾ ਵੀ ਲਹਿਰਾਇਆ।

ਭੋਪਾਲ ਵਿੱਚ ਪ੍ਰਜਾ ਮੰਡਲ ਨੇ ਆਜ਼ਾਦੀ ਦੇ ਸਮਰਥਨ ਵਿੱਚ ਕਈ ਮੀਟਿੰਗਾਂ ਕੀਤੀਆਂ ਅਤੇ ਜਲੂਸ ਕੱਢੇ।

ਭੋਪਾਲ ਨੇ 1947 ਵਿੱਚ ਆਪਣੀ 'ਆਜ਼ਾਦੀ' ਦਾ ਐਲਾਨ ਕਰ ਦਿੱਤਾ। 1948 ਵਿੱਚ ਭਾਰਤ ਵਿੱਚ ਰਲੇਵੇਂ ਦੀ ਮੰਗ ਕਰਦੇ ਹੋਏ ਭੋਪਾਲ ਦੇ ਨਵਾਬ ਵਿਰੁੱਧ ਅੰਦੋਲਨ ਸ਼ੁਰੂ ਹੋ ਗਏ। ਨਵੇਂ ਭੋਪਾਲ ਰਾਜ ਨੂੰ ਇੱਕ ਮੁੱਖ ਕਮਿਸ਼ਨਰ ਦੁਆਰਾ ਸ਼ਾਸਿਤ 'ਸੀ ਸ਼੍ਰੇਣੀ' ਦਾ ਰਾਜ ਘੋਸ਼ਿਤ ਕੀਤਾ ਗਿਆ। ਇਸ ਨੂੰ 1 ਜੂਨ, 1949 ਨੂੰ ਹੀ ਭਾਰਤ ਵਿੱਚ ਮਿਲਾਇਆ ਜਾ ਸਕਿਆ।

ਇਸ ਦੌਰਾਨ, ਪ੍ਰਜਾ ਮੰਡਲ ਦੀ ਭਾਈਵਾਲੀ ਨਾਲ ਭੋਪਾਲ ਵਿੱਚ ਅੰਤਰਿਮ ਸਰਕਾਰਾਂ ਬਣਾਈਆਂ ਗਈਆਂ, ਜੋ ਹੁਣ ਭੋਪਾਲ ਕਾਂਗਰਸ ਬਣ ਗਈ ਸੀ। ਅਗਲੀ ਮੰਗ ਹੁਣ ਭਾਰਤ ਨਾਲ ਪੂਰਨ ਰਲੇਵੇਂ ਵਿੱਚ ਬਦਲ ਗਈ। ਸ਼ਾਕਿਰ ਅਲੀ, ਬਾਲਕ੍ਰਿਸ਼ਨ ਗੁਪਤਾ ਅਤੇ ਹੋਰਾਂ ਨੇ ਰਲੇਵੇਂ ਦੀ ਲਹਿਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਇਸੇ ਦਰਮਿਆਨ ਸ਼ਾਕਿਰ ਅਲੀ ਨੇ ਅੰਦਰੂਨੀ ਮੱਤਭੇਦਾਂ ਕਾਰਨ ਪ੍ਰਜਾ ਮੰਡਲ ਤੋਂ ਅਸਤੀਫਾ ਦੇ ਦਿੱਤਾ। ਨਵਾਬ ਨੇ ਆਪਣੀ ਕੈਬਨਿਟ ਵਿੱਚ ਮੁਸਲਿਮ ਲੀਗ, ਹਿੰਦੂ ਮਹਾਂਸਭਾ ਅਤੇ ਭੋਪਾਲ ਕਾਂਗਰਸ ਦੇ ਪ੍ਰਤੀਨਿਧੀਆਂ ਨੂੰ ਸ਼ਾਮਲ ਕੀਤਾ, ਜਿਸ ਨਾਲ ਸ਼ਾਕਿਰ ਅਲੀ ਸਹਿਮਤ ਨਹੀਂ ਸਨ।

ਆਜ਼ਾਦੀ ਤੋਂ ਬਾਅਦ, 1948 ਵਿੱਚ ਦੋ ਰਾਜ ਬਣਾਏ ਗਏ : ਕਈ ਦੇਸੀ ਰਿਆਸਤਾਂ ਦੇ ਰਲੇਵੇਂ ਤੋਂ ਬਾਅਦ ਵਿੰਧਿਆ ਪ੍ਰਦੇਸ਼ ਅਤੇ ਮੱਧ ਭਾਰਤ। 1956 ਵਿੱਚ ਮੱਧ ਪ੍ਰਦੇਸ਼ ਬਣਾਉਣ ਲਈ ਦੋਵਾਂ ਦੇ ਰਲੇਵੇਂ ਤੋਂ ਬਾਅਦ ਭੋਪਾਲ ਸ਼ਾਮਲ ਹੋਇਆ। ਸ਼ਾਕਿਰ ਅਲੀ ਨਵੇਂ ਰਾਜ ਵਿੱਚ ਇੱਕ ਪ੍ਰਮੁੱਖ ਨੇਤਾ ਵਜੋਂ ਉੱਭਰੇ।

### ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣਾ

ਸ਼ਾਕਿਰ ਅਲੀ ਨੇ 1952 ਦੀਆਂ ਚੋਣਾਂ ਜਹਾਂਗੀਰਾਬਾਦ ਤੋਂ ਕਿਸਾਨ ਮਜ਼ਦੂਰ ਮੰਡਲ (ਕੇ ਐੱਮ ਐੱਮ) ਦੇ ਉਮੀਦਵਾਰ ਵਜੋਂ ਲੜੀਆਂ ਅਤੇ ਭੋਪਾਲ ਪ੍ਰਜਾ ਮੰਡਲ ਵਿੱਚ ਆਪਣੇ ਸਾਬਕਾ ਸਹਿਯੋਗੀ ਤਾਰਜ਼ੀ ਮਸ਼ਰਕੀ ਦੇ ਵਿਰੁੱਧ ਚੋਣ ਲੜਦੇ ਹੋਏ ਦੂਜੇ ਸਥਾਨ 'ਤੇ ਰਹੇ। 15 ਅਗਸਤ, 1952 ਨੂੰ ਭੋਪਾਲ ਵਿੱਚ ਇੱਕ ਜਨਤਕ ਮੀਟਿੰਗ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਗਠਨ ਦਾ ਐਲਾਨ ਕੀਤਾ ਗਿਆ। ਇਸ ਵਿੱਚ ਉਹ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਪ੍ਰਜਾ ਮੰਡਲ, ਕਾਂਗਰਸ ਅਤੇ ਕੁਝ ਹੋਰ ਸੰਗਠਨਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ, ਜਿਨ੍ਹਾਂ ਵਿੱਚ ਸ਼ਾਕਿਰ ਅਲੀ ਪ੍ਰਮੁੱਖ ਸਨ।

ਸ਼ਾਕਿਰ ਅਲੀ ਲਿਖਦੇ ਹਨ: 'ਮੇਰਾ ਝੁਕਾਅ ਕਮਿਊਨਿਜ਼ਮ ਵੱਲ ਸੀ ਅਤੇ ਕਾਮਰੇਡ ਸੱਜਾਦ ਜ਼ਹੀਰ, ਪੀ.ਸੀ ਜੋਸ਼ੀ ਅਤੇ ਡਾ. ਅਸ਼ਰਫ ਨਾਲ ਸੰਬੰਧਾਂ ਨੇ ਇਸ ਨੂੰ ਹੋਰ ਅੱਗੇ ਵਧਾਇਆ।1952 ਵਿੱਚ ਮੈਂ ਰਸਮੀ ਤੌਰ 'ਤੇ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ।'

ਉਨ੍ਹਾਂ ਨੂੰ 1953 ਵਿੱਚ ਗ੍ਰਿਫਤਾਰ ਕੀਤਾ ਗਿਆ। ਸੀ.ਪੀ.ਆਈ ਮੱਧ ਪ੍ਰਦੇਸ਼ ਵਿੱਚ ਇੱਕ ਮਜ਼ਬੂਤ ??ਤਾਕਤ ਬਣ ਗਈ। ਸ਼ਾਕਿਰ ਅਲੀ ਨੇ 1957 ਵਿੱਚ ਭੋਪਾਲ ਤੋਂ ਵਿਧਾਨ ਸਭਾ ਸੀਟ ਜਿੱਤੀ, ਐੱਚ.ਐੱਮ.ਐੱਸ ਦੇ ਉਧੋਦਾਸ ਮਹਿਤਾ ਨੂੰ ਹਰਾ ਕੇ ਜਿਸ ਵਿਚ ਕਾਂਗਰਸ ਅਤੇ ਹਿੰਦੂ ਮਹਾਂਸਭਾ ਨੇ ਵੀ ਚੋਣ ਲੜੀ ਸੀ। ਉਨ੍ਹਾਂ ਨੇ 1962, 1967 ਅਤੇ 1972 ਵਿੱਚ ਦੁਬਾਰਾ ਜਿੱਤ ਪ੍ਰਾਪਤ ਕੀਤੀ। ਸੀ.ਪੀ.ਆਈ ਨੇ 1959 ਵਿੱਚ ਭੋਪਾਲ ਨਗਰਪਾਲਿਕਾ ਵਿੱਚ 30 ਵਿੱਚੋਂ 15 ਸੀਟਾਂ ਜਿੱਤੀਆਂ, ਜਦੋਂ ਕਿ ਕਾਂਗਰਸ ਨੇ 12 ਸੀਟਾਂ ਜਿੱਤੀਆਂ।

ਸ਼ਾਕਿਰ ਅਲੀ ਬਾਅਦ ਵਿੱਚ ਮੱਧ ਪ੍ਰਦੇਸ਼ ਦੇ ਸੀ.ਪੀ.ਆਈ ਦੇ ਸੂਬਾ ਸਕੱਤਰ ਬਣੇ ਅਤੇ ਸਭ ਤੋਂ ਉੱਚੇ ਅਤੇ ਸਭ ਤੋਂ ਵੱਧ ਪ੍ਰਵਾਨਿਤ ਨੇਤਾ ਵਜੋਂ ਉੱਭਰੇ।

ਸ਼ਾਕਿਰ ਅਲੀ ਦੀ ਮੌਤ 14 ਮਾਰਚ, 1978 ਨੂੰ ਹੋਈ। ਉਸ ਦਿਨ ਪੂਰਾ ਸ਼ਹਿਰ ਆਪਣੇ ਆਪ ਬੰਦ ਹੋ ਗਿਆ, ਹਜ਼ਾਰਾਂ ਲੋਕਾਂ ਨੇ ਅੰਤਿਮ ਸੰਸਕਾਰ ਵਿੱਚ ਹਿੱਸਾ ਲਿਆ ਅਤੇ ਬਾਅਦ ਵਿੱਚ ਉਨ੍ਹਾਂ ਦੀ ਯਾਦ ਵਿੱਚ ਇੱਕ ਯਾਦਗਾਰ ਬਣਾਈ ਗਈ।

*ਸੰਪਰਕ : 99884-91002*



# 'ਸਭ ਤੋਂ ਵੱਡੇ ਲੋਕਤੰਤਰ' ਦਾ ਕਰੂਰ ਚਿਹਰਾ : ਸਾਫ਼ ਹਵਾ ਦੀ ਮੰਗ ਵੀ ਦੇਸ਼ ਵਿਰੋਧੀ ਹੋ ਗਈ!

ਬੂਟਾ ਸਿੰਘ ਮਹਿਮੂਦਪੁਰ

23 ਨਵੰਬਰ ਨੂੰ ਦਿੱਲੀ ਵਿਚ ਸਾਫ਼ ਹਵਾ ਦੀ ਮੰਗ ਲਈ ਕੀਤੇ ਪ੍ਰਦਰਸ਼ਨ ਨੇ 23 ਵਿਦਿਆਰਥੀਆਂ ਨੂੰ ਜੇਲ੍ਹ ਪਹੁੰਚਾ ਦਿੱਤਾ। ਕੇਰਲ ਦੇ ਆਦਿਵਾਸੀ ਪਿਛੋਕੜ ਵਾਲੇ ਵਿਦਿਆਰਥੀ ਅਕਸ਼ੈ ਦਾ ਪੁਲਸੀ ਦਰਿੰਦਿਆਂ ਵੱਲੋਂ ਜਿਵੇਂ ਬੇਕਿਰਕੀ ਨਾਲ ਸੜਕ ਉੱਪਰ ਗਲਾ ਘੁੱਟਿਆ ਗਿਆ, ਉਸ ਨੇ ਅਮਰੀਕੀ ਪੁਲਸ ਅਧਿਕਾਰੀ ਵੱਲੋਂ ਅਫ਼ਰੀਕੀ-ਅਮਰੀਕੀ ਜਾਰਜ ਫਲੋਇਡ ਦਾ ਸਰੇਆਮ ਸੜਕ ਉੱਪਰ ਨੌਂ ਮਿੰਟ ਗਲਾ ਘੁੱਟ ਕੇ ਉਸ ਦਾ ਕਤਲ ਕਰਨ ਦੇ ਕਾਂਡ (2020) ਦੀ ਯਾਦ ਤਾਜ਼ਾ ਕਰਵਾ ਦਿੱਤੀ। ਭਾਜਪਾ ਦੀ ਸ਼ਾਖਾ ਬਣ ਕੇ ਕੰਮ ਕਰ ਰਹੀ ਦਿੱਲੀ ਪੁਲਸ ਵੱਲੋਂ ਇਸ ਰੋਸ ਪ੍ਰਦਰਸ਼ਨ ਉੱਪਰ 'ਮਾਓਵਾਦੀ' ਦਾ ਠੱਪਾ ਲਾ ਦਿੱਤਾ ਗਿਆ। ਇਸ ਸਾਧਾਰਨ ਪ੍ਰਦਰਸ਼ਨ ਨੂੰ ਪੁਲਸ ਵੱਡੀ 'ਸ਼ਹਿਰੀ ਨਕਸਲੀ' ਸਾਜ਼ਿਸ਼ ਬਣਾ ਕੇ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਸੰਵੇਦਨਸ਼ੀਲ ਲੜਕੇ-ਲੜਕੀਆਂ ਨੂੰ ਜਾਬਰ ਯੂ ਏ ਪੀ ਏ ਕਾਨੂੰਨ ਲਗਾ ਕੇ ਜੇਲ੍ਹਾਂ ਵਿਚ ਸਾੜਨ ਦੀ ਕੋਸ਼ਿਸ਼ ਜਾਵੇਗੀ ਅਤੇ ਇਸ ਨੂੰ ਦਿੱਲੀ ਵਿਚ ਜਮਹੂਰੀ ਪ੍ਰਦਰਸ਼ਨਾਂ ਨੂੰ ਰੋਕਣ ਲਈ ਖ਼ੌਫ਼ ਦੀ ਮਿਸਾਲ ਬਣਾ ਕੇ ਵਰਤਿਆ ਜਾਵੇਗਾ।

ਪ੍ਰਦਰਸ਼ਨ ਦਾ ਸੱਦਾ 'ਦਿੱਲੀ ਕੋਆਰਡੀਨੇਸ਼ਨ ਕਮੇਟੀ ਫ਼ਾਰ ਕਲੀਨ ਏਅਰ' ਵੱਲੋਂ ਖ਼ਤਰਨਾਕ ਪ੍ਰਦੂਸ਼ਣ ਨੂੰ ਰੋਕਣ ਅਤੇ ਸਾਫ਼ ਹਵਾ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਮੰਗ ਤਹਿਤ ਦਿੱਤਾ ਗਿਆ ਸੀ। ਮੁਜ਼ਾਹਰਾ ਸ਼ੁਰੂ ਹੋਏ ਨੂੰ ਅਜੇ ਕੁਝ ਮਿੰਟ ਹੀ ਹੋਏ ਸਨ ਕਿ ਪੁਲਸ ਜਾਬਰ ਹਮਲਾ ਕਰਕੇ ਤੇ ਇਹ ਦੋਸ਼ ਲਗਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਕਿ ਉਹ ਮਾਰੇ ਗਏ ਮਾਓਵਾਦੀ ਕਮਾਂਡਰ ਮਾੜਵੀ ਹਿੜਮਾ ਦੇ ਹੱਕ ਵਿਚ ਨਾਅਰੇ ਲਗਾ ਰਹੇ ਸਨ। ਉਨ੍ਹਾਂ ਵਿਰੁੱਧ ਮਾਓਵਾਦੀ ਪੱਖੀ ਨਾਅਰੇ ਲਾਉਣ, ਬੈਰੀਕੇਡ ਤੋੜਨ, ਪੇਪਰ ਸਪ੍ਰੇ ਨਾਲ ਪੁਲਸ 'ਤੇ ਹਮਲਾ ਕਰਨ ਦੇ ਸੰਗੀਨ ਦੋਸ਼ ਲਗਾ ਕੇ ਦੋ ਕੇਸ ਦਰਜ ਕਰ ਲਏ ਗਏ। ਮੰਨ ਲਓ, ਕੁਝ ਲੜਕੇ-ਲੜਕੀਆਂ ਵੱਲੋਂ ਅਜਿਹੇ ਨਾਅਰੇ ਲਗਾ ਵੀ ਦਿੱਤੇ, ਬਸ ਏਨੇ ਨਾਲ ਹੀ ਅਮਨ-ਕਾਨੂੰਨ ਖ਼ਤਰੇ 'ਚ ਪੈ ਗਿਆ!

ਪ੍ਰਦੂਸ਼ਿਤ ਵਾਤਾਵਰਣ ਖ਼ਿਲਾਫ਼ ਸ਼ਾਂਤਮਈ ਤਰੀਕੇ ਨਾਲ ਵਿਰੋਧ ਦਰਜ ਕਰਾਉਣ ਦੇ ਨਾਗਰਿਕ ਹੱਕ ਨੂੰ ਸੰਗੀਨ ਜੁਰਮ ਬਣਾ ਦਿੱਤਾ ਗਿਆ। ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੇ ਪਬਲਿਕ ਸਿਹਤ ਸੰਕਟ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਬਜਾਏ ਦਿੱਲੀ ਪੁਲਸ-ਪ੍ਰਸ਼ਾਸਨ ਇਹ ਮੁੱਦਾ ਉਠਾਉਣ ਵਾਲੀਆਂ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਕੇ ਦਬਾਉਣ ਦੀ ਹੱਦ ਤੱਕ ਚਲਾ ਗਿਆ। 23 ਸ਼ਾਂਤਮਈ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਵਿਚ 11 ਕੁੜੀਆਂ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕਰਕੇ, ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ। ਤਸ਼ੱਦਦ ਕਰਕੇ ਤਿੰਨ ਦਿਨਾਂ ਲਈ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਗਿਆ। ਬਾਰੀਕੀ 'ਚ ਪੁੱਛਗਿੱਛ ਕਰਨ ਦੀ ਲੋੜ ਦੀ ਦਲੀਲ ਦੇ ਕੇ ਹੋਰ ਪੁਲਸ ਰਿਮਾਂਡ ਲੈ ਲਿਆ ਗਿਆ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲੇ ਭਾਰਤੀ ਰਾਜ ਦਾ ਅਸਲੀ ਰੂਪ ਹੈ।ਮੌਜੂਦਾ ਵਿਕਾਸ ਮਾਡਲ ਖ਼ਤਰਨਾਕ ਪ੍ਰਦੂਸ਼ਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਨਾਗਰਿਕਾਂ ਨੂੰ ਆਪਣੀ ਸਿਹਤ ਦੀ ਖ਼ਾਤਰ ਇਸ ਮਾਡਲ ਉੱਪਰ ਸਵਾਲ ਉਠਾਉਣ ਦਾ ਹੱਕ ਹੈ। ਦਿੱਲੀ ਪੁਲਸ ਵੱਲੋਂ ਮੁਤਵਾਜ਼ੀ ਵਿਕਾਸ ਮਾਡਲ ਦੀ ਗੱਲ ਕਰਨ ਅਤੇ ਝੂਠੇ ਮੁਕਾਬਲਿਆਂ ਵਿਰੁੱਧ ਆਵਾਜ਼ ਉਠਾਉਣ ਦੇ ਜਮਹੂਰੀ ਹੱਕ ਨੂੰ ਹੀ ਦੇਸ਼ ਵਿਰੋਧੀ ਜੁਰਮ ਬਣਾ ਦਿੱਤਾ।

ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਲੜਕੀਆਂ ਨੂੰ ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ, ਔਰਤ ਪ੍ਰਦਰਸ਼ਨਕਾਰੀਆਂ ਨਾਲ ਜਿਨਸੀ ਛੇੜਛਾੜ ਕੀਤੀ ਗਈ ਅਤੇ ਕੁਝ ਵਿਦਿਆਰਥੀਆਂ ਉੱਪਰ ਬੇਕਿਰਕੀ ਨਾਲ ਤਸ਼ੱਦਦ ਕੀਤਾ ਗਿਆ। ਪੁਲਸ ਅਧਿਕਾਰੀਆਂ ਵੱਲੋਂ ਵਕੀਲਾਂ ਨੂੰ ਪੁਲਸ ਥਾਣਿਆਂ ਵਿਚ ਜਾ ਕੇ ਹਿਰਾਸਤ ਵਿਚ ਲਏ ਗਏ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਵੀ ਨਹੀਂ ਦਿੱਤਾ ਗਿਆ। ਜੋ ਇਸ ਦਾ ਸਬੂਤ ਹੈ ਕਿ ਤਸ਼ੱਦਦ ਅਤੇ ਝੂਠੇ ਕੇਸਾਂ ਲਈ ਬਦਨਾਮ ਦਿੱਲੀ ਪੁਲਸ ਪ੍ਰਦਰਸ਼ਨਕਾਰੀਆਂ ਨਾਲ ਕੀਤੀ ਬਦਤਮੀਜ਼ੀ, ਵਹਿਸ਼ਤ ਅਤੇ ਤਸ਼ੱਦਦ ਨੂੰ ਲੁਕੋਣਾ ਚਾਹੁੰਦੀ ਹੈ। ਜੇਕਰ ਮੁਲਕ ਦੀ ਰਾਜਧਾਨੀ 'ਚ ਭਾਰਤੀ ਰਾਜ ਸਧਾਰਨ ਪ੍ਰਦਰਸ਼ਨਕਾਰੀਆਂ ਨਾਲ ਇਸ ਤਰੀਕੇ ਨਾਲ ਪੇਸ਼ ਆ ਸਕਦਾ ਹੈ ਤਾਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਦੂਰ-ਦਰਾਜ ਆਦਿਵਾਸੀ ਇਲਾਕਿਆਂ ਵਿਚ ਕਿੰਨੇ ਜ਼ੁਲਮ ਕੀਤੇ ਜਾ ਰਹੇ ਹੋਣਗੇ।

ਭਾਰਤ ਦੀਆਂ ਸਮੂਹ ਜਨਤਕ ਜਮਹੂਰੀ ਤਾਕਤਾਂ ਨੂੰ ਅਜਿਹੇ ਕੇਸਾਂ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।ਗ੍ਰਿਫ਼ਤਾਰ ਵਿਦਿਆਰਥੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਦੇ ਨਾਲ-ਨਾਲ ਜਾਬਰ ਸੱਤਾ ਵਿਰੁੱਧ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਲਈ ਵੀ ਤਨਦੇਹੀ ਨਾਲ ਲੜਨਾ ਹੋਵੇਗਾ। ਝੂਠੇ ਕੇਸ, ਹਿਰਾਸਤ ਵਿਚ ਤਸ਼ੱਦਦ, ਖ਼ਾਸ ਕਰਕੇ ਲੜਕੀਆਂ ਨਾਲ ਜਿਨਸੀ ਛੇੜਛਾੜ, ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ; ਝੂਠੇ ਮੁਕਾਬਲੇ, ਆਦਿਵਾਸੀ ਇਲਾਕਿਆਂ ਵਿਚ ਕਤਲੇਆਮ ਦੇ ਜਾਇਜ਼ ਮੁੱਦੇ ਉਠਾਉਣ ਵਾਲੇ ਵਿਦਿਆਰਥੀਆਂ, ਔਰਤਾਂ ਅਤੇ ਹੋਰ ਨਾਗਰਿਕਾਂ ਨੂੰ ਬਦਨਾਮ ਕਰਨ ਲਈ ਚਲਾਏ ਜਾ ਰਹੇ ਰਾਸ਼ਟਰ-ਵਿਰੋਧੀ ਹੋਣ ਦੇ ਝੂਠੇ ਬਿਰਤਾਂਤ ਵਿਰੁੱਧ ਮਜ਼ਬੂਤ ਲੋਕ-ਰਾਇ ਖੜ੍ਹੀ ਕਰਨ ਲਈ ਵੱਡਾ ਹੰਭਲਾ ਮਾਰਨ ਦੀ ਲੋੜ ਹੈ। ਕਾਰਗਰ ਵਿਰੋਧ ਦੀ ਅਣਹੋਂਦ 'ਚ ਫਾਸ਼ੀਵਾਦੀ ਆਰ ਐੱਸ ਐੱਸ-ਭਾਜਪਾ ਦਿਨੋ-ਦਿਨ ਲੋਕਾਂ ਨੂੰ ਝੂਠੇ ਬਿਰਤਾਂਤਾਂ ਰਾਹੀਂ ਦਹਿਸ਼ਤਜ਼ਦਾ ਕਰਕੇ ਹੋਰ ਵੀ ਬੇਕਿਰਕੀ ਨਾਲ ਕੁਚਲਣ ਅਤੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਬੇਰੋਕ-ਟੋਕ ਲਾਗੂ ਕਰਨ ਵੱਲ ਵਧ ਰਹੀ ਹੈ। ਕਿਸਾਨ ਅੰਦੋਲਨ, ਪੰਜਾਬ ਯੂਨੀਵਰਸਿਟੀ ਅੰਦੋਲਨ ਵਰਗੇ ਅੰਦੋਲਨਾਂ ਨੇ ਫਾਸ਼ੀਵਾਦੀ ਹਕੂਮਤ ਨੂੰ ਕਾਮਯਾਬੀ ਨਾਲ ਪਿੱਛੇ ਧੱਕਿਆ ਹੈ। ਜੇਕਰ ਉਪਰੋਕਤ ਜਮਹੂਰੀ ਸਰੋਕਾਰਾਂ ਨੂੰ ਲੈ ਕੇ ਅਜਿਹਾ ਵੱਡਾ ਲੋਕ ਵਿਰੋਧ ਖੜ੍ਹਾ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਬਹੁਤ ਹੀ ਖ਼ਤਰਨਾਕ ਦਿਨ ਦੇਖਣੇ ਪੈਣਗੇ।

# ਕਮਾਲ ਦਾ ਸਬਰ ਹੈ ਭਾਰਤ ਦੇ ਲੋਕਾਂ ਦਾ, ਜੋ ਮਰਜ਼ੀ ਹੋਈ ਜਾਵੇ, ਮਨ ਵਿੱਚ ਕੁਝ ਕੌੜ ਵੀ ਨਹੀਂ ਉਪਜਦੀ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਬਿਨਾਂ ਸ਼ੱਕ ਇਹ ਗੱਲ ਕਹਿਣ ਤੋਂ ਕਈ ਲੋਕ ਝਿਜਕਦੇ ਹਨ, ਪਰ ਆਪਸੀ ਨਿੱਜੀ ਪੱਧਰ ਦੀ ਗੱਲਬਾਤ ਵਿੱਚ ਮੰਨ ਲੈਂਦੇ ਹਨ ਕਿ ਅੱਜ ਦਾ ਭਾਰਤ ਉਹ ਦੇਸ਼ ਬਿਲਕੁਲ ਨਹੀਂ, ਜਿਹੜਾ ਦੇਸ਼ ਭਗਤੀ ਲਹਿਰ ਦੇ ਸ਼ਹੀਦਾਂ ਅਤੇ ਕੁਰਬਾਨੀ ਵਾਲੇ ਹੋਰ ਪ੍ਰਵਾਨਿਆਂ ਨੇ ਚਿਤਵਿਆ ਸੀ। ਉਨ੍ਹਾਂ ਦੇ ਚਿਤਵੇ ਭਾਰਤ ਦਾ ਸਮਾਜ ਇੱਕ ਨਵੀਂ ਵਿਕਸਤ ਬੁਲੰਦੀ ਦਾ ਸੁਫਨਾ ਪੂਰਾ ਕਰਦਾ ਦਿਖਾਈ ਦੇਂਦਾ ਹੋਣਾ ਸੀ, ਅਮਨ-ਕਾਨੂੰਨ ਦੀ ਹਾਲਤ ਏਨੀ ਵਿਗੜੀ ਹੋਈ ਉਨ੍ਹਾਂ ਕਦੀ ਸੁਫਨੇ ਵਿੱਚ ਨਹੀਂ ਸੋਚੀ ਹੋਣੀ ਅਤੇ ਰਾਜਨੀਤੀ ਤੇ ਗੁੰਡੇ-ਬਦਮਾਸ਼ਾਂ ਦੇ ਤਾਲਮੇਲ ਦੀ ਅੱਜ ਵਾਲੀ ਤਸਵੀਰ ਸੋਚਣ ਦਾ ਸਵਾਲ ਕਦੇ ਨਹੀਂ ਉੱਠਿਆ ਹੋਣਾ। ਅੱਜ ਇਹ ਸਾਰੀਆਂ ਬੁਰਾਈਆਂ ਸਾਡੇ ਭਾਰਤ ਵਿੱਚ ਮੌਜੂਦ ਹਨ। ਸ਼ਾਇਦ ਹੀ ਕੋਈ ਐਬ ਬਾਕੀ ਹੋਵੇ, ਜਿਸ ਦੀਆਂ ਜੜ੍ਹਾਂ ਹਾਲੇ ਤੱਕ ਇਸ ਦੇਸ਼ ਵਿੱਚ ਨਹੀਂ ਲੱਗ ਸਕੀਆਂ, ਵਰਨਾ ਇਸ ਦੇਸ਼ ਦੀ ਰਾਜਨੀਤੀ ਨੇ ਤਾਂ ਕਾਰੋਬਾਰ ਦੇ ਪੱਖੋਂ ਭਾਵੇਂ ਕਈ ਤਰ੍ਹਾਂ ਦੀ ਪਛੇਤ ਵਿਖਾਈ ਹੋਵੇ, ਬੁਰਾਈਆਂ ਦੇ ਸਵਾਗਤ ਵਿੱਚ ਇਸ ਨੇ ਕਦੇ ਕੋਈ ਦੇਰ ਕੀਤੀ ਹੀ ਨਹੀਂ।

ਸਾਡਾ ਮੀਡੀਆ ਅਤੇ ਚਸਕੇ ਲੈਣ ਗਿੱਝ ਚੁੱਕਾ ਸਾਡਾ ਮੀਡੀਆ, ਹੱਦੋਂ ਵੱਧ ਜ਼ਾਲਮਾਨਾ ਕਿਸਮ ਵਾਲੀਆਂ ਮੌਤਾਂ ਦੀ ਪੇਸ਼ਕਾਰੀ ਇੰਜ ਕਰਦਾ ਹੈ, ਜਿਵੇਂ ਭਾਰਤ ਮਾਤਾ ਦੇ ਪੁੱਤਰਾਂ ਨੇ ਕੋਈ ਵੱਡਾ ਕਾਰਨਾਮਾ ਕਰ ਵਿਖਾਇਆ ਹੋਵੇ ਅਤੇ ਇਸ ਨਾਲ ਦੁਨੀਆ ਵਿੱਚ ਭਾਰਤ ਦਾ ਸਿਰ ਉੱਚਾ ਹੋ ਜਾਣਾ ਹੋਵੇ। ਕਿਸੇ ਥਾਂ ਕੋਈ ਵਿਅਕਤੀ ਕਤਲ ਕਰਨ ਦੀ ਖ਼ਬਰ ਆਉਂਦੀ ਹੈ, ਜੇ ਉਹ ਸਾਧਾਰਨ ਮੌਤ ਹੋਵੇ, ਫਿਰ ਸਾਡਾ ਮੀਡੀਆ ਉਸ ਨੂੰ ਪੇਸ਼ਕਾਰੀ ਕਰਨ ਯੋਗ ਮੰਨਣ ਦੀ ਥਾਂ ਕੋਈ ਹੋਰ ਖ਼ਬਰ ਲੱਭਣ ਲੱਗਦਾ ਹੈ, ਪਰ ਜੇ ਕਤਲ ਬੜੀ ਬੇਰਹਿਮੀ ਨਾਲ ਕੀਤਾ ਗਿਆ ਹੋਵੇ ਤਾਂ ਉਸ ਖ਼ਬਰ ਨੂੰ ਮੀਡੀਆ ਦੇ ਲੋਕ ਭੱਜ ਕੇ ਬੋਚਦੇ ਅਤੇ ਫਿਰ ਕਈ ਦਿਨ ਉਸ ਦੀ ਵਾਰ-ਵਾਰ ਰੱਟ ਲਾਉਂਦੇ ਹਨ। ਇਸ ਦੀ ਥਾਂ ਕਿਸੇ ਕਾਲਜ ਜਾਂ ਸਕੂਲ ਦੇ ਬੱਚਿਆਂ ਨੇ ਕੋਈ ਚੰਗਾ ਕੰਮ ਕੀਤਾ ਹੋਵੇ, ਕਿਸੇ ਸਮਾਜੀ ਜੀਵ ਨੇ ਕਿਸੇ ਦੇ ਭਲੇ ਦਾ ਕੋਈ ਕਾਰਜ ਕਰਨ ਬਾਰੇ ਸੂਚਨਾ ਦਿੱਤੀ ਹੋਵੇ ਜਾਂ ਸੱਦਾ-ਸੁਨੇਹਾ ਹੀ ਕਿਉਂ ਨਾ ਦਿੱਤਾ ਹੋਵੇ, ਉਹ ਪੇਸ਼ ਕੀਤੇ ਜਾਣ ਦੇ ਯੋਗ ਨਹੀਂ ਲੱਗਦਾ। ਇਹੋ ਜਿਹੀ ਤਸਵੀਰ ਪੇਸ਼ ਕਰਦੇ ਰਹਿਣ ਨੇ ਸਾਡੇ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਏਹੋ ਜਿਹੀ ਕਰ ਦਿੱਤੀ ਹੈ ਕਿ ਉਹ ਹਰ ਸਾਈਟ ਜਾਂ ਚੈਨਲ ਤੋਂ ਏਦਾਂ ਦੀਆਂ ਖ਼ਬਰਾਂ ਤੇ ਰਿਪੋਰਟਾਂ ਲੱਭਣ ਲੱਗੇ ਰਹਿੰਦੇ ਹਨ। ਇਹ ਭਾਰਤ ਦੀ ਅੱਜ ਦੀ ਤਸਵੀਰ ਹੈ, ਕਿਉਂਕਿ ਅੱਜ ਤੱਕ ਭਾਰਤ ਨੇ ਕੋਈ ਸਾਰਥਿਕ ਮੋੜਾ ਕੱਟਣ ਦੇ ਸੰਕੇਤ ਬੜੇ ਘੱਟ ਦਿੱਤੇ ਹਨ, ਇਸ ਕਰ ਕੇ ਇਹ ਆਸ ਕਰਨੀ ਫਜ਼ੂਲ ਹੈ ਕਿ ਇਸ ਵਿਗੜ ਚੁੱਕੀ ਅਤੇ ਆਏ ਦਿਨ ਹੋਰ ਵਿਗੜਦੀ ਜਾਂਦੀ ਮਾਨਸਿਕਤਾ ਦੇ ਸੁਧਾਰ ਲਈ ਕੋਈ ਯਤਨ ਹੋਣਗੇ।

ਫਿਰ ਇਹ ਯਤਨ ਕਰਨੇ ਵੀ ਕਿਸ ਨੇ ਹਨ! ਕੀ ਉਹ ਸਾਧ-ਸੰਤ ਇਹ ਸਭ ਕਰਨਗੇ, ਜਿਹੜੇ ਦੁਨੀਆਦਾਰੀ ਨਾਲ ਨਿਭਣ ਲਈ ਰੋਟੀ-ਰੋਜ਼ੀ ਵਾਲੇ ਯਤਨ ਕਰਨ ਦੀ ਥਾਂ ਜ਼ਿੰਦਗੀ ਤੋਂ ਭਗੌੜੇ ਹੋ ਗਏ ਸਨ? ਕੀ ਉਹ ਸਿਆਸੀ ਲੀਡਰ ਇਹ ਕੁਝ ਕਰਨਗੇ, ਜਿਨ੍ਹਾਂ ਵਿੱਚੋਂ ਬਹੁਤਿਆਂ ਦਾ ਆਪਣਾ ਕਾਰੋਬਾਰ ਕੋਈ ਨਹੀਂ, ਸਿਰਫ ਰਾਜਨੀਤੀ ਉਨ੍ਹਾਂ ਦਾ ਕਾਰੋਬਾਰ ਹੈ ਤੇ ਇਸ ਕਾਰੋਬਾਰ ਵਿੱਚ ਨੋਟਾਂ ਦੀ ਫਸਲ ਹਰ ਰੁੱਤ ਵਿੱਚ ਹੋਰ ਤੋਂ ਹੋਰ ਮੁਨਾਫੇ ਵਾਲੀ ਹੁੰਦੀ ਰਹਿੰਦੀ ਹੈ। ਰਿਸ਼ਵਤ ਲੈਣ ਦੇ ਦੋਸ਼ ਹੇਠ ਸੀ ਬੀ ਆਈ ਜਾਂਚ ਏਜੰਸੀ ਵੱਲੋਂ ਫੜੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਵਰਗੇ ਬੰਦੇ ਨਾਲ ਜਿਹੜੇ ਕਿਸੇ ਟਾਊਟ ਦੀ ਅੱਖ ਮਿਲ ਜਾਇਆ ਕਰਦੀ ਸੀ, ਉਸ ਦੇ ਪਰਵਾਰ ਦੇ ਲਈ ਲਹਿਰਾਂ ਲੱਗ ਜਾਂਦੀਆਂ ਸਨ। ਬਿਨਾਂ ਕੋਈ ਕੰਮ ਕੀਤੇ ਤੋਂ ਇਨ੍ਹਾਂ ਦੀ ਕਮਾਈ ਪੰਜਾਬੀ ਦੇ ਅਖਾਣ 'ਹਿੰਗ ਲੱਗੇ ਨਾ ਫਟਕੜੀ, ਰੰਗ ਵੀ ਚੋਖਾ' ਦੀ ਸਾਰਥਿਕਤਾ ਸਮਝ ਲੈਣ ਵਾਲੇ ਬੰਦੇ ਜਦੋਂ ਕੁਝ ਕਰਨ ਦੀ ਥਾਂ ਮੰਗ-ਖਾਣੇ ਤੇ ਲੁੱਟ-ਖਾਣੇ ਬਣ ਚੁੱਕੇ ਹਨ ਤਾਂ ਇਨ੍ਹਾਂ ਤੋਂ ਕਿਸੇ ਭਲੇ ਦੀ ਆਸ ਰੱਖਣੀ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਹੈ। ਇਹ ਸੱਚ ਸਾਰੇ ਲੋਕਾਂ ਨੂੰ ਪਤਾ ਹੋਣ ਦੇ ਬਾਵਜੂਦ ਇਸ ਕਿਸਮ ਦੇ ਟਾਊਟਾਂ ਤੇ ਵਿਚੋਲਿਆਂ ਦਾ ਧੰਦਾ ਜਾਰੀ ਹੈ ਅਤੇ ਹਰ ਸਰਕਾਰ ਦੇ ਰਾਜ ਵਿੱਚ ਏਸੇ ਤਰ੍ਹਾਂ ਚੱਲਦਾ ਰਹਿੰਦਾ ਹੈ।

ਸਮਾਜ ਜਿਹੜੇ ਦੌਰ ਵਿੱਚ ਡਿੱਕੋਡੋਲੇ ਖਾਂਦੀ ਕਿਸ਼ਤੀ ਵਾਲੀ ਹਾਲਤ ਵਿੱਚ ਫਸਿਆ ਜਾਪਦਾ ਹੈ, ਬਹੁਤ ਸਾਰੇ ਦੇਸ਼ਾਂ ਵਿੱਚ ਏਦਾਂ ਦੇ ਵਕਤ ਨਿਆਂ ਪਾਲਿਕਾ ਕੁਝ ਸਖਤ ਕਦਮ ਚੁੱਕਣ ਵਾਸਤੇ ਖੁਦ ਅੱਗੇ ਆਉਂਦੀ ਅਤੇ ਦੇਸ਼ ਦੀ ਸਰਕਾਰ ਨੂੰ ਵੀ ਇਸ ਉੱਤੇ ਜ਼ੋਰ ਦੇਂਦੀ ਹੈ। ਭਾਰਤ ਦੀ ਨਿਆਂ ਪਾਲਿਕਾ ਵੀ ਇਸ ਮਾਮਲੇ ਵਿੱਚ ਨਿਘਾਰ ਦੀ ਸ਼ਿਕਾਰ ਹੈ। ਇਸ ਮੁਲਕ ਦੀ ਸਭ ਤੋਂ ਵੱਡੀ ਅਦਾਲਤ ਵਿੱਚ ਜਿਹੜਾ ਵੀ ਮੁਖੀ ਜੱਜ ਬਣਾਇਆ ਜਾਣ ਲੱਗਦਾ ਹੋਵੇ, ਉਸ ਦੀ ਨਿਯੁਕਤੀ ਕੀਤੇ ਜਾਣ ਤੋਂ ਪਹਿਲਾਂ ਹੀ ਉਸ ਬਾਰੇ ਚਰਚੇ ਚੱਲ ਨਿਕਲਦੇ ਹਨ ਕਿ ਇਹ ਫਲਾਣੀ ਸੋਚ ਨਾਲ ਜੁੜਿਆ ਜਾਂ ਫਲਾਣੀ ਪਾਰਟੀ ਦੇ ਨਾਲ ਨੇੜਤਾ ਹੀ ਨਹੀਂ, ਅੰਦਰਖਾਤੇ ਅੱਖ ਮਿਲਾਈ ਰੱਖਦਾ ਹੈ। ਹਰ ਅਦਾਲਤੀ ਫੈਸਲੇ ਉੱਤੇ ਟਿਪਣੀਆਂ ਦੀ ਏਦਾਂ ਝੜੀ ਲੱਗੀ ਹੁੰਦੀ ਹੈ ਕਿ ਲੋਕਾਂ ਦਾ ਇਨਸਾਫ ਦੇ ਮੰਦਰਾਂ ਤੋਂ ਭਰੋਸਾ ਉੱਠ ਗਿਆ ਲੱਗਦਾ ਹੈ। ਭਾਰਤ ਦੇ ਕੁਝ ਜੱਜਾਂ ਖਿਲਾਫ ਮਹਾਂਦੋਸ਼ ਦੇ ਮਤੇ ਪਾਰਲੀਮੈਂਟ ਵਿੱਚ ਪੇਸ਼ ਹੋ ਜਾਂਦੇ ਰਹੇ ਅਤੇ ਇੱਕ ਜੱਜ ਦੇ ਖਿਲਾਫ ਮਤਾ ਇੱਕ ਹਾਊਸ ਤੋਂ ਪਾਸ ਹੋਣ ਪਿੱਛੋਂ ਉਸ ਲਈ ਖਹਿੜਾ ਛੁਡਾਉਣ ਵਾਸਤੇ ਅਸਤੀਫਾ ਦੇਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ। ਅੱਜਕੱਲ੍ਹ ਫਿਰ ਇੱਕ ਜੱਜ ਏਸੇ ਕਿਸਮ ਦੀ ਮੰਝਧਾਰ ਵਿੱਚ ਹੈ ਅਤੇ ਉਸ ਦੇ ਖਿਲਾਫ ਮਹਾਂਦੋਸ਼ ਦੇ ਮਤੇ ਦਾ ਨੋਟਿਸ ਦਿੱਤਾ ਹੋਣ ਦੀ ਖ਼ਬਰ ਨਾਲ ਇਹ ਖ਼ਬਰ ਵੀ ਆਈ ਹੈ ਕਿ ਕਈ ਦਰਜਨਾਂ ਸਾਬਕਾ ਜੱਜਾਂ ਨੇ ਉਸ ਦੇ ਪੱਖ ਵਿੱਚ ਚਿੱਠੀ ਲਿਖ ਦਿੱਤੀ ਹੈ। ਓਧਰ ਦੂਸਰਾ ਪੱਖ ਵੀ ਪਿੱਛੇ ਨਹੀਂ ਰਹਿਣ ਵਾਲਾ, ਕਈ ਸਾਬਕਾ ਜੱਜਾਂ ਨੇ ਉਸ ਜੱਜ ਤੇ ਉਸ ਦੀ ਹਮਾਇਤ ਕਰਨ ਵਾਲੇ ਜੱਜਾਂ ਵਿਰੁੱਧ ਚਿੱਠੀ ਲਿਖ ਕੇ ਇਸ ਵਿਵਾਦ ਨੂੰ ਹੋਰ ਅੱਗੇ ਵਧਾ ਦਿੱਤਾ ਹੈ। ਇਸੇ ਦੌਰਾਨ ਇਹ ਖ਼ਬਰ ਆ ਗਈ ਕਿ ਕੋਲਕਾਤਾ ਹਾਈ ਕੋਰਟ ਦਾ ਇੱਕ ਫ਼ੈਸਲਾ ਪਿਛਲੇ ਦਿਨੀਂ ਪਲਟ ਦਿੱਤਾ ਗਿਆ ਹੈ, ਪਰ ਖ਼ਬਰ ਇਹ ਨਹੀਂ ਕਿ ਫ਼ੈਸਲਾ ਪਲਟਿਆ ਹੈ, ਸਗੋਂ ਇਹ ਹੈ ਕਿ ਫ਼ੈਸਲਾ ਉਸ ਜੱਜ ਦਾ ਕੀਤਾ ਹੋਇਆ ਸੀ, ਜਿਸ ਨੇ ਉਹ ਕੇਸ ਉਸ ਕੋਲ ਨਾ ਹੋਣ ਦੇ ਬਾਵਜੂਦ ਉਹ ਫ਼ੈਸਲਾ ਸੁਣਾਇਆ ਅਤੇ ਅਗਲੇ ਦਿਨ ਅਦਾਲਤ ਵਾਲੀ ਨੌਕਰੀ ਛੱਡ ਕੇ ਭਾਜਪਾ ਵੱਲੋਂ ਉਮੀਦਵਾਰ ਬਣ ਗਿਆ ਸੀ।

ਕੁਝ ਚਿਰ ਪਹਿਲਾਂ ਇੱਕ ਵਿਵਾਦ ਕੇਸ ਬਾਰੇ ਇੱਕ ਹਾਈ ਕੋਰਟ ਦੇ ਜੱਜ ਨੇ ਉਹ ਫ਼ੈਸਲਾ ਦਿੱਤਾ ਸੀ, ਜਿਹੜਾ ਹਿੰਦੁਤਵ ਦੀਆਂ ਝੰਡਾ-ਬਰਦਾਰ ਜਥੇਬੰਦੀਆਂ ਦਾ ਪੱਖ ਪੂਰਦਾ ਸੀ। ਓਦੋਂ ਅਦਾਲਤਾਂ ਦੇ ਫੈਸਲਿਆਂ ਖਿਲਾਫ ਚਰਚਿਆਂ ਦਾ ਹਾਲੇ ਰਿਵਾਜ ਬਹੁਤਾ ਨਹੀਂ ਸੀ ਪਿਆ, ਪਰ ਅਗਲੇ ਦਿਨੀਂ ਉਹ ਜੱਜ ਜਦੋਂ ਰਿਟਾਇਰ ਹੋਇਆ ਅਤੇ ਇੱਕ ਹਫਤੇ ਪਿੱਛੋਂ ਉਨ੍ਹਾਂ ਜਥੇਬੰਦੀਆਂ ਦੇ ਇੱਕ ਸਮਾਗਮ ਵਿੱਚ ਮੁੱਖ ਮਹਿਮਾਨ ਬਣ ਕੇ ਮੰਚ ਉੱਤੇ ਜਾ ਬੈਠਾ ਤਾਂ ਵਿਵਾਦ ਛਿੜਨ ਦਾ ਕਾਰਨ ਆਪੇ ਪੈਦਾ ਕਰ ਲਿਆ ਸੀ। ਇਸ ਵਾਰੀ ਫਿਰ ਜਿਸ ਜੱਜ ਦੇ ਖਿਲਾਫ ਮਹਾਂਦੋਸ਼ ਦੀ ਕਾਰਵਾਈ ਦੀ ਚਰਚਾ ਦੇ ਨਾਲ ਕੁਝ ਸਾਬਕਾ ਜੱਜਾਂ ਵੱਲੋਂ ਹੱਕ ਵਿੱਚ ਅਤੇ ਕੁਝ ਵੱਲੋਂ ਵਿਰੋਧ ਵਿੱਚ ਬਿਆਨਬਾਜ਼ੀ ਸ਼ੁਰੂ ਹੋਈ ਹੈ, ਉਸ ਦਾ ਫੈਸਲਾ ਵੀ ਵਿਰਕ ਪੱਖ ਤੋਂ ਇੱਕ ਵੱਡੇ ਵਿਵਾਦ ਦੀ ਜੜ੍ਹ ਬਣ ਸਕਣ ਦੀ ਸੰਭਾਵਨਾ ਰੱਖਦਾ ਹੈ ਅਤੇ ਉਸ ਰਾਜ ਨਾਲ ਸੰਬੰਧਤ ਹੈ, ਜਿਸ ਵਿੱਚ ਅਗਲੇ ਦਿਨੀਂ ਵਿਧਾਨ ਸਭਾ ਚੋਣਾਂ ਵੀ ਹੋਣੀਆਂ ਹਨ। ਦੱਖਣ ਦੇ ਜਿਹੜੇ ਰਾਜ ਵਿੱਚ ਅੱਜਕੱਲ੍ਹ ਭਾਜਪਾ ਦਾ ਕੇਂਦਰੀ ਆਗੂਆਂ ਦੀ ਨਜ਼ਰ ਹੇਠ ਅਗਲਾ ਨਿਸ਼ਾਨਾ ਹੋ ਸਕਦੇ ਹੋਣ ਦੀ ਚਰਚਾ ਚੱਲਦੀ ਹੈ, ਇਸ ਜੱਜ ਨੇ ਉਸ ਰਾਜ ਦੇ ਇੱਕ ਧਰਮ ਅਸਥਾਨ ਦੇ ਮਾਮਲੇ ਵਿੱਚ ਇੱਕ-ਪਾਸੜ ਫ਼ੈਸਲਾ ਦੇ ਕੇ ਉਥੇ ਤਣਾਅ ਦੇ ਉਹ ਹਾਲਾਤ ਪੈਦਾ ਕਰਨ ਦਾ ਕੰਮ ਕੀਤਾ ਹੈ, ਜਿਨ੍ਹਾਂ ਦਾ ਸਿੱਟਾ ਉਸ ਰਾਜ ਅਤੇ ਸਮਾਜ ਨੂੰ ਭਵਿੱਖ ਦੇ ਇੱਕ ਲੰਮੇ ਦੌਰ ਤੱਕ ਭੁਗਤਣਾ ਪੈ ਸਕਦਾ ਹੈ। ਵਿਰੋਧ ਦੀਆਂ ਪਾਰਟੀਆਂ ਇਸ ਦੀ ਨਿੰਦਾ ਕਰਦੀਆਂ ਹਨ, ਪਰ ਕੇਂਦਰ ਦੀ ਰਾਜ ਕਰਦੀ ਧਿਰ ਇਸ ਨੂੰ ਠੀਕ ਫ਼ੈਸਲਾ ਕਹਿੰਦੀ ਹੈ।

ਕਈ ਵਾਰ ਤਾਂ ਇਹ ਸਮਝਣਾ ਵੀ ਔਖਾ ਹੋ ਜਾਂਦਾ ਹੈ ਕਿ ਇਹ ਦੇਸ਼ ਚੱਲ ਕਿੱਦਾਂ ਰਿਹਾ ਹੈ! ਬੀਤੇ ਦਿਨੀਂ ਇੰਡੀਗੋ ਏਅਰਲਾਈਨ ਦਾ ਸੰਕਟ ਸਾਹਮਣੇ ਆਇਆ ਤਾਂ ਇੱਕ ਪਾਸੇ ਇੱਕ-ਇੱਕ ਹਵਾਈ ਅੱਡੇ ਉੱਤੇ ਹਜ਼ਾਰਾਂ ਮੁਸਾਫਰ ਚੀਕਦੇ ਨਜ਼ਰ ਆਏ, ਦੂਜੇ ਪਾਸੇ ਬਾਕੀ ਏਅਰਲਾਈਨਾਂ ਨੇ ਕਿਰਾਏ ਸੱਤ-ਅੱਠ ਗੁਣਾ ਵਧਾ ਕੇ ਲੋਕਾਂ ਦੀ ਚਮੜੀ ਉਧੇੜਨ ਵਾਲਾ ਕੰਮ ਸ਼ੁਰੂ ਕਰ ਦਿੱਤਾ ਅਤੇ ਕੇਂਦਰ ਸਰਕਾਰ ਦਾ ਵਿਹਾਰ ਇਸ ਤਰ੍ਹਾਂ ਦਾ ਸੀ, ਜਿਵੇਂ ਕੋਈ ਫਰਕ ਹੀ ਨਹੀਂ ਪਿਆ। ਆਖਰ ਜਦੋਂ ਸੰਕਟ ਵਧ ਗਿਆ ਅਤੇ ਉਸ ਏਅਰਲਾਈਨ ਦੇ ਖਿਲਾਫ ਮਜਬੂਰੀਵੱਸ ਕਾਰਵਾਈ ਕਰਨੀ ਪਈ ਤਾਂ ਅਗਲੀ ਕੰਬਣੀ ਲਾ ਦੇਣ ਵਾਲੀ ਖ਼ਬਰ ਇਹ ਆਈ ਕਿ ਇਸ ਏਅਰਲਾਈਨ ਦੇ ਕਈ ਜਹਾਜ਼ਾਂ ਦੇ ਪਰਮਿਟ ਰੀਨਿਊ ਨਹੀਂ ਸੀ ਕੀਤੇ ਗਏ, ਕਿਉਂਕਿ ਸੁਰੱਖਿਆ ਜ਼ਰੂਰਤਾਂ ਪੂਰੀਆਂ ਨਹੀਂ ਸਨ ਕਰਦੇ, ਇਸ ਦੇ ਬਾਵਜੂਦ ਉਹ ਜਹਾਜ਼ ਉੱਡਦੇ ਰਹੇ। ਜਿਹੜੇ ਮੁਸਾਫਰ ਉਨ੍ਹਾਂ ਜਹਾਜ਼ਾਂ ਵਿੱਚ ਸਫਰ ਕਰਦੇ ਰਹੇ ਹੋਣਗੇ, ਉਨ੍ਹਾਂ ਨੂੰ ਜਦੋਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਯਾਤਰਾ ਲਈ ਏਅਰਲਾਈਨ ਨੇ ਜਿਹੜਾ ਜਹਾਜ਼ ਵਰਤਿਆ ਸੀ, ਉਸ ਦੀ ਮਿਆਦ ਟੱਪੀ ਹੋਈ ਸੀ ਤਾਂ ਕੰਬ ਗਏ ਹੋਣਗੇ। ਕਮਾਲ ਦੀ ਗੱਲ ਤਾਂ ਇਹ ਕਿ ਏਡੀ ਵੱਡੀ ਖ਼ਬਰ ਭਾਰਤ ਦੇ ਮੁੱਖ ਧਾਰਾ ਦੇ ਮੀਡੀਆ ਨੂੰ ਵੀ ਨਹੀਂ ਸੀ ਮਿਲੀ ਅਤੇ ਕਿਸੇ ਖ਼ਬਰ ਏਜੰਸੀ ਤੀਕ ਵੀ ਨਹੀਂ ਪਹੁੰਚੀ। ਇੱਕ ਸੰਸਾਰ ਪੱਧਰ ਦੀ ਖ਼ਬਰ ਏਜੰਸੀ ਨੇ ਜਾਰੀ ਕੀਤੀ ਤਾਂ ਭਾਰਤੀ ਲੋਕਾਂ ਨੂੰ ਪਤਾ ਲੱਗਾ ਹੈ। ਹੋਰ ਵੱਧ ਹੈਰਾਨੀ ਦੀ ਗੱਲ ਇਹ ਕਿ ਏਡੀ ਸਨਸਨੀਖੇਜ਼ ਖ਼ਬਰ ਪਤਾ ਲੱਗਣ ਦੇ ਬਾਵਜੂਦ ਭਾਰਤ ਦੇ ਮੀਡੀਆ ਚੈਨਲਾਂ ਨੇ ਇਸ ਦੀ ਚਰਚਾ ਤੱਕ ਨਹੀਂ ਸੀ ਕੀਤੀ, ਮਾਮੂਲੀ ਜਿਹਾ ਜ਼ਿਕਰ ਕਰ ਕੇ ਇਸ ਤਰ੍ਹਾਂ ਛੱਡ ਦਿੱਤੀ, ਜਿਵੇਂ ਬਾਰਸ਼ ਵਿੱਚ ਗੱਡੀ ਸਲਿੱਪ ਹੋਈ, ਪਰ ਕਿਉਂਕਿ ਕਿਸੇ ਦੀ ਮੌਤ ਨਹੀਂ ਸੀ ਹੋਈ, ਇਸ ਲਈ ਇਹ ਖਾਸ ਖ਼ਬਰ ਨਹੀਂ। ਕਿਸੇ ਕ੍ਰਿਕਟ ਮੈਚ ਵਿੱਚ ਕਿਸੇ ਖਿਡਾਰੀ ਤੋਂ ਇੱਕ ਗੇਂਦ ਦਾ ਕੈਚ ਛੁੱਟ ਗਿਆ ਹੋਵੇ ਤਾਂ ਉਸ ਉੱਤੇ ਘੰਟਿਆਂਬੱਧੀ ਚਰਚਾ ਕਰਨ ਨੂੰ ਤਿਆਰ ਰਹਿਣ ਵਾਲਾ ਭਾਰਤੀ ਮੀਡੀਆ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣ ਵਾਲੀ ਏਅਰਲਾਈਨ ਦੀ ਇਹ ਖ਼ਬਰ ਇਸ ਕਰ ਕੇ ਦੱਸਣ ਤੋਂ ਕੰਨੀ ਕੱਟ ਗਿਆ ਕਿ ਏਅਰਲਾਈਨ ਦੇ ਇਸ਼ਤਿਹਾਰਾਂ ਦੀ ਕਰੋੜਾਂ ਦੀ ਕਮਾਈ ਖਤਰੇ ਵਿੱਚ ਸੀ। ਆਪਣੇ ਹਿੱਤਾਂ ਲਈ ਖਤਰਾ ਭਾਰਤ ਦੇ ਮੀਡੀਏ ਨੂੰ ਦਿੱਸਦਾ ਹੈ, ਪਰ ਦੇਸ਼ ਦੇ ਲੋਕਾਂ ਦੀ ਜਾਨ ਦਾ ਖਤਰਾ ਮਾਮੂਲੀ ਸਮਝਿਆ ਜਾ ਸਕਦਾ ਹੈ।

ਹੋਰ ਵੀ ਕਮਾਲ ਦੀ ਗੱਲ ਅਤੇ ਸ਼ਾਇਦ ਸਭ ਤੋਂ ਵੱਧ ਕਮਾਲ ਦੀ ਗੱਲ ਇਹ ਹੈ ਕਿ ਸਾਡੇ ਭਾਰਤ ਦੇ ਲੋਕ ਆਪਣੇ ਅੰਦਰ ਹਰ ਮਾੜੀ ਤੋਂ ਮਾੜੀ ਗੱਲ ਦੀ ਚਿੰਤਾ ਹਜ਼ਮ ਕਰਨ ਦੀ ਏਨੀ ਸਮਰੱਥਾ ਰੱਖਦੇ ਹਨ ਕਿ ਉਨ੍ਹਾਂ ਨੂੰ ਕਦੀ ਕਿਸੇ ਉੱਤੇ ਗੁੱਸਾ ਹੀ ਨਹੀਂ ਆਉਂਦਾ। ਇਹ ਲੋਕ 'ਚੱਲਦੀ ਦਾ ਨਾਮ ਗੱਡੀ' ਦੇ ਅਖਾਣ ਨੂੰ ਮਾਨਤਾ ਦੇਂਦੇ ਹਨ ਅਤੇ ਇਸ ਲਈ ਕਿਸੇ ਵੀ ਕਿਸਮ ਦੀ ਸਰਕਾਰੀ, ਅਦਾਲਤੀ, ਸਮਾਜੀ ਜਾਂ ਸਿਆਸੀ ਚੁਸਤੀ ਅਤੇ ਹੋਰ ਤਾਂ ਹੋਰ ਗੁੰਡਾਗਰਦੀ ਤੱਕ ਉੱਤੇ ਵੀ ਕਦੇ ਗੁੱਸਾ ਆਉਂਦਾ ਨਹੀਂ ਦਿੱਸਦਾ। ਭਾਰਤ ਦਾ ਮੀਡੀਆ ਕੁਝ ਦੂਸਰੇ ਦੇਸ਼ਾਂ ਵਿੱਚ ਇਹੋ ਜਿਹੇ ਹਾਲਾਤ ਵਿੱਚ 'ਜੈਨ ਜ਼ੀ' ਵਰਗੇ ਉਬਾਲੇ ਉੱਠ ਪੈਣ ਦੀ ਚਰਚਾ ਕਰਦਾ ਹੈ ਤਾਂ ਆਖਰ ਵਿੱਚ ਇਹ ਕਹਿਣਾ ਨਹੀਂ ਭੁੱਲਦਾ ਕਿ ਬਾਬਾ ਸਾਹਿਬ ਅੰਬੇਡਕਰ ਦੇ ਬਣਾਏ ਸੰਵਿਧਾਨ ਦਾ ਆਸਰਾ ਹੋਣ ਕਾਰਨ ਸਾਡੇ ਦੇਸ਼ ਵਿੱਚ ਇਹੋ ਜਿਹੇ ਹਾਲਾਤ ਕਦੇ ਪੈਦਾ ਹੀ ਨਹੀਂ ਹੋ ਸਕਦੇ। ਭਾਰਤ ਦੇ ਲੋਕ ਇਹ ਵੀ ਮੰਨ ਲੈਣ ਲਈ ਬੜੀ ਸੌਖ ਨਾਲ ਤਿਆਰ ਹੋ ਜਾਂਦੇ ਹਨ ਕਿ ਇਹ ਸਬਰ ਉਨ੍ਹਾਂ ਨੂੰ ਇਸ ਸੰਵਿਧਾਨ ਵਿੱਚ ਮਿਲੇ ਉਪਦੇਸ਼ਾਂ ਕਾਰਨ ਮਿਲਿਆ ਹੈ, ਉਹ ਇਹ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਬਾਬਾ ਸਾਹਿਬ ਅੰਬੇਡਕਰ ਵਾਲੇ ਸੰਵਿਧਾਨ ਦਾ ਸਿਰਫ ਨਾਂਅ ਲਿਆ ਜਾ ਰਿਹਾ ਹੈ, ਉਸ ਦੀ ਮੂਲ ਭਾਵਨਾ ਤੇ ਉਸ ਵੱਲੋਂ ਦਿੱਤੀ ਮੂਲ ਸੇਧ ਤੱਕ ਬਦਲ ਦੇਣ ਲਈ ਹਰ ਦਿਨ ਨਵੇਂ ਤੋਂ ਨਵੇਂ ਯਤਨ ਕੀਤੇ ਜਾ ਰਹੇ ਹਨ। ਪਹਿਲਾਂ ਯੋਜਨਾ ਕਮਿਸ਼ਨ ਬਦਲ ਕੇ ਨੀਤੀ ਆਯੋਗ ਵਾਲੇ ਨਵੇਂ ਨਾਂਅ ਵਾਲਾ ਫੱਟਾ ਲਾਇਆ ਗਿਆ, ਫਿਰ ਅਪਰਾਧਾਂ ਬਾਰੇ ਕਾਨੂੰਨ ਸੀ ਆਰ ਪੀ ਸੀ ਬਦਲਿਆ ਤੇ ਇਸ ਦੀ ਜਗ੍ਹਾ ਭਾਰਤੀ ਨਿਆਂਏ ਸੰਹਿਤਾ ਐਲਾਨੀ ਗਈ, ਉਸ ਪਿੱਛੋਂ ਚੰਗੀ ਭਲੀ ਮਜ਼ਬੂਤ ਇਮਾਰਤ ਦੇ ਬਾਵਜੂਦ ਸੌ ਸਾਲ ਪੁਰਾਣੇ ਵਿਰਾਸਤੀ ਪਾਰਲੀਮੈਂਟ ਭਵਨ ਦੀ ਥਾਂ ਨਵੀਂ ਇਮਾਰਤ ਬਣਾ ਕੇ ਕੰਮ ਸ਼ੁਰੂ ਕਰ ਦਿੱਤਾ ਗਿਆ। ਸ਼ਹਿਰਾਂ ਦੇ ਨਾਂਅ ਬਦਲਣਾ ਤਾਂ ਬਹੁਤ ਪਹਿਲਾਂ ਸ਼ੁਰੂ ਕਰ ਦਿੱਤਾ ਗਿਆ ਸੀ, ਅੱਜਕੱਲ੍ਹ ਪੁਰਾਣੀਆਂ ਲੋਕ ਭਲਾਈ ਦੀਆਂ ਸਕੀਮਾਂ ਦੇ ਨਾਂਅ ਵੀ ਬਦਲਣੇ ਸ਼ੁਰੂ ਕਰ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਦਫਤਰ ਨੂੰ 'ਤੀਰਥ ਭਵਨ' ਦਾ ਨਾਂਅ ਦੇ ਦਿੱਤਾ ਗਿਆ। ਇਸ ਨਾਲ ਸ਼ਾਇਦ ਇਹ ਪ੍ਰਭਾਵ ਮਿਲਣ ਲੱਗ ਪਵੇ ਕਿ ਇਹ ਦਫਤਰ ਨਹੀਂ, ਤੀਰਥ ਹੈ, ਜਿੱਥੇ ਬੈਠੇ ਕਰਮਚਾਰੀਆਂ ਦਾ ਮੁਖੀਆ ਵੀ ਉਸੇ ਸਤਿਕਾਰ ਦਾ ਹੱਕਦਾਰ ਹੈ, ਜਿੱਦਾਂ ਦਾ ਕਿਸੇ ਧਾਰਮਿਕ ਤੀਰਥ ਦਾ ਮੁੱਖ ਪੁਜਾਰੀ ਸਮਝਿਆ ਜਾਂਦਾ ਹੈ।

ਅਸੀਂ ਪੁਰਾਣੀਆ ਕਹਾਣੀਆਂ ਸੁਣਦੇ ਆਏ ਹਾਂ ਕਿ ਇੱਕ ਰਾਜਾ ਤੇ ਇੱਕ ਧਾਰਮਿਕ ਵਿਅਕਤੀ ਆਪਸੀ ਸਹਿਮਤੀ ਨਾਲ ਰਾਜ ਚਲਾਇਆ ਕਰਦੇ ਸਨ। ਰਾਜਾ ਜੋ ਚਾਹੇ ਕਰੇ, ਪੁਜਾਰੀ ਲੋਕਾਂ ਨੂੰ ਕਹਿੰਦਾ ਰਹਿੰਦਾ ਸੀ ਕਿ ਰਾਜਾ ਈਸ਼ਵਰ ਦਾ ਰੂਪ ਹੁੰਦਾ ਹੈ, ਉਸ ਦਾ ਵਿਰੋਧ ਕੀਤਾ ਤਾਂ ਇਹ ਈਸ਼ਵਰ ਦੇ ਭਾਣੇ ਵਿੱਚ ਦਖਲ ਦੇਣਾ ਹੋਵੇਗਾ। ਲੋਕ ਡਰ ਜਾਂਦੇ ਸਨ ਅਤੇ ਫਿਰ ਕੋਈ ਰਾਜੇ ਖਿਲਾਫ ਬੋਲਦਾ ਤੱਕ ਨਹੀਂ ਸੀ। ਦੂਸਰੇ ਪਾਸੇ ਰਾਜਾ ਕਦੇ-ਕਦੇ ਵਕਤ ਕੱਢ ਕੇ ਪੁਜਾਰੀ ਅੱਗੇ ਡੰਡਾਉਤ ਕਰ ਆਉਂਦਾ ਸੀ, ਤਾਂ ਕਿ ਲੋਕ ਇਹ ਸੋਚਣ ਕਿ ਇਹ ਪੁਜਾਰੀ ਏਨਾ ਰੱਬ ਨੂੰ ਪਹੁੰਚਿਆ ਹੋਇਆ ਹੈ ਕਿ ਇਸ ਮੂਹਰੇ ਤਾਂ ਸਾਡਾ ਰਾਜਾ ਵੀ ਝੁਕ ਜਾਂਦਾ ਹੈ। ਉਹ ਯੁੱਗ ਅੱਜ ਨਹੀਂ ਰਿਹਾ, ਇਹ ਸਾਨੂੰ ਦੱਸਿਆ ਜਾਂਦਾ ਸੀ, ਪਰ ਅੱਜਕੱਲ੍ਹ ਏਦਾਂ ਦੇ ਹਾਲਾਤ ਬਣਦੇ ਜਾਂਦੇ ਹਨ ਕਿ ਰਾਜਾ ਅਤੇ ਪੁਜਾਰੀ ਦੀ ਉਹ ਕਹਾਣੀ ਫਿਰ ਚੇਤੇ ਆ ਸਕਦੀ ਹੈ। ਇਸ ਨਾਲ ਵੀ ਕਿਸੇ ਨੂੰ ਚਿੰਤਾ ਨਹੀਂ ਹੋਣੀ, ਕਿਉਂਕਿ ਸਾਡੇ ਲੋਕ ਬੜੇ ਵੱਡੇ ਸਬਰ ਵਾਲੇ ਹਨ, ਜੋ ਮਰਜ਼ੀ ਹੁੰਦਾ ਰਹੇ, ਸਭ ਝੱਲ ਸਕਦੇ ਹਨ।

# ਕਦੇ ਚੂੜੀਗਰ ਮੁਸਲਮਾਨਾਂ ਦੀ ਧਰੋਹਰ ਸੀ ਫਤਿਹਗੜ੍ਹ ਚੂੜੀਆਂ

**ਪਿੰਡ ਵਸਿਆ-57**

**ਵਿਜੇ ਬੰਬੇਲੀ**

ਮੌਜੂਦਾ ਫਤਿਹਗੜ੍ਹ ਚੂੜੀਆਂ ਜਿੱਥੇ ਵੱਸਦਾ ਹੈ, ਉੱਥੇ ਕਦੇ ਮੁਸਲਮਾਨਾਂ ਦਾ ਚੂਰੀਆਂ ਨਾਂਅ ਦਾ ਪਿੰਡ ਘੁੱਗ ਵੱਸਦਾ ਸੀ। 'ਚੂੜੀਆਂ' ਤਖੱਲਸ ਇੱਥੋਂ ਦੀ ਚੂੜੀਗਰ ਮੁਸਲਮਾਨਾਂ ਦੀ ਧਿਰ ਕਾਰਨ ਪਿਆ ਸੀ, ਜੋ ਵੱਡੀ ਪੱਧਰ 'ਤੇ ਹੱਥ-ਚੂੜੀਆਂ ਬਣਾਉਂਦੇ ਅਤੇ ਤਜਾਰਤ ਕਰਦੇ ਸਨ। ਇਸ ਦੀ ਸਾਧਨ-ਸੰਪੰਨਤਾ ਹੀ ਸਿੱਖ ਅਹਿਲਕਾਰਾਂ ਵੱਲੋਂ ਇਸ ਨੂੰ ਲੁੱਟਣ-ਕੁੱਟਣ ਦਾ ਕਾਰਨ ਬਣੀ। ਮਗਰੋਂ ਇਹ ਕਨ੍ਹੱਈਆ ਮਿਸਲ ਦੇ ਇੱਕ ਉੱਘੇ ਯੋਧੇ ਹਕੀਕਤ ਸਿੰਘ ਵੱਲੋਂ ਮੱਲ ਲਿਆ ਗਿਆ। ਮਗਰੋਂ ਪੁਨਰ-ਉਸਾਰੀ ਉਪਰੰਤ ਉਸ ਨੇ ਇਸ ਦਾ ਨਾਂਅ ਰੱਖਿਆ-'ਫਤਿਹਗੜ੍ਹ', ਪ੍ਰੰਤੂ ਪਿੰਡ ਚੂਰੀਆਂ ਦੀ ਅੱਲ ਚੂੜੀਆਂ ਦੀ ਉਤਮਤਾ ਕਾਰਨ ਇਸ ਦੀ ਮਾਨਤਾ ਸਿਰਫ ਤੇ ਸਿਰਫ 'ਫਤਿਹਗੜ੍ਹ ਚੂੜੀਆਂ' ਵਜੋਂ ਹੀ ਪ੍ਰਵਾਨ ਚੜ੍ਹੀ। ਦਰ-ਹਕੀਕਤ; ਅਸੀਂ ਸ਼ਹਿਰਾਂ-ਗਰਾਵਾਂ ਅਤੇ ਇਤਿਹਾਸਕ ਧਰੋਹਰਾਂ ਦੇ ਨਾਂਅ, ਜਿੰਨੇ ਮਰਜ਼ੀ ਉਲਟਾਉਣ ਜਾਂ ਆਪਣੇ ਮੇਚ ਦੇ ਕਰਨ ਦਾ ਯਤਨ ਕਰੀਏ, ਲੋਕ-ਚੇਤਿਆਂ ਵਿੱਚੋਂ ਮੁੱਢ-ਕਦੀਮੀਂ ਜਾਂ ਤਵਾਰੀਖੀ ਨਾਵਾਂ-ਥਾਵਾਂ ਨੂੰ ਵਿਸਾਰ ਨਹੀਂ ਸਕਦੇ।

ਹਕੀਕਤ ਸਿੰਘ ਕਨ੍ਹੱਈਆ ਮਿਸਲ, ਜਿਸ ਦਾ ਉਸਰੱਈਆ ਵੇਲੇ ਦਾ ਸੋਹਣਾ-ਸੁਨੱਖੜਾ ਗੱਭਰੂ ਜੈ ਸਿੰਘ ਸੀ, ਦਾ ਉੱਘਾ ਰੁਕਨ ਸੀ। ਕਿਹਾ ਜਾਂਦਾ ਹੈ, ਕਨ੍ਹੱਈਆ ਮਿਸਲ ਦਾ ਨਾਮਕਰਨ 'ਕਾਹਨਾ' ਪਿੰਡ ਜੋ ਕਿ ਲਾਹੌਰ ਪਰਗਨੇ ਵਿੱਚ ਸੀ, ਦੇ ਜਾਏ ਜੈ ਸਿੰਘ ਕਾਰਨ ਹੋਇਆ, ਪਰੰਤੂ ਲੋਕ ਗਾਥਾਵਾਂ 'ਚ ਜ਼ਿਕਰ ਇਹ ਵੀ ਹੈ ਕਿ 'ਕ੍ਰਿਸ਼ਨ' ਵਾਂਗੂ ਬਹੁਤ ਹੀ ਬਣਦੇ-ਫਬਦੇ ਅਤੇ ਮਤਵਾਲੇ ਗਭਰੂਟ ਜੈ ਸਿੰਘ, ਜਿਸ ਨੂੰ ਲੋਕ ਪਿਆਰ ਨਾਲ ਕਾਹਨਾ (ਕ੍ਰਿਸ਼ਨ ਦਾ ਖ਼ੂਬਸੂਰਤ ਲੋਕ ਤਖੱਲਸ) ਸੱਦਦੇ ਸਨ, ਦੇ ਕਾਰਨ ਹੀ ਇਸ ਮਿਸਲ ਦਾ ਨਾਂਅ ਵੀ 'ਕਨ੍ਹੱਈਆ ਮਿਸਲ' ਵਜੋਂ ਹੀ ਸੁਪ੍ਰਸਿੱਧ ਹੋਇਆ। ਹਕੀਕਤ ਸਿੰਘ ਉਸ ਬਘੇਲ ਸਿੰਘ ਦਾ ਫਰਜ਼ੰਦ ਸੀ, ਜਿਹੜਾ ਸਿੱਖ ਮਿਸਲਾਂ ਦੀਆਂ ਭਰੋਸੇਯੋਗ ਧਿਰਾਂ ਵਿੱਚੋਂ ਇੱਕ ਸੀ। ਹਕੀਕਤ ਦਾ ਜਨਮ 18ਵੀਂ ਸਦੀ ਦੇ ਪਹਿਲੇ ਸਵਾਏ ਵਿੱਚ ਹੋਇਆ, ਮੌਤ 1782 ਈਸਵੀ 'ਚ ਅੱਧਖੜ ਉਮਰੇ। ਹਕੀਕਤ ਸਿੰਘ ਪਿੰਡ ਜੁਲਕਾ, ਕਾਹਨਾ ਦੀ ਜੂਹ ਤੋਂ ਕੁਝ ਮੀਲ ਹੀ ਦੂਰ, ਸੰਧੂ ਹਲਵਾਹਕ ਜੱਟਾਂ ਦੇ ਪੈਦਾ ਹੋਇਆ ਸੀ, ਜਿਨ੍ਹਾਂ ਦਾ ਇੱਕ ਰੁਕਨ ਉਕਤ ਬਘੇਲ ਸਿੰਘ ਉਸ ਦਾ ਬਾਪ, ਉੱਘਾ ਸਿੱਖ ਗੁਰੀਲਾ ਸੀ। ਹਕੀਕਤ ਸਿੰਘ ਕਰੀਬ-ਕਰੀਬ ਜੈ ਸਿੰਘ ਦਾ ਹਮ-ਉਮਰ ਸੀ। ਦੋਵੇਂ ਸਰਦਾਰ ਕਪੂਰ ਸਿੰਘ ਸਿੰਘਪੁਰੀਏ ਦੇ ਧੜੇ ਵਿੱਚ ਸਰਗਰਮ ਸਨ, ਉਪਰੰਤ ਦੋਵਾਂ ਨੇ ਹੀ ਆਪੋ-ਆਪਣੇ ਅਧਿਕਾਰ ਖੇਤਰ ਸਥਾਪਤ ਕਰ ਲਏ। ਜੈ ਸਿੰਘ ਨੇ ਕਨ੍ਹੱਈਆ ਮਿਸਲ ਵਜੋਂ ਅਤੇ ਹਕੀਕਤ ਸਿੰਘ ਨੇ ਖੁਦ ਖਾਸਤਾ ਫਤਿਹਗੜ੍ਹ ਨਿਜ਼ਾਮ ਵਜੋਂ। ਫਿਰ ਚੱਲ ਸੋ ਚੱਲ, ਹਕੀਕਤ ਸਿੰਘ ਨੇ ਫਤਿਹਗੜ੍ਹ ਨੇੜੇ-ਤੇੜੇ ਅਤੇ ਕੁਝ ਦੂਰ-ਦੁਰਾਡੇ ਸੰਭਵ ਖਿੱਤੇ ਵੀ ਹਥਿਆ ਲਏ।

ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਅਤੇ ਇੱਕ ਲੋਕ-ਮਿੱਥ ਅਨੁਸਾਰ ਸਿੱਖ ਮਿਸਲਾਂ ਦੇ ਸ਼ੁਰੂਆਤੀ ਦੌਰ ਸਮੇਂ ਇੱਥੇ ਚੂਰੀਆਂ ਖਾਨਦਾਨ ਦਾ ਇੱਕ ਪਿੰਡ ਹੁੰਦਾ ਸੀ। ਚੂੜੀਗਰਾਂ ਦੀ ਬਹੁਤਾਤ ਵਾਲੇ ਇਸ ਪਿੰਡ ਦੀ ਮੋੜ੍ਹੀ ਸੱਯਦ ਲਾਹੌਰੀ ਸ਼ਾਹ ਨੇ ਗੱਡੀ ਸੀ। ਹਾਲਾਤ ਦਾ ਝੰਬਿਆ ਇੱਕ ਜੱਟ ਕਬੀਲਾ ਇਸ ਦੀ ਜੰਗਲੀ ਜੂਹ ਵਿੱਚ ਆ ਟਿਕਿਆ। ਪੱਕਾ ਟਿਕਾਣਾ ਨਾ ਰਿਹਾ ਹੋਣ ਕਾਰਨ ਉਹਨਾਂ ਨੂੰ ਬੇ-ਦੇਸ਼ ਮਗਰੋਂ ਬਦੇਸ਼ੇ ਕਿਹਾ ਜਾਣ ਲੱਗਾ। ਜ਼ਮੀਂ, ਜਲ-ਸੋਮਿਆਂ ਅਤੇ ਚਰਗਾਹਾਂ ਖਾਤਰ ਉਹਨਾ ਦੀ ਚੂਰੀਆਂ ਨਾਲ ਖੜਕਣ ਲੱਗੀ। ਅੰਤ ਉਹ ਪੱਕੇ ਪੈਰੀਂ ਹੋ ਗਏ। ਉਪਰੰਤ ਇਹਨਾਂ ਬਦੇਸ਼ੇ ਸਿੱਖਾਂ ਦੇ ਦੋ ਸੂਰਮੇ ਭਾਈਆਂ ਵਿੱਚੋਂ ਇੱਕ ਫਤਿਹ ਸਿੰਘ ਨੇ ਇੱਥੇ ਫਤਿਹਗੜ੍ਹ ਗੜ੍ਹੀ ਦੀ ਨੀਂਹ ਰੱਖੀ ਅਤੇ ਦੂਜੇ ਚਤਰ ਸਿੰਘ ਨੇ ਇੱਥੋਂ ਕੁਝ ਮੀਲ ਹਟਵੀਂ ਚਿਤੌੜਗੜ੍ਹ ਗੜ੍ਹੀ ਅਤੇ ਵਸੋਂ ਦੀ ਮੋੜ੍ਹੀ ਗੱਡੀ। ਕਨ੍ਹੱਈਆ ਮਿਸਲ ਦੇ ਹਕੀਕਤ ਸਿੰਘ ਨੇ ਚੂਰੀਆਂ 'ਤੇ ਕਬਜ਼ੇ ਉਪਰੰਤ ਫਤਿਹਗੜ੍ਹ ਨੂੰ ਵੀ ਹਥਿਆ ਲਿਆ। ਦੋਵਾਂ ਦੀ ਰਲ-ਗੱਡਤਾ ਨਾਲ ਇੱਕ ਸਾਂਝਾ ਗਰਾਂ 'ਫਤਿਹਗੜ੍ਹ ਚੂਰੀਆਂ' ਜਿਹੜਾ ਸਮਾਂ ਪਾ ਕੇ ਚੂਰੀਆਂ ਤੋਂ ਚੂੜੀਆਂ ਬਣ-ਸੰਵਰ, 'ਫਤਿਹਗੜ੍ਹ ਚੂੜੀਆਂ' ਵਜੋਂ ਵਿਕਸਤ ਹੋਇਆ। ਜਿੱਥੇ ਹਕੀਕਤ ਸਿੰਘ ਦੀਆਂ ਸਹੂਲਤਮਈ ਪ੍ਰਤੀ ਬੇਨਤੀਆਂ ਤਹਿਤ ਅੱਡ-ਅੱਡ ਪਾਸਿਓਂ ਵੱਖ-ਵੱਖ ਸ਼ਾਹੂਕਾਰਾਂ, ਮਹਾਜਨੀ, ਕਿਸਾਨੀ, ਸ਼ਿਲਪੀ, ਕਾਰੀਗਰ, ਕਾਮਾ ਅਤੇ ਕਰਮੀ-ਧਰਮੀ ਧਿਰਾਂ ਲੋੜ, ਰੋਜ਼ੀ-ਰੋਟੀ ਅਤੇ ਹੋਰ ਕਾਰਨਾਂ ਅਤੇ ਸਹੂਲਤਾਂ ਕਾਰਨ ਇੱਥੇ ਆ ਵਸੀਆਂ। ਵਸਦੀਆਂ-ਰਸਦੀਆਂ ਰਹੀਆਂ ਅਤੇ ਸਥਿਤੀ ਤੇ ਸਮਾਂ ਮੁਜ਼ਬ ਪ੍ਰਸਥਾਨ ਵੀ ਕਰਦੀਆਂ ਰਹੀਆਂ। ਸਮਾਂ ਪਾ ਕੇ ਫਤਿਹਗੜ੍ਹ ਚੂੜੀਆਂ ਵਿਗਸਦਾ ਰਿਹਾ, ਪ੍ਰੰਤੂ ਚਿਤੌੜਗੜ੍ਹ ਸਮੇਂ ਦੀ ਮਾਰ ਨਾਲ ਥੇਹ ਬਣ ਗਿਆ, ਇਹ ਥੇਹ ਹੁਣ ਵੀ ਹੈ।

1884 ਦੇ ਜ਼ਮੀਨੀ ਬੰਦੋਬਸਤ ਵੇਲੇ ਫਤਿਹਗੜ੍ਹ ਚੂੜੀਆਂ 1877 ਏਕੜ ਨਿਰਧਾਰਤ ਕੀਤੀ ਗਈ। ਪਹਿਲਾਂ ਇਸ ਨਾਲ ਵੱਡੀ ਪੰਚਾਇਤ ਸਮੇਤ ਪਿੰਡ ਹਵੇਲੀਆਂ, ਬੇਰੀਆਂ ਵਾਲਾ, ਰਸੂਲਪੁਰ ਟੱਪਰੀਆਂ ਅਤੇ ਆਬਾਦੀ ਰੇਲ ਤਰਫ ਦੀਆਂ ਚਾਰ ਛੋਟੀਆਂ ਖੁਦਮੁਖਤਾਰ ਪੰਚਾਇਤਾਂ ਅੰਤਰ ਸੰਬੰਧਤ ਸਨ। ਸਾਲ 1933 ਵਿੱਚ ਸੀ-ਕਲਾਸ ਨਗਰਪਾਲਿਕਾ ਬਣੀ। ਉਦੋਂ ਰੇਲਵੇ ਸਟੇਸ਼ਨ ਸ਼ਹਿਰ ਤੋਂ ਫਰਲਾਂਗ ਪਰ੍ਹੇ ਸੀ ਤੇ ਲਾਈਨ ਪਾਕਿਸਤਾਨ ਵਰਾਸਤਾ ਡੇਰਾ ਬਾਬਾ ਨਾਨਕ ਜਾਂਦੀ ਸੀ। ਇਸ ਲਾਈਨ ਸਦਕਾ ਫਤਿਹਗੜ੍ਹ ਤਰੱਕੀ ਦਰ ਤਰੱਕੀ ਕਰਨ ਲੱਗਾ। ਪਹਿਲ-ਪਲੱਕੜਿਆਂ ਵਿੱਚ ਵੱਡ-ਆਕਾਰੀ ਇਸ ਤਰ੍ਹਾਂ ਦੀਆਂ ਸੱਤ ਪੱਤੀਆਂ ਸਨ; ਜੰਮੂ, ਚੇਤੂ, ਗੁਲਾਲ, ਬੁਲੰਦਾ, ਮਸਹੂਫ, ਗਨੀ ਅਤੇ ਤਰਫ ਹਿੰਦੂਆਂ। ਮਗਰੋਂ ਪੰਜ-ਸੱਤ ਮੁਹੱਲੇ, ਮੁਹੱਲਾ ਪੂਰਨ ਸ਼ਾਹ, ਨਿੰਮ ਵਾਲਾ, ਲਾਲ ਚੌਕ, ਛੋਲਿਆਂ ਵਾਲਾ, ਈਸਾਈਆਂ, ਬ੍ਰਹਮਪੁਰਾ ਅਤੇ ਸੰਨਣਾ ਦਾ ਮੁਹੱਲਾ। ਫਤਿਹਗੜ੍ਹ ਦੇ ਦੱਖਣ ਪਾਸੇ 'ਦਾਰੇ ਦਾ ਖੂਹ' ਨਾਮੀ ਇਕ ਵੱਡੀ ਛੱਪੜਨੁਮਾ ਢਾਬ ਵੀ ਹੁੰਦੀ, ਤੋਂ ਬਿਨਾਂ ਖੱਤਰੀ, ਲੁਹਾਰ, ਘੁਮਿਆਰ, ਮਜ਼੍ਹਬੀ, ਕਬੀਰਪੰਥੀ, ਰਾਮਦਾਸੀਏ ਅਤੇ ਈਸਾਈ ਵਾਸੀ ਬਣੇ। ਖਾਸ ਕਰਕੇ ਚੂਰੀਆ ਮੁਸਲਮ ਅਤੇ ਮਿਰਾਸੀ ਵੀ ਮੁੱਢ-ਕਦੀਮੀਂ ਸਨ। ਕਸ਼ਮੀਰੀ ਖੋਜੇ ਅਤੇ ਭੀਲ ਵੀ ਵੱਸਦੇ ਸਨ, ਜਿਹੜੇ ਇਸ ਨਗਰ ਦੀ ਮੁਸਲਿਮ ਅਤੇ ਆਦਿਵਾਸੀ ਦਿੱਖ ਵੀ ਉਭਾਰਦੇ ਸਨ। ਢੇਰ ਸਮਾਂ ਪਹਿਲਾਂ ਇੱਥੋਂ ਦੇਸ਼ ਪੱਧਰੀ ਪਹਿਲਵਾਨ ਕੰਸ ਰਾਮ ਉਰਫ ਬੀਬੜਾ ਬਾਹਮਣ, ਗਾਮਾ ਗੁੱਜਰ, ਅੱਲਾ ਦਿੱਤਾ, ਮਰਾਸੀ ਬਰਕਤ ਅਲੀ ਅਤੇ ਸਰਦਾਰਾ ਕੰਜਰ ਨੇ ਬੜੀ ਭੱਲ ਖੱਟੀ। ਇਹਨਾਂ ਰਿਆਸਤੀ ਭਲਵਾਨ ਵੀ ਢਾਹੇ ਅਤੇ ਧੁਰ ਮੁਲਕ ਦੇ ਵੀ।

'ਸਰਦਾਰੇ ਕੰਜਰ' ਦੀ ਕਥਾ ਬੜੀ ਮਾਰਮਿਕ ਅਤੇ ਭਾਵੁਕ ਹੈ। ਸਰਦਾਰੇ ਦੀ ਮਾਂ ਭਾਵੇਂ ਵੇਸਵਾ ਸੀ, ਪਰ ਸੂਫੀ ਪ੍ਰੰਪਰਾ ਵਿੱਚ ਬੜੀ ਪੱਕੀ। ਕਿਹਾ ਜਾਂਦਾ ਉਹ ਵਿਯੋਗਣ ਹੋਈ ਕਦੇ ਸੁਹਜ-ਗੀਤ ਛੋਹ ਲੈਂਦੀ, ਕਦੇ ਬੁੱਲ੍ਹੇ ਸ਼ਾਹ ਵਾਂਗ ਬਾਵਰੀ ਹੋ ਨੱਚਦੀ। ਜਦੋਂ ਸਰਦਾਰਾ ਜੰਮਿਆ ਤਾਂ ਪੁੱਤਰ ਮੋਹ ਵਿੱਚ ਆਪਣਾ ਪੇਸ਼ਾ ਛੱਡ ਹੱਥ-ਕਿਰਤ ਕਰ ਪੁੱਤ ਪਾਲਣ ਲੱਗੀ। ਪੁੱਛਿਆ ਵੀ, ਉਸ ਸਰਦਾਰੇ ਦੇ ਬਾਪ ਦੀ ਕਨਸੋਅ ਨਾ ਕੱਢੀ। ਮੁਹੱਲਾ ਖੋਜਿਆਂ ਦੀ ਇੱਕ ਗੁੱਠ ਵਿੱਚ ਘਰ ਸੀ ਉਸ ਦਾ, ਪਰ ਨਾ ਹੀ ਉਸ ਦੇ ਨਾਂਅ ਨਾਲੋਂ ਕੰਜਰੀ ਲਕਬ ਟੁੱਟਾ, ਨਾ ਹੀ ਉਸ ਦੇ ਕਲਾਤਮਿਕ ਘਰ ਦਾ 'ਕੰਜਰਾਂ ਦੀ ਹਵੇਲੀ' ਵਜੋਂ। ਸਰਦਾਰਾ ਪਰਵਾਨ ਚੜ੍ਹਿਆ, ਦਾਨਿਸ਼ਵਰ ਵਜੋਂ ਨਹੀਂ, ਸਗੋਂ ਉੱਚੇ-ਭਾਰੇ, ਦਰਸ਼ਨੀ ਭਲਵਾਨ ਵਜੋਂ। ਉਹ ਤੇ ਉਸ ਦਾ ਬੇਲੀ ਬਰਕਤ ਮਰਾਸੀ ਜਿਸ ਮਣਾਂ-ਮੂੰਹੀਂ ਭਾਰੇ ਪੱਥਰ ਦੇ ਬਾਲੇ ਕੱਢਦੇ ਸਨ, ਉਹ ਪੱਥਰ ਅੱਜ ਵੀ ਬਟਾਲੇ ਰੋਡ 'ਤੇ ਪੰਪ ਲਾਗੇ ਉਹਨਾਂ ਦੇ ਸੁਡੌਲ ਜਿਸਮਾਂ ਦੀਆਂ ਬਾਤਾਂ ਪਾਉਂਦਾ ਹੈ। ਕੰਜਰੀ ਪੁੱਤਰ ਦਾ ਆੜੀ ਕਹੇ ਜਾਣ ਉੱਤੇ ਬਰਕਤ ਅਲੀ ਭਾਵੇਂ ਝੇਪ ਜਾਂਦਾ, ਪਰ ਸਰਦਾਰੇ ਕੰਜਰ ਨੇ ਕਰੂਰ ਸਮਾਜ ਵਜੋਂ ਮਾਂ ਦੇ ਮੱਥੇ ਮੜ੍ਹੇ 'ਕੰਜਰ ਲਕਬ' ਨੂੰ ਫਰਾਖਦਿਲੀ ਨਾਲ ਪ੍ਰਵਾਨ ਕੀਤਾ। ਉਸ ਦੀ ਪ੍ਰਸਿੱਧੀ ਨੇ ਬੇਸ਼ੱਕ ਉਸ ਨੂੰ ਫਤਿਹਗੜ੍ਹ ਚੂੜੀਆਂ ਦਾ ਕਲਗੀ ਪੁੱਤ ਦਾ ਖਿਤਾਬ ਦਿੱਤਾ, ਪ੍ਰੰਤੂ ਉਹ ਖੁਦ ਨੂੰ ਕੰਜਰ ਅਖਵਾ ਕੇ ਹੀ ਮਾਣ ਮਹਿਸੂਸ ਕਰਦਾ। ਮਾਣਮੱਤੀ ਮਾਂ ਦਾ ਪੁੱਤ 'ਸਰਦਾਰਾ ਕੰਜਰ ਫਤਿਹਗੜ੍ਹ ਚੂੜੀਆਂ' ਇਹ ਸੁਣਦਿਆਂ ਹੀ ਉਹ ਸ਼ਰਸਾਰ ਹੋ ਜਾਂਦਾ, ਝੂਮ ਉੱਠਦਾ ਸੀ ਉਹ। ਕਿਹਾ ਜਾਂਦਾ ਆਪਣੇ ਉਸਤਾਦ ਤੋਂ ਛੁੱਟ ਉਸ ਨੇ ਕਿਸੇ ਵੀ 'ਰੱਬੀ ਸ਼ਕਤੀ' ਮੂਹਰੇ ਡੰਡੋਤ-ਬੰਦਨਾ ਨਹੀਂ ਕੀਤੀ। ਜੇ ਕਰਦਾ ਤਾਂ ਸਿਰਫ ਆਪਣੀ ਮਾਂ ਸਾਹਵੇਂ। ਪੀੜ੍ਹੀ ਦਰ ਪੀੜ੍ਹੀ ਸਮਾਜ ਵੱਲੋਂ ਠੋਸੇ ਧੰਦੇ ਅਤੇ ਪ੍ਰਸਥਿਤੀਆਂ ਵੱਸ ਪਹਿਲੀ ਉਮਰੇ ਵੇਸਵਾ ਬਣੀ, ਫਿਰ ਮਾਂ ਬਣਦਿਆਂ ਹੀ ਪੁੱਤ ਖਾਤਰ ਮਿਹਨਤ-ਮੁਸ਼ੱਕਤ ਕਰਦੀ ਰਹੀ, ਉਸ ਮਾਂ ਅੱਗੇ ਉਹ ਪਹੁ ਫੁੱਟਦਿਆਂ ਅਤੇ ਦਿਨ ਛੁਪਦਿਆਂ ਝੁਕਦਾ। ਉਸ ਦਾ ਮਾਣ-ਸਤਿਕਾਰ ਕਰਦਾ। ਫਤਿਹਗੜ੍ਹ ਚੂੜੀਆਂ ਦੇ ਇਸ ਕਰਮਯੋਗੀ ਸਪੂਤ, ਜਿਸ ਨੇ 'ਮਾਂ' ਦੀ ਬਦਨਾਮ ਅੱਲ 'ਕੰਜਰੀ' ਨੂੰ ਉਸ ਦੇ ਜਿਸਮ ਤੋਂ ਉਤਾਰ ਕੇ ਆਪਣੇ ਉੱਤੇ ਓਹੜ ਲਿਆ ਸੀ, ਦੀ 'ਸੂਹੀ-ਕਥਾ' ਕੀ ਅੱਜ ਵੀ ਫਤਿਹਗੜ੍ਹ ਚੂੜੀਆਂ ਦੇ ਚੇਤੇ ਵਿੱਚ ਹੈ?

*ਸੰਪਰਕ-94634-39075*

# ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-45**

**ਸੁਰਜੀਤ ਸੁਮਨ**

'ਭਲਾਂ ਸਾਫ-ਸ਼ਫਾਫ ਮਨਾਂ ਵਿੱਚ ਮਿਠਾਸ ਇੱਕੋ ਦਿਨ ਵਿੱਚ ਹੀ ਤਾਂ ਇਕੱਤਰ ਨਹੀਂ ਹੁੰਦਾ ਹੋਵੇਗਾ? ਸ਼ਹਿਦ ਦੀਆਂ ਮੱਖੀਆਂ ਵਾਂਗ ਇਹ ਹੌਲ਼ੀ ਹੌਲ਼ੀ ਭਰਵੇਂ ਛੱਤੇ ਦਾ ਰੂਪ ਧਾਰਨ ਕਰਦਾ ਰਹਿੰਦਾ ਹੋਵੇਗਾ। ਫਿਰ ਸ਼ਹਿਦ ਦੀਆਂ ਇਹ ਮੱਖੀਆਂ ਆਲ਼ੇ-ਦੁਆਲ਼ੇ ਦੂਰ-ਨੇੜੇ ਖਿੜੇ ਤਰ੍ਹਾਂ ਤਰ੍ਹਾਂ ਦੇ ਫੁੱਲ/ ਕਲੀਆਂ 'ਤੇ ਮੰਡਰਾਉਂਦੀਆਂ ਤੇ ਰਸਪਾਨ ਕਰਦੀਆਂ ਮੁੜ ਆਪਣੇ ਛੱਤੇ 'ਤੇ ਆ ਬਹਿੰਦੀਆਂ ਹੋਣਗੀਆਂ। ਇਸੇ ਤਰ੍ਹਾਂ ਸਾਫ-ਸ਼ਫਾਫ ਮਨਾਂ ਵਿੱਚ ਜ਼ਹਿਰ ਇੱਕੋ ਦਿਨ ਵਿੱਚ ਹੀ ਤਾਂ ਇਕੱਠਾ ਨਹੀਂ ਹੁੰਦਾ ਹੋਵੇਗਾ? ਚਾਪਲੂਸ ਲੋਕ ਆਪਣੇ ਫਾਇਦਿਆਂ ਲਈ ਰਾਜ ਦਰਬਾਰਾਂ ਵਿੱਚ ਨਿੱਤ ਦਿਨ ਹਾਜ਼ਰ ਹੋ ਕੇ ਅਜਿਹੇ ਵਰਤਾਰਿਆਂ ਵਿੱਚ ਹਿੱਸੇਦਾਰ ਬਣਦੇ ਰਹਿੰਦੇ ਹੋਣਗੇ, ਜਿਵੇਂ ਅੱਜ ਵੀ ਬਣਦੇ ਰਹਿੰਦੇ ਹਨ। ਉਨ੍ਹਾਂ ਸਮਿਆਂ ਵਿੱਚ ਵੀ ਅੱਜ ਵਾਂਗ ਚਾਪਲੂਸਾਂ ਦੀਆਂ ਟੋਲੀਆਂ ਇਨ੍ਹਾਂ ਰਾਜਿਆਂ-ਮਹਾਰਾਜਿਆਂ ਦੀਆਂ ਕਚਹਿਰੀਆਂ ਵਿੱਚ ਹਾਜ਼ਰ ਹੋ ਆਪਣੇ ਵਿਰੋਧੀਆਂ ਨੂੰ ਨੁੱਕਰੇ ਲਾਉਣ ਲਈ ਸੱਚੀਆਂ-ਝੂਠੀਆਂ ਕਹਾਣੀਆਂ ਘੜ-ਘੜ/ ਸੁਣਾ ਸੁਣਾ ਕੇ ਉਨ੍ਹਾਂ ਦੇ ਕੰਨ ਭਰਦੇ ਰਹਿੰਦੇ ਹੋਣਗੇ। ਇਹੀ ਚਾਪਲੂਸ ਲੋਕ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਦੇ ਸਾਂਚੇ ਵਿੱਚ ਢਾਲਣ ਦਾ ਵਿਸ਼ੇਸ਼ ਹੁਨਰ ਰੱਖਦੇ ਰਹੇ ਹੋਣਗੇ। ਬੇਸ਼ੱਕ ਸਮਾਂ ਇਨ੍ਹਾਂ ਨੂੰ ਮੁਆਫ ਨਹੀਂ ਕਰਦਾ ਪਰ ਉਦੋਂ ਤੱਕ ਇਹ ਸਮਿਆਂ ਨੂੰ ਪੁੱਠਾ ਗੇੜਾ ਦੇ ਚੁੱਕੇ ਹੁੰਦੇ ਹਨ।

ਬਾਬਾ ਬਕਾਲ਼ਾ ਤੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ 'ਗੁਰੂ ਲਾਧੋ ਰੇ' ਪੁਕਾਰਨ ਵਾਲ਼ੇ ਬਾਬਾ ਮੱਖਣ ਸ਼ਾਹ ਲੁਬਾਣਾ ਕਿਹੜਾ ਗੁਰੂ ਘਰ ਨਾਲ਼ ਇੱਕੋ ਦਿਨ ਵਿੱਚ ਹੀ ਜੁੜੇ ਹੋਣਗੇ। ਇਨ੍ਹਾਂ ਦੇ ਦਾਦੇ-ਪੜਦਾਦੇ ਗੁਰੂ ਬਾਬਾ ਨਾਨਕ ਦੀ ਸੰਗਤ ਵਿੱਚ ਜੁੜ ਕੇ ਹੀ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਕੋਈ ਨਾ ਕੋਈ ਰਾਹ ਦਿਖਾ ਕੇ ਗਏ ਹੋਣਗੇ। ਇਸੇ ਲਈ ਤਾਂ ਪੰਡਤ ਕਿਰਪਾ ਰਾਮ ਦੱਤ, ਗੁਰੂ ਤੇਗ ਬਹਾਦਰ ਸਾਹਿਬ ਕੋਲ਼ ਕਸ਼ਮੀਰੀ ਪੰਡਤਾਂ ਦੀ ਫਰਿਆਦ ਲੈ ਆਏ ਸਨ। ਵਜ੍ਹਾ ਉਨ੍ਹਾਂ ਦੀ ਵੀ ਇਹੋ ਸੀ। ਪੰਡਤ ਕਿਰਪਾ ਰਾਮ ਦੱਤ ਉਨ੍ਹਾਂ ਦੇ ਪਹਿਲੇ ਸ਼ਰਧਾਲੂ ਨਹੀਂ ਸਨ, ਉਨ੍ਹਾਂ ਦੇ ਦਾਦੇ-ਪੜਦਾਦੇ ਆਪਣੇ ਸਮਿਆਂ ਵਿੱਚ ਗੁਰੂ ਬਾਬਾ ਨਾਨਕ ਦੀ ਸੰਗਤ ਦਾ ਰਸਪਾਨ ਕਰ ਚੁੱਕੇ ਸੁਣੀਂਦੇ ਹਨ। ਰਿਸ਼ਤਿਆਂ ਦੀ ਇਹ ਮਿਠਾਸ ਇੱਕੋ ਦਿਨ ਵਿੱਚ ਇਕੱਠੀ ਨਹੀਂ ਸੀ ਹੋਈ। ਇਸ ਨੂੰ ਇਕੱਠੀ ਹੋਣ ਲਈ ਸਦੀਆਂ ਦਾ ਸਫਰ ਤੈਅ ਕਰਨਾ ਪਿਆ ਸੀ। ਕੌਣ ਜਾਣਦਾ ਸੀ ਕਿ ਇਸੇ ਪੰਡਤ ਕਿਰਪਾ ਰਾਮ ਦੱਤ ਨੇ ਭਵਿੱਖ ਵਿੱਚ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਬਣ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿੱਚ ਮੁਗਲ ਤੇ ਪਹਾੜੀ ਫੌਜਾਂ ਦਾ ਟਾਕਰਾ ਕਰਦਿਆਂ 'ਗੰਜਿ ਸ਼ਹੀਦਾਂ' ਵਿੱਚ ਆਪਣਾ ਯੋਗਦਾਨ ਪਾਉਣਾ ਸੀ। ਗੁਰੂ ਸਾਹਿਬ ਦੀ ਖਾਲਸਾ ਫੌਜ ਵਿੱਚ ਪੰਡਤਾਂ ਵਿੱਚੋਂ ਪੰਡਤ ਕਿਰਪਾ ਰਾਮ ਦੱਤ ਵਰਗੇ ਵੀ ਸਨ। ਮਾਤਾ ਗੁਜਰੀ ਜੀ ਨੂੰ ਧੋਖਾ ਦੇਣ ਵਾਲ਼ੇ ਬ੍ਰਾਹਮਣ ਵਿੱਚੋਂ ਗੰਗੂ ਬ੍ਰਾਹਮਣ ਵਰਗੇ ਵੀ। ਮੁਸਲਮਾਨ ਔਰੰਗਜ਼ੇਬ ਵੀ ਸੀ ਤੇ ਮੁਸਲਮਾਨ ਕੋਟਲਾ ਨਿਹੰਗ ਖਾਨ, ਗਨੀ ਖਾਂ, ਨਬੀ ਖਾਂ ਤੇ ਹੋਰ ਵੀ ਬਹੁਤ ਸਨ। ਇਸ ਲਈ ਇਹ ਕੌਣ ਜਾਣਦਾ ਹੈ ਕਿ ਕੀਹਦੇ ਮਨ ਵਿੱਚ ਮਿਠਾਸ ਹੈ ਤੇ ਕੀਹਦੇ ਮਨ ਵਿੱਚ ਜ਼ਹਿਰ? ਜ਼ਹਿਰ ਤੇ ਮਿਠਾਸ ਬਾਰੇ ਸਮਾਂ ਹੀ ਐਸੇ ਗਿਆਨ ਦਾ ਬੋਧ ਕਰਵਾਉਂਦਾ ਹੈ।

ਪੁਰਾਣੇ ਪਿੰਡ ਮਾਖੋਵਾਲ਼ ਦੇ ਥੇਹ ਨੂੰ ਬਿਲਾਸਪੁਰ ਦੇ ਰਾਜੇ/ਰਾਣੀ ਤੋਂ ਖਰੀਦ ਕੇ ਨੌਵੇਂ ਗੁਰੂ ਸਾਹਿਬ ਨੇ ਇੱਥੇ ਚੱਕ ਨਾਨਕੀ ਵਸਾਇਆ ਤੇ ਆਪ ਭਰਮਣ ਲਈ ਆਸਾਮ ਜਾਂ ਪਟਨਾ ਸਾਹਿਬ ਵੱਲ ਚਲੇ ਗਏ, ਜਿੱਥੇ ਗੋਬਿੰਦ ਰਾਏ ਦਾ ਜਨਮ ਹੋਣਾ ਸੀ ਤੇ ਜਿਨ੍ਹਾਂ ਭਵਿੱਖ ਵਿੱਚ ਇਨ੍ਹਾਂ ਰਾਜਿਆਂ-ਮਹਾਰਾਜਿਆਂ ਵੱਲੋਂ ਸਤਾਈਆਂ ਘੱਟ ਗਿਣਤੀ ਕੌਮਾਂ ਨੂੰ ਇਕੱਤਰ ਕਰਕੇ ਖਾਲਸੇ ਦੀ ਸਿਰਜਣਾ ਦਾ ਜਾਹੋ-ਜਲਾਲ ਪ੍ਰਗਟ ਕਰਨਾ ਸੀ। ਫਿਰ ਧਰਮ ਦੀ ਇਸ ਤਿੜ ਨੇ ਪਾਪ ਦੇ ਪਹਾੜ ਨੂੰ ਹਵਾ ਵਿੱਚ ਅਡੋਲ, ਲਟਕਾਈ ਰੱਖਣ ਦਾ ਕੌਤਕ ਦਿਖਾਉਣਾ ਸੀ। ਹਾਲਾਂਕਿ ਕੌਤਕ ਤੇ ਕਰਾਮਾਤ ਗੁਰੂ ਘਰ ਵੱਲੋਂ ਵਰਜਿਤ ਮੰਨੇ ਗਏ ਹਨ। ਅਨੰਦਗੜ੍ਹ ਦੀ ਦਿੱਲੀ ਦਰਬਾਰ ਨਾਲ਼ ਟੱਕਰ ਨੇ ਦੁਨੀਆਂ ਨੂੰ ਇਹ ਦਰਸਾਉਣਾ ਸੀ ਕਿ ਲੋਕਧਾਰਾਵਾਂ ਕਿੰਝ ਜ਼ਬਰ-ਜ਼ੁਲਮ ਦਾ ਟਾਕਰਾ ਕਰਕੇ ਸਲੱਤਨਤਾਂ ਨੂੰ ਹੌਲ਼ੀ ਹੌਲ਼ੀ ਤਬਾਹ ਕਰ ਦਿੰਦੀਆਂ ਹਨ। ਰਾਜਾ-ਮਹਾਰਾਜਾ ਚਾਹੇ ਕੋਈ ਹਿੰਦੂ ਹੋਵੇ, ਮੁਸਲਮਾਨ ਹੋਵੇ, ਅੰਗਰੇਜ਼ ਹੋਵੇ ਜਾਂ ਸਿੱਖ, ਰਾਜਾ-ਰਾਜਾ ਹੁੰਦਾ ਹੈ, ਪਰਜਾ ਨੂੰ ਦਬਾਉਣਾ ਹੀ ਉਸ ਦਾ ਧਰਮ ਹੋ ਨਿਬੜਦਾ ਹੈ। ਇਸੇ ਲਈ ਸਮੇਂ ਦੇ ਬਦਲਣ ਨਾਲ਼ ਇਹ ਉਹੀ ਹਿੰਦੂ ਰਾਜੇ ਸਨ, ਜਿਨ੍ਹਾਂ ਦੇ ਪੁਰਖਿਆਂ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਗਵਾਲੀਅਰ ਦੇ ਕਿਲੇ ਵਿੱਚੋਂ ਛੁਡਵਾਇਆ ਸੀ। ਅੱਜ ਇਹੋ ਹਿੰਦੂ ਪਹਾੜੀ ਰਾਜੇ ਖਾਲਸੇ ਦੀ ਚੜ੍ਹਤ ਦੇ ਡਰੋਂ ਮੁਗਲ ਦਰਬਾਰ ਦੇ ਪੈਰਾਂ ਦੀਆਂ ਤਲ਼ੀਆਂ ਚੱਟਣ ਲਈ ਤਰਲੋਮੱਛੀ ਸਨ। ਉਨ੍ਹਾਂ ਸੱਚੀਆਂ-ਝੂਠੀਆਂ ਦਾ ਜ਼ਹਿਰ ਘੋਲ਼ ਔਰੰਗਜ਼ੇਬ ਦੀਆਂ ਅੱਖਾਂ 'ਤੇ ਫਰੇਬ ਦੀ ਐਸੀ ਪੱਟੀ ਬੰਨ੍ਹੀ, ਜਿਸ ਨਾਲ਼ ਉਸ ਨੂੰ ਸੱਚ ਤੋਂ ਹਮੇਸ਼ਾ ਲਈ ਦੂਰ ਕਰ ਦਿੱਤਾ ਗਿਆ। ਔਰੰਗਜ਼ੇਬ ਦੇ ਮਨ ਵਿੱਚ ਚਾਰ-ਚੁਫੇਰੇ ਮੁਸਲਿਮ ਕੌਮੀਅਤ ਦੇ ਪਸਾਰੇ ਲਈ ਹੋਰ ਕੌਮਾਂ ਪ੍ਰਤੀ ਉੱਬਲ਼ਦੀ ਨਫ਼ਰਤ ਦੀ ਜੁਆਲਾ ਨੇ ਦਹਿਸ਼ਤ ਦੀ ਹਨ੍ਹੇਰੀ ਝੁਲਾਈ ਹੋਈ ਸੀ, ਜਿਸ ਦੀ ਮਾਰ ਹੇਠ ਆਏ ਛੋਟੇ-ਵੱਡੇ ਬਹੁਤੇ ਭਾਈਚਾਰਿਆਂ ਨੇ ਆਪਣੇ ਗੋਡੇ ਟੇਕ ਦਿੱਤੇ ਸਨ। ਅੱਜ ਵੀ ਚੁਫੇਰੇ ਝੁੱਲ ਰਹੀ ਅਜਿਹੀ ਹੀ ਹਨ੍ਹੇਰੀ ਦੀਆਂ ਕਨਸੋਆਂ ਮਿਲ਼ਣ ਬਾਰੇ ਸੋਚਦਾ ਹਾਂ ਤਾਂ ਮਨ ਅੰਦਰੋ ਕੰਬ ਉੱਠਦਾ ਹੈ। ਫਿਰ ਮੇਰੇ ਮਨ ਦਾ ਪੰਛੀ ਸਫਰ-ਏ-ਸ਼ਹਾਦਤ ਤੋਂ ਪਹਿਲੇ ਸਮਿਆਂ ਦੀਆਂ ਕੜੀਆਂ ਨੂੰ ਜੋੜਨ ਵਿੱਚ ਮਸ਼ਰੂਫ ਹੋਣ ਲਗਦਾ ਹੈ।

ਅਨੰਦਗੜ੍ਹ ਕਿਲ੍ਹੇ ਦੁਆਲ਼ੇ ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਫੌਜਾਂ ਦਾ ਘੇਰਾ ਦਿਨ-ਪ੍ਰਤੀ-ਦਿਨ ਤੰਗ ਹੁੰਦਾ ਜਾ ਰਿਹਾ ਸੀ। ਗੁਰੂ ਦੇ ਪਿਆਰਿਆਂ ਵੱਲੋਂ ਕਿੱਲ੍ਹੇ ਦੁਆਲ਼ੇ ਆ ਬੈਠੇ ਟਿੱਡੀ ਦਲ ਦੀ ਪਲ ਪਲ ਦੀ ਖ਼ਬਰ ਰੱਖੀ ਜਾ ਰਹੀ ਸੀ। ਕਿਲ੍ਹੇ ਅੰਦਰ ਰਾਸ਼ਨ, ਪਾਣੀ ਤੇ ਹੋਰ ਵਸਤਾਂ ਦਿਨ-ਬ-ਦਿਨ ਸੀਮਤ ਹੁੰਦੀਆਂ ਜਾ ਰਹੀਆਂ ਹਨ। ਮੁਗਲ ਫੌਜ ਮੁਖੀਆਂ ਅਤੇ ਪਹਾੜੀਆਂ ਰਾਜਿਆਂ ਦੇ ਸਿਪਾਲਸਲਾਰਾਂ ਵੱਲੋਂ ਗੁਰੂ ਸਾਹਿਬ ਨੂੰ ਕਿਲ੍ਹਾ ਛੱਡ ਕੇ ਚਲੇ ਜਾਣ ਲਈ ਝੂਠੀਆਂ ਸਹੁੰਆਂ ਖਾਧੀਆਂ ਜਾ ਰਹੀਆਂ ਸਨ। ਗੁਰੂ ਸਾਹਿਬ ਜਾਣਦੇ ਸਨ, ਬੇਇਤਬਾਰੇ ਪਹਾੜੀ ਰਾਜਿਆਂ ਤੇ ਮੁਗਲ ਸਿਪਲਾਹਸਲਾਰਾਂ ਦੇ ਮਨਾਂ ਦੀਆਂ ਬਦਨੀਤੀਆਂ ਨੂੰ। ਭਾਵੇਂ ਗੁਰੂ ਸਾਹਿਬ ਨੇ ਯੁੱਧ ਨੀਤੀ ਤਹਿਤ ਕਿਲ੍ਹਾ ਫਤਿਹਗੜ੍ਹ ਸਾਹਿਬ, ਕਿਲ੍ਹਾ ਤਾਰਾਗੜ੍ਹ ਸਾਹਿਬ, ਕਿਲ੍ਹਾ ਲੋਹਗੜ੍ਹ ਸਾਹਿਬ ਅਤੇ ਕਿਲ੍ਹਾ ਹੋਲਗੜ੍ਹ ਸਾਹਿਬ ਦੀ ਉਸਾਰੀ ਕੀਤੀ ਹੋਈ ਸੀ, ਫਿਰ ਵੀ ਭਾਵੀ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਇਸੇ ਲਈ ਗੁਰੂ ਸਾਹਿਬ ਕਾਦਰ ਦੀ ਕੁਦਰਤ ਅੱਗੇ ਸੀਸ ਨਿਵਾਉਂਦੇ ਹੋਏ ਆਪਣੇ ਆਪ ਨੂੰ ਪੰਜਾਂ ਪਿਆਰਿਆਂ ਸਨਮੁੱਖ ਜਾ ਖੜ੍ਹਾਉਂਦੇ ਹਨ, ਜਿੱਥੇ ਉਹ ਖਾਲਸੇ ਨੂੰ 'ਆਪੇ ਗੁਰ ਚੇਲਾ' ਦਾ ਦਿੱਤਾ ਵਚਨ ਦ੍ਰਿੜਾਉਂਦੇ ਤੇ ਨਿਭਾਉਂਦੇ ਹਨ।

ਪਹਾੜੀ ਰਾਜੇ ਅਤੇ ਆਪਣੇ ਆਪ ਨੂੰ ਉੱਚੀਆਂ-ਸੁੱਚੀਆਂ ਜਾਤਾਂ-ਕੁਲ਼ਾਂ ਵਿੱਚ ਪੈਦਾ ਹੋਇਆ ਸਮਝਣ ਵਾਲ਼ੇ ਲੋਕਾਂ ਨੂੰ ਗੁਰੂ ਸਾਹਿਬ ਵੱਲੋਂ ਝਿਊਰ, ਨਾਈ, ਧੋਬੀ, ਕਿਰਤੀ ਜੱਟ ਤੇ ਖੱਤਰੀ ਆਦਿ ਸਮਾਜ ਵਿੱਚਲੀਆਂ ਵੱਖ ਵੱਖ ਜਾਤਾਂ ਦੇ ਮਿਲਗੋਭੇ ਨਾਲ਼ ਸਜਾਈ ਖਾਲਸਾ ਫੌਜ ਵੱਲੋਂ ਮਨੁੱਖਤਾ ਨੂੰ ਬਰਾਬਰਤਾ ਦੇ ਪਲੜੇ ਵਿੱਚ ਤੁਲਿਆ ਦੇਖ ਸੜੇ-ਬਲ਼ੇ ਇਹ ਪਹਾੜੀ ਰਾਜੇ ਗੁਰੂ ਸਾਹਿਬ ਦੇ ਇਸ ਸਮਾਜ ਸ਼ਾਸਤਰੀ ਬਰਾਬਰਤਾ ਦੇ ਫਲਸਫੇ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੇ ਸਨ। ਪਰ ਉਹ ਨਹੀਂ ਜਾਣਦੇ ਸਨ ਕਿ ਪਹਿਲੇ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਪਹੁੰਚਦਿਆਂ ਇਹ ਫਲਸਫਾ ਬਹੁਤ ਡੂੰਘੀਆਂ ਜੜ੍ਹਾਂ ਫੜ ਚੁੱਕਾ ਹੈ। ਇਹ ਉੱਤਰੀ ਭਾਰਤ ਦੇ ਸੰਤਾਂ ਵੱਲੋਂ ਚਲਾਈ ਮੁਹਿੰਮ ਦਾ ਅਗਲਾ ਪੜਾਅ ਸਾਬਤ ਕਦਮੀਂ ਤੁਰ ਰਿਹਾ ਸੀ। ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੱਲੋਂ ਗੁਰੂ ਸਾਹਿਬ ਤੋਂ ਪਹਿਲਾਂ ਦਿੱਤੀ ਸ਼ਹਾਦਤ ਅਤੇ ਭਾਈ ਜੈਤਾ, ਲੱਖੀ ਸ਼ਾਹ ਵਣਜਾਰਾ ਅਤੇ ਇਨ੍ਹਾਂ ਦੇ ਪਰਿਵਾਰਾਂ ਵੱਲੋਂ ਪੀਤੇ ਸ਼ਹਾਦਤ ਦੇ ਜਾਮ ਨੇ ਮੁਗਲ ਦਰਬਾਰ ਪ੍ਰਤੀ ਲੋਕ ਮਨਾਂ ਵਿੱਚ ਜ਼ਹਿਰ ਭਰ ਦਿੱਤੀ ਸੀ, ਜਿਸ ਨੂੰ ਕੱਢਣ ਲਈ ਲੋਕ ਆਪ-ਮੁਹਾਰੇ ਗੁਰੂ ਸਾਹਿਬ ਵੱਲ ਖਿੱਚੇ ਚਲੇ ਆ ਰਹੇ ਸਨ। ਇਹੋ ਵਰਤਾਰਾ ਪਹਾੜੀ ਰਾਜਿਆਂ ਦੇ ਮਨ ਨੂੰ ਭਾਉਂਦਾ ਨਹੀਂ ਸੀ, ਜਿਸ ਦੇ ਡਰੋਂ ਉਹ ਮੁਗਲ ਦਰਬਾਰ ਅੱਗੇ ਜਾ ਵਿਛੇ ਸਨ। ਗੁਰੂ ਸਾਹਿਬ ਨੇ ਹਾਲਾਤਾਂ ਦੇ ਮੱਦੇਨਜ਼ਰ ਆਪਣੇ ਸਿੱਖਾਂ ਦੀ ਸਲਾਹ ਨਾਲ਼ ਅਨੰਦਗੜ੍ਹ ਕਿਲ੍ਹਾ ਛੱਡਣ ਦਾ ਫੈਸਲਾ ਕਰ ਲਿਆ। ਸਰਸਾ ਨਦੀ ਦੇ ਕਿਨਾਰੇ ਪਹੁੰਚਦਿਆਂ ਪਿੱਛੋਂ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਆਪਣੀਆਂ ਕਸਮਾਂ ਨੂੰ ਝੂਠਾ ਪਾਉਂਦਿਆਂ, ਦਿੱਲੀ ਦਰਬਾਰ ਦੇ ਗੁਰੂ ਸਾਹਿਬ ਨੂੰ ਜਿਊਂਦਿਆਂ ਫੜਨ ਦੇ ਫੁਰਮਾਨ ਨੂੰ ਅਮਲ ਵਿੱਚ ਲਿਆਉਣ ਲਈ, ਪਿੱਛੋਂ ਹੱਲਾ ਬੋਲ ਦਿੱਤਾ। ਇੱਥੇ ਹੀ ਗੁਰੂ ਸਾਹਿਬ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਅੱਲ੍ਹਾ ਯਾਰ ਖਾਂ ਜੋਗੀ ਆਪਣੀ ਰਚਨਾ 'ਗੰਜਿ ਸ਼ਹੀਦਾਂ' ਵਿੱਚ ਲਿਖਦੇ ਹਨ, 'ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ/ ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ/ ਯੇਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ/ ਬਿਫਰੇ ਹੂਏ ਸਤਿਗੁਰ ਕੇ ਪਿਆਰੇ ਨਜ਼ਰ ਆਏ/ ਕਹਿਤੇ ਥੇ ਕਿ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ/ ਮੱਟੀ ਤੱਕ ਉਡਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।'

*ਸੰਪਰਕ : 98144-30874*

# ਕਵਿਤਾ ਦਾ ਹਰਜਾਨਾ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਅਸੀਂ ਅਕਸਰ ਆਪਣੀਆਂ ਗਲਤੀਆਂ ਦਾ ਹਰਜਾਨਾ ਭਰਦੇ। ਗਲਤੀਆਂ ਜੋ ਜਾਣੇ/ਅਣਜਾਣੇ ਜਾਂ ਸਹਿਜ-ਸੁਭਾ ਹੋ ਜਾਂਦੀਆਂ ਜਾਂ ਅਸੀਂ ਸੁਚੇਤ ਰੂਪ ਵਿਚ ਕੁਝ ਅਜਿਹਾ ਕਰਦੇ, ਜੋ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਂਦਾ ਜਾਂ ਕਿਸੇ ਦਾ ਸਰੀਰਕ, ਮਾਨਸਿਕ ਜਾਂ ਭਾਵਨਾਤਮਿਕ ਨੁਕਸਾਨ ਕਰਦੇ। ਕਈ ਵਾਰ ਸਾਡੀਆਂ ਕੁਤਾਹੀਆਂ ਕਾਰਨ ਵੀ ਸਾਨੂੰ ਹਰਜਾਨਾ ਭਰਨਾ ਪੈਂਦਾ।

ਹਰਜਾਨਾ ਵੀ ਅਸੀਂ ਕਈ ਰੂਪਾਂ ਵਿਚ ਭਰਦੇ। ਕਦੇ ਮਾਇਕ ਰੂਪ ਵਿਚ, ਕਦੇ ਮੁਆਫ਼ੀ ਮੰਗ ਕੇ, ਕਦੇ ਕਿਸੇ ਦੀਆਂ ਭਾਵਨਾਵਾਂ ਨੂੰ ਸਹਿਲਾ ਕੇ, ਕਦੇ ਕਿਸੇ ਨੂੰ ਦਿੱਤੇ ਅਦਿੱਖ ਜ਼ਖਮਾਂ 'ਤੇ ਮੋਹ ਦੀ ਟਕੋਰ ਕਰਕੇ, ਪਰ ਕਈ ਵਾਰ ਅਸੀਂ ਇੰਨੇ ਨਿਰਦਈ ਅਤੇ ਕਠੋਰ ਹੋ ਜਾਂਦੇ ਕਿ ਅਸੀਂ ਖਿੜ ਰਹੇ ਫੁੱਲ ਨੂੰ ਪੱਤੀ-ਪੱਤੀ ਕਰਕੇ, ਪੱਤੀਆਂ ਨੂੰ ਮਸਲਦਿਆਂ ਆਪਣੇ-ਆਪ ਨੂੰ ਬੇਕਸੂਰ ਸਾਬਤ ਕਰਨ ਵਿਚ ਸਾਰੇ ਸਰੋਤ ਲਾ ਦਿੰਦੇ।

ਹਰਜਾਨਾ ਬੋਲਾਂ ਦਾ ਭੁਗਤਣਾ ਪੈਂਦਾ, ਚੁੱਪ ਦਾ, ਸ਼ਬਦਾਂ ਦਾ ਅਤੇ ਅਸ਼ਬਦ ਜਾਂ ਅਵਾਕ ਰਹਿ ਕੇ ਵੀ। ਸਪੱਸ਼ਟੀਕਰਨ ਦੇ ਕੇ ਵੀ, ਨਾ ਚਾਹੁੰਦਿਆਂ ਹੋਇਆਂ ਵੀ ਅਤੇ ਚਾਅ ਕੇ ਵੀ। ਕਈ ਵਾਰ ਤਾਂ ਕਿਸੇ ਬੇਕਸੂਰ ਨੂੰ ਖਾਹ-ਮਖਾਹ ਹੀ ਹਰਜਾਨਾ ਭਰਨਾ ਪੈਂਦਾ, ਜਿਹੜਾ ਅਕਸਰ ਉਸ ਦੇ ਅੰਦਰ ਦੀ ਚੀਸ ਬਣ ਕੇ ਉਸ ਦੀ ਰੂਹ ਤੇ ਇਕ ਸਦੀਵੀ ਚਸਕ ਧਰ ਜਾਂਦਾ, ਕਿਉਂਕਿ ਅਜਿਹਾ ਹਰਜਾਨਾ ਕਈ ਵਾਰ ਅਜਿਹਾ ਜ਼ਖਮ ਦੇ ਜਾਂਦਾ, ਜੋ ਦਿਸਦਾ ਤਾਂ ਨਹੀਂ, ਪਰ ਇਸ ਦੀ ਪੀੜ ਬੀਤੇ ਨੂੰ ਅਕਸਰ ਚੇਤੇ ਕਰਵਾ, ਉਨ੍ਹਾਂ ਪਲਾਂ ਵਿਚ ਬੰਦੇ ਨੂੰ ਲਿਆ ਖਲਿਆਰਦੀ।

ਆਪਣੇ ਜੀਵਨ ਵਿਚ ਕੁਝ ਕਿਹਾ ਜਾਂ ਅਣਕਿਹਾ ਕਾਰਨ ਹਰਜਾਨਾ ਤਾਂ ਸਮਝ ਆਉਂਦਾ, ਪਰ ਜਦ ਸ਼ਬਦਾਂ ਨੂੰ ਸਜ਼ਾ ਮਿਲੇ। ਕਵਿਤਾ ਨੂੰ ਕਵਿਤਾ ਹੋਣ ਕਰਕੇ, ਕਰਤੇ ਅਤੇ ਕਵਿਤਾ ਨੂੰ ਖੁਦ ਹੀ ਹਰਜਾਨਾ ਭੁਗਤਣਾ ਪਵੇ ਤਾਂ ਅੰਦਾਜ਼ਾ ਲਾਇਆ ਜਾ ਸਕਦਾ ਕਿ ਕਾਵਿਕ ਸ਼ਬਦਕਾਰੀ ਵਿਚ ਕਿੰਨਾ ਵੱਡਾ ਸੱਚ ਛੁਪਿਆ ਹੁੰਦਾ ਅਤੇ ਇਸ ਵਿਚ ਇੰਨੀ ਤਾਕਤ ਹੁੰਦੀ ਕਿ ਕਿਸੇ ਦੇ ਸੀਨੇ ਵਿਚ ਛੇਕ ਵੀ ਕਰ ਸਕਦੀ, ਕਿਸੇ ਦੀ ਚੇਤਨਾ ਨੂੰ ਹਲੂਣ ਵੀ ਸਕਦੀ ਅਤੇ ਕਿਸੇ ਦੇ ਮਨ ਵਿਚ ਤਰਥੱਲੀ ਵੀ ਲਿਆ ਸਕਦੀ, ਕਿਸੇ ਦੀ ਸੋਚ ਵਿਚ ਖਲਬਲੀ ਪੈਦਾ ਕਰ ਸਕਦੀ ਅਤੇ ਸੁਚੇਤ ਵਰਗ ਨੂੰ ਤਸਵੀਰ ਦੇ ਦੂਸਰੇ ਪੱਖ ਨੂੰ ਸਮਝਣ ਲਈ ਉਕਸਾਅ ਵੀ ਸਕਦੀ। ਕਈ ਵਾਰ ਤਾਂ ਕਵਿਤਾ ਉਨ੍ਹਾਂ ਪਰਤਾਂ ਦੀ ਨਿਸ਼ਾਨਦੇਹੀ ਵੀ ਕਰਦੀ, ਜਿਹੜੀ ਅਕਸਰ ਹੀ ਸਾਨੂੰ ਨਜ਼ਰ ਨਹੀਂ ਆਉਂਦੀ। ਕੁਝ ਅਜਿਹਾ ਹੀ ਮੇਰੀ ਸਭ ਤੋਂ ਪਹਿਲੀ ਛੋਟੀ ਜਿਹੀ ਨਜ਼ਮ ਨਾਲ ਹੋਇਆ, ਜਿਸ ਬਾਰੇ ਮੈਂ ਤਾਂ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਕਵਿਤਾ ਇੰਨੀ ਅਸਰਦਾਈ ਹੁੰਦੀ ਹੈ ਕਿ ਇਸ ਤੋਂ ਵੀ ਬਹੁਤ ਵੱਡਾ ਖ਼ਤਰਾ ਪੈਦਾ ਹੋ ਸਕਦਾ।

ਅਪ੍ਰੈਲ-ਮਈ 1977, ਭਾਰਤ ਵਿਚ ਐਮਰਜੈਂਸੀ ਦਾ ਵਕਤ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਇੰਸ ਆਡੀਟੋਰੀਅਮ ਵਿਚ ਐੱਮ ਐੱਸ ਸੀ ਫਿਜ਼ਿਕਸ ਫਾਈਨਲ ਦੇ ਵਿਦਿਆਰਥੀਆਂ ਦੀ ਫੇਅਰਵੈੱਲ ਪਾਰਟੀ। ਸਾਰੇ ਵਿਦਿਆਰਥੀ ਕੁਝ ਨਾ ਕੁਝ ਸੁਣਾ ਰਹੇ। ਮੈਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਚੇਟਕ ਤਾਂ ਪਹਿਲਾਂ ਹੀ ਲੱਗੀ ਹੋਈ ਸੀ ਅਤੇ ਇਸ ਨੂੰ ਹੋਰ ਪਨਪਣ ਵਿਚ ਪਟਿਆਲਾ ਯੂਨੀਵਰਸਿਟੀ ਦਾ ਵੱਡਾ ਯੋਗਦਾਨ ਕਿਉਂਕਿ ਮੇਰੇ ਕਮਰੇ ਵਿਚ ਅਕਸਰ ਹੀ ਪੰਜਾਬੀ ਪਿਆਰੇ ਪ੍ਰੋ. ਕੁਲਵੰਤ ਔਜਲਾ, ਡਾ. ਜਸਵਿੰਦਰ ਸਿੰਘ, ਡਾ. ਸਤੀਸ਼ ਵਰਮਾ, ਪ੍ਰੋ. ਬਲਵਿੰਦਰ ਧਾਲੀਵਾਲ ਵਰਗੇ ਅਦਬੀ ਮਿੱਤਰਾਂ ਦੀ ਮਹਿਫ਼ਲ ਹਰ ਸ਼ਾਮ ਨੂੰ ਸਜ ਜਾਂਦੀ, ਜੋ ਅਜੋਕੇ ਸਮੇਂ ਦੇ ਬਹੁਤ ਵੱਡੇ ਵਿਦਵਾਨ ਅਤੇ ਸਾਹਿਤਕਾਰ ਹਨ। ਇਸ ਫੇਅਰਵੈੱਲ ਪਾਰਟੀ ਵਿਚ ਮੈਂ ਪਹਿਲੀ ਵਾਰ ਆਪਣੀ ਨਿੱਕੀ ਜਹੀ ਕਵਿਤਾ ਸੁਣਾਈ।

ਹਵਾ ਬੰਦ ਹੈ
ਦਰੱਖਤਾਂ ਦੇ ਪੱਤੇ ਨਹੀਂ ਹਿੱਲਦੇ
ਪਹਿਆਂ 'ਚੋਂ ਘੱਟਾ ਨਹੀਂ ਉਡਦਾ
ਇਸ ਦਾ ਇਹ ਮਤਲਬ ਨਹੀਂ
ਕਿ
ਹਵਾ ਮਰ ਚੁੱਕੀ ਹੈ
ਇਹ ਤਾਂ ਸਮੇਂ-ਸੂਚਕ ਹੈ
ਕਿਸੇ ਆਉਣ ਵਾਲੇ
ਭਾਰੂ ਤੂਫ਼ਾਨ ਦੀ।

ਮੇਰੇ ਅਧਿਆਪਕ ਅਤੇ ਜਮਾਤੀ ਦੇਖਦੇ ਹੀ ਰਹਿ ਗਏ ਕਿ ਏਡੀ ਵੱਡੀ ਗੱਲ ਨੂੰ ਇੰਨੀ ਸਾਦਗੀ ਨਾਲ ਵੀ ਕਿਹਾ ਜਾ ਸਕਦਾ। ਉਹ ਵੀ ਉਦੋਂ ਜਦੋਂ ਐਮਰਜੈਂਸੀ ਲੱਗੀ ਹੋਵੇ। (ਭਾਵੇਂ ਕਿ ਜੂਨ 1977 ਵਿਚ ਐਮਰਜੈਂਸੀ ਖਤਮ ਹੋ ਗਈ ਸੀ)। ਪਾਰਟੀ ਤੋਂ ਬਾਅਦ ਮੇਰੇ ਇਕ ਪ੍ਰੋਫ਼ੈਸਰ ਨੇ ਸਪੱਸ਼ਟ ਹੀ ਕਹਿ ਦਿੱਤਾ ਕਿ ਤੈਨੂੰ ਪਤਾ ਨਹੀਂ ਕਿ ਤੂੰ ਕੀ ਲਿਖਿਆ ਅਤੇ ਬੋਲ ਗਿਆ ਏਂ ਜਦੋਂ ਐਮਰਜੈਂਸੀ ਲੱਗੀ ਹੋਈ ਆ ਤੇ ਉਸ ਦੇ ਅੰਦਰਲਾ ਕੁੜੱਤਣੀ ਸੱਚ ਉਸ ਵਕਤ ਜ਼ਾਹਰ ਹੋ ਗਿਆ ਜਦ ਪ੍ਰੈਕਟੀਕਲ ਵਿਚ ਮੇਰੇ ਸਿਰਫ਼ ਫਸਟ ਡਵੀਜ਼ਨ ਜੋਗੇ ਹੀ ਨੰਬਰ ਲਾਏ ਗਏ, ਭਾਵੇਂ ਕਿ ਲਿਖਤੀ ਪੇਪਰਾਂ ਵਿਚ ਮੈਂ ਪਹਿਲੇ ਨੰਬਰ 'ਤੇ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਮੇਰੇ ਕੋਲੋਂ ਗੋਲਡ ਮੈਡਲ ਖਿਸਕਾ ਲਿਆ ਗਿਆ ਅਤੇ ਮੈਂ ਐੱਮ ਐੱਸ ਸੀ ਵਿਚ ਯੂਨੀਵਰਸਿਟੀ ਵਿੱਚੋਂ ਦੂਸਰੇ ਨੰਬਰ 'ਤੇ ਆਇਆ।

ਇਸ ਨਾਲ ਮੈਨੂੰ ਇਹ ਅਹਿਸਾਸ ਹੋਇਆ ਕਿ ਕਵਿਤਾ ਦੀ ਕਿੰਨੀ ਤਾਕਤਵਰ ਹੁੰਦੀ। ਤਾਕਤ ਦੇ ਗਲਿਆਰਿਆਂ ਵਿਚਲੇ ਲੋਕ ਕਿਵੇਂ ਕਵਿਤਾ ਤੋਂ ਤ੍ਰਹਿੰਦੇ ਅਤੇ ਕਵਿਤਾ ਨੂੰ ਕਤਲ ਕਰਨ ਲਈ ਹਰ ਹਰਬਾ ਵਰਤਦੇ। ਸੱਚ ਇਹ ਹੈ ਕਿ ਕਲਮ ਵਿੱਚੋਂ ਨਿਕਲੇ ਰੂਹੀ ਸ਼ਬਦ ਹੀ ਹੁੰਦੇ, ਜੋ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੇ। ਬੰਦੇ ਦੇ ਮਨ ਵਿਚ ਬੈਠੀਆਂ ਅਪੂਰਨ ਇਛਾਵਾਂ ਅਤੇ ਉਸ 'ਤੇ ਲਾਈਆਂ ਪਾਬੰਦੀਆਂ ਦੀ ਦਸਤਾਵੇਜ਼ ਅਤੇ ਇਨ੍ਹਾਂ ਨੂੰ ਤੋੜ ਕੇ ਖੁੱਲ੍ਹੀ ਉਡਾਣ ਭਰਨ ਦਾ ਖ਼ਿਆਲ ਹੁੰਦੇ। ਕਲਮ ਸਿਰਫ਼ ਕਵੀ ਦਾ ਖ਼ਿਆਲ ਜਾਂ ਖ਼ਾਬ ਨਹੀਂ ਹੁੰਦੀ, ਸਗੋਂ ਇਹ ਅਬੋਲ ਅਤੇ ਮੂਕ ਵੇਦਨਾ ਦਾ ਬਿਰਤਾਂਤ ਹੁੰਦੇ। ਸੁਪਨਿਆਂ ਦੇ ਦੇਸ਼ ਦੀਆਂ ਸੰਭਾਵਨਾਵਾਂ ਅਤੇ ਸੱਚ ਦੀ ਕਾਵਿਕਾਰੀ। ਥੋੜ੍ਹੇ ਜਿਹੇ ਸ਼ਬਦਾਂ ਵਿਚ ਵੱਡੀ ਅਰਥਮਈ ਬਾਤ ਕਹਿਣ ਦਾ ਅੰਦਾਜ਼।

ਕਵਿਤਾ ਜਦੋਂ ਨਾਅਰਾ ਬਣਨ ਦੀ ਬਜਾਏ ਬਹੁਤ ਹੀ ਸਹਿਜ ਅਤੇ ਸੂਖਮ ਰੂਪ ਵਿਚ ਸਾਡੇ ਅੰਤਰੀਵ ਨੂੰ ਫਰੋਲੇ, ਪੜ੍ਹਨ ਵਾਲੇ ਦੇ ਮਨ ਵਿਚ ਇਹ ਅਹਿਸਾਸ ਪੈਦਾ ਕਰੇ ਕਿ ਇਹ ਤਾਂ ਉਸ ਦੇ ਜਜ਼ਬਾਤਾਂ ਦਾ ਵਰਨਣ ਹੈ। ਉਸ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਪੈਦਾ ਹੋਣ ਅਤੇ ਉਹ ਖੁਦ ਇਨ੍ਹਾਂ ਦਾ ਜਵਾਬ ਲੱਭਣ ਲਈ ਆਪਣੇ ਅੰਤਰੀਵ ਵਿਚ ਉਤਰੇ ਤਾਂ ਕਵਿਤਾ ਆਪਣਾ ਫਰਜ਼ ਨਿਭਾਅ ਜਾਂਦੀ। ਕਵਿਤਾ, ਅੱਖਰਕਾਰੀ ਵੀ ਨਹੀਂ ਹੁੰਦੀ।

ਮੇਰੀ ਸ਼ੁਰੂਆਤੀ ਸਿਰਜਣਕਾਰੀ ਵਿਚ ਇਸ ਘਟਨਾ ਨੇ ਬਹੁਤ ਸਾਰੀਆਂ ਤੰਦਾਂ, ਤਾਣਿਆਂ, ਤਰਜੀਹਾਂ ਅਤੇ ਤਦਬੀਰਾਂ ਦਾ ਕਿਆਸ ਕਰਵਾਇਆ ਕਿ ਸ਼ਬਦ-ਸਫ਼ਰ ਸੁਖਾਵਾਂ ਨਹੀਂ ਹੁੰਦਾ। ਜਦ ਤੁਸੀਂ ਆਪਣੀ ਰੂਹ ਨੂੰ ਵੱਖਰੇ ਅੰਦਾਜ਼ ਅਤੇ ਆਪਣੀ ਹੀ ਸੈ ਵਿਚ ਜ਼ੁਬਾਨ ਦਿੰਦੇ ਹੋ ਤਾਂ ਇਹ ਕਈ ਵਾਰ ਸਥਾਪਤ ਲੇਖਕੀ ਡੇਰੇਦਾਰਾਂ ਨੂੰ ਵੀ ਅੱਖਰਦੀ ਹੈ। ਜਦੋਂ ਤੁਸੀਂ ਪ੍ਰਚਲਤ ਫਰੇਮ ਤੋਂ ਬਾਹਰ ਜਾ ਕੇ ਕੁਝ ਸਿਰਜਦੇ ਹੋ ਤਾਂ ਇਹ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਭਰਮ-ਭੁਲੇਖਿਆਂ ਨੂੰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


# ਵਿਭਿੰਨ ਵਿਸ਼ਿਆਂ ਰਾਹੀਂ ਕਥਾ 'ਚ ਸਾਗਰ ਭਰਦੀ ਪੁਸਤਕ

**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਭੁਪਿੰਦਰ ਕੌਰ**





### ਕਥਾ ਸਾਗਰ

(ਕਹਾਣੀ ਸੰਗ੍ਰਹਿ)
(ਦਵਿੰਦਰ ਮੰਡ)
ਕੁਲ ਸਫ਼ੇ : 376, ਕੀਮਤ : 600 ਰੁਪਏ
ਪਰਵਾਜ਼ ਪ੍ਰਕਾਸ਼ਨ, ਜਲੰਧਰ

ਦਵਿੰਦਰ ਮੰਡ ਦਾ ਕਹਾਣੀ ਸੰਗ੍ਰਹਿ 'ਕਥਾ ਸਾਗਰ' ਇਕ ਖ਼ੂਬਸੂਰਤ ਤੇ ਵੱਡ-ਆਕਾਰੀ ਪੁਸਤਕ ਹੈ। ਇਸੇ ਕਲਮ ਤੋਂ ਹੀ ਉਹ ਕਹਾਣੀ, ਆਲੋਚਨਾ ਤੇ ਸੰਸਮਰਣ ਦੀਆਂ 11 ਪੁਸਤਕਾਂ ਮਾਂ ਬੋਲੀ ਪੰਜਾਬੀ ਨੂੰ ਭੇਟ ਕਰ ਚੁੱਕਾ ਹੈ। ਬਾਲ ਸਾਹਿਤ ਦੀਆਂ ਵੀ 16 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਪੁਸਤਕ ਰਾਹੀਂ ਉਸ ਨੇ ਆਪਣੀਆਂ ਸਾਰੀਆਂ ਹੀ ਕਹਾਣੀਆਂ ਨੂੰ ਇਕ ਥਾਂ ਇਕੱਠਾ ਕੀਤਾ ਹੈ। ਪਰਵਾਜ਼ ਪ੍ਰਕਾਸ਼ਨ, ਜਲੰਧਰ ਦੁਆਰਾ ਪ੍ਰਕਾਸ਼ਤ ਇਹ ਪੁਸਤਕ ਉਸ ਨੇ ਆਪਣੇ ਪਿਆਰੇ ਦੋਹਤੇ ਸ਼ੀਵਾਨ ਭਾਰਗਵ ਨੂੰ ਸਮਰਪਿਤ ਕੀਤੀ ਹੈ, ਜਿਸ ਅੰਦਰ ਵੀ ਕਹਾਣੀ ਸੁਣਨ ਦੀ ਚਿਣਗ ਹੈ। ਸ਼ਾਇਦ ਇਹ ਕਹਾਣੀ ਪਿਆਰ ਉਸ ਦੀ ਧੀ ਰਾਹੀਂ ਦੋਹਤੇ ਨੂੰ ਵਿਰਸੇ ਵਿੱਚ ਮਿਲਿਆ ਹੈ ਤੇ ਨਾਨੇ ਦੀਆਂ ਕਹਾਣੀਆਂ ਹੀ ਹਨ, ਜੋ ਸ਼ੀਵਾਨ ਨੂੰ ਰੋਂਦੇ ਨੂੰ ਚੁੱਪ ਕਰਾ ਦਿੰਦੀਆਂ ਹਨ। ਪੁਸਤਕ ਵਿੱਚ ਕੁੱਲ 53 ਕਹਾਣੀਆਂ ਹਨ, ਜੋ ਉਸ ਨੇ ਚਾਰ ਹਿੱਸਿਆਂ ਦੇ ਵਿੱਚ ਵੰਡੀਆਂ ਹਨ। ਪਹਿਲਾ ਹਿੱਸਾ 1998 ਵਿੱਚ ਛਪੀ ਪੁਸਤਕ 'ਖ਼ੁਸ਼ਬੂ ਤੇ ਖੰਡਰ' ਦੀਆਂ ਸਤਾਰਾਂ ਕਹਾਣੀਆਂ ਦਾ ਹੈ, ਜਿਸ ਵਿੱਚ '47 ਦੀ ਵੰਡ, ਅੱਤਵਾਦੀ ਦੌਰ ਤੇ ਜਾਤ-ਪਾਤ ਦੀ ਸੰਕੀਰਨ ਸੋਚ ਬਾਰੇ ਕਹਾਣੀਆਂ ਹਨ। 'ਬੰਸਰੀ ਦੀਆਂ ਸੁਰਾਂ' ਹਿੰਦੂ-ਮੁਸਲਿਮ ਏਕਤਾ ਤੇ ਸਾਂਝ ਤੇ ਪਿਆਰ ਦੀ ਕਹਾਣੀ ਹੈ। ਕਿਸੇ ਵੇਲੇ ਸੇਪੀ ਦਾ ਕੰਮ ਕਰਦੇ ਬਰਕਤ ਦਾ ਪਿਆਰ ਦੇਖ ਕੇ ਆਲਾ ਸਿੰਘ ਨੇ ਉਸ ਨੂੰ ਦਸ ਮਰਲੇ ਥਾਂ ਦਿੱਤੀ ਸੀ, ਪਰ ਅਗਲੀ ਪੀੜ੍ਹੀ ਨੇ ਉਸ ਦੀ ਸੇਵਾ ਨੂੰ ਭੁਲਾ ਦਿੱਤਾ ਤੇ ਜ਼ਮੀਨ ਵਾਪਸ ਮੰਗ ਲਈ। ਇੱਕ ਪੀੜ੍ਹੀ ਨੇ ਤਰਸ ਕੀਤਾ ਤੇ ਦੂਜੀ ਪੀੜ੍ਹੀ ਨੇ ਘਰੋਂ ਬੇਘਰ ਕਰ ਦਿੱਤਾ। 'ਸ਼ਸ਼ੀਰਾ' ਕਹਾਣੀ ਹੈ '47 ਦੀ ਵੰਡ ਸਮੇਂ ਔਰਤ ਦੇ ਸ਼ੋਸ਼ਣ ਦੀ, ਜਿਸ ਨੂੰ ਘਰ ਵਿੱਚ ਹੀ ਲੁਕਾ ਕੇ ਰੱਖਿਆ ਗਿਆ। ਕਹਾਣੀ ਦੱਸਦੀ ਹੈ ਕਿ ਉਸ ਦੌਰ ਵਿੱਚ '47 ਦੀ ਵੰਡ ਸਰੀਰਾਂ ਦੀ ਖੇਡ ਹੀ ਬਣ ਕੇ ਰਹਿ ਗਈ ਸੀ। 'ਲੁਕਨ ਮਿੱਟੀ' ਤੇ 'ਖੇਡਾ ਕਬੱਡੀ' ਵਰਗੀਆਂ ਕਹਾਣੀਆਂ ਖਾੜਕੂਵਾਦ ਦੀਆਂ ਕਹਾਣੀਆਂ ਹਨ। 'ਗੰਗਾ ਜਲ' ਕਹਾਣੀ ਜਾਤਪਾਤ ਦੀ ਸੰਕੀਰਨ ਸੋਚ ਨੂੰ ਪੇਸ਼ ਕਰਨ ਦੀ ਕਹਾਣੀ ਹੈ। ਸ਼ੈਂਕਰੀ ਨੂੰ ਬੂਟਾ ਬਿਹਾਰ ਵਿੱਚੋਂ ਲੈ ਕੇ ਆਉਂਦਾ ਹੈ। ਸ਼ੈਂਕਰੀ ਬੇਸ਼ੱਕ ਗਰੀਬ ਹੈ, ਪਰ ਉੱਚੇ ਕੁਲ ਦੀ ਹੈ, ਜਦੋਂ ਉਸ ਨੂੰ ਬੂਟੇ ਦੇ ਚਮਿਆਰ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਸਰਦਾਰ ਤੋਂ ਗੰਗਾ ਜਲ ਮੰਗਵਾ ਕੇ ਇਸ਼ਨਾਨ ਕਰਕੇ ਆਪਣੇ ਆਪ ਨੂੰ ਸ਼ੁੱਧ ਕਰਦੀ ਹੈ ਤੇ ਮੁੜ ਕੇ ਕਦੀ ਪਿੰਡ ਵਿੱਚ ਦਿਖਾਈ ਨਹੀਂ ਦਿੰਦੀ। 'ਮਰਗ਼ਈਆਂ' ਤੇ 'ਪਿੱਛਲ ਖੁਰੀ ਤੁਰਦਾ ਆਦਮੀ' ਆਪਸੀ ਸਾਂਝ ਤੇ ਪਿਆਰ ਦੀ ਗੱਲ ਕਰਦੀਆਂ ਕਹਾਣੀਆਂ ਹਨ। ਤਾਇਆ ਜਗੀਰਾ ਵਰਗੇ ਪਾਤਰਾਂ ਨੇ ਆਪਣੀ ਸਾਰੀ ਜ਼ਿੰਦਗੀ ਮੋਹ-ਪਿਆਰ ਦੀ ਖ਼ਾਤਰ ਕੁਰਬਾਨ ਕਰ ਦਿੱਤੀ 'ਤਾਇਆ ਜਗੀਰਾ' ਵੀ ਸਾਂਝ ਤੇ ਮੋਹ ਦੀ ਮਿਸਾਲ ਪਾਤਰ ਪ੍ਰਧਾਨ ਕਹਾਣੀ ਹੈ। 'ਰਾਸਧਾਰੀਏ' ਪਿੰਡ ਵਿੱਚ ਆਉਣ ਵਾਲੇ ਰਾਸਧਾਰੀਆਂ ਦੀ ਗੱਲ ਤਾਂ ਕਰਦੀ ਹੈ, ਪਰ ਉਹਨਾਂ ਦੇ ਆਉਣ 'ਤੇ ਪਿੰਡ ਦੀ ਪੰਚਾਇਤ ਸਰਪੰਚਾਂ ਦੀ ਆਪਣੀ ਚੌਧਰ ਵਿਖਾਉਣ ਦੀ ਹੈਂਕੜ ਨੂੰ ਵੀ ਦਿਖਾਉਂਦੀ ਹੈ।

ਪੁਸਤਕ ਦਾ ਅਗਲਾ ਹਿੱਸਾ 2003 ਦੌਰਾਨ ਲਿਖੀਆਂ ਕਹਾਣੀਆਂ 'ਬਾਕੀ ਦਾ ਦਰਦ' ਸਿਰਲੇਖ ਹੇਠ ਹੈ। ਇਸ ਹਿੱਸੇ ਵਿੱਚ 14 ਕਹਾਣੀਆਂ ਹਨ, ਜਿਸ ਵਿੱਚ ਪਿਆਰ ਕਹਾਣੀਆਂ, ਹਿੰਦੂ-ਸਿੱਖ ਦੋਸਤੀ, ਵਹਿਮਾਂ-ਭਰਮਾਂ ਤੇ ਵਿਦੇਸ਼ਾਂ ਵਿੱਚ ਗਿਆਂ ਦੇ ਘਰ ਦੀ ਹਾਲਤ ਬਾਰੇ, ਪ੍ਰਵਾਸੀ ਜੀਵਨ ਬਾਰੇ, ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਤੇ ਪਹਾੜੀ ਲੋਕਾਂ ਦੀ ਮਾਸੂਮੀਅਤ ਦੀਆਂ ਕਹਾਣੀਆਂ ਹਨ। 'ਪਹਾੜ ਵੱਲ ਦੀ ਚੜ੍ਹਾਈ' ਉੱਤਮ ਪੁਰਖੀ ਕਹਾਣੀ ਹੈ। ਕਹਾਣੀ ਵਿੱਚ ਕਾਲਜ ਵੇਲੇ ਦੇ ਦੋ ਪ੍ਰੇਮੀਆਂ ਦਾ ਮੌਕਾ-ਮੇਲ ਜੁਗਤ ਰਾਹੀਂ ਮੇਲ ਕਰਵਾਇਆ ਹੈ। ਇਸੇ ਤਰ੍ਹਾਂ ਕਹਾਣੀ 'ਰਿਸ਼ਤਾ' ਬੁਢਾਪੇ ਦਾ ਪਿਆਰ ਨਾ ਨਿਭਾਅ ਸਕਣ ਵਾਲੀ ਭੂਆ ਰਾਉ ਦੀ ਮੌਤ ਨਾਲ ਜੁੜੀ ਕਹਾਣੀ ਹੈ। ਹਿੰਦੂ-ਸਿੱਖ ਦੀ ਗੂੜ੍ਹੀ ਦੋਸਤੀ ਦੀ ਮਿਸਾਲ ਕਹਾਣੀ ਹੈ 'ਪਾਣੀ 'ਚ ਲਕੀਰ'। ਲੋਕ ਤਾਂ ਤਮਾਸ਼ਬੀਨ ਬਣ ਕੇ ਤਮਾਸ਼ਾ ਦੇਖਦੇ ਹਨ, ਮਿਲਾਉਣ ਦੀ ਕੋਸ਼ਿਸ਼ ਕੋਈ ਨਹੀਂ ਕਰਦਾ, ਪਰ ਕਹਾਣੀ ਵਿਚ ਮਹਿੰਦਰ ਸਿੰਘ ਤੇ ਲਾਲੂ ਦੀ ਦੋਸਤੀ ਗੂੜ੍ਹੀ ਹੀ ਸੀ, ਜਿਸ ਕਰਕੇ ਲੋਕਾਂ ਦੀ ਪਰਵਾਹ ਨਾ ਕਰਕੇ ਮਹਿੰਦਰ ਸਿੰਘ ਅਖੀਰ ਪੱਕੀ ਦੋਸਤੀ ਦਾ ਸਬੂਤ ਦੇ ਹੀ ਦਿੰਦਾ ਹੈ, ਜਦੋਂ ਉਹ ਲਾਲੂ ਨੂੰ ਜਬਰਨ ਜ਼ਬਰਦਸਤੀ ਮੇਲੇ 'ਤੇ ਲਿਜਾਉਣ ਲਈ ਆ ਪਹੁੰਚਦਾ ਹੈ, ਉੱਠ ਓਏ ਲਾਲੂਆ, ਘੜਾਲੂਆ, ਕਰ ਦੁਕਾਨ ਬੰਦ, ਚੱਲੀਏ ਮੇਲੇ। 'ਮਿੱਧੀਆਂ ਹੋਈਆਂ ਵੇਲਾਂ' ਤੇ 'ਪਟਕੇ ਦੀ ਕੁਸ਼ਤੀ' ਵਰਗੀਆਂ ਕਹਾਣੀਆਂ ਜਾਤ-ਪਾਤ ਦੀ ਸੰਕੀਰਨ ਸੋਚ ਦੀ ਗੱਲ ਕਰਦੀਆਂ ਕਹਾਣੀਆਂ ਹਨ। ਜਿੱਥੇ 'ਪੇਟੀ' ਤੇ 'ਕੂੰਜਾਂ' ਕਹਾਣੀਆਂ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਵੱਲ ਸੰਕੇਤ ਕਰਦੀਆਂ ਹਨ, ਉੱਥੇ 'ਅੰਨ੍ਹਾ ਤੀਰ ਅੰਦਾਜ਼' ਪਹਾੜੀ ਲੋਕਾਂ ਦੀ ਮਾਸੂਮੀਅਤ ਨੂੰ ਦਰਸਾਉਂਦੀ ਕਹਾਣੀ ਹੈ। ਪੁਸਤਕ ਦੇ ਇਸ ਹਿੱਸੇ ਵਿੱਚ ਜ਼ਿਆਦਾਤਰ ਕਹਾਣੀਆਂ ਵਿਦੇਸ਼ਾਂ ਵਿੱਚ ਗਿਆਂ ਦੇ ਘਰ ਦੀ ਹਾਲਤ ਨੂੰ ਬਿਆਨ ਕਰਦੀਆਂ ਕਹਾਣੀਆਂ ਹਨ। 'ਅਜੇ ਤਾਂ ਕੁਝ ਨਹੀਂ ਵਿਗੜਿਆ' ਕਹਾਣੀ ਰਾਜ ਦੇ ਘਰ ਦੀ ਕਹਾਣੀ ਹੈ, ਜਿਸ ਦੀ ਮਿਹਨਤ ਦੀ ਕਮਾਈ ਨੂੰ ਉਸ ਦਾ ਆਪਣਾ ਹੀ ਪਿਉ ਮੰਡੀਰ 'ਤੇ ਉਡਾਉਂਦਾ ਰਿਹਾ। ਮੰਡੀਰ ਦੇ ਘਰ ਆਉਣ ਕਾਰਨ ਪਤਨੀ ਦੇ ਚਰਿੱਤਰ ਨੂੰ ਲੈ ਕੇ ਵੀ ਗੱਲਾਂ ਹੋਣ ਲੱਗ ਪਈਆਂ। ਰਾਜ ਨੇ ਉਹਨਾਂ ਦੀ ਗੱਲ ਨੂੰ ਸੱਚ ਮੰਨ ਲਿਆ, ਪਰ ਪਤਨੀ ਦੇ ਸੀਨਾ ਵਿੰਨ੍ਹਦੇ ਬੋਲ ਉਸ ਦੇ ਦਿਮਾਗ ਵਿੱਚ ਵੱਜਦੇ ਰਹੇ, ਹੂੰਅ...... ਮੈਂ ਕੀ ਕੀਤਾ ? ਹੱਲੇ ਤਾਂ ਕੁਸ਼ ਨੀਂ ਵਿਗੜਿਆ ਇੱਜ਼ਤ ਤੇਰੀ ਨੂੰ..... ਕੀ ਜੰਗਾਲ ਲੱਗ ਗਿਐ ਲੋਕੀਂ ਈ ਕੈਂਦ੍ਹੇ ਨੇ....... ਮੈਂ ਤਾਂ ਨ੍ਹੀ ਕੈਂਦ੍ਹੀ.... ਜੇ ਮੈਂ ਆਇਦਾਂ ਦੀ ਹੁੰਦੀ ਤਾਂ ....ਤੇਰਾ ਪੇ ਵੀ ਤਾਂ 'ਕੱਲਾ ਹੀ ਪੈਂਦਾ ਸੀ ਚੁਬਾਰੇ 'ਤੇ.... .। 'ਵਲੈਤੀਆ' ਕਹਾਣੀ ਵਿਲਾਇਤ ਰਹਿੰਦੇ ਮਾਮੇ ਦੇ ਹੋ ਗਏ ਸਫੇਦ ਲਹੂ ਦੀ ਗੱਲ ਕਰਦੀ ਕਹਾਣੀ ਹੈ। ਮਾਸਟਰ ਛੱਜੂ ਰਾਮ ਇੱਥੇ ਰਹਿੰਦੇ ਹੋਏ ਰਿਸ਼ਤਿਆਂ ਦੀ ਸਾਂਝ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ, ਪਰ ਤੀਜੀ ਪੀੜ੍ਹੀ ਲੇਖਕ ਆਪ ਇਸ ਗੱਲ ਤੋਂ ਖਿਝਦਾ ਹੈ। ਕਹਾਣੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਤੇ ਪੀੜ੍ਹੀਆਂ ਦੇ ਦਰਦ ਨੂੰ ਦਰਸਾਇਆ ਗਿਆ ਹੈ। 'ਬਾਕੀ ਦਾ ਦਰਦ' ਮਾਤਾ ਸਤਿਕਾਰ ਕੌਰ ਦੀ ਕਹਾਣੀ ਹੈ। ਜਿਸ ਦੇ ਦੋਵੇਂ ਪੁੱਤਰ ਅਮਰੀਕਾ ਸੈੱਟ ਹੋ ਗਏ। ਮਾਤਾ ਦਾ ਇਕੱਲੀ ਦਾ ਦਿਲ ਨਾ ਲੱਗਿਆ ।ਬਾਹਰ ਗਈ ਤਾਂ ਬਾਹਰ ਵੀ ਦਿਲ ਨਹੀਂ ਲੱਗਾ। ਵਾਪਸ ਆ ਗਈ, ਕਿਉਂਕਿ ਉਥੇ ਦਾ ਮਾਹੌਲ ਹੀ ਰਾਸ ਨਹੀਂ ਆਇਆ। ਉਸ ਦਾ ਉਸ ਘਰ ਨਾਲ ਪਿਆਰ ਸੀ, ਜਿੱਥੇ ਬੱਚਿਆਂ ਦੀਆਂ ਔਲਾ ਦੱਬੀਆਂ ਹੋਈਆਂ ਸਨ। ਉਹ ਇੱਥੇ ਹੀ ਰਹਿਣਾ ਚਾਹੁੰਦੀ ਹੈ, ਇਸੇ ਲਈ ਅਖੀਰ ਵਿੱਚ ਉਹ ਕਹਿੰਦੀ ਹੈ ਕਿ ਬਾਕੀ ਦਾ ਦਰਦ ਹੋਰ ਵਧ ਜਾਣਾ ਉੱਥੇ ਜਾ ਕੇ... 'ਲਿਖਤੁਮ ਜੈ ਕੁਰ' ਕਹਾਣੀ ਵੀ ਬਾਹਰ ਜਾਣ ਦੀ ਲਾਲਸਾ ਨੂੰ ਦਰਸਾਉਂਦੀ ਕਹਾਣੀ ਹੈ । ਬਾਹਰ ਜਾ ਕੇ ਪਿਛਲੀ ਪੀੜ੍ਹੀ 'ਤੇ ਵੀ ਵਿਦੇਸ਼ੀ ਸੱਭਿਆਚਾਰ ਦੇ ਮਾੜੇ ਅਸਰ ਨੂੰ ਦਰਸਾਉਂਦੀ ਕਹਾਣੀ ਹੈ ।

ਪੁਸਤਕ ਦਾ ਅਗਲਾ ਹਿੱਸਾ 2013 ਵਿੱਚ ਛਪੀਆਂ ਕਹਾਣੀਆਂ 'ਆਪਣੇ-ਆਪਣੇ ਘਾਟ' ਸਿਰਲੇਖ ਹੇਠ ਹੈ, ਜਿਸ ਵਿੱਚ ਦਸ ਕਹਾਣੀਆਂ ਹਨ, ਜੋ ਪਹਿਲੀ ਕਹਾਣੀਆਂ ਦੀ ਨਿਆਈ ਹੀ ਜਾਤ-ਪਾਤ ਦੀ ਸੰਕੀਰਨ ਸੋਚ ਨੂੰ ਪੇਸ਼ ਕਰਦੀਆਂ ਹਨ। 'ਆਪਣੇ-ਆਪਣੇ ਘਾਟ' ਵਿੱਚ ਡਾ. ਸੁਰਿੰਦਰ ਪਾਲ ਸਿੰਘ ਤੇ ਰਾਜ ਰਾਣੀ ਦਾ ਪਤੀ-ਪਤਨੀ ਦਾ ਰਿਸ਼ਤਾ ਸੀ ਪਰ ਜਾਤਾਂ ਅਲੱਗ-ਅਲੱਗ ਹੋਣ ਕਾਰਨ ਦੋਹਾਂ ਦੇ ਮਰਨ ਤੋਂ ਬਾਅਦ ਪੁੱਤਰ ਨੇ ਦੋਹਾਂ ਨੂੰ ਵੱਖਰੇ-ਵੱਖਰੇ ਘਾਟ 'ਤੇ ਫੁੱਲ ਪ੍ਰਵਾਹਿਤ ਕੀਤੇ। 'ਸੱਪ' ਕਹਾਣੀ ਵੀ ਇਸੇ ਤਰ੍ਹਾਂ ਨੀਵੇਂ ਲੋਕਾਂ ਨੂੰ ਜਿਉਣ ਨਾ ਦੇਣ ਦੀ ਕਹਾਣੀ ਹੈ। 'ਗੰਗਾ ਜਲ' ਨੂੰ ਇਸ ਹਿੱਸੇ ਵਿੱਚ ਦੁਬਾਰਾ ਲਿਆ ਗਿਆ ਹੈ। ਇਹ ਸ਼ੈਂਕਰੀ ਦੀ ਕਹਾਣੀ ਹੈ, ਜੋ ਬੂਟੇ ਨੂੰ ਜੱਟ ਸਮਝ ਕੇ ਨਾਲ ਰਹਿੰਦੀ ਹੈ, ਪਰ ਜਦੋਂ ਉਸ ਨੀਵੀਂ ਜਾਤ ਦੇ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੇ ਆਪ ਨੂੰ ਗੰਗਾ ਜਲ ਨਾਲ ਪਵਿੱਤਰ ਕਰਕੇ ਕਿਤੇ ਦੂਰ ਚਲੀ ਜਾਂਦੀ ਹੈ। 'ਸ਼ਰਧਾ ਦੇ ਪੁਤਲੇ' ਡੇਰਾਵਾਦ ਨੂੰ ਪੇਸ਼ ਕਰਦੀ ਕਹਾਣੀ ਹੈ, ਜਿੱਥੇ ਕੁੜੀਆਂ ਦਾ ਸਰੀਰਕ ਸ਼ੋਸ਼ਣ ਹੁੰਦਾ ਹੈ। ਕਹਾਣੀ ਡੇਰੇ ਦੇ ਗੁਰਵਰਧਨ ਦਾਸ ਵਰਗੇ ਬਾਬਿਆਂ ਦੀ ਅਸਲੀਅਤ ਪਾਠਕਾਂ ਦੇ ਸਾਹਮਣੇ ਰੱਖਦੀ ਹੈ।

ਪੁਸਤਕ ਦਾ ਅਖੀਰਲਾ ਹਿੱਸਾ 2019 ਵਿੱਚ 'ਪੇਜ ਨੰਬਰ ਦੋ ਸੌ ਛਪੰਜਾ' ਸਿਰਲੇਖ ਹੇਠ ਛਪੀਆਂ ਕਹਾਣੀਆਂ ਹਨ। ਇਸ ਹਿੱਸੇ ਵਿੱਚ ਕੁੱਲ 12 ਕਹਾਣੀਆਂ ਹਨ, ਜਿਸ ਵਿੱਚ 'ਆਲ੍ਹਣਾ' ਤੇ 'ਪਰਦੇ ਪਿਛਲਾ ਇਕਾਂਗੀ' ਬਾਹਰਲੀ ਜ਼ਿੰਦਗੀ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। 'ਆਲ੍ਹਣਾ' ਕਹਾਣੀ ਦਾ ਮੁੱਖ ਪਾਤਰ ਚਤਰਦਾਸ ਆਪਣਾ ਆਲ੍ਹਣਾ ਬਚਾਉਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਅਸਲ ਵਿੱਚ ਇਹ ਕਹਾਣੀ ਪ੍ਰਦੇਸਾਂ ਵਿੱਚ ਤੀਲ੍ਹਾ-ਤੀਲ੍ਹਾ ਹੋ ਰਹੇ ਪਰਵਾਰਾਂ ਦੀ, ਆਲ੍ਹਣਿਆਂ ਦੀ ਕਹਾਣੀ ਹੈ। ਬਾਹਰਲੀ ਜ਼ਿੰਦਗੀ ਨੂੰ ਪੇਸ਼ ਕਰਨ ਵਾਲੀ ਅਗਲੀ ਕਹਾਣੀ 'ਪਰਦੇ ਪਿਛਲਾ ਇਕਾਂਗੀ' ਹੈ। ਅੱਧਵਾਟੇ ਰਹਿ ਗਏ ਪਿਆਰ ਦੀ ਕਹਾਣੀ ਤੇ ਨੀਵੀਂ ਜਾਤ ਦੇ ਪਾਤਰ ਦੀ ਕਹਾਣੀ ਹੈ 'ਮਹਿਕ ਦੀ ਮੌਤ'। 'ਦਾਨੀ' ਤੇ 'ਬੋਝ ਦਾ ਦਰਦ' ਵਰਗੀਆਂ ਕਹਾਣੀਆਂ ਮਾਨਵਵਾਦੀ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਦਾਨੀ ਹੋਣ ਦਾ ਵਿਖਾਵਾ ਕਰਨ ਵਾਲਾ ਰਾਮ ਲੁਭਾਇਆ ਅਸਲ ਵਿੱਚ ਦਾਨੀ ਨਹੀਂ ਸੀ। ਅਸਲ ਦਾਨੀ ਉਹ ਜੋ ਚੁੱਪ-ਚੁਪੀਤੇ ਹੀ ਵੱਡਾ ਦਾਨ ਕਰ ਜਾਂਦਾ ਹੈ। ਰਾਣੀ ਦੀ ਸੱਸ ਜਿਸ ਨੂੰ ਪ੍ਰਧਾਨ ਰਾਮ ਲੁਭਾਇਆ ਕੁਝ ਵੀ ਨਹੀਂ ਸੀ ਸਮਝਦਾ, ਜੋ ਦਾਨੀ ਹੋਣ ਦਾ ਵਿਖਾਵਾ ਮਾਤਰ ਹੀ ਕਰਦਾ ਹੈ, ਪਰ ਉਹ ਔਰਤ ਮਰਨ ਤੋਂ ਪਹਿਲਾਂ ਆਪਣੀਆਂ ਅੱਖਾਂ ਦੇ ਨਾਲ-ਨਾਲ ਆਪਣਾ ਸਰੀਰ ਵੀ ਦਾਨ ਕਰ ਜਾਂਦੀ ਹੈ। ਜਗਤਾਰ ਦੀ ਭੈਣ ਸੀਤੋ ਦੀ ਜ਼ਿੰਦਗੀ ਦੁੱਖਾਂ ਭਰੀ ਹੈ, ਉਸ ਦੇ ਛੁਟਕਾਰੇ ਲਈ ਕਈ ਕਿਸਮ ਦੇ ਜਾਦੂ-ਟੂਣਿਆਂ ਦਾ ਸਹਾਰਾ ਲਿਆ ਜਾਂਦਾ ਹੈ। ਉਸ ਦੇ ਦੁੱਖਾਂ ਭਰੀ ਜ਼ਿੰਦਗੀ ਦੇ 'ਬੋਝ ਦਾ ਦਰਦ' ਬਿਰਤਾਂਤਕਾਰ ਹੰਢਾ ਰਿਹਾ ਹੁੰਦਾ ਹੈ। ਜਾਤ-ਪਾਤ ਦੀ ਸੰਕੀਰਨ ਸੋਚ ਤਾਂ ਅਜੇ ਵੀ ਸਮਾਜ ਵਿੱਚੋਂ ਨਹੀਂ ਨਿਕਲੀ। ਇਸ ਹਿੱਸੇ ਦੀਆਂ ਕਈ ਕਹਾਣੀਆਂ ਇਸੇ ਵਿਸ਼ੇ ਨੂੰ ਉਜਾਗਰ ਕਰਦੀਆਂ ਹਨ। 'ਜਾਤ ਦੀ ਸਾਂਝ' ਕਹਾਣੀ ਦੱਸਦੀ ਹੈ ਕਿ ਨੀਵੀਂ ਜਾਤ ਇੱਕ ਮਿਹਣੇ ਦੀ ਤਰ੍ਹਾਂ ਹੈ, ਇਹ ਉਸ ਸਮੇਂ ਤੱਕ ਹੈ, ਜਦੋਂ ਤੱਕ ਉਹ ਨੀਵੇਂ ਹਨ। ਜਦੋਂ ਉਹ ਤਰੱਕੀ ਕਰ ਜਾਣ, ਉਸ ਸਮੇਂ ਉਸ ਦੇ ਅਹੁਦੇ ਨੂੰ ਹੀ ਸਲਾਮਾਂ ਹੁੰਦੀਆਂ ਹਨ, ਉਸ ਦੀ ਜਾਤ ਕੋਈ ਨਹੀਂ ਦੇਖਦਾ। ਕਿਸੇ ਨੇ ਕੋਠੀ ਖਰੀਦਣੀ ਹੈ ਤਾਂ ਉਹ ਕਿਸੇ ਨੀਵੀਂ ਜਾਤ ਵਾਲੇ ਦੀ ਕੋਠੀ ਨਹੀਂ ਖਰੀਦਣਾ ਚਾਹੁੰਦਾ। 'ਕੋਠੀ ਦਾ ਸੌਦਾ' ਕਹਾਣੀ ਦੱਸਦੀ ਹੈ ਕਿ ਕੋਠੀ ਦਾ ਸੌਦਾ ਝੂਠ ਬੋਲ ਕੇ ਕੀਤਾ ਜਾਂਦਾ ਹੈ। 'ਨਸਲ' ਕਹਾਣੀ ਦੱਸਦੀ ਹੈ ਕਿ ਦਲਿਤ ਘਰੋਂ ਪਾਣੀ ਵੀ ਨਾ ਪੀਣਾ ਸੋਚ ਦੀ ਤੰਗ ਦਿਲੀ ਨੂੰ ਦਰਸਾਉਂਦਾ ਹੈ।

ਕਥਾ ਸਾਗਰ ਦੀਆਂ ਸਾਰੀਆਂ ਹੀ ਕਹਾਣੀਆਂ ਰਾਹੀਂ ਕਹਾਣੀਕਾਰ ਨੇ ਕਥਾ 'ਚ ਸਾਗਰ ਭਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੀ ਕਹਾਣੀ ਕਲਾ ਹੌਲੀ-ਹੌਲੀ ਵਿਕਸਿਤ ਹੋਈ ਹੈ। ਭਗਵੰਤ ਰਸੂਲਪੁਰੀ ਲਿਖਦੇ ਹਨ ਕਿ ਮੰਡ ਮਾਨਵਵਾਦੀ ਸੁਰ ਵਾਲਾ ਕਹਾਣੀਕਾਰ ਵੀ ਏ। ਉਹ ਫਿਰਕੂ ਲੀਹਾਂ 'ਤੇ ਚੱਲ ਰਹੇ ਸਮਾਜ ਦੇ ਬਿਰਤਾਂਤ ਨੂੰ ਮਾਨਵੀ ਹਿੱਤਾਂ ਲਈ ਵਰਤਦਾ ਏ। ਚੰਗੇ ਸਮਾਜ ਦੇ ਆਦਰਸ਼ ਵਰਗੇ ਸੂਤਰ ਵੀ ਉਸ ਦੀ ਕਹਾਣੀ 'ਚ ਤਲਾਸ਼ੇ ਜਾ ਸਕਦੇ ਹਨ। ਉਹ ਨਾਟਕੀਅਤਾ ਵਾਲਾ ਬਿਰਤਾਂਤ ਦੁਆਬੀ ਭਾਸ਼ਾ 'ਚ ਬੜੀ ਕੁਸ਼ਲਤਾ ਨਾਲ ਵਰਤ ਜਾਂਦਾ ਹੈ। ਇਹਨਾਂ 53 ਕਹਾਣੀਆਂ 'ਚ ਮੰਡ ਦੁਆਬੇ ਦੇ ਕਲਚਰ, ਸਮਾਜਿਕ ਸਥਿਤੀ ਤੇ ਪਿੰਡ ਦੀ ਸਾਂਸਕ੍ਰਿਤੀ ਨੂੰ ਕੁਸ਼ਲਤਾ ਨਾਲ ਚਿੱਤਰਦਾ ਹੈ। ਇਸ ਕਿਤਾਬ ਨਾਲ ਮੰਡ ਨੇ ਕਥਾ 'ਚ ਸਾਗਰ ਭਰ ਦਿੱਤਾ ਏ । ਬਹੁਤ ਵਧੀਆ ਸੰਗ੍ਰਹਿ ਹੈ, ਜਿਸ ਵਿੱਚ ਮੰਡ ਨੇ ਆਪਣੀਆਂ ਕਹਾਣੀਆਂ ਦੇ ਸਾਰੇ ਹੀ ਮੋਤੀਆਂ ਨੂੰ ਇਕ ਮਾਲਾ ਵਿੱਚ ਪਰੋ ਕੇ ਇੱਕੋ-ਇੱਕ ਮਾਲਾ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ, ਸੋ ਇਸ ਪੁਸਤਕ ਲਈ ਮੰਡ ਨੂੰ ਬਹੁਤ-ਬਹੁਤ ਮੁਬਾਰਕਾਂ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

# ਪੰਜਾਬੀ ਜੀਵਨ ਦਾ ਲੋਕ-ਧਰਾਈ ਬਿਰਤਾਂਤ

**ਸਾਹਿਤ ਚਿੰਤਨ**

**ਡਾ. ਪੁਸ਼ਵਿੰਦਰ ਖੋਖਰ**

### ਸੁੱਖਾਂ ਲੱਧੀ ਪੌਣ

(ਨਾਵਲ)
ਹਰਕੀਰਤ ਕੌਰ ਚਹਿਲ
ਪੰਨੇ-134, ਮੁੱਲ-299 ਰੁਪਏ
ਕੈਲੀਬਰ ਪਬਲਿਸ਼ਰ, ਪਟਿਆਲਾ

ਹਰਕੀਰਤ ਕੌਰ ਚਹਿਲ ਸ਼ਾਂਤ, ਸਹਿਜ ਪਰ ਨਿਰੰਤਰ ਤੋਰ ਤੁਰਨ ਵਾਲੀ ਸ਼ਖ਼ਸੀਅਤ ਤੇ ਪਰਵਾਸੀ ਪੰਜਾਬੀ ਨਾਵਲ ਦੇ ਖੇਤਰ ਵਿੱਚ ਸਥਾਪਤ ਨਾਂਅ ਹੈ। ਪਰੀਆਂ ਸੰਗ ਪਰਵਾਜ਼ ਤੋਂ ਸ਼ੁਰੂ ਕੀਤੀ ਸਾਹਿਤਕ ਯਾਤਰਾ ਵਿੱਚ ਅੱਜ 'ਸੁੱਖਾਂ ਲੱਧੀ ਪੌਣ' ਨਾਲ ਸਾਹਿਤਕ ਫਿਜ਼ਾ ਰੁਮਕਾ ਰਹੀ ਹੈ। ਹਰਕੀਰਤ ਆਪਣੀਆਂ ਲਿਖਤਾਂ ਨਾਲ ਪਾਠਕਾਂ ਨੂੰ ਉਂਗਲੀ ਫੜ ਕੇ ਤੋਰੀ ਰੱਖਦੀ ਹੈ, ਕਦੇ ਪਾਕਿਸਤਾਨ ਦੀ ਯਾਤਰਾ ਕਰਾ ਦਿੰਦੀ ਹੈ, ਕਦੇ ਚੰਦਨ ਰੁੱਖ ਦੀਆਂ ਮਹਿਕਾਂ ਦੇ ਰੂਬਰੂ ਕਰਾਉਂਦੀ ਹੈ, ਕਦੇ ਪੱਤਣ ਉਡੀਕਣ ਬੇੜੀਆਂ ਰਾਹੀਂ ਜ਼ਿੰਦਗੀ ਦੀਆਂ ਸ਼ਾਮਾਂ ਨੂੰ ਰੂਪਮਾਨ ਕਰਦੀ ਹੈ ਤੇ ਤੇਰੇ ਬਾਝੋਂ , ਥੋਹਰਾਂ ਦੇ ਫੁੱਲਾਂ ਦੀ ਬਾਤ ਵੀ ਪਾਉਂਦੀ ਹੈ। ਬੇਜ਼ੁਬਾਨਾਂ ਦੀ ਪੀੜ ਵੀ ਉਸ ਦੀ ਸੰਵੇਦਨਾ ਦਾ ਵਿਸ਼ਾ ਬਣਦੀ ਹੈ ਤੇ ਆਦਮ ਗ੍ਰਹਿਣ ਨਾਲ ਇਨਸਾਨੀ ਜਾਮੇ 'ਚ ਸੰਤਾਪੀਆਂ ਰੂਹਾਂ ਦੀ ਮਨੋਵੇਦਨਾ ਵੀ ਮਹਿਸੂਸ ਕਰਾਉਂਦੀ ਹੈ । ਹਰਕੀਰਤ ਕੋਲ ਅਮੀਰ ਪੰਜਾਬੀ ਵਿਰਸੇ ਨੂੰ ਮਾਨਣ ਦਾ ਅਨੁਭਵ ਵੀ ਹੈ ਤੇ ਇਸ ਵਿਰਸੇ ਦੇ ਮੋਹਵੰਤੇ ਪਾਤਰਾਂ ਤੇ ਰੂਹਾਂ ਨੂੰ ਸਾਂਭਣ ਦਾ ਉਸ ਦਾ ਇੱਕ ਆਹਰ 'ਸੁੱਖਾਂ ਲੱਧੀ ਪੌਣ' ਹੈ।

ਇਸ ਰਚਨਾ ਦੇ ਹੋਂਦ ਵਿੱਚ ਆਉਣ ਦੇ ਪਿਛੋਕੜ ਦਾ ਜ਼ਿਕਰ ਉਸ ਦੇ ਆਪਣੇ ਸ਼ਬਦਾਂ ਵਿੱਚ ਤਕਨਾਲੋਜੀ ਦੇ ਤੇਜ਼-ਤਰਾਰ ਯੁੱਗ ਨੇ ਕਿੰਨੀਆਂ ਹੀ ਕੋਮਲ ਕਲਾਵਾਂ ਦੇ ਨਾਲ-ਨਾਲ ਸਦੀਆਂ ਤੋਂ ਚੱਲਦੇ ਆਏ ਪੁਸ਼ਤੀ ਧੰਦਿਆਂ ਨੂੰ ਵੀ ਨਿਗਲ ਲਿਆ ਹੈ.. ਗੁੰਮਨਾਮ ਨਾਇਕ ਹਰ ਪਿੰਡ, ਸ਼ਹਿਰ, ਮੁਹੱਲੇ, ਚੁੱਪਚਾਪ ਦਿਨ ਕਟੀ ਕਰਦੇ.. ਦੁਸ਼ਵਾਰੀਆਂ ਝੱਲਦੇ ਵੀ ਖਿੜੇ ਮੱਥੇ ਰਹਿੰਦੇ ਸਨ।

ਸੋ ਪੰਜਾਬੀ ਜੀਵਨ ਦੇ ਸੰਦਰਭ ਵਿੱਚ ਨਵ ਪੀੜ੍ਹੀ ਨੂੰ ਬੀਤੇ ਸਮੇਂ ਦੀ ਸਧਾਰਨ, ਪਰ ਕਦਰਾਂ-ਕੀਮਤਾਂ ਭਰੀ ਜ਼ਿੰਦਗੀ ਦੇ ਰੂਬਰੂ ਇਹ ਨਾਵਲ ਕਰਦਾ ਹੈ। ਨਾਵਲ ਦੀ ਸ਼ੁਰੂਆਤ ਤੋਂ ਪਤਾ ਲੱਗਦਾ ਹੈ ਕਿ ਜੀਤ ਤੇ ਸੁਰਜੀਤ ਦੋ ਭਰਾ ਹਨ ਤੇ ਜੀਤ ਚਿੰਤਾ ਤੇ ਗੁੱਸੇ ਵਿੱਚ ਖੇਤੋਂ ਵਾਪਸ ਪਰਤ ਰਿਹਾ ਹੈ ਤੇ ਉਸ ਦੇ ਘਰ ਆ ਕੇ ਬੈਠੀ ਮੰਗੋ ਬਾਰੇ ਸੋਚ ਰਿਹਾ ਹੈ ਤੇ ਸਰਪੰਚ ਨੂੰ ਮੰਗੋ ਦੇ ਬਾਰੀਆਂ ਦਾ ਘਰ ਛੱਡ ਕੇ ਉਸ ਦੇ ਘਰ ਬੈਠਣ ਤੋਂ ਜਾਣੂ ਕਰਾਉਣ ਜਾਂਦਾ ਹੈ, ਕਿਉਂਕਿ ਮੰਗੋ ਉਹਨਾਂ ਦੀ ਮੁੱਲ ਲਿਆਂਦੀ ਤੀਵੀਂ ਸੀ, ਜੋ ਉਹਨਾਂ ਨੂੰ ਛੱਡ ਕੇ ਛੜੇ ਜੀਤ ਦੇ ਘਰ ਧੱਕੇ ਨਾਲ ਆ ਬੈਠਦੀ ਹੈ ਤੇ ਉਸ ਨੂੰ ਘਰ ਰੱਖਣ ਦੇ ਤਰਲੇ ਪਾਉਂਦੀ ਹੈ, ਮੈਂ ਤਾਂ ਸਰਦਾਰਾ ਮੋਹ-ਮੁਹੱਬਤ ਨੂੰ ਤਰਸਦੀ ਫਿਰਦੀ ਹਾਂ। ਚਿੱਤ ਕਰਦਾ ਮੇਰਾ ਵੀ ਕੋਈ ਮਾਲਕ ਹੋਵੇ , ਉਹ ਮੈਨੂੰ ਸਾਂਭੇ ਤੇ ਮੈਂ ਉਸ 'ਤੇ ਜਾਨ ਲੁਟਾਵਾਂ ।

ਬਾਰੀਏ ਭਰੀ ਪੰਚਾਇਤ ਵਿੱਚ ਮੰਗੋ ਵੱਲੋਂ ਪੱਲਾ ਝਾੜ ਜਾਂਦੇ ਹਨ ਤੇ ਇਹ ਮੰਗੋ ਜੀਤ ਦੇ ਵਿਹੜੇ ਨੂੰ ਭਾਗ ਲਾਉਂਦੀ ਹੈ। ਜੀਤ ਨੂੰ ਔਰਤ ਦੀ ਹੋਂਦ ਦੇ ਅਹਿਸਾਸ ਨਾਲ ਜ਼ਿੰਦਗੀ ਸਵਰਗ ਲੱਗਦੀ ਹੈ। ਉਸ ਦੇ ਮੋਹ-ਪਿਆਰ ਤੇ ਅਪਣੱਤ ਦੇ ਅਹਿਸਾਸ ਨਾਲ ਮੰਗੋ ਦੀ ਜ਼ਿੰਦਗੀ ਵੀ ਬਦਲਦੀ ਹੈ, ਘਰ ਦਾ ਅਹਿਸਾਸ ਹੁੰਦਾ ਹੈ ਤੇ ਉਹ ਜੀਤ ਦੀ ਸਰਦਾਰਨੀ ਬਣਦੀ ਹੈ ਤੇ ਛਪਾਰ ਦੇ ਮੇਲੇ ਵਿੱਚ ਉਸ ਨਾਲ ਨਵਾਂ ਸੂਟ ਪਾ ਕੇ ਜਾਂਦੀ ਹੈ। ਮੰਗੋ ਦੀ ਆਮਦ 'ਤੇ ਜੀਤ ਦੇ ਬੋਲ ਨਿਮਨ ਕਿਸਾਨੀ ਵਿੱਚ ਅਣਵਿਆਹੇ ਜਾਂ ਛੜੇ ਪੁੱਤਰਾਂ ਦੇ ਘਰ ਵਸਦੇ ਦੇਖਣ ਦੀ ਮਾਂ ਦੀ ਅਧੂਰੀ ਰੀਝ ਨੂੰ ਦਰਸਾਉਂਦੇ ਜੋ ਪੰਜਾਬ ਦੇ ਕਿਰਸਾਨੀ ਸਮਾਜ ਦੇ ਸੰਦਰਭ ਵਿੱਚ ਹੀ ਸਮਝੇ ਜਾ ਸਕਦੇ ਹਨ।



ਮੰਗੋ ਜੇ ਅੱਜ ਮੇਰੀ ਬੇਬੇ ਹੁੰਦੀ ਤਾਂ ਮੇਰਾ ਵਸਿਆ ਘਰ ਦੇਖ ਕੇ ਬੜੀ ਖੁਸ਼ ਹੁੰਦੀ ਤੇ ਦੁਨੀਆ ਤੋਂ ਬੇਫ਼ਿਕਰੀ ਹੋ ਕੇ ਸੌਖੀ ਚੱਲੀ ਜਾਂਦੀ .. ਸਾਨੂੰ ਦੋਹਾਂ ਭਾਈਆਂ ਨੂੰ ਇਕਲਾਪਾ ਭੋਗਦਿਆਂ ਦੇਖ ਕੇ ਉਸ ਦੀ ਰੂਹ ਬਹੁਤ ਕਲਪਦੀ ਸੀ ਤੇ ਉਹ ਅਕਸਰ ਕਹਿੰਦੀ ਸੀ, ਰੱਬਾ ਮੇਰੇ ਪੁੱਤਾਂ ਦੇ ਘਰ ਰੋਟੀ ਪੱਕਦੀ ਕਰ ਦੇ ਸਾਡੀ ਵੀ ਸਰਦਲ 'ਤੇ ਨਮੀਆਂ ਨਮੇਲੀਆਂ ਦੇ ਡੋਲੇ ਢੁੱਕਣ।

ਇਹ ਕਥਨ ਨਿਮਨ ਕਿਰਸਾਨੀ ਵਿੱਚ ਜ਼ਮੀਨ ਦੀ ਥੋੜ ਕਾਰਨ ਅਣ-ਵਿਆਹੇ ਪੁੱਤਾਂ ਦਾ ਸੰਤਾਪ ਝੱਲਦੀਆਂ ਪੰਜਾਬੀ ਮਾਵਾਂ ਦੀ ਤਰਜਮਾਨੀ ਕਰਦੇ ਹਨ। ਸਾਡੇ ਜ਼ਿਹਨ ਵਿੱਚ ਪੰਜਾਬ ਦੇ ਅਨੇਕਾਂ ਸੰਤਾਪੇ ਘਰਾਂ ਨੂੰ ਚੇਤਿਆਂ ਵਿਚ ਲਿਆਉਂਦੇ ਹਨ, ਜੋ ਔਰਤ ਦੀ ਆਮਦ ਨੂੰ ਸਿੱਕਦੇ ਭਾਈਚਾਰੇ ਵਿੱਚ ਮਖੌਲ ਦੇ ਪਾਤਰ ਬਣੇ ਖੁੜਾਂ ਮਾਰੀ ਜ਼ਿੰਦਗੀ ਕੱਟਦੇ ਹਨ। ਮੰਗੋ ਲਈ ਵੀ ਸਕੂਨ ਦੀ ਜ਼ਿੰਦਗੀ ਦਾ ਚਿਤਰਨ ਹੈ, ਜਿਸ ਦੀ ਮਾਂ ਦਿੱਲੀ ਦੀ ਬਦਨਾਮ ਬਸਤੀ ਵਾਲੀ ਔਰਤ ਸੀ ਤੇ ਪੈਸੇ ਖਾਤਰ ਮੰਗੋ ਨੂੰ ਇਸ ਧੰਦੇ ਵਿੱਚ ਘਸੀਟਣ ਦੀ ਕੋਸ਼ਿਸ਼ ਕਰਦੀ ਹੈ ਤੇ ਫਿਰ ਬੁੜ੍ਹੇ ਆਦਮੀ ਨੂੰ ਵੇਚਦੀ ਹੈ ਤੇ ਥਾਂ-ਥਾਂ ਵਿਕਦੀ ਮੰਗੋ, ਉਹ ਪਟਿਆਲੇ ਨੇੜਲੇ ਪਿੰਡ ਵਿੱਚ ਦਸੌਧਾ ਸਿੰਘ ਦੇ ਘਰ ਵਸਦੀ ਹੈ ਤੇ ਉਸ ਦੇ ਮਾਂ ਮਹਿੱਟਰ ਸਿੱਧੜ ਮੁੰਡੇ ਭੋਲੇ ਨੂੰ ਮਾਂ ਦਾ ਪਿਆਰ ਦਿੰਦੀ ਹੈ ਤੇ ਫਿਰ ਧੀ-ਜੁਆਈ ਦੇ ਕਲੇਸ਼ ਕਾਰਨ ਦਸੌਧਾ ਸਿੰਘ ਤੋਂ ਜੀਤ ਦੇ ਪਿੰਡ ਬਾਰੀਆਂ ਦੇ ਆ ਵਸਦੀ ਹੈ ਤੇ ਦਸੌਧਾ ਸਿੰਘ ਦੇ ਸਿੱਧੜ ਮੁੰਡੇ ਭੋਲੇ ਦੇ ਬਾਰੀਆਂ ਦੇ ਘਰ ਪਹੁੰਚਣ 'ਤੇ ਉਸ ਦਾ ਮੁੰਡੇ ਪ੍ਰਤੀ ਮੋਹ ਦੇਖ ਕੇ ਉਹ ਉਸ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ ਤੇ ਉਹ ਜੀਤ ਦੇ ਘਰ ਆ ਬਹਿੰਦੀ ਹੈ ਤੇ ਇੱਥੇ ਜੀਤ ਨੂੰ ਉਹ ਅੰਤਾਂ ਦਾ ਮੋਹ ਕਰਦੀ ਹੈ ਤੇ ਧੜੱਲੇ ਨਾਲ ਵਸਦੀ ਹੈ।ਜੀਤ ਦੇ ਵੱਡੇ ਭਰਾ ਦੀ ਵੀ ਉਹ ਮੋਹ ਨਾਲ ਇੱਜ਼ਤ ਤੇ ਸੇਵਾ ਕਰਦੀ ਹੈ । ਦੋਵੇਂ ਸਬਰ-ਸ਼ੁਕਰ ਦੀ ਜ਼ਿੰਦਗੀ ਜਿਉਂਦੇ ਹਨ। ਮਸ਼ੀਨੀ ਯੁੱਗ ਦੀ ਆਮਦ ਕਾਰਨ ਲੋਕਾਂ ਦੀਆਂ ਬਦਲਦੀਆਂ ਰੁਚੀਆਂ ਦਾ ਵੀ ਚਿਤਰਨ ਹੈ ਦੁੱਧ ਦੀ ਖਾਤਰ ਟੀਕੇ ਲਾਉਣੇ .. ਦਿਖਾਵੇ ਲਈ ਕਿਸਾਨੀ ਵੱਲੋਂ ਕਰਜ਼ੇ ਚੁੱਕਣੇ, ਖੇਤੀ ਪਰਵਾਸੀਆਂ ਦੇ ਹੱਥਾਂ ਵਿੱਚ ਜਾਣੀ ਤੇ ਸ਼ਹਿਰਾਂ ਵੱਲ ਨੂੰ ਕੂਚ ਕਿੰਨੇ ਹੀ ਵੇਰਵੇ ਪੰਜਾਬੀ ਰਹਿਤਲ ਦੇ ਰੂਪਾਂਤਰਣ ਨੂੰ ਚਿਤਰਦੇ ਹਨ। ਮੰਗੋ ਦੀ ਜ਼ਿੰਦਗੀ ਵਿੱਚ ਜੀਤ ਦੀ ਅਚਾਨਕ ਮੌਤ ਨਾਲ ਫੇਰ ਖ਼ਲਾਅ ਆ ਜਾਂਦਾ ਹੈ । ਮੰਗੋ ਜੀਤ ਦੀ ਮੌਤ 'ਤੇ ਉਸ ਦੀ ਭੂਆ ਦੇ ਪਿੰਡ ਸੁਨੇਹਾ ਭੇਜਦੀ ਹੈ ਤੇ ਜੀਤ ਦੀਆਂ ਆਖ਼ਰੀ ਰਸਮਾਂ ਉਸ ਦੀ ਭੂਆ ਦੇ ਪੋਤੇ ਤੋਂ ਹੀ ਕਰਾਉਂਦੀ ਹੈ, ਕਿਉਂਕਿ ਉਸ ਨਾਲ ਆਪ ਦੇ ਖ਼ੂਨ ਦੇ ਰਿਸ਼ਤੇ ਦੇ ਭੇਦ ਦੀ ਗੱਲ ਜੀਤ, ਮੰਗੋ ਨੂੰ ਦੱਸ ਜਾਂਦਾ ਹੈ ।

ਇਸ ਤੋਂ ਅੱਗੇ ਮੰਗੋ ਦਾ ਸਫ਼ਰ ਪਿੰਡ ਦੀ ਸਿਆਣੀ ਔਰਤ ਨਿਹਾਲ ਕੌਰ ਦੇ ਕਹਿਣ 'ਤੇ ਪਿੰਡ ਦੀ ਦਾਈ ਮਾਲਣ ਉਸ ਨੂੰ ਆਪਣੇ ਨਾਲ ਜਣੇਪੇ ਕਰਾਉਣ ਦੀ ਮਦਦ ਲਈ ਰੱਖਦੀ ਹੈ। ਇਸ ਤਰ੍ਹਾਂ ਜੱਦੀ ਚੱਲ੍ਹਣ ਵਾਲਾ ਇਹ ਧੰਦਾ ਜਾਂ ਕਿੱਤਾ ਮਾਲਣ ਦੇ ਘਰ ਦੀ ਨੂੰਹ-ਧੀ ਸਾਂਭਣ ਲਈ ਤਿਆਰ ਨਹੀਂ ਸੀ ਤੇ ਉਹ ਮੰਗੋ ਨੂੰ ਰੱਖ ਲੈਂਦੀ ਹੈ ਤੇ ਮੰਗੋ ਬਿਨਾਂ ਕਿਸੇ ਲਾਲਚ ਦੇ ਮਾਲਣ ਨੂੰ ਕਹਿੰਦੀ ਹੈ,

ਤੂੰ ਕੀ ਸੋਚਦੀ ਹੈ ਕਿ ਜੇ ਸਰਦਾਰ ਨਹੀਂ ਰਿਹਾ ਤਾਂ ਮੰਗੋ ਲਾਗ ਖਾਤਰ ਮਰਾਸਣ ਨਾਲ ਹਿੱਸਾ ਵਟਾਊ.. ਸੁੱਖ ਨਾਲ ਬਥੇਰਾ ਕੁਝ ਛੱਡ ਕੇ ਗਿਆ। ਇਹ ਤਾਂ ਮੇਰੀ ਰੂਹ ਦਾ ਕੰਮ ਹੈ ਕਿ ਨਗਰ ਦੇ ਹਰ ਨਵੇਂ ਆਏ ਜੀਅ ਦਾ ਮੂੰਹ ਦਿਖਾਈ ਸਭ ਤੋਂ ਪਹਿਲਾਂ ਕਰਾਂ .. ਸੈਤ ਮੇਰੇ ਮਨ ਅੰਦਰ ਆਪਣੀ ਮਾਂ ਲਈ ਉਮਰ ਭਰ ਪਾਲੀ ਨਫ਼ਰਤ ਜੰਮਣ ਪੀੜਾਂ ਦੇਖ ਕੇ ਭੋਰਾ ਘੱਟ ਹੋ ਜਾਵੇ।

ਮੰਗੋ ਇਸ ਮਨਚਾਹੇ ਕਿੱਤੇ ਨੂੰ ਰੀਝ ਨਾਲ ਕਰਨਾ ਸ਼ੁਰੂ ਕਰਦੀ ਹੈ ਤੇ ਮਾਲਣ ਦੇ ਬੁੜ੍ਹੀ ਹੋਣ ਕਾਰਨ ਹੌਲੀ-ਹੌਲੀ ਇਕੱਲੀ ਸਾਂਭ ਲੈਂਦੀ ਹੈ ਤੇ ਮਾਲਣ ਦਾ ਹਿੱਸਾ ਉਸ ਦੇ ਘਰ ਪਹੁੰਚਾਉਂਦੀ ਹੈ। ਮਾਲਣ ਦੇ ਦੱਸੇ ਗੁਰਾਂ ਨੂੰ ਪੱਲੇ ਬੰਨ੍ਹਦੀ ਹੈ। ਇੱਕ ਦਿਨ ਮਾਲਣ ਵੀ ਭਰੀ ਬਗੀਚੀ ਵਿੱਚੋਂ ਵਿਦਾ ਹੁੰਦੀ ਹੈ ਤੇ ਮਾਲਣ ਦੀ ਮੌਤ 'ਤੇ ਪੰਜਾਬ ਦੇ ਪਿੰਡਾਂ ਦੀ ਸਾਂਝ ਅਪਣੱਤ ਭਰੀ ਜ਼ਿੰਦਗੀ ਦਾ ਜੋ ਚਿਤਰਣ ਹਰਕੀਰਤ ਦੀ ਕਲਮ ਕਰਦੀ ਹੈ, ਦ੍ਰਿਸ਼ ਸਾਕਾਰ ਹੋਣ 'ਤੇ ਅੱਖਾਂ ਨਮ ਹੋ ਜਾਂਦੀਆਂ ਹਨ, ਮਾਲਣ ਪਿੰਡ ਦੇ ਲੋਕਾਂ ਨਾਲ ਜਨਮ ਤੋਂ ਮਰਨੇ ਤੱਕ ਦੇ ਸਾਰੇ ਵਿਹਾਰਾਂ ਨਾਲ ਜੁੜੀ ਹੋਈ ਸੀ .. ਮੁਸਲਮਾਨ ਹੋਣ 'ਤੇ ਵੀ ਸਾਰਾ ਸਿੱਖਾਂ ਦਾ ਸਾਰਾ ਪਿੰਡ ਉਸ ਨੇ ਧੀਆਂ-ਪੁੱਤਾਂ ਵਾਂਗ ਸਾਂਭਿਆ ਹੋਇਆ ਸੀ। ਸੰਤਾਲੀ ਦੀ ਵੰਡ ਵੇਲੇ ਉਸੇ ਸੌਣ ਮਹੀਨੇ ਮਾਲਣ ਨੇ ਪਿੰਡ ਨੂੰ ਸੱਤ ਧੀਆਂ-ਪੁੱਤਰ ਦਿੱਤੇ ਸਨ ਤੇ ਪਿੰਡ ਨੇ ਵੀ ਮਾਲਣ ਦੇ ਟੱਬਰ ਨੂੰ ਓਨੀ ਦਿਨੀ ਗਹਿਣਿਆ ਵਾਂਗ ਸਾਂਭਿਆ ਸੀ।


ਸੱਥਰ 'ਤੇ ਬੈਠੇ ਲੋਕ .. ਉਸ ਦੀ ਉਮਰ ਸੌ ਕੁ ਤੋਂ ਦੋ ਵਰ੍ਹੇ ਘੱਟ ਹੀ ਦੱਸ ਰਹੇ ਸਨ। ਆਖ਼ਰੀ ਇਸ਼ਨਾਨ ਕਰਾਉਂਦੀਆਂ ਔਰਤਾਂ ਵਿੱਚ ਮੰਗੋ ਧੁੱਸ ਦੇਣੇ ਜਾ ਵੜੀ। ਉਸ ਨੇ ਹੱਥ ਵਿੱਚ ਫੜੀ ਤਗਾਰੀ ਵਿੱਚ ਗਿੱਲੀ ਚੀਕਣੀ ਮਿੱਟੀ ਪੱਥ ਕੇ ਪਾਈ ਹੋਈ ਸੀ ਤੇ ਮਾਲਣ ਦੇ ਦੋਨਾਂ ਹੱਥਾਂ ਦੇ ਪੰਜਿਆਂ ਦੇ ਨਿਸ਼ਾਨ ਮਿੱਟੀ ਨਾਲ ਛਾਪ ਲਏ । ਲੋਕਾਂ ਨੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਸਾਹਿਤ



ਪੜ੍ਹਕੇ ਅਸੀਂ ਹੋਣਾ ਪਾਸ
ਮੁਕੇਸ਼ ਕੁਮਾਰ
ਮੁੱਲ : 145, ਸਫ਼ੇ : 68
ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ, ਮਾਹਿਲਪੁਰ



ਗੁੱਡ ਜੌਬ
ਡਾ. ਮਨਮੋਹਨ ਸਿੰਘ ਤੀਰ
ਮੁੱਲ : 75, ਸਫ਼ੇ : 40
ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ, ਮਾਹਿਲਪੁਰ




ਜੰਗਲੀ ਜੀਵਾਂ ਦੀਆਂ ਕਹਾਣੀਆਂ
ਮੁਖਤਾਰ ਗਿੱਲ
ਮੁੱਲ : 150, ਸਫ਼ੇ : 43
ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ




ਪਰੀ ਦੀ ਉਡਾਰੀ
ਸਤਪਾਲ ਭੀਖੀ
ਮੁੱਲ : 200, ਸਫ਼ੇ : 36
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਸੋਹਣੇ ਬਾਲ ਬੜੇ ਕਮਾਲ
ਹਰਜਿੰਦਰ ਕੌਰ
ਮੁੱਲ : 195, ਸਫ਼ੇ : 32
ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ, ਮਾਹਿਲਪੁਰ



ਪਿਆਸੀਆਂ ਚਿੜੀਆਂ
ਜਸਮੀਤ ਕੌਰ
ਮੁੱਲ : 200, ਸਫ਼ੇ : 48
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਬੈਡ ਟਾਈਮ ਸਬ-10
ਜਗਰੂਪ ਸਿੰਘ ਗਿੱਲ
ਮੁੱਲ : 200, ਸਫ਼ੇ : 60
ਚੇਤਨਾ ਪ੍ਰਕਾਸ਼ਨ, ਲੁਧਿਆਣਾ

# ਪੁਸਤਕ ਰੀਵਿਊ

### ਪੁਰਖਿਆਂ ਦਾ ਦੇਸ਼

(ਸਫ਼ਰਨਾਮਾ)
ਡਾ. ਸੁਖਦੇਵ ਸਿੰਘ ਝੰਡ
ਪੰਨੇ : 163, ਮੁੱਲ : 395 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਵਰਤਮਾਨ ਯੁੱਗ ਵਿੱਚ ਯਾਤਰਾ ਬਿਰਤਾਂਤ ਦਾ ਬਹੁਤ ਮਹੱਤਵ ਹੈ। ਯਾਤਰਾ ਬਿਰਤਾਂਤ ਰਾਹੀਂ ਦੂਜੀਆਂ ਥਾਵਾਂ ਭਾਵ ਦੇਸ਼, ਵਿਦੇਸ਼ ਅਤੇ ਰਾਜਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਹਥਲੀ ਪੁਸਤਕ 'ਪੁਰਖਿਆਂ ਦਾ ਦੇਸ਼' ਡਾ. ਝੰਡ ਦੀ ਸੱਤਵੀਂ ਰਚਨਾ ਹੈ। ਜਿਹੜੀ ਪਾਕਿਸਤਾਨ ਦੀ ਯਾਤਰਾ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਪੁਸਤਕ ਨੂੰ ਚੌਦਾਂ ਛੋਟੇ-ਛੋਟੇ ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਨਾਲ ਹੀ ਸੰਬੰਧਤ ਰੰਗਦਾਰ ਤਸਵੀਰਾਂ ਵੀ ਛਾਪੀਆਂ ਗਈਆਂ ਹਨ।

ਲੇਖਕ ਨੇ ਲਾਹੌਰ, ਕਸੂਰ, ਚੱਕ ਨੰਬਰ 202 ਗੱਟੀ ਤਲਾਵਾਂ, ਤਰਕਸ਼ੀਲਾਂ, ਕਰਤਾਰਪੁਰ ਸਾਹਿਬ, ਨਨਕਾਣਾ ਸਾਹਿਬ, ਪੰਜਾ ਸਾਹਿਬ, ਇਸਲਾਮਾਬਾਦ ਅਤੇ ਰਾਵਲਪਿੰਡੀ ਵਿਖੇ ਘੁੰਮਦਿਆਂ ਉੱਥੋਂ ਦੀਆਂ ਇਤਿਹਾਸਕ ਇਮਾਰਤਾਂ ਆਦਿ ਦਾ ਵੀ ਵਰਨਣ ਕੀਤਾ ਹੈ। ਉੱਥੇ ਚੱਲਿਆ ਕਵਿਤਾਵਾਂ ਅਤੇ ਗੀਤਾਂ ਦਾ ਦੌਰ ਵੀ ਦਿਲਚਸਪੀ ਪੈਦਾ ਕਰਦਾ ਹੈ। ਪਾਕਿਸਤਾਨ ਵਿੱਚ ਬਾਬਾ ਨਜ਼ਮੀ ਅਤੇ ਏਹਸਾਨ ਬਾਜਵਾ ਨਾਲ ਹੋਈ ਗੱਲਬਾਤ ਦਾ ਵਰਨਣ ਕੀਤਾ ਹੈ। ਪੁਸਤਕ ਰਾਹੀਂ ਲੇਖਕ ਲਹਿੰਦੇ ਪੰਜਾਬ ਨੂੰ ਆਪਣੀ ਧਰਤੀ ਮੰਨਦਾ ਹੈ। ਅਸਲ ਵਿੱਚ ਭਾਵੇਂ ਭਾਰਤ-ਪਾਕਿ ਦੋ ਦੇਸ਼ ਹਨ, ਪਰ ਦੋਹਾਂ ਦੇਸ਼ਾਂ ਦੇ ਲੋਕ ਤਾਂ ਆਪਣੇ ਹੀ ਹਨ। ਲੇਖਕ ਦੀ ਜਨਮ ਭੂਮੀ ਪਾਕਿ ਵਿਚ ਹੈ ਤੇ ਹਰ ਵਿਅਕਤੀ ਨੂੰ ਆਪਣੀ ਜਨਮ ਭੂਮੀ ਦਾ ਮੋਹ ਤਾਂ ਹੁੰਦਾ ਹੀ ਹੈ। ਹਰ ਦੇਸ਼ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਉਥੇ ਕੀਤੀ ਜਾਂਦੀ ਚੈਕਿੰਗ, ਬਾਹਰ ਦੇ ਖਾਣ-ਪੀਣ ਦੀ ਗੱਲ ਅਤੇ ਸਫ਼ਰ ਵਿਚ ਥਕਾਵਟ, ਕਿਸੇ ਤਰ੍ਹਾਂ ਦੀ ਬਿਮਾਰੀ ਦਾ ਖਦਸ਼ਾ ਵੀ ਸਾਹਮਣੇ ਆਉਂਦਾ ਹੈ। ਸਫ਼ਰਨਾਮੇ ਵਿਚ ਉਸ ਯਾਤਰਾ ਅਧੀਨ ਦੇਸ਼ ਦੀ ਆਰਥਿਕਤਾ, ਲੋਕਾਂ ਦੇ ਰਹਿਣ-ਸਹਿਣ, ਪਹਿਰਾਵਾ ਅਤੇ ਵਾਤਾਵਰਨ ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਜਿਸ ਦੀ ਇਸ ਪੁਸਤਕ ਵਿਚ ਘਾਟ ਮਹਿਸੂਸ ਹੁੰਦੀ ਰਹੀ।

— ਤੇਜਿੰਦਰ ਚੰਡਿਹੋਕ

### ਵੱਡੇ ਤੜਕੇ ਦਾ ਸੁਪਨਾ

(ਕਹਾਣੀ ਸੰਗ੍ਰਹਿ)
ਅਨੁ. : ਡਾ. ਸੁਰਿੰਦਰ ਕੌਰ ਚੌਹਾਨ
ਪੰਨੇ: 124, ਮੁੱਲ : 220 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਡਾ. ਸੁਰਿੰਦਰ ਕੌਰ ਚੌਹਾਨ ਦਾ ਪਹਿਲਾ ਕਹਾਣੀ ਸੰਗ੍ਰਹਿ 'ਬੱਤੀਆਂ ਵਾਲਾ ਸ਼ਹਿਰ' 1997 ਵਿੱਚ ਪ੍ਰਕਾਸ਼ਤ ਹੋਇਆ ਸੀ। 28 ਸਾਲਾਂ ਦੇ ਵਕਫ਼ੇ ਤੋਂ ਬਾਅਦ ਪ੍ਰਕਾਸ਼ਤ ਹੋਇਆ ਕਹਾਣੀਕਾਰਾ ਦਾ ਨਵਾਂ ਕਹਾਣੀ ਸੰਗ੍ਰਹਿ 'ਵੱਡੇ ਤੜਕੇ ਦਾ ਸੁਪਨਾ' ਵਿਚਾਰ-ਅਧੀਨ ਹੈ, ਜਿਸ ਵਿੱਚ 12 ਕਹਾਣੀਆਂ ਹਨ। ਇਹ ਕਹਾਣੀਆਂ ਸਮਾਜਿਕ ਅਤੇ ਸੱਭਿਆਚਾਰਕ ਪ੍ਰਸੰਗਾਂ ਨੂੰ ਲੈ ਕੇ ਲਿਖੀਆਂ ਗਈਆਂ ਹਨ। ਵਿਸ਼ੇ ਪੱਖੋਂ ਇਹਨਾਂ ਕਹਾਣੀਆਂ ਵਿੱਚ ਪਰਵਾਸੀ ਜੀਵਨ ਦੇ ਸੰਘਰਸ਼ਾਂ ਦੀਆਂ ਗੱਲਾਂ ਹਨ, ਸੱਭਿਆਚਾਰਕ ਟਕਰਾਵਾਂ ਅਤੇ ਸਮਾਜਿਕ ਵਰਜਨਾਵਾਂ ਦੇ ਕਿੱਸੇ ਹਨ, ਔਰਤ ਮਨ ਨੂੰ ਬੁਝਣ ਦੀ ਕੋਸ਼ਿਸ਼ ਹੈ, ਭਾਈਚਾਰਕ ਸਾਂਝ ਨਾਲ਼ ਰਵਾਇਤੀ ਪਿਤਰੀ ਸੱਤਾ ਅਤੇ ਮਰਦ ਪ੍ਰਧਾਨ ਸਮਾਜ ਦੀ ਬਾਤ ਹੈ, ਉਪਭੋਗਤਾਵਾਦ ਅਤੇ ਵਿਸ਼ਵੀਕਰਨ ਕਾਰਨ ਖ਼ਤਮ ਹੋ ਰਹੀਆਂ ਕਦਰਾਂ-ਕੀਮਤਾਂ ਦੀ ਚਿੰਤਾ ਹੈ, ਪਰ ਇਹਨਾਂ ਸਾਰੀਆਂ ਕਹਾਣੀਆਂ ਵਿੱਚ ਜ਼ਿਆਦਾਤਰ ਕਹਾਣੀਆਂ ਇਕਹਿਰੇ ਬਿਰਤਾਂਤ ਵਾਲੀਆਂ ਹਨ। ਜੇ ਕਿਤੇ ਕੋਸ਼ਿਸ਼ ਕਰ ਸੁਪਨੇ, ਪਿਛਲਝਾਤ ਜਾਂ ਮਨੋਬਚਨੀ ਵਿਧੀਆਂ ਰਾਹੀਂ ਦੂਹਰਾ ਬਿਰਤਾਂਤ ਉਸਾਰਿਆ ਵੀ ਗਿਆ ਹੈ ਤਾਂ ਕਹਾਣੀ ਦੀ ਬਿਰਤਾਂਤਕ ਜਟਿਲਤਾ 'ਤੇ ਇਸ ਦਾ ਵੱਧ ਪ੍ਰਭਾਵ ਨਹੀਂ ਪੈਂਦਾ। ਅਸਲ ਵਿੱਚ ਇਹ ਵਰਤਾਰਾ ਉਸ ਦੇ ਸਰਲ ਅਤੇ ਸਿੱਧੇ ਵਿਅਕਤਿਤਵ ਨੂੰ ਪੇਸ਼ ਕਰਦਾ ਹੈ। ਸਰਲਤਾ ਦਾ ਇਹ ਪ੍ਰਭਾਵ ਉਸ ਦੇ ਪਾਤਰਾਂ ਦੇ ਸੁਭਾਵਾਂ 'ਤੇ ਵੀ ਸਪੱਸ਼ਟ ਨਜ਼ਰ ਆਉਂਦਾ ਹੈ। ਉਸ ਦੀਆਂ ਕਹਾਣੀਆਂ ਦੇ ਜ਼ਿਆਦਾਤਰ ਪਾਤਰ ਸਰਲ ਅਤੇ ਇਕਹਿਰੀ ਸ਼ਖਸੀਅਤ ਦੇ ਮਾਲਕ ਹਨ। ਮਰਦ ਪਾਤਰ ਜਿਥੇ ਨਿੱਜੀ ਅਨੁਭਵਾਂ ਜਾਂ ਆਪਣੇ ਸੋਚ ਦੇ ਆਧਾਰ 'ਤੇ ਸਮਾਜ ਦੁਆਰਾ ਨਿਰਧਾਰਿਤ ਕੀਤੀ ਗਈ ਜ਼ਿੰਦਗੀ ਨੂੰ ਜੀ ਰਹੇ ਹਨ, ਉਥੇ ਔਰਤ ਪਾਤਰ ਜ਼ਿੰਦਗੀ ਦੇ ਕਈ ਮਹੱਤਵਪੂਰਨ ਮੋੜਾਂ 'ਤੇ ਮਜਬੂਰ ਅਤੇ ਬੇਵੱਸ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਕਦੀ ਪਤੀ ਦੇ ਰਵੱਈਆ, ਕਦੀ ਔਲਾਦ ਦੀ ਲਾਪਰਵਾਹੀ ਜਾਂ ਆਪਣੇ ਪਰਵਾਰ ਦੀ ਬੇਰੁਖੀ ਅਤੇ ਸਭ ਤੋਂ ਉਪਰ ਸੱਭਿਆਚਾਰਕ ਟਕਰਾਵਾਂ ਕਾਰਨ ਉਹ ਕੋਈ ਬਗਾਵਤ ਭਰਿਆ ਫ਼ੈਸਲਾ ਲੈਣ ਦੀ ਥਾਂ ਸਥਿਤੀਆਂ ਨੂੰ ਵਕਤ 'ਤੇ ਛੱਡ ਦੇਣ ਦੇ ਹੱਕ ਵਿੱਚ ਭੁਗਤਦੀਆਂ ਹਨ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ਿਆਂ ਬਾਰੇ ਗੱਲ ਕੀਤਿਆਂ ਕੁਝ ਕਹਾਣੀਆਂ ਪ੍ਰਵਾਸੀ ਜੀਵਨ ਨੂੰ ਪੇਸ਼ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਮੁੱਖ 'ਦੇਸ਼ ਨਿਕਾਲਾ', 'ਸੰਤਾਪੀਆਂ ਰੂਹਾਂ', 'ਆਖ਼ਰੀ ਫੇਰੀ' ਅਤੇ 'ਦੋ ਬੇੜੀਆਂ' ਹਨ। ਕਹਾਣੀ 'ਦੇਸ਼ ਨਿਕਾਲਾ' ਵਿੱਚ ਪੇਸ਼ ਕੀਤਾ ਗਿਆ ਵਰਤਾਰਾ ਸਾਡੇ ਸਮਾਜ ਦਾ ਆਮ ਵਰਤਾਰਾ ਹੈ ਅਤੇ ਇਸ ਵਿਸ਼ੇ 'ਤੇ ਪਹਿਲਾਂ ਵੀ ਕਈ ਕਹਾਣੀਆਂ ਲਿਖੀਆਂ ਜਾ ਚੁੱਕੀਆਂ ਹਨ। ਵਿਦੇਸ਼ ਜਾ ਸੰਘਰਸ਼ ਕਰਕੇ ਆਪਣੀ ਮਿਹਨਤ ਦੇ ਕਾਰਨ ਆਪਣੇ ਪੈਰਾਂ ਸਿਰ ਹੋਏ ਪਰਵਾਸੀਆਂ ਨੂੰ ਕੇਵਲ ਡਾਲਰਾਂ ਦੇ ਰੂਪ ਵਿੱਚ ਹੀ ਵੇਖਿਆ ਜਾਂਦਾ ਹੈ। ਆਪਣੇ ਪਰਵਾਰਾਂ ਵੱਲੋਂ ਕੀਤੇ ਧੋਖਿਆਂ ਨੂੰ ਇਸ ਕਹਾਣੀ ਵਿੱਚ ਬਹੁਤ ਸੁਹਣੇ ਢੰਗ ਨਾਲ਼ ਚਿਤਰਤ ਕੀਤਾ ਗਿਆ ਹੈ। ਅਜਿਹੀ ਹੀ ਇਕ ਹੋਰ ਕਹਾਣੀ 'ਆਖ਼ਰੀ ਫੇਰੀ' ਹੈ, ਜਿਸ ਵਿੱਚ ਇੱਕ ਪਰਵਾਸੀ ਧੀ ਦੀ ਨਿਰਾਸ਼ਤਾ ਨੂੰ ਵਿਸ਼ਾ ਬਣਾਇਆ ਹੈ, ਜੋ ਆਪਣੇ ਪੇਕਿਆਂ ਦੇ ਵਿਹਾਰ ਤੋਂ ਉਪਜਦੀ ਹੈ, ਕਿਉਂਕਿ ਉਸ 'ਤੇ ਵਿਦੇਸ਼ ਦੀਆਂ ਸੁੱਖ-ਸਹੂਲਤਾਂ ਵਿੱਚ ਵੱਸਣ ਅਤੇ ਪੇਕਿਆਂ ਦੀਆਂ ਆਸਾਂ 'ਤੇ ਪੂਰਾ ਨਾ ਉਤਰਨ ਦਾ ਇਲਜ਼ਾਮ ਲਾਇਆ ਜਾਂਦਾ ਹੈ, ਦੂਜੇ ਪਾਸੇ ਇਹਨਾਂ ਦੇਸ਼ਾਂ ਵਿੱਚ ਜਾ ਵੱਸਣ ਅਤੇ ਵੱਖਰੇ ਸੱਭਿਆਚਾਰਕ ਮਾਹੌਲ ਵਿੱਚ ਆਪਣੇ ਆਪ ਨੂੰ ਢਾਲਣ ਦੀ ਮਜਬੂਰੀ ਵੀ ਵੱਡੀ ਉਮਰ ਦੇ ਪਾਤਰਾਂ ਲਈ ਮਾਨਸਕ ਤਣਾਅ ਦਾ ਕਾਰਨ ਬਣਦੀ ਹੈ। 'ਸੰਤਾਪੀਆਂ ਰੂਹਾਂ' ਕਹਾਣੀ ਅਜਿਹੇ ਹੀ ਮਸਲਿਆਂ ਦੀ ਗੱਲ ਕਰਦੀ ਕਹਾਣੀ ਹੈ। 'ਦੋ ਬੇੜੀਆਂ' ਵੀ ਸੱਭਿਆਚਾਰਾਂ ਦੇ ਟਕਰਾਅ ਦੀ ਕਹਾਣੀ ਹੈ। ਇਸ ਸਭ ਕਾਸੇ 'ਚ ਉਸ ਪੀੜ੍ਹੀ ਦਾ ਨੁਕਸਾਨ ਸਭ ਤੋਂ ਵੱਧ ਹੋ ਰਿਹਾ ਹੈ, ਜੋ ਮਾਪਿਆਂ ਵੱਲੋਂ ਪੜ੍ਹਨ ਲਈ ਵਿਦੇਸ਼ ਭੇਜੀ ਜਾਂਦੀ ਹੈ। ਖਾਸ ਰੂਪ ਵਿੱਚ ਕੁੜੀਆਂ ਨੂੰ ਉੱਥੇ ਜਾ ਕੇ ਕਿਵੇਂ ਸੰਘਰਸ਼ ਕਰਨੇ ਪੈਂਦੇ ਹਨ, ਬੇਵਸੀ ਕਾਰਨ ਉਹ ਕੀ-ਕੀ ਭੁਗਤਦੀਆਂ ਹਨ। ਕਹਾਣੀਕਾਰਾਂ ਨੇ ਪ੍ਰਵਾਸੀ ਜੀਵਨ ਦਾ ਇੱਕ ਹੋਰ ਪੱਖ ਪਿੱਛੇ ਪੰਜਾਬ ਦੀ ਧਰਤੀ 'ਤੇ ਇਕੱਲੇ ਰਹਿ ਗਏ ਮਾਪਿਆਂ ਦੀ ਸਥਿਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। 'ਵੱਡੇ ਤੜਕੇ ਦਾ ਸੁਪਨਾ' ਅਜਿਹੀ ਮਾਂ ਦੇ ਮਾਨਸਕ ਤਣਾਅ ਦੀ ਕਹਾਣੀ ਹੈ। ਇਸ ਕਹਾਣੀ ਵਿੱਚ ਕਹਾਣੀਕਾਰਾ ਨੇ ਯਥਾਰਥਕਤਾ ਨਾਲ ਬਿਰਧ ਆਸ਼ਰਮ ਵਿੱਚ ਰਹਿ ਰਹੀਆਂ ਦੋ ਔਰਤਾਂ ਦੇ ਜੀਵਨ ਦੀ ਤੁਲਨਾ ਕੀਤੀ ਹੈ। ਇੱਕ ਔਰਤ, ਜਿਸ ਦਾ ਬੇਟਾ ਦੇਸ਼ ਵਿੱਚ ਹੀ ਰਹਿ ਰਿਹਾ ਹੈ, ਪਰ ਫਿਰ ਵੀ ਉਸ ਨੂੰ ਵਿੱਚ ਛੱਡਿਆ ਹੋਇਆ ਹੈ, ਪਰ ਦੂਸਰੀ ਔਰਤ ਦਾ ਬੇਟਾ ਤਾਂ ਵਿਦੇਸ਼ ਜਾ ਵਸਣ ਕਾਰਨ ਉਸ ਨੂੰ ਨਾਲ ਲਿਜਾਣ ਤੋਂ ਮੁਨਕਰ ਹੈ।

ਇਹਨਾਂ ਪਰਵਾਸੀ ਕਹਾਣੀਆਂ ਤੋਂ ਇਲਾਵਾ ਕਹਾਣੀ 'ਗਵਾਰ ਲੋਕ' ਲੋਕਾਂ ਵਿੱਚ ਖ਼ਤਮ ਹੋ ਰਹੀ ਭਾਈਚਾਰਕ ਸਾਂਝ ਦੀ ਗੱਲ ਕਰਦੀ ਹੈ। ਆਧੁਨਿਕ ਹੋਣ ਅਤੇ ਸਭਿਅਤਾ ਦੇ ਸ਼ਹਿਰੀਕਰਨ ਨਾਲ ਪਿੰਡਾਂ ਦਾ ਜੋ ਆਪਣਾਪਨ ਖ਼ਤਮ ਹੋ ਰਿਹਾ ਹੈ, ਕਹਾਣੀਕਾਰਾ ਨੇ ਉਸ ਨੂੰ ਕੇਂਦਰ ਵਿੱਚ ਰੱਖ ਬਿਰਤਾਂਤ ਰਚਿਆ ਹੈ। ਕਹਾਣੀ 'ਅਗਨੀ ਪ੍ਰੀਖਿਆ' ਵੀ ਇਸ ਸਮਾਜ ਦੇ ਮਰਦ ਪ੍ਰਧਾਨ ਵਰਤਾਰੇ ਨੂੰ ਵਿਸ਼ਾ ਬਣਾਉਂਦੀ ਹੈ, ਜਿਸ ਅਨੁਸਾਰ ਇੱਕ ਇਸਤਰੀ ਪਤੀ ਦੁਆਰਾ ਕੀਤੇ ਸ਼ੋਸ਼ਣ ਨੂੰ ਵੀ ਸਵੀਕਾਰ ਕਰਦੀ ਹੈ, ਕਿਉਂਕਿ ਉਹ ਇਸ ਢੰਗ ਨਾਲ਼ ਹੀ ਸੁਰੱਖਿਅਤ ਮਹਿਸੂਸ ਕਰਦੀ ਹੈ। ਕਹਾਣੀਆਂ 'ਫ਼ੈਸਲਾ' ਅਤੇ 'ਜੰਗ ਜਾਰੀ ਰਹੇਗੀ' ਵੀ ਔਰਤ ਦੇ ਸ਼ੋਸ਼ਣ ਦੀਆਂ ਕਹਾਣੀਆਂ ਹਨ, ਜਿਸ ਵਿੱਚ ਕਹਾਣੀਕਾਰਾ ਨੇ ਦੋ ਤਰੀਕਿਆਂ ਨਾਲ ਲਗਭਗ ਇੱਕੋ ਸਮੱਸਿਆ ਜਵਾਨ ਉਮਰੇ ਇਕੱਲੀ ਰਹਿ ਗਈ ਔਰਤ ਨੂੰ ਚਿਤਰਤ ਕੀਤਾ ਹੈ। ਇੱਕ ਕਹਾਣੀ ਵਿੱਚ ਤਾਂ ਆਸਰਾ ਲੱਭਦੀ ਔਰਤ ਦੀ ਬੇਵੱਸੀ ਕੇਂਦਰ ਵਿੱਚ ਹੈ, ਪਰ ਦੂਜੀ ਕਹਾਣੀ ਵਿਚਲੀ ਔਰਤ ਦੀ ਬਾਗ਼ੀ ਸੁਰ ਉਸ ਦੀ ਬੇਵਸੀ ਦੇ ਆਲਮ ਨੂੰ ਘਟਾਉਣ ਵਿੱਚ ਕਾਮਯਾਬ ਹੁੰਦੀ ਹੈ। 'ਸੁਆਲੀਆ ਚਿੰਨ੍ਹ' ਸਮਾਜਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਵਿਵਸਥਾ ਦੀਆਂ ਊਣਤਾਈਆਂ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਕਹਾਣੀ ਹੈ ਅਤੇ ਅੰਤਮ ਕਹਾਣੀ 'ਮੋਹਿ ਮਰਨੇ ਕਾ ਚਾਉ ਹੈ' ਇਤਿਹਾਸਕ ਵੇਰਵਿਆਂ ਨੂੰ ਦਰਸਾਉਂਦੀ ਕਹਾਣੀ ਹੈ, ਜਿਸ ਵਿੱਚ 40 ਮੁਕਤਿਆਂ ਦੇ ਅਨੰਦਪੁਰ ਦਾ ਕਿਲ੍ਹਾ ਛੱਡ ਜਾਣ ਤੋਂ ਬਾਅਦ ਦਾ ਬਿਰਤਾਂਤ ਸਿਰਜਿਆ ਗਿਆ ਹੈ। ਕਹਾਣੀਕਾਰਾ ਵੱਲੋਂ ਸਰਲ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਅਤੇ ਬਿਆਨੀਆ ਸ਼ੈਲੀ ਦੀ ਵਰਤੋਂ ਨਾਲ਼ ਸਰਲ ਬਿਰਤਾਂਤ ਸਿਰਜਿਆ ਗਿਆ ਹੈ। ਇਹਨਾਂ ਕਹਾਣੀਆਂ ਵਿੱਚ ਘਟਨਾਵਾਂ, ਪਾਤਰ, ਭਾਸ਼ਾ ਅਤੇ ਸ਼ੈਲੀ ਕਹਾਣੀਕਾਰਾ ਦੀ ਵਿਅਕਤਿਤਵ ਵਿਲੱਖਣਤਾ ਦੀ ਹਾਮੀ ਭਰਦੀ ਹੈ। ਆਸ ਕੀਤੀ ਜਾਂਦੀ ਹੈ ਕਿ ਪਾਠਕਾਂ ਵੱਲੋਂ ਇਸ ਦਾ ਭਰਪੂਰ ਸਵਾਗਤ ਕੀਤਾ ਜਾਵੇਗਾ।

— ਡਾ. ਸੰਦੀਪ ਰਾਣਾ

# ਡਾ. ਸੁਖਦੇਵ ਸਿੰਘ ਸਿਰਸਾ ਦੇ ਕਾਵਿ ਸੰਗ੍ਰਹਿ 'ਕਵਿਤਾ ਦਾ ਦੇਸ਼' 'ਤੇ ਵਿਚਾਰ-ਚਰਚਾ

**ਚੰਡੀਗੜ੍ਹ**-ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ- ਅਦਾਕਾਰਾ ਸੁਲਕਸ਼ਨਾ ਪੰਡਿਤ, ਪੱਤਰਕਾਰ ਨਲਨ ਅਚਾਰੀਆ, ਅਦਾਕਾਰਾ ਕਾਮਿਨੀ ਕੌਸ਼ਲ, ਡਾ. ਲਾਭ ਸਿੰਘ ਖੀਵਾ ਦੀ ਭੈਣ ਸ਼ਾਮ ਕੌਰ, ਅਦਾਕਾਰ ਧਰਮਿੰਦਰ, ਗਾਇਕ ਹਰਮਨ ਸਿੱਧੂ, ਪੱਤਰਕਾਰ ਅੰਮ੍ਰਿਤਪਾਲ ਕੌਰ ਦੇ ਪਿਤਾ ਲਖਵਿੰਦਰ ਸਿੰਘ, ਮੱਧ ਪ੍ਰਦੇਸ਼ ਦੀ ਕਬਾਇਲੀ ਔਰਤ ਭੂਰੀਆ ਬਾਈ, ਪੱਤਰਕਾਰ ਜਗਦੇਵ ਸਿੰਘ ਦੇ ਪਿਤਾ ਹਰਭਜਨ ਸਿੰਘ, ਸੰਘਰਸ਼ਸ਼ੀਲ ਮਾਸਟਰ ਕਰਨੈਲ ਸਿੰਘ ਸੋਹੀ, ਪ੍ਰੋ. ਗੁਰਚਰਨ ਸਿੰਘ ਤਲਵਾੜਾ, ਦੇਵ ਚਿੱਤਰਕਾਰ, ਲੇਖਕ ਟੌਮ ਸਟਾਮਰਡ ਤੇ ਜੰਗਬੰਦੀ ਪਿੱਛੋਂ ਪਿਛਲੇ ਮਹੀਨੇ ਇਜ਼ਰਾਇਲ ਵੱਲੋਂ ਮਾਰੇ ਗਏ 51 ਫਲਸਤੀਨੀ ਨਾਗਰਿਕਾਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਤਿੰਨ ਨੇਤਰਹੀਣ ਵਿਦਿਆਰਥੀਆਂ ਨਰੇਸ਼ ਕੁਮਾਰ, ਰੋਹਿਤ ਭਾਟੀਆ ਤੇ ਵਸੀਮ ਦੀਆਂ ਕਵਿਤਾਵਾਂ ਨਾਲ ਹੋਈ। ਇਸ ਪਿੱਛੋਂ ਮਿਸ ਜਸਰੀਤ ਕੌਰ ਨੇ "ਪਾਥੀਆਂ ਦੇ ਵਿੱਚ ਫਿਰੇ ਗੁਆਚੀ ਇੱਕ ਪੇਂਡੂ ਮੁਟਿਆਰ ਜਿਹੀ" ਗੀਤ ਪੇਸ਼ ਕੀਤਾ।




ਡਾ. ਸੁਖਦੇਵ ਸਿੰਘ ਸਿਰਸਾ ਦੇ ਕਾਵਿ-ਸੰਗ੍ਰਹਿ 'ਕਵਿਤਾ ਦਾ ਦੇਸ' ਬਾਰੇ ਵਿਸਥਾਰ ਵਿੱਚ ਚਰਚਾ ਕਰਦਿਆਂ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਇਹ ਮਨੁੱਖ ਦੀ ਤਲਾਸ਼ ਦੇ ਸੰਘਰਸ਼ ਦੀ ਸ਼ਾਇਰੀ ਹੈ। ਮਨੁੱਖ ਹੋਣਾ ਦੇਹ ਨਹੀਂ, ਅਹਿਸਾਸ ਦਾ ਹੋਣਾ ਹੈ। ਬੰਦੇ ਦੀ ਸਿਰਜੀ ਦੁਨੀਆ ਬਹੁਤ ਮਾਣ ਕਰਨ ਯੋਗ ਨਹੀਂ। ਜੇ ਇੱਥੇ ਜੀਅ ਨਹੀਂ ਲੱਗਦਾ ਤਾਂ ਸੁਆਲ ਉੱਠਣੇ ਸੁਭਾਵਿਕ ਹਨ। ਬੇਗਮਪੁਰਾ ਸਿਰਜਣ ਦੀ ਰੀਝ ਅਧੂਰੀ ਹੈ। ਇਹ ਨਾਅਰੇ ਦੀ ਕਵਿਤਾ ਨਹੀਂ ਹੈ। ਕਵੀ ਸੱਤਾ ਅਤੇ ਸਰਮਾਏ ਦੇ ਦਿਉ ਦੀ ਗੱਲ ਕਰਦਾ ਸਾਂਦਲ ਬਾਰ ਪਹੁੰਚ ਜਾਂਦਾ ਹੈ। ਪਰਿੰਦਿਆਂ ਕੋਲ ਹੱਥ ਨਹੀਂ, ਖੰਭ ਹਨ। ਬੱਚੇ ਦੇ ਹੱਥ ਤ੍ਰਿਸ਼ੂਲ ਨਹੀਂ, ਬਾਂਸੁਰੀ ਚਾਹੁੰਦੇ ਹਨ। ਇਹ ਮੀਨ ਤੇ ਮੀਰ ਨੂੰ ਬਚਾਉਣ ਦਾ ਸੰਘਰਸ਼ ਹੈ। ਜਿਹੜੇ ਹੱਥ ਕਿਰਤ ਕਰਦੇ ਹਨ, ਉਹ ਮੰਗਤੇ ਬਣ ਰਹੇ ਹਨ। ਬੰਦੇ ਦੇ ਵਲਵਲੇ ਮਰਨ ਨਾਲ ਬਹੁਤ ਕੁਝ ਮਰ ਜਾਂਦਾ ਹੈ। ਕਦੀ ਭੁੱਲੇ ਭਟਕਿਆਂ ਲਈ ਚਾਨਣ ਬਚਾਈ ਫਿਰਦਾ ਹੈ। ਨਦੀ ਕਈ ਕੁਝ ਵਹਾਅ ਕੇ ਲੈ ਜਾਂਦੀ ਹੈ। ਉਸ ਅੰਦਰ ਨਾਗ ਨਹੀਂ, ਨਾਗ ਦਾ ਬਹਿਰ ਹੈ। ਬਾਰ ਬੰਦੇ ਅੰਦਰ ਅੱਗ ਲਾ ਕੇ ਰੋਟੀਆਂ ਸੇਕਦਾ ਹੈ।

ਡਾ. ਸਵਰਾਜਬੀਰ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਮਨੁੱਖ ਦੀ ਵਧ ਰਹੀ ਬੇਗਾਨਗੀ ਸਾਡੇ ਸਮਿਆਂ ਦਾ ਚਿੰਨ੍ਹ ਬਣ ਗਈ ਹੈ। ਕਵੀ ਦਾ ਪੱਥਰ ਨਗਰੀ ਵਿੱਚ ਜੀਅ ਨਹੀਂ ਲੱਗਦਾ। ਕਵੀ ਅੰਦਰ ਮਾਰੂਥਲ ਉੱਗ ਆਇਆ ਹੈ। ਉਸ ਕੋਲ ਹਾਰਾਂ ਨਗਮਿਆਂ ਦੀ ਦੌਲਤ ਹੈ। ਉਹ ਤਾਰੇ ਗਿਣਦੀਆਂ ਫੌਜਣਾਂ ਨੂੰ ਬਾਂਸੁਰੀ ਸੰਭਾਲਦਾ ਹੈ। ਉਨ੍ਹਾਂ ਦੇ ਬੁੱਲ੍ਹਾਂ ਦੀ ਪੇਪੜੀ 'ਤੇ ਗੀਤ ਰੱਖਦਾ ਹੈ। ਔਖੇ ਸਮੇਂ ਵਿੱਚ ਕਵਿਤਾ ਕਵੀ ਨੂੰ ਢਾਰਸ ਦਿੰਦੀ ਹੈ। ਜਜਮ ਭਰਨ 'ਤੇ ਮੋਰ ਚੁੱਪ ਵੀ ਕਰ ਸਕਦਾ ਹੈ। ਹੱਥ ਦੀ ਰੇਖਾ ਵੇਖਣ ਵਾਲਾ ਪਹਾੜ ਤੋਂ ਪਾਰ ਝਾਕਦਾ ਹੈ। ਜਗੀਰੂ ਸੋਚ ਤੇ ਅੰਨ੍ਹੇ ਸਰਮਾਏ ਦੇ ਦਿਉ ਬੜੇ ਜਚਰੇ ਹਨ। ਇਹ ਖੁਸ਼ਬੋਆਂ ਵਾਲੀ ਧਰਤੀ ਉੱਤੇ ਪੈਰ ਨਹੀਂ ਧਰਨ ਦਿੰਦੇ। ਕਵਿਤਾ ਦੇ ਬਿੰਬ ਪ੍ਰੀਤ ਵਿਹੂਣੀ ਤੇ ਕਲ੍ਹੇ ਭਰੀ ਭੋਇੰ ਵਿੱਚੋਂ ਨਿਕਲਦੇ ਹਨ। ਜਦੋਂ ਮਾਂ ਹਿੱਕ ਵਿੱਚ ਚੀਜ਼ ਦੱਬ ਲਵੇ, ਪਿਉ ਦਾ ਤੁਰ੍ਹਲਾ ਡਿੱਗ ਪਵੇ ਤੇ ਸਿਆਣੀ ਅੱਖ ਦਾ ਲਾਲ ਡੋਰਾ ਅੱਥਰੂ ਬਣ ਜਾਏ ਤਾਂ ਸਮਾਂ ਭਿਆਨਕ ਹੁੰਦਾ ਹੈ। "ਵਾਰ ਟਿਕੈਤ ਸੂਰਮੇ ਦੀ" ਅਤੇ "ਅਰਜਨ ਵੈਲੀ ਦਾ ਉਲ੍ਹਾਂਭਾ" ਵਿੱਚ ਇਹੋ ਕੁੱਝ ਹੈ।

ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਇਹ ਰਾਜਸੀ ਬੰਦੇ ਦੀ ਕਵਿਤਾ ਹੈ। ਜਿਹੜੀ ਚੀਜ਼ ਮਨੁੱਖ ਦੇ ਵਿਰੋਧ ਵਿੱਚ ਹੈ, ਉਥੇ ਕਵੀ ਤਪਦਾ ਹੈ। ਉਸ ਦੀ ਕਵਿਤਾ ਬੌਧਿਕਤਾ ਦੇ ਨਾਲ ਸੱਭਿਆਚਾਰ ਦੀ ਛਾਨਣੀ ਵਿੱਚੋਂ ਛਣ ਕੇ ਨਿਕਲਦੀ ਹੈ।

ਡਾ. ਰਾਜੇਸ਼ ਜੈਸਵਾਲ ਨੇ ਕਿਹਾ ਕਿ ਸਾਂਝੇ ਸੁਪਨਿਆਂ ਦਾ ਤਿੜਕਣਾ ਠੀਕ ਨਹੀਂ ਹੁੰਦਾ। ਜ਼ਖਮ ਕਵਿਤਾ ਦੀ ਲੋਰੀ ਮੰਗਦੇ ਹਨ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਕਵਿਤਾਵਾਂ ਵਿੱਚ ਅਧਿਆਤਮਕਤਾ ਦੀ ਖੁਸ਼ਬੋਅ ਵੀ ਹੈ। ਮਾਇਆ ਮੋਕਸ਼ ਤੋਂ ਪਰ੍ਹੇ ਵੀ ਕਰਦੀ ਹੈ। ਚਿੜੀਆਂ ਨੂੰ ਵੀ ਸੁਪਨੇ ਲੈਣ ਦਾ ਹੱਕ ਹੈ। ਇਸ ਵਿੱਚ ਨਕਸਲੀ ਸਰੋਕਾਰ ਵੀ ਹਨ। ਜੈਪਾਲ ਨੇ ਕਿਹਾ ਕਿ ਕਵਿਤਾ ਪੜ੍ਹ ਕੇ ਕੀੜਾ ਘੋੜਾ ਜਾਪਣ ਲੱਗਦਾ ਹੈ। ਖਾਮੋਸ਼ੀ ਵੀ ਕਲਾ ਦਾ ਸਿਜਰ ਹੈ। ਕਵਿਤਾ ਅਤੀਤ ਦੇ ਦਰਾਂ 'ਤੇ ਲਿਜਾ ਖੜ੍ਹਾ ਕਰਦੀ ਹੈ। ਡਾ. ਹਰਮੇਲ ਸਿੰਘ ਨੇ ਕਿਹਾ ਕਿ ਦਿਉ ਤੇ ਘਰ ਵੱਡੇ ਮੈਟਾਫਰ ਹਨ। ਕਵਿਤਾ ਵਿੱਚ ਸ਼ਾਸਤਰੀ ਸੰਗੀਤ ਦੇ ਰੰਗ ਹਨ। ਇਸ ਤੋਂ ਸੁੰਦਰ ਕਵਿਤਾ ਭਲਾ ਹੋਰ ਕੀ ਹੋ ਸਕਦੀ ਹੈ।

ਗੁਰਨਾਮ ਕੰਵਰ ਨੇ ਕਿਹਾ ਕਿ ਇਹ ਸੱਚੇ ਲਹੂ ਦੀ ਕਵਿਤਾ ਹੈ। ਇਹ ਪੀੜਾਂ ਦਾ ਪਰਾਗਾ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਹਰੀ ਕ੍ਰਾਂਤੀ ਦੀ ਅਸਫਲਤਾ ਤੇ ਅਸਾਵੇਂ ਵਿਕਾਸ ਦੇ ਸਰਮਾਏਦਾਰੀ ਮਾਡਲ ਨੇ ਸੀਮਾਂਤ ਕਿਸਾਨੀ ਤੇ ਸ਼ਹਿਰੀ ਮੱਧ ਸ਼੍ਰੇਣੀ ਦਾ ਮੋਹ ਭੰਗ ਕੀਤਾ ਹੈ। ਇਸ ਨਾਲ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਖੇਤਰ ਵਿੱਚ ਤਿੱਖੀਆਂ ਹਲਚਲਾਂ ਹੋਈਆਂ ਹਨ। ਉਦਾਸ ਦਿਨਾਂ ਵਿੱਚ ਕਵਿਤਾ ਸਾਡੀ ਪੀੜ੍ਹੀ ਦਾ ਸਹਾਰਾ ਬਣਦੀ ਹੈ। ਕਵਿਤਾ ਦੁੱਖਾਂ ਨੂੰ ਸਮਝਣ ਤੇ ਜਰਨ ਦਾ ਵਸੀਲਾ ਹੈ। ਕਵਿਤਾ ਦੀ ਕਚਹਿਰੀ ਵਿੱਚ ਬੰਦਾ ਆਪਣੇ ਕੂੜੇ ਨੂੰ ਲਕੋਅ ਨਹੀਂ ਸਕਦਾ। ਗੁਨਾਹਾਂ ਦਾ ਇਕਬਾਲ ਕਵਿਤਾ ਦੇ ਦਰ ਉੱਤੇ ਹੀ ਹੋ ਸਕਦਾ ਹੈ। ਕਵਿਤਾ ਜ਼ਖਮਾਂ ਉੱਤੇ ਮੱਲ੍ਹਮ ਲਾਉਂਦੀ ਹੈ। ਇਹ ਔਖੇ ਵੇਲਿਆਂ ਦੀ ਚੀਜ਼ ਹੈ। ਕਵਿਤਾ ਕਦੇ ਮਨੁੱਖਤਾ ਦਾ ਸਾਥ ਨਹੀਂ ਛੱਡਦੀ। ਕਵੀ ਹਵਾ ਦੇ ਉਲਟੇ ਰੁਖ ਉੱਡਣ ਵਾਲਾ ਪੰਛੀ ਹੈ। ਕਵਿਤਾ ਮੈਂ ਲਿਬਾਸ ਨਹੀਂ ਪਹਿਨ ਸਕਦੀ। ਕਵਿਤਾ ਦੀ ਹੱਟੀ ਉੱਤੇ ਕੁਫਰ ਨਹੀਂ ਵਿਕ ਸਕਦਾ। ਕਵਿਤਾ ਦੇ ਡੇਰੇ ਜਾ ਕੇ ਮਨ ਦਾ ਬੋਝ ਹਲਕਾ ਹੋ ਜਾਂਦਾ ਹੈ। ਕਵੀ ਦਾ ਦੁੱਖ ਕੋਈ ਨਹੀਂ ਜਾਣਦਾ। ਕਵੀ ਬੱਚਾ ਬਣ ਕੇ ਕਪਾਹ ਦੇ ਫੁੱਲਾਂ ਵਾਂਗ ਖਿੜ ਜਾਣਾ ਲੋਚਦਾ ਹੈ। ਦੀਵਿਆਂ ਦਾ ਕੋਈ ਕਸੂਰ ਨਹੀਂ ਹੈ। ਬੰਦੇ ਦੇ ਹੱਥ ਦੇਗ ਲੈਣ ਤੋਂ ਵਰਜ ਦਿੱਤੇ ਗਏ ਹਨ। ਜਾਲੀ ਹੱਥ ਖੀਸੇ ਵਿੱਚ ਕੈਦ ਹਨ। ਰਿਸ਼ੀਵਰ ਦੇ ਜਪ ਤਪ ਲਈ ਕਵੀ ਕੋਲ ਇਹੋ ਕੁਝ ਹੈ। ਕੋਈ ਮਨ ਅੰਦਰ ਪੁੜਿਆ ਭੱਖੜਾ ਚੁਗ ਕੇ ਸਰਦ ਸਲਾਈ ਪਾਵੇ। ਬੇਦਾਵਾ ਲਿਖਣ ਤੋਂ ਪਹਿਲਾਂ ਕਵੀ ਨੂੰ ਨਵੀਂ ਰੁੱਤ ਦੀ ਉਡੀਕ ਹੈ। ਮਰ ਗਏ ਬਾਗੀਆਂ ਦੇ ਮੋਰਚੇ ਸਾਂਭਣੇ ਪੈਣਗੇ। ਕੱਚ ਦੀਆਂ ਮੁੰਦਰਾਂ ਤੇ ਭਗਵਾਂ ਭੇਸ ਜੋਗ ਲਈ ਕਾਫੀ ਨਹੀਂ ਹੁੰਦੇ। ਉਹ ਸੁਪਨਿਆਂ ਦੀ ਸੁੰਦਰਾਂ ਤੋਂ ਦੂਰ ਹੈ। ਅਸੀਂ ਖੇਤਾਂ ਤੇ ਵਿਹੜਿਆਂ ਦੀ ਉਮੀਦ ਬਣਨਾ ਲੋਚਦੇ ਹਾਂ। ਨਵੀਂ ਪੀੜ੍ਹੀ ਨਵਾਂ ਸੋਚਦੀ ਹੈ। ਡਾ. ਜਸਪਾਲ ਸਿੰਘ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਸੁਖਦੇਵ ਸਿਰਸਾ ਅਗਾਂਹਵਧੂ ਕਵੀ ਹੈ। ਉਹ ਬੜ-ਬੋਲਾ ਨਹੀਂ ਤੇ ਅੰਡਰ-ਟੋਨ 'ਚ ਬੋਲਦਾ ਹੈ। ਪੰਛੀ ਤੇ ਨਦੀ ਉਡਣ ਤੇ ਵਹਿਣ ਦੀ ਤਬਦੀਲੀ ਦੇ ਪ੍ਰਤੀਕ ਹਨ। ਉਨ੍ਹਾਂ ਕਾਰਪੋਰੇਟਾਂ ਦੇ ਨਵ-ਬਸਤੀਵਾਦ ਉੱਤੇ ਫਿਕਰ ਜ਼ਾਹਰ ਕੀਤਾ। ਡਾ. ਅਰੀਤ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਕਵਿਤਾ ਵਿੱਚ ਜ਼ੁਬਾਨ ਦੀ ਅਮੀਰੀ ਅਤੇ ਚੜ੍ਹਦੇ-ਲਹਿੰਦੇ ਪੰਜਾਬ ਦੀ ਸਮਝ ਹੈ। ਇਹ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਲੱਗਣੀ ਚਾਹੀਦੀ ਹੈ।

ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਮਾਧਵੀ ਕਟਾਰੀਆ, ਜੰਗ ਬਹਾਦਰ ਗੋਇਲ, ਦਵਿੰਦਰ ਦਮਨ, ਅਭੈ ਸਿੰਘ, ਬਲਕਾਰ ਸਿੱਧੂ, ਡਾ. ਦਵਿੰਦਰ ਸਿੰਘ ਬੋਹਾ, ਡਾ. ਹਜ਼ਾਰਾ ਸਿੰਘ ਚੀਮਾ, ਡਾ. ਬਲਵਿੰਦਰ ਸਿੰਘ ਚਹਿਲ, ਡਾ. ਹਰਦੀਪ ਸਿੰਘ, ਡਾ. ਹਰਬੰਸ ਕੌਰ ਗਿੱਲ, ਡਾ. ਸਾਹਿਬ ਸਿੰਘ, ਡਾ. ਗੁਰਮੇਲ ਸਿੰਘ, ਡਾ. ਸਤਪਾਲ ਸਹਿਗਲ, ਅਵਤਾਰ ਸਿੰਘ ਪਾਲ, ਕਹਾਣੀਕਾਰ ਹਰਪ੍ਰੀਤ ਸਿੰਘ ਚੰਨੂੰ, ਪਰਮਜੀਤ ਸਿੰਘ ਮਾਨ, ਸੀਮਾ ਗੁਪਤਾ, ਪਾਲ ਅਜਨਬੀ, ਭੁਪਿੰਦਰ ਸਿੰਘ ਮਲਿਕ, ਕਾ. ਗੁਰਨਾਮ ਸਿੰਘ, ਪੁਸ਼ਪਾ, ਹਰਸਿਮਰਨ ਕੌਰ, ਪਰਮਿੰਦਰ ਸਿੰਘ ਗਿੱਲ, ਮੋਹਨ ਲਾਲ ਰਾਹੀ, ਹਰਨਾਮ ਸਿੰਘ ਡੱਲਾ, ਊਸ਼ਾ ਕੰਵਰ, ਹਰਵਿੰਦਰ ਸਿੰਘ, ਰਜਿੰਦਰ ਸਿੰਘ, ਗੁਰਮੇਜ ਭੱਟੀ, ਕਵੀ ਮਹਾਂਦੇਵ ਸਿੰਘ, ਸੋਹਣ ਸਿੰਘ, ਗੁਰਚਰਨ ਸਿੰਘ, ਸਿਮਰਨ ਕੌਰ, ਹਸਰਤ ਕੌਰ, ਸੰਧੂ ਮਾਣੂਕੇ, ਰਮਿੰਦਰਪਾਲ ਸਿੰਘ, ਬਲਬੀਰ ਸਿੰਘ ਸੈਣੀ, ਕਾਰਤਿਕਾ ਸਿੰਘ, ਰੈਕਟਰ ਕਥੂਰੀਆ, ਸੰਜੀਵਨ ਸਿੰਘ, ਸੁਰਿੰਦਰ ਕੁਮਾਰ, ਰਾਜ ਸਮੱਧਰ, ਸੁਖਦੇਵ ਸਿੰਘ, ਵਿਨੋਦ ਕੁਮਾਰ, ਮਨੂੰ ਕਾਂਤ, ਅਜੇ ਸਿੰਗਲਾ, ਹਰਜੀਤ ਸਿੰਘ, ਹਰਪੁਨੀਤ ਕੌਰ ਸਮੇਤ 65 ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਸਮਕਾਲ

---- ਭਗਵੰਤ ਰਸੂਲਪੁਰੀ----

## ਅਰਮਾਨ: ਅਕਤੂਬਰ-ਦਸੰਬਰ, 2025



ਪੰਜਾਬੀ ਸਹਿਤ ਦੀਆਂ ਵੱਖ-ਵੱਖ ਵਿਧਾਵਾਂ ਉੱਤੇ ਕੇਂਦਰਿਤ ਆਨ ਲਾਈਨ 'ਅਰਮਾਨ' ਦਾ ਨਵਾਂ ਅੰਕ ਪਾਠਕਾਂ ਤੱਕ ਪੁੱਜਾ ਹੈ। ਹੱਥਲੇ ਅੰਕ ਵਿੱਚ 20 ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ। ਸੰਪਾਦਕੀ ਵਿੱਚ ਡਾ. ਸੰਦੀਪ ਸਿੰਘ ਮੁੰਡੇ ਨੇ ਭਾਸ਼ਾਈ ਸੱਭਿਆਚਾਰ ਅਤੇ ਬੌਧਿਕ ਪਛਾਣ ਦੇ ਸੰਕਟ ਦੀ ਗੱਲ ਕੀਤੀ ਹੈ। ਉਪਰੰਤ ਖੋਜ ਜਨਰਲ ਦੇ ਉਦੇਸ਼ ਦੀ ਗੱਲ ਕਰਦਿਆਂ ਗੰਭੀਰ, ਤਰਕ ਸੰਗਤ ਅਤੇ ਅਕਾਦਮਿਕ ਵਿਚਾਰ ਚਰਚਾ ਤੋਰਨ ਦੀ ਗੱਲ ਵੀ ਕਹੀ ਗਈ ਹੈ। ਅਗਾਂਹ ਖੋਜ ਪੇਪਰਾਂ ਵਿੱਚ ਗੁਰਪ੍ਰੀਤ ਸਿੰਘ (ਸੁਖਜੀਤ ਦੀ ਕਹਾਣੀ), ਪਰਮਿੰਦਰ ਸਿੰਘ (ਸਿੱਖ ਪ੍ਰਚਾਰਕ ਕਵੀਸ਼ਰ), ਜਗਮੀਤ ਹਰਫ (ਨਾਵਲ ਵਿੱਚ ਸਿੱਖ ਇਤਿਹਾਸ), ਰਾਜਵਿੰਦਰ ਕੌਰ (ਕਹਾਣੀ ਵਿੱਚ ਕਿਸਾਨ ਔਰਤ), ਡਾ. ਬੇਅੰਤ ਕੌਰ (ਕਿੱਸਾ ਸਹਿਤ), ਗੁਰਵਿੰਦਰ ਸਿੰਘ (ਚਿਹਨ ਵਿਗਿਆਨ), ਹਰਪ੍ਰੀਤ ਕੁਮਾਰ (ਕੀ ਖੱਟਿਆ ਪ੍ਰਦੇਸ਼), ਡਾ. ਮੋਨਕਾ ਰਾਣੀ (ਪ੍ਰਵਾਸੀ ਪੰਜਾਬੀ ਨਾਵਲ), ਰਾਜਵੀਰ ਕੌਰ (ਡਾ. ਜਗਤਾਰ ਕਾਵਿ), ਡਾ. ਅਮਨਦੀਪ ਕੌਰ (ਨਾਨਕ ਬਾਣੀ), ਡਾ. ਸੰਦੀਪ ਕੌਰ (ਲੋਕ ਬਿਰਤਾਂਤ ਵਿੱਚ ਨਾਇਕ), ਰਮਨਦੀਪ ਕੌਰ (ਪ੍ਰੋਫੈਸਰ ਪੂਰਨ ਸਿੰਘ), ਡਾ. ਗੁਰਦੀਪ ਸਿੰਘ (ਲਾਲ ਸਿੰਘ ਦਿਲ ਦੀ ਕਵਿਤਾ), ਮੁਨੀਸ਼ ਸ਼ਰਮਾ- ਗੁਰਵਿੰਦਰ ਕੌਰ (ਸੋਲੋ ਨਾਟਕ), ਅਕਵਿੰਦਰ ਕੌਰ (ਹਰਜੀਤ ਅਟਵਾਲ ਦੇ ਨਾਵਲ), ਅੰਮ੍ਰਿਤ ਪਾਲ ਕੌਰ (ਅਜਮੇਰ ਰੋਡੇ ਦਾ ਨਾਟਕ ਨਿਰਲੱਜ), ਡਾ. ਕਿਰਨਦੀਪ ਕੌਰ ( ਬਲਜੀਤ ਬਲੀ ਦਾ ਨਾਵਲ 'ਧੁੱਪ ਦੀ ਵਾਟ') ਮਨਮਿੰਦਰ ਕੌਰ (ਸਮਾਜਿਕ ਸੱਭਿਆਚਾਰਕ ਦੁਖਾਂਤ), ਡਾ. ਅਕਾਲ ਅੰਮ੍ਰਿਤ ਕੌਰ (ਭਾਰਤੀ ਗਿਆਨ ਪਰੰਪਰਾ) ਅਤੇ ਡਾ. ਦਵਿੰਦਰ ਸਿੰਘ (ਪ੍ਰਵਾਸੀ ਪੰਜਾਬੀ ਨਾਵਲ) ਆਦਿ ਵਿਸ਼ਿਆਂ ਅਤੇ ਮੁੱਦਿਆਂ ਉੱਤੇ ਖੋਜ ਪੇਪਰ ਪੜ੍ਹਨ ਨੂੰ ਮਿਲਦੇ ਹਨ. ਖੋਜ ਜਰਨਲ ਨਿੱਗਰ ਆਲੋਚਨਾ ਪ੍ਰਕਾਸ਼ਤ ਕਰਦਾ ਹੈ। ਅਰਮਾਨ : ਮੁੱਖ ਸੰਪਾਦਕ : ਡਾ. ਸੰਦੀਪ ਸਿੰਘ ਮੁੰਡੇ (94 136 52646), ਪੰਨੇ :116, ਮੈਟਰ ਭੇਜਣ ਲਈ :
e-mail :editor@arman.org.in

## ਲੋਕ ਲਹਿਰ :ਨਵੰਬਰ, 2025




'ਲੋਕ ਲਹਿਰ' ਦਾ ਨਵਾਂ ਅੰਕ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ 17ਵੀਂ ਬਰਸੀ ਨੂੰ ਸਮਰਪਿਤ ਹੈ। ਸੰਪਾਦਕੀ ਵਿੱਚ ਆਮ ਆਦਮੀ ਪਾਰਟੀ ਦੇ ਬਦਲਾਅ ਦਾ ਸ਼ੀਸ਼ਾ ਤਹਿਤ ਉਮੀਦਵਾਰਾਂ ਦੀ ਚੋਣ ਉੱਤੇ ਸਵਾਲ ਉਠਾਏ ਹਨ। ਸਲਾਹ ਹੈ ਕਿ ਪਰਚਾ ਛਾਪਣ ਦੀ ਖਾਨਾ ਪੂਰਤੀ ਦੀ ਬਜਾਏ ਲੋਕ ਲਹਿਰ 'ਚ ਗੰਭੀਰ ਸਮਾਜਿਕ, ਰਾਜਨੀਤਿਕ ਮੁੱਦਿਆਂ ਉੱਤੇ ਲੇਖ ਲਿਖਵਾ ਕੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ. ਲੋਕ ਲਹਿਰ : ਸੰਪਾਦਕ ਸੁਖਵਿੰਦਰ ਸਿੰਘ ਸੇਖੋ ਪਤਾ : ਬਾਬਾ ਕਰਮ ਸਿੰਘ ਚੀਮਾ ਭਵਨ, ਸੈਕਟਰ 30 ਬੀ ਚੰਡੀਗੜ੍ਹ।

## ਸੱਚਖੰਡ ਪੱਤਰ: ਨਵੰਬਰ, 2025



'ਸੱਚਖੰਡ' ਦੇ ਹਥਲੀ ਅੰਕ ਵਿੱਚ ਸੁਖਦੇਵ ਸਿੰਘ ਸ਼ਾਂਤ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜਗਤ ਪ੍ਰਤੀ ਦ੍ਰਿਸ਼ਟੀਕੋਣ), ਪਰਮਜੀਤ ਸਿੰਘ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁਤੀ ਸ਼ਹਾਦਤ), ਡਾ. ਸਾਹਿਬ ਸਿੰਘ ਅਰਸ਼ੀ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਅਤੇ ਜੀਵਨ ਉਦੇਸ਼), ਤੀਰਥ ਸਿੰਘ ਢਿੱਲੋਂ, ਗੁਰਚਰਨਜੀਤ ਸਿੰਘ ਲਾਂਬਾ ਦੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਰਮੇਸ਼ ਸਿੰਘ ਜੋਧਪੁਰ, ਰਜਿੰਦਰ ਕੌਰ ਅਤੇ ਸਰੂਪ ਸਿੰਘ ਅਲੱਗ ਦੇ ਹਿੰਦੀ - ਅੰਗਰੇਜ਼ੀ ਚ ਲਿਖੇ ਲੇਖ ਵੀ ਛਪੇ ਹਨ. ਸੱਚਖੰਡ ਪੱਤਰ : ਸੰਪਾਦਕ : ਗਿਆਨੀ ਅਵਤਾਰ ਸਿੰਘ ਸ਼ੀਤਲ।

## ਸਤਯੁਗ :15 ਦਸੰਬਰ 2025



'ਸਤਯੁਗ' ਦਾ ਹਥਲਾ ਅੰਕ ਇਸ ਸਾਲ ਦਾ ਆਖਰੀ ਅੰਕ ਹੈ. ਅੰਕ ਵਿੱਚ ਸੰਪਾਦਕੀ ਅਤੇ ਗੁਰਬਾਣੀ ਵਿਆਖਿਆ ਦੇ ਨਾਲ ਨਾਲ ਸਵਰਨ ਸਿੰਘ ਵਿਰਕ (ਗਦਰ ਲਹਿਰ ਦਾ ਕੂਕਾ ਸ਼ਹੀਦ ਭਾਈ ਹਜ਼ਾਰਾ ਸਿੰਘ ਰਈਆ), ਸੁਮੇਲ ਸਿੰਘ ਸਿੱਧੂ ( ਕੂਕਾ ਕਾਰਾ ਦੇ ਮਾਰਗ...ਪ੍ਰਾਪਤੀ ਕੂਕਾਂ ਲਹਿਰ ਦੇ ਅਮਰ ਨਾਇਕ), ਦਵਿੰਦਰ ਗਿੱਲ (ਸ੍ਰੀ ਗੁਰੂ ਤੇਗ ਬਹਾਦਰ ਜੀ : ਵਿਦਵਾਨਾਂ ਦੀ ਨਜ਼ਰ ਵਿੱਚ), ਪ੍ਰੀਤਮ ਸਿੰਘ ਕਵੀ (ਬੀਤੇ ਦੀਆਂ ਪੈੜਾਂ), ਸਵਰਨ ਸਿੰਘ ਵਿਰਕ (ਅੱਖੀ ਡਿੱਠਾ ਕਿੱਸਾ ਕੀਤਾ), ਗੁਰਦੇਵ ਸਿੰਘ ਸਿੱਧੂ ਦੇ ਅੰਗਰੇਜ਼ੀ ਚ ਲਿਖੇ ਲੇਖ ਤੋਂ ਇਲਾਵਾ ਕਵਿਤਾਵਾਂ ਅਤੇ ਖਬਰਨਾਮਾ ਵੀ ਛਪੇ ਹਨ। ਸਤਯੁਗ : ਸੰਪਾਦਕ : ਗੁਰਲਾਲ ਸਿੰਘ, ਪਤਾ : ਗੁਰਦੁਆਰਾ ਸ੍ਰੀ ਭੈਣੀ ਸਾਹਿਬ ਲੁਧਿਆਣਾ. ਫੋਨ :978978-98,ਮੈਟਰ ਭੇਜਣ ਲਈ e-mail :satjug@sribhain-isahib.com

## ਸ਼ਿਵਾਲਿਕ : ਅਕਤੂਬਰ-ਦਸੰਬਰ 2025




'ਸ਼ਿਵਾਲਿਕ' ਦੇ ਨਵੇਂ ਅੰਕ ਵਿੱਚ ਪੰਜਾਬੀ ਸੱਭਿਆਚਾਰ ਨੂੰ ਸਕਾਰ ਕਰਦੀ ਪੇਂਟਿੰਗ ਲਗਾਈ ਗਈ ਹੈ। ਆਰੰਭ ਵਿੱਚ ਸਤਨਾਮ ਸਿੰਘ ਸੋਕਰ ਨੇ 'ਉਰਦੂ ਅਦਬ' ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ ਤੇ ਨਾਲ ਹੀ 'ਹੱਡ ਬੀਤੀ' ਕਾਲਮ ਵਿੱਚ 'ਕਰਜ਼ਾ' ਦਾ ਪ੍ਰਸੰਗ ਵੀ ਪ੍ਰੇਰਨਾ ਭਰਪੂਰ ਹੈ। ਹਰਨੇਕ ਸਿੰਘ ਕਲੇਰ ਦੇ ਨਾਵਲ 'ਸੂਤਰਧਾਰ' ਦਾ ਕਾਂਡ ਅਤੇ ਲਖਵਿੰਦਰ ਜੌਹਲ ਹੋਰਾਂ ਨੇ 'ਪਾਸ਼ ਦਾ ਸ਼ਬਦ ਚਿੱਤਰ' ਲਿਖਿਆ ਹੈ। ਗੁਰਮੀਤ ਸਿੰਗਲ ਨੇ ਸਰੂਪ ਸਿਆਲਵੀ ਦੀ ਚਰਚਿਤ ਸਵੈਜੀਵਨੀ 'ਜ਼ਲਾਲਤ' ਉੱਤੇ ਟਿੱਪਣੀ ਕੀਤੀ ਹੈ। ਕਹਾਣੀ ਭਾਗ ਵਿੱਚ ਮੁਣਸ਼ੀ ਪ੍ਰੇਮ ਚੰਦ (ਸਤੀ), ਰਜਨੀ ਸ਼ਰਮਾ (ਇਮਤਿਹਾਨ) ਅਤੇ ਪਾਰਸ ਗੁਰਦਾਸਪੁਰੀ, ਅਮਰੀਕ ਪਲਾਹੀ, ਸਤਿੰਦਰ ਬੇਦੀ, ਜੇਐਸ ਮਹਿਰਾ ਦੀਆਂ ਮਿਨੀ ਕਹਾਣੀਆਂ ਹਨ।

ਲੇਖਾਂ ਵਿੱਚ ਡਿੰਪਲ ਅਣਜਾਣ (ਟੈਕਸਟ ਸਹਿਤ ਦੀ ਮੌਤ), ਇਕਬਾਲ ਸਿੰਘ ਸਕਰੌਦੀ, ਰਾਜਪਾਲ ਸਿੰਘ, ਜਸਪਾਲ ਜੱਸੀ, ਐਮਐਸ ਢਿੱਲੋ (ਅਕਾਦਮਿਕ ਭ੍ਰਿਸ਼ਟਾਚਾਰ), ਡਾ. ਸੰਧਿਆ ਰਾਣੀ, ਜਸਵੀਰ ਸਿੰਘ (ਵਿਕਾਸਵਾਦ ਦਾ ਸਿਧਾਂਤ), ਇੰਦਰਜੀਤ ਪ੍ਰੇਮੀ (ਗੱਲਾਂ ਜੋ ਭੁੱਲਦੀਆਂ ਨਹੀਂ) ਵੀ ਚੰਗੀਆ ਰਚਨਾਵਾ ਹਨ। ਅਮਨ ਅਲਬੇਲਾ, ਖੁਸ਼ੀ ਰਾਮ, ਤਰਸੇਮ ਕਾਲੇਵਾਲ, ਕਾਜਲ ਮਹਿਰਾ, ਨਵਪ੍ਰੀਤ ਹੈਰੀ, ਜਗਜੀਤ ਸਿੰਘ ਗੁਰਮ, ਸੀਮਾ ਭਾਟੀਆ, ਕਸ਼ਮੀਰੀ ਲਾਲ, ਅੰਮ੍ਰਿਤਪਾਲ ਸੈਦਾ, ਸਨੀ ਧਾਲੀਵਾਲ, ਕਰਮਜੀਤ ਕੌਰ ਰਾਣਾ, ਸੁਹਿੰਦਰਬੀਰ, ਦਲਬੀਰ ਸਿੰਘ ਸਰੋਆ, ਜਗਦੀਪ ਸਿੱਧੂ, ਮਨਦੀਪ ਕੈਂਥ, ਰਣਜੀਤ ਸਵੀ ਆਦਿ ਸ਼ਇਰਾਂ ਦੀ ਸ਼ਇਰੀ ਵੀ ਪ੍ਰਕਾਸ਼ਿਤ ਕੀਤੀ ਗਈ ਹੈ. ਅੰਤ ਵਿੱਚ ਕੁਝ ਪੁਸਤਕਾਂ ਦੇ ਰਿਵਿਊ ਪ੍ਰਕਾਸ਼ਿਤ ਕੀਤੇ ਗਏ ਹਨ। ਰਸਾਲੇ ਵਿੱਚ ਪਹਿਲਾਂ ਨਾਲੋਂ ਨਿਖਾਰ ਆਇਆ ਹੈ। ਸ਼ਿਵਾਲਿਕ : ਮੁੱਖ ਸੰਪਾਦਕ: ਜੇ.ਐਸ. ਮਹਿਰਾ (9592430420), ਸੰਪਾਦਕ : ਇੰਦਰਜੀਤ ਪ੍ਰੇਮੀ ਜਸਵਿੰਦਰ ਸਿੰਘ ਕਾਈਨੌਰ, ਮੁੱਲ :100 ਰੁਪਏ, ਪੰਨੇ : 84, ਰਚਨਾਵਾਂ ਭੇਜਣ ਲਈ : jasvirmehraE@@gmail.com

# ਕਾਵਿ ਪੁਸਤਕ 'ਕਣਸ' 'ਤੇ ਗੋਸ਼ਟੀ



**ਮਾਨਸਾ** : ਅਦਬ ਲੋਕ ਮਾਨਸਾ ਵੱਲੋਂ ਲੜੀਵਾਰ ਰੂ-ਬ-ਰੂ ਸਮਾਗਮ ਬੈਠਕ ਦੌਰਾਨ ਸ਼ਾਇਰ ਰਵੀ ਨੰਦਨ ਦੀ ਕਾਵਿ ਪੁਸਤਕ 'ਕਣਸ' 'ਤੇ ਗੋਸ਼ਟੀ ਦਾ ਆਯੋਜਨ ਸਰ ਜ਼ੈਫਰੀ ਇੰਸਟੀਚਿਊਟ ਮਾਨਸਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਹਰਵਿੰਦਰ ਸਿੰਘ ਸਿੱਧੂ ਮੁੱਖ ਖੇਤੀਬਾੜੀ ਅਫ਼ਸਰ ਜ਼ਿਲ੍ਹਾ ਮਾਨਸਾ ਵੱਲੋਂ ਕੀਤੀ ਗਈ। ਅਦਬ ਲੋਕ ਦੇ ਪ੍ਰਧਾਨ ਸ਼ਾਇਰ ਬਲਵੰਤ ਭਾਟੀਆ ਨੇ ਸੁਆਗਤ ਕਰਦਿਆਂ ਸ਼ਾਇਰ ਰਵੀ ਨੰਦਨ ਦੀ ਕਵਿਤਾ ਤੇ ਉਸ ਦੇ ਜੀਵਨ ਬਾਰੇ ਗੱਲ ਕੀਤੀ। ਉਨ੍ਹਾ ਕਿਹਾ ਕਿ ਰਵੀ ਕਵਿਤਾ ਲਿਖਦਾ ਹੀ ਨਹੀਂ, ਸਗੋਂ ਕਵਿਤਾ ਨੂੰ ਜਿਊਂਦਾ ਵੀ ਹੈ। ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਸੰਦੀਪ ਸਿੰਘ ਨੇ ਕਿਤਾਬ 'ਤੇ ਪੇਪਰ ਪੜ੍ਹਦਿਆਂ ਕਿਹਾ ਕਿ ਰਵੀ ਨੇ ਅਸਤਿਤਵ ਦੇ ਸੰਕਟ ਬਾਰੇ ਗਹਿਰੀ ਕਵਿਤਾ ਲਿਖੀ ਹੈ। ਉਨ੍ਹਾ ਕਿਹਾ ਕਿ ਕਵੀ ਨੇ ਖ਼ੂਬਸੂਰਤ ਬਿੰਬਾਂ ਤੇ ਮਲਵਈ ਉਪਭਾਸ਼ਾ ਰਾਹੀਂ ਆਪਣੀ ਕਾਵਿ ਸਿਰਜਣਾ ਕੀਤੀ ਹੈ। ਉੱਘੇ ਆਲੋਚਕ ਪ੍ਰੋ. ਗੁਰਦੀਪ ਸਿੰਘ ਢਿੱਲੋਂ ਨੇ ਪੇਪਰ 'ਤੇ ਚਰਚਾ ਕਰਦਿਆਂ ਕਿਹਾ ਕਿ ਰਵੀ ਨੰਦਨ ਦੀ ਕਵਿਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਕੁੱਝ ਵੀ ਅਣਕਿਹਾ ਨਹੀਂ ਛੱਡਦੀ ਅਤੇ ਇਹ ਕਵਿਤਾ ਮਲਵਈ ਭਾਸ਼ਾ ਦੀ ਮੌਲਿਕਤਾ ਨਾਲ ਲਬਰੇਜ਼ ਹੈ। ਸ਼ਾਇਰ ਗੁਰਪ੍ਰੀਤ ਨੇ ਸ਼ਾਇਰ ਦੀ 'ਮਾਂ' ਕਵਿਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਚਨਾ ਇਸ ਗੱਲ ਦੀ ਮਿਸਾਲ ਹੈ ਕਿ ਮਨੁੱਖੀ ਪਿਆਰ ਅਤੇ ਰਿਸ਼ਤੇ ਰੋਜ਼ਮਰ੍ਹਾ ਦੀਆਂ ਛੋਟੀਆਂ-ਛੋਟੀਆਂ ਗੱਲਾਂ 'ਚ ਲੁਕੇ ਹੁੰਦੇ ਹਨ। ਕਹਾਣੀਕਾਰ ਦਰਸ਼ਨ ਜੋਗਾ ਅਤੇ ਸੰਗੀਤਕ ਪੇਸ਼ਕਾਰ ਅਸ਼ੋਕ ਬਾਂਸਲ ਨੇ ਕਿਹਾ ਕਿ ਰਵੀ ਨੰਦਨ ਮਿੱਟੀ ਨਾਲ ਜੁੜਿਆ ਸ਼ਾਇਰ ਹੈ ਅਤੇ ਉਸ ਪਾਸ ਸੰਵਾਦ ਦੀਆਂ ਅਮੀਰ ਜੁਗਤਾਂ ਹਨ। ਅਦਬ ਲੋਕ ਦੇ ਕਾਰਜਕਾਰੀ ਪ੍ਰਧਾਨ ਗੀਤਕਾਰ ਗੁਰਚੇਤ ਫੱਤੇਵਾਲੀਆ ਨੇ ਧੰਨਵਾਦ ਅਤੇ ਪ੍ਰੋ. ਬੱਲਮ ਲੀਂਬਾ ਨੇ ਮੰਚ ਸੰਚਾਲਨ ਕੀਤਾ।

ਇਸ ਗੋਸ਼ਟੀ 'ਚ ਹੋਰਨਾਂ ਤੋ ਇਲਾਵਾ ਡਾ. ਗੁਰਮੇਲ ਕੌਰ ਜੋਸ਼ੀ, ਡਾ. ਗੁਰਪ੍ਰੀਤ ਕੌਰ, ਸ਼ਾਇਰ ਅੰਮ੍ਰਿਤ ਸਮਿਤੋਜ, ਸਰਬਜੀਤ ਕੌਸ਼ਲ, ਬਲਵਿੰਦਰ ਸਿੰਘ ਕਾਕਾ, ਅਦਬ ਲੋਕ ਦੇ ਕਾਰਜ ਸਾਧਕ ਲਖਵਿੰਦਰ ਸਿੰਘ ਮੂਸਾ, ਜਗਸੀਰ ਸਿੰਘ ਸੱਦੇਵਾਲੀਆ, ਰਜਿੰਦਰ ਗਰਗ, ਗੁਰਜੰਟ ਸਿੰਘ, ਬਲਕਾਰ ਸਿੰਘ ਮਾਨਸ਼ਾਹੀਆ, ਗੁਰਦੀਪ ਸਿੰਘ ਬਬਲੂ, ਆਤਮਾ ਸਿੰਘ ਪ੍ਰਮਾਰ, ਕੁਲਜੀਤ ਸਿੰਘ, ਸੇਠੀ ਸਿੰਘ ਸਰਾਂ, ਜਗਸੀਰ ਸਿੰਘ ਢਿੱਲੋਂ, ਇਕਬਾਲ ਉੱਭਾ, ਹਰਜੀਵਨ ਸਰਾਂ ਅਤੇ ਮੌਲਕ ਡੇਲੂਆਣਾ ਆਦਿ ਵੀ ਮੌਜੂਦ ਸਨ। - **ਆਤਮਾ ਸਿੰਘ ਪਮਾਰ**

# 'ਬੰਦੂਕ ਤੋਂ ਕਲਮ ਤੱਕ' 'ਚ ਪੰਜਾਬ ਦੇ ਕਾਲ਼ੇ ਦਿਨਾਂ ਦੀ ਗੱਲ ਕੀਤੀ ਹੈ : ਜਗਦੀਸ਼ ਰਾਣਾ

**ਮਾਛੀਵਾੜਾ ਸਾਹਿਬ** : ਪੰਜਾਬੀ ਮਾਂ ਬੋਲੀ ਲਈ ਸਰਗਰਮ ਸਾਹਿਤ ਸਭਾਵਾਂ ਅਦਾਰਿਆਂ ਦੇ ਵਿੱਚੋਂ ਕਲਾ ਸੰਗਮ ਨੀਲੋਂ ਪੁਲ਼ ਬਹੁਤ ਵਧੀਆ ਕਾਰਜ ਕਰ ਰਹੀ ਹੈ। ਅੱਜ ਕਲਾ ਸੰਗਮ ਨੀਲੋਂ ਪੁਲ਼ ਦੀ ਮਹੀਨਾਵਾਰ ਮਿਲਣੀ ਸੰਤ ਕਿਰਪਾਲ ਸਿੰਘ ਸੇਵਾ ਪੰਥੀ ਪਬਲਿਕ ਸਕੂਲ ਨੀਲੋਂ ਦੇ ਵਿਹੜੇ ਵਿੱਚ ਹੋਈ। ਇਸ ਮਿਲਣੀ ਵਿੱਚ ਪ੍ਰਮੁੱਖ ਤੌਰ ਉੱਤੇ ਪੰਜਾਬੀ ਲੇਖਕ ਗੁਰਨਾਮ ਸਿੰਘ ਬਾਵਾ ਅੰਬਾਲਾ ਦਾ ਨਾਵਲ 'ਬੰਦੂਕ ਤੋਂ ਕਲਮ ਤੱਕ' ਰਿਲੀਜ਼ ਕੀਤਾ ਗਿਆ।



ਮੀਟਿੰਗ ਵਿੱਚ ਜਲੰਧਰ ਤੋਂ ਪੰਜਾਬੀ ਮਾਂ ਬੋਲੀ ਦੇ ਲੋਕ ਸ਼ਾਇਰ, ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਜਗਦੀਸ਼ ਰਾਣਾ ਉਚੇਚੇ ਤੌਰ ਉੱਤੇ ਪੁੱਜੇ। ਸਭਾ ਦੀ ਕਾਰਵਾਈ ਬੁੱਧ ਸਿੰਘ ਨੀਲੋਂ ਨੇ ਸ਼ੁਰੂ ਕੀਤੀ। ਉਹਨਾਂ ਨੇ ਅੱਜ ਦੇ ਪ੍ਰੋਗਰਾਮ ਦੀ ਰੂਪ-ਰੇਖਾ ਸੰਬੰਧੀ ਚਾਨਣਾ ਪਾਇਆ। ਸਭਾ ਦੇ ਪ੍ਰੈੱਸ ਸਕੱਤਰ ਬਲਬੀਰ ਸਿੰਘ ਬੱਬੀ ਨੇ ਇਸ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪੁੱਜਣ ਵਾਲੇ ਜਗਦੀਸ਼ ਰਾਣਾ, ਗੁਰਦੀਪ ਸਿੰਘ ਸੈਣੀ, ਜਸਵਿੰਦਰ ਸਿੰਘ ਭਟੋਆ, ਦੀਪ ਜਗਤਪੁਰੀ ਤੇ ਬਾਕੀ ਲੇਖਕਾਂ ਦਾ ਸਵਾਗਤ ਕੀਤਾ। ਇਸ ਮੌਕੇ ਪੁੱਜੇ ਹੋਏ ਲੇਖਕ ਸਾਹਿਤਕਾਰਾਂ ਨੇ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਆਪੋ-ਆਪਣੀਆਂ ਰਚਨਾਵਾਂ ਸੁਣਾਈਆਂ। ਜਗਦੀਸ਼ ਰਾਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੈਨੂੰ ਖੁਸ਼ੀ ਹੋਈ ਹੈ ਕਿ ਇਸ ਇਲਾਕੇ ਵਿੱਚ ਆਉਣ ਦਾ ਸਬੱਬ ਪਹਿਲੀ ਵਾਰ ਬਣਿਆ ਹੈ।ਉਹਨਾਂ ਨੇ ਗੁਰਨਾਮ ਬਾਵਾ ਦਾ ਨਾਵਲ ਲੋਕ ਅਰਪਣ ਹੋਣ ਉੱਤੇ ਲੇਖਕ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰਨਾਮ ਬਾਵਾ ਜ਼ਮੀਨੀ ਹਕੀਕਤਾਂ ਨੂੰ ਸਮਝਣ ਤੇ ਜਾਨਣ ਵਾਲਾ ਇਨਸਾਨ ਹੈ, ਇਸ ਲਈ ਇਸ ਦੇ ਨਾਵਲਾਂ ਦੇ ਪਾਤਰ ਵੀ ਆਮ ਲੋਕ ਬਣਦੇ ਹਨ।ਬਾਵਾ ਨੇ ਆਪਣੇ ਨਵੇਂ ਨਾਵਲ 'ਬੰਦੂਕ ਤੋਂ ਕਲ਼ਮ ਤੱਕ' ਵਿੱਚ ਵੀ ਪੰਜਾਬ ਦੇ ਕਾਲੇ ਦਿਨਾਂ ਦੀ ਗੱਲ ਬੜੇ ਢੁੱਕਵੇਂ ਢੰਗ ਨਾਲ ਕੀਤੀ ਹੈ, ਆਪਣੇ ਸ਼ਾਇਰਾਨਾ ਅੰਦਾਜ਼ ਵਿੱਚ ਗ਼ਜ਼ਲਾਂ ਤੇ ਸ਼ਾਇਰੀ ਸੁਣਾਈ, ਜਿਸ ਦਾ ਸਰੋਤਿਆਂ ਨੇ ਖ਼ੂਬ ਆਨੰਦ ਮਾਣਿਆ। ਉਹਨਾਂ ਦੇ ਨਾਲ ਪੁੱਜੇ ਹੋਏ ਗੁਰਦੀਪ ਸੈਣੀ ਨੇ ਵੀ ਵਧੀਆ ਤਰੀਕੇ ਨਾਲ ਗ਼ਜ਼ਲਾਂ ਦੀ ਸਾਂਝ ਪਾਈ। 'ਬੰਦੂਕ ਤੋਂ ਕਲਮ ਤੱਕ' ਨਾਵਲ ਰਿਲੀਜ਼ ਮੌਕੇ ਨਾਵਲ ਸੰਬੰਧੀ ਬੋਲਦਿਆਂ ਸੁਰਿੰਦਰ ਰਾਮਪੁਰੀ, ਬੁੱਧ ਸਿੰਘ ਨੀਲੋਂ, ਪ੍ਰਕਾਸ਼ਕ ਵਿਰਾਸਤ ਪ੍ਰਕਾਸ਼ਕ ਜਟਾਣਾ ਤੋਂ ਬਲਵੰਤ ਮਾਂਗਟ ਤੇ ਡਾਕਟਰ ਕੁਲਦੀਪ ਸਿੰਘ ਅੰਬਾਲਾ ਨੇ ਨਾਵਲ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਲੇਖਕ ਗੁਰਨਾਮ ਬਾਵਾ ਨੇ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੋ ਰਹੀ ਹੈ ਕਿ ਮੈਂ ਸਮਰਾਲਾ ਮਾਛੀਵਾੜਾ ਇਲਾਕੇ ਦੇ ਸਾਹਿਤਕਾਰਾਂ, ਲੇਖਕਾਂ ਦੇ ਨਾਲ ਜੁੜ ਕੇ ਇਹ ਨਾਵਲ ਅੰਬਾਲਾ ਤੋਂ ਰਿਲੀਜ਼ ਕਰਨ ਲਈ ਕਲਾ ਸੰਗਮ ਨੀਲੋਂ ਪੁਲ਼ ਵਿੱਚ ਪੁੱਜਿਆ ਹਾਂ। ਇਹ ਨਾਵਲ ਪੰਜਾਬ ਵਿੱਚ ਸਮੇਂ-ਸਮੇਂ 'ਤੇ ਉੱਠੀਆਂ ਲਹਿਰਾਂ ਦਾ ਹੀ ਇੱਕ ਭਾਗ ਹੈ।

# ਸਾਹਿਤਕ ਸਮਾਗਮ ਅੱਜ

**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 14 ਦਸੰਬਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ, ਪੰਜਾਬ, ਨੇੜੇ ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਜਾਣੀ-ਪਛਾਣੀ ਨਾਵਲਕਾਰ ਕੁਲਦੀਪ ਕੌਰ ਭੁੱਲਰ ਦੇ ਨਾਵਲ 'ਇਸਤਰੀ ਕਥਾ' 'ਤੇ ਗੋਸ਼ਟੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਵਿਵੇਕ ਤਿਵਾੜੀ ਕਰਨਗੇ ਅਤੇ ਮੁੱਖ ਮਹਿਮਾਨ ਉੱਘੇ ਸਮਾਜ ਸੇਵਕ ਅਤੇ ਲੇਖਕ ਸ੍ਰੀ ਭਗਵਾਨ ਦਾਸ ਗੁਪਤਾ ਹੋਣਗੇ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦਈ ਅਤੇ ਬੈਰਿਸਟਰ ਤੇ ਸੋਲਿਸਟਰ ਪਰਮਜੀਤ ਸਿੰਘ ਸਿੱਧੂ (ਕੈਨੇਡਾ), ਉੱਘੇ ਨਾਵਲਕਾਰ ਪਰਗਟ ਸਿੰਘ ਸਿੱਧੂ (ਬਰਨਾਲਾ), ਬਹੁਪੱਖੀ ਲੇਖਕ ਸੁਖਦੇਵ ਸਿੰਘ ਸ਼ਾਂਤ (ਅਮਰੀਕਾ), ਸਿੱਖਿਆ ਸ਼ਾਸਤਰੀ ਪ੍ਰੋ. ਹਰਜਸਪ੍ਰੀਤ ਕੌਰ (ਕੈਨੇਡਾ) ਅਤੇ ਬਹੁਵਿਧਾਈ ਲੇਖਕ ਹਰਪਾਲ ਸਿੰਘ ਸੇਵਕ ਹੋਣਗੇ। ਭੁੱਲਰ ਦੇ ਨਾਵਲ ਉਪਰ ਨਾਵਲਕਾਰ ਹਰਜੀਤ ਕੌਰ ਵਿਰਕ ਮੁੱਖ ਪੇਪਰ ਪੜ੍ਹਨਗੇ, ਜਦੋਂ ਕਿ ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਸਹਾਇਕ ਡਾਇਰੈਕਟਰ ਡਾ. ਹਰਨੇਕ ਸਿੰਘ ਢੋਟ, ਬਹੁਪੱਖੀ ਲੇਖਿਕਾ ਕੁਲਵਿੰਦਰ ਚਾਵਲਾ ਅਤੇ ਪਟੇਲ ਨਹਿਰੂ ਮੈਮੋਰੀਅਲ ਕਾਲਜ, ਰਾਜਪੁਰਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਸਵਰਨਜੀਤ ਕੌਰ ਬੁਲਾਰਿਆਂ ਵਜੋਂ ਨਾਵਲ 'ਤੇ ਵੱਖ-ਵੱਖ ਚਰਚਾ ਕਰਨਗੇ। ਸਮਾਗਮ ਦੌਰਾਨ ਪੁੱਜੇ ਵੱਖ-ਵੱਖ ਲੇਖਕ ਵੀ ਆਪਣੀਆਂ ਵੰਨ-ਸੁਵੰਨੀਆਂ ਰਚਨਾਵਾਂ ਸੁਣਾਉਣਗੇ ਅਤੇ ਚਰਚਾ ਹੋਵੇਗੀ। ਲੇਖਕਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

# ਕਵੀ ਤੇ ਚਿੱਤਰਕਾਰ ਸ੍ਰੀ ਦੇਵ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਉੱਘੇ ਪੰਜਾਬੀ ਕਵੀ ਤੇ ਚਿੱਤਰਕਾਰ ਸ੍ਰੀ ਦੇਵ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਵਿਟਜ਼ਰਲੈਂਡ ਵੱਸਦੇ ਦੇਵ ਦੀ ਚਿੱਤਰਕਾਰੀ ਤੇ ਕਾਵਿ ਸਿਰਜਣ ਵਿਚ ਅੰਤਰ-ਰਾਸ਼ਟਰੀ ਪਛਾਣ ਸੀ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਦੇਵ ਇਕ ਬੜਾ ਸੂਖ਼ਮ ਸੁਹਜ ਵਾਲਾ ਕਵੀ ਤੇ ਚਿੱਤਰਕਾਰ ਸੀ, ਜਿਸ ਦੀ ਰਚਨਾ ਸਾਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀ ਦੇਵ ਮੁੱਢਲੇ ਸਫ਼ਰ ਵਿਚ ਲੱਗਭੱਗ ਪੰਦਰਾਂ ਸਾਲ ਲੁਧਿਆਣੇ ਰਹੇ ਅਤੇ ਉਨ੍ਹਾਂ ਦੀ ਪਹਿਲੀ ਕਾਵਿ ਪੁਸਤਕ 'ਵਿਦਰੋਹ' ਲੁਧਿਆਣੇ ਰਹਿੰਦਿਆਂ ਹੀ ਪ੍ਰਕਾਸ਼ਿਤ ਹੋਈ। ਉਨ੍ਹਾਂ ਡਾ. ਮਹਿੰਦਰ ਸਿੰਘ ਰੰਧਾਵਾ ਦੀ ਪ੍ਰੇਰਨਾ ਨਾਲ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਸਥਿਤ ਪੇਂਡੂ ਵਸਤਾਂ ਦੇ ਅਜਾਇਬ ਘਰ ਵਿਚ ਤਿਆਰ ਕੀਤਾ ਵਿਸ਼ਾਲ ਕੰਧ ਚਿੱਤਰ ਹੈ, ਜੋ ਲੁਧਿਆਣਾ ਨੂੰ ਉਨ੍ਹਾਂ ਦੀ ਵੱਡੀ ਦੇਣ ਹੈ। ਹੋਰ ਇਨਾਮਾਂ/ਸਨਮਾਨਾਂ ਤੋਂ ਇਲਾਵਾ ਉਨ੍ਹਾਂ ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ 2001 'ਚ ਸਨਮਾਨਿਆ ਗਿਆ ਸੀ। ਉਨ੍ਹਾਂ ਨੇ 'ਵਿਦਰੋਹ, ਦੂਸਰੇ ਕਿਨਾਰੇ ਦੀ ਤਲਾਸ਼, ਮਤਾਬੀ ਮਿੱਟੀ, ਪ੍ਰਸ਼ਨ ਤੇ ਪਰਵਾਸ, ਸ਼ਬਦਾਂਤ, ਹੁਣ ਤੋਂ ਪਹਿਲਾਂ, ਉੱਤਰਾਇਣ ਤੇ ਤਿਕੋਨਾ ਸਫ਼ਰ' ਦੀ ਰਚਨਾ ਕੀਤੀ। ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਪਾਲ ਕੌਰ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# ਹੈਟਸ-ਅੱਪ ਵੱਲੋਂ ਨਾਟਕ 'ਸੱਚ, ਸਿਰੁ ਤੇ ਸੀਸ' ਦੀ ਸਫ਼ਲ ਪੇਸ਼ਕਾਰੀ



**ਬਰੈਂਪਟਨ** : ਬਰੈਂਪਟਨ ਦੇ 'ਪੰਜਾਬੀ ਭਵਨ' ਵਿੱਚ ਹੀਰਾ ਰੰਧਾਵਾ ਦੀ ਅਗਵਾਈ 'ਚ ਚੱਲਦੇ ਅਦਾਰੇ 'ਹੈਟਸ-ਅੱਪ' (ਹੈਰੀਟੇਜ ਆਰਟਸ ਐਂਡ ਥੀਏਟਰ ਸੋਸਾਇਟੀ ਆਫ਼ਤ ਯੂਨਾਈਟਿਡ ਪ੍ਰੋਡਕਸ਼ਨਜ਼) ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਨਾਟਕ ਖੇਡਿਆ।ਨਾਟਕ ਦੇ ਨਿਰਦੇਸ਼ਕ ਤੇ ਸਕ੍ਰਿਪਟ ਲੇਖਕ ਹੀਰਾ ਰੰਧਾਵਾ ਖ਼ੁਦ ਹਨ।ਨਾਟਕ ਇਤਿਹਾਸ ਦੇ ਖੱਪਿਆਂ ਨੂੰ ਜੋੜਨ ਵਾਲੇ ਸੂਤਰਧਾਰ ਦੇ ਮੰਚ 'ਤੇ ਆਉਣ ਨਾਲ ਸ਼ੁਰੂ ਹੁੰਦਾ ਹੈ।ਨਿਰਮਲ ਸਿੱਧੂ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਨਾਟਕ ਦੀ ਭੂਮਿਕਾ ਬੰਨ੍ਹਦਾ ਹੈ ਤੇ ਫਿਰ ਜਦੋਂ ਵੀ ਲੜੀ ਜੋੜਨ ਦੀ ਲੋੜ ਪੈਂਦੀ ਹੈ, ਮੰਚ 'ਤੇ ਹਾਜ਼ਰ ਹੋ ਕੇ ਹਾਲਾਤ-ਏ-ਹਾਜ਼ਰਾ 'ਤੇ ਪ੍ਰਭਾਵਸ਼ਾਲੀ ਟਿੱਪਣੀਆਂ ਕਰਦਾ ਜਾਂਦਾ ਹੈ। ਨਾਟਕ ਗੁਰੂ ਪਾਤਸ਼ਾਹ ਦੇ ਨਾਂਅ ਨੂੰ ਵਰਤਣ ਵਾਲੇ ਆਪੇ ਗੁਰੂ ਬਣ ਬੈਠੇ ਮੀਣਿਆਂ, ਧੀਰਮੱਲੀਆਂ ਤੇ ਪਾਖੰਡੀਆਂ ਦੇ ਗੁਰਡੰਮ ਦੇ ਢਕੌਂਸਲੇ ਨੂੰ ਨੰਗਾ ਕਰਨ ਦੀ ਝਾਕੀ ਨਾਲ ਸ਼ੁਰੂ ਹੁੰਦਾ ਹੈ।ਕੁੱਲ ਮਿਲਾ ਕੇ ਨਾਟਕ ਬੇਹੱਦ ਸਫ਼ਲ ਰਿਹਾ। ਹੀਰਾ ਰੰਧਾਵਾ ਤੇ ਉਹਦੀ ਟੀਮ ਨੂੰ ਭਰਵੀਂ ਮੁਬਾਰਕਬਾਦ! ਨਾਟਕ ਵਿੱਚ ਭਾਗ ਲੈਣ ਵਾਲੇ ਸਾਰੇ ਕਲਾਕਾਰ ਸੀਨੀਅਰ ਕਲਾਕਾਰ ਹਨ, ਜਿਹੜੇ ਦਹਾਕਿਆਂ ਤੋਂ ਰੰਗ-ਮੰਚ ਨਾਲ ਜੁੜੇ ਹੋਏ ਸਨ। ਕੈਨੇਡਾ ਵਰਗੇ ਮੁਲਕਾਂ ਵਿਚ ਨਾਟਕ ਕਰਨਾ ਬਹੁਤ ਔਖਾ ਕਾਰਜ ਹੈ। ਹੀਰਾ ਰੰਧਾਵਾ ਨੇ ਬੋਲਦਿਆਂ ਠੀਕ ਕਿਹਾ ਕਿ ਏਨੇ ਰੁਝੇਵਿਆਂ ਦੇ ਬਾਵਜੂਦ ਇਹ ਕਲਾਕਾਰ ਰੀਹਰਸਲਾਂ ਕਰਨ ਲਈ ਜਿਵੇਂ ਸਮਾਂ ਕੱਢਦੇ ਹਨ, ਉਹਦੀ ਜਿੰਨੀ ਸਰਾਹਨਾ ਕੀਤੀ ਜਾਵੇ, ਓਨਾ ਥੋੜ੍ਹੀ ਹੈ।

ਨਾਟਕ ਸ਼ੁਰੂ ਕਰਨ ਵੇਲੇ ਰਿੰਟੂ ਭਾਟੀਆ ਨੇ ਆਪਣੀ ਮਧੁਰ ਆਵਾਜ਼ ਵਿਚ ਗੁਰੂ ਸਾਹਿਬ ਦੇ ਸ਼ਬਦ ਦਾ ਉਚਾਰਣ ਕੀਤਾ। ਬਾਅਦ ਵਿਚ ਦਲਵੀਰ ਸਿੰਘ ਕਥੂਰੀਆ ਨੇ ਆਈ ਸੰਗਤ ਨੂੰ ਜੀ ਆਇਆਂ ਕਿਹਾ। ਉਪਰੰਤ ਮੈਂ ਹੀਰਾ ਰੰਧਾਵਾ ਦੇ ਰੰਗ-ਮੰਚ ਨਾਲ ਸੰਬੰਧਤ ਅੱਧੀ ਸਦੀ ਦੇ ਸਫ਼ਰ ਦੀ ਸਰਾਹਣਾ ਕਰਦਿਆਂ ਉਹਦੀ ਪ੍ਰਤੀਬੱਧਤਾ ਨੂੰ ਸ਼ਾਬਾਸ਼ ਦਿੱਤੀ ਤੇ ਗੁਰੂ ਸਾਹਿਬ ਦੀ ਸ਼ਹਾਦਤ ਦੇ ਮਹੱਤਵ ਬਾਰੇ ਬੋਲਦਿਆਂ ਕਿਹਾ ਕਿ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੇ ਕਹਿਣ 'ਤੇ ਆਪਣੀ ਜਾਨ ਕੁਰਬਾਨ ਕੀਤੀ ਤਾਂ ਜੋ ਉਹਨਾਂ ਨੂੰ ਜ਼ਬਰਦਸਤੀ ਇਸਲਾਮ ਧਰਮ ਵਿੱਚ ਪਰਿਵਰਤਿਤ ਨਾ ਕੀਤਾ ਜਾਵੇ। ਇਸ ਕਾਰਨ ਗੁਰੂ ਜੀ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਗੁਰੂ ਜੀ ਦੇ ਸਮਕਾਲੀ ਸ਼ਾਇਰ ਸੈਨਾਪਤੀ ਨੇ ਤਾਂ ਉਹਨਾਂ ਨੂੰ 'ਸ੍ਰਿਸ਼ਟਿ ਦੀ ਚਾਦਰ' ਕਿਹਾ ਸੀ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨੂੰ ਸਿਰਫ਼ 'ਕਸ਼ਮੀਰੀ ਪੰਡਤਾਂ ਦੀ ਰੱਖਿਆ ਤੱਕ ਸੀਮਿਤ ਕਰਨ ਨਾਲੋਂ ਉਹਨਾਂ ਦੀ ਸ਼ਹਾਦਤ ਨੂੰ ਇੱਕ ਵੱਡੇ ਰਾਜਨੀਤਕ-ਧਾਰਮਿਕ ਸੰਘਰਸ਼ ਦੇ ਸੰਦਰਭ ਵਿੱਚ ਵੇਖਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਗੁਰੂ ਜੀ ਦਾ ਬਲੀਦਾਨ ਮੁਗਲ ਰਾਜ ਦੀ ਧਾਰਮਿਕ ਜ਼ਬਰਦਸਤੀ ਦੇ ਵਿਰੋਧ ਦਾ ਪ੍ਰਤੀਕ ਸੀ। ਗੁਰੂ ਜੀ ਦੇ ਵਿਚਾਰਾਂ ਦਾ ਅੱਜ ਹੋਰ ਵੀ ਮਹੱਤਵ ਹੈ ਕਿਉਂਕਿ ਅੱਜ ਵੀ ਧਾਰਮਿਕ ਕੱਟੜਤਾ ਦਾ ਬੋਲਬਾਲਾ ਹੈ। ਔਰੰਗਜ਼ੇਬ ਅੱਜ ਵੀ ਜਿਊਂਦਾ ਹੈ।

—**ਵਰਿਆਮ ਸਿੰਘ ਸੰਧੂ**

# ਪਾਠਕਾਂ ਦੇ ਝਰੋਖੇ 'ਚੋਂ

## ਸਾਹਿਤਕਾਰ ਤੇ ਖੋਜੀ ਧਰਮ ਸਿੰਘ ਗੁਰਾਇਆ

7 ਦਸੰਬਰ ਦੇ 'ਐਤਵਾਰਤਾ' ਵਿਚ ਕਹਾਣੀਕਾਰ ਤਰਸੇਮ ਸਿੰਘ ਭੰਗੂ ਨੇ ਅਮਰੀਕਾ ਵਾਸੀ ਸਾਹਿਤਕਾਰ ਤੇ ਖੋਜੀ ਧਰਮ ਸਿੰਘ ਗੁਰਾਇਆ ਨਾਲ ਸਾਹਿਤਕ ਮੁਲਾਕਾਤ ਬਹੁਤ ਰੀਝ ਨਾਲ ਕੀਤੀ ਹੈ। ਸਵਾਲਾਂ ਦੀ ਝੜੀ ਲਾ ਕੇ ਲੇਖਕ ਨੇ ਗੁਰਾਇਆ ਸਾਹਿਬ ਤੋਂ ਬਹੁਤ ਕੁਝ ਪੁੱਛ ਲਿਆ। ਹਰੇਕ ਸਵਾਲ ਦਾ ਉੱਤਰ ਵੀ ਸਪੱਸ਼ਟ ਤੇ ਵਿਸਥਾਰ ਵਿਚ ਹੈ। ਲੱਗਦਾ ਹੈ ਕਿ ਗੁਰਾਇਆ ਸਾਹਿਬ ਕੋਲ ਦੁਨੀਆ ਘੁੰਮਣ ਕਰਕੇ ਬਹੁਤ ਸਾਰਾ ਵਿਵਹਾਰਕ ਗਿਆਨ ਹੈ।ਜ਼ਿੰਦਗੀ ਨੂੰ ਬਹੁਤ ਨੇੜਿਓਂ ਵੇਖਣ ਦਾ ਮੌਕਾ ਮਿਲਿਆ। ਆਪਣੇ ਘਰ-ਪਰਵਾਰ, ਵਿਆਹ, ਕਿਤਾਬਾਂ, ਪ੍ਰਿੰਸੀਪਲ ਸੁਜਾਨ ਸਿੰਘ ਦਾ ਸਾਥ ਤੇ ਕਹਾਣੀਕਾਰ ਸੁਜਾਨ ਸਿੰਘ ਤੋਂ ਮਿਲੀ ਸਾਹਿਤਕ ਅਗਵਾਈ ਦਾ ਜ਼ਿਕਰ ਗੁਰਾਇਆ ਜੀ ਨੇ ਖੁੱਲ੍ਹ ਕੇ ਕੀਤਾ ਹੈ। ਧਰਮ ਸਿੰਘ ਗੁਰਾਇਆ ਦੀ ਇਕ ਕਿਤਾਬ 'ਲੋਕ ਨਾਇਕ ਜਗਤ ਸੂਰਮਾ' ਵੀ ਹੁਣੇ ਜਿਹੇ ਰਿਲੀਜ਼ ਹੋਈ ਹੈ। ਇਸ ਮੁਲਾਕਾਤ ਦੇ ਨਾਲ ਲਾਈਆਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਧਰਮ ਸਿੰਘ ਗੁਰਾਇਆ ਅੰਤਰਰਾਸ਼ਟਰੀ ਪੰਜਾਬੀ ਸ਼ਖਸੀਅਤ ਹਨ ਤੇ ਉਨ੍ਹਾਂ ਦੀਆਂ ਲਿਖਤਾਂ ਦੇ ਪਾਠਕਾਂ ਦੀ ਵੱਡੀ ਗਿਣਤੀ ਹੈ।ਨਿਰਸੰਦੇਹ ਗੁਰਾਇਆ ਸਾਹਿਬ ਪੰਜਾਬ ਦਾ ਮਾਣ ਹਨ। ਤਰਸੇਮ ਸਿੰਘ ਭੰਗੂ ਨੂੰ ਮੇਰੇ ਵੱਲੋਂ ਮੁਬਾਰਕ।ਹਰਜੀਤ ਸਿੰਘ ਨੇ ਨਿਊਜ਼ੀਲੈਂਡ ਦੇ ਭੂਚਾਲਾਂ ਦੀ ਵਿਗਿਆਨਕ ਜਾਣਕਾਰੀ ਦਿੱਤੀ ਹੈ। ਨਿਊਜ਼ੀਲੈਂਡ ਵਿਚ ਲੋਕ ਵੀ ਉਸੇ ਅਨੁਸਾਰ ਢਲ ਗਏ ਹਨ ।ਵਿਜੈ ਬੰਬੇਲੀ ਨੇ ਪਿੰਡਾਂ ਦੇ ਖਤਮ ਹੋਣ ਦੀ ਦਾਸਤਾਨ ਲਿਖੀ ਹੈ ।ਅਸਲ ਵਿੱਚ ਪੰਜਾਬ ਦੇ ਪਿੰਡ ਹੁਣ ਪਹਿਲਾਂ ਵਾਲੇ ਨਹੀਂ ਰਹਿ ਗਏ। ਲੋਕਾਂ ਦਾ ਜੀਵਨ ਪੱਧਰ ਵੀ ਬਦਲ ਗਿਆ ਹੈ।ਸੁਰਜੀਤ ਸੁਮਨ ਦਾ ਕਾਲਮ ਇਸ ਵਾਰ ਵੀ ਦਿਲਚਸਪ ਹੈ।ਪਰਵਾਸ ਕਰਨ ਵਾਲੇ ਵੀ ਜ਼ਿਆਦਾ ਲੋਕ ਪਿੰਡਾਂ ਦੇ ਹਨ, ਸ਼ਹਿਰੀ ਲੋਕ ਘੱਟ ਹਨ। 'ਦ੍ਰਿਸ਼ਟੀਕੋਣ' ਨੇ ਅਦਾਲਤੀ ਫੈਸਲਿਆਂ ਵਿਚ ਬਹੁਤ ਜ਼ਿਆਦਾ ਦੇਰੀ ਦੀ ਚਿੰਤਾ ਪ੍ਰਗਟ ਕੀਤੀ ਹੈ। ਕਈ ਵਾਰ ਤਾਂ ਬੰਦੇ ਜਹਾਨੋਂ ਵੀ ਤੁਰ ਜਾਂਦੇ ਹਨ। ਫੇਰ ਫੈਸਲੇ ਆਉਂਦੇ ਹਨ।ਇਹ ਸਾਡੀ ਨਿਆਂ ਪ੍ਰਣਾਲੀ ਦਾ ਮਾੜਾ ਰੁਝਾਨ ਹੈ। ਪ੍ਰੋ. ਕੁਲਬੀਰ ਸਿੰਘ ਦੀ ਕਿਤਾਬ 'ਮੀਡੀਆ ਆਲੋਚਕ ਦੀ ਆਤਮ ਕਥਾ' ਦਾ ਵਿਸ਼ਲੇਸ਼ਣ ਪੜ੍ਹ ਕੇ ਦਿਲ ਖੁਸ਼ ਹੋਇਆ। ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਕਿਤਾਬ ਦੀ ਤੇ ਲੇਖਕ ਦੀ ਚੰਗੀ ਜਾਣਕਾਰੀ ਦਿੱਤੀ ਹੈ। ਪ੍ਰੋ. ਕੁਲਬੀਰ ਸਿੰਘ ਲੰਮੇ ਸਮੇਂ ਤੋਂ ਮੀਡੀਆ ਦੀ ਚਰਚਾ ਕਰਦੇ ਆ ਰਹੇ ਹਨ।

—**ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਨੀਲੀਬਾਰ ਮੁਜ਼ਾਰਾ ਘੋਲ ਦੇ ਆਗੂ-ਬਾਬਾ ਜਲਵੰਤ ਸਿੰਘ : ਐੱਮ ਐੱਸ ਭਾਟੀਆ

ਪੰਜਾਬੀਓ, ਆਪਣਾ ਵਿਰਸਾ ਪਛਾਣੋ : ਮੰਗਤ ਰਾਮ ਪਾਸਲਾ

'ਸਤਨਾਜਾ' : ਚਰਨਜੀਤ ਸਿੰਘ ਪੰਨੂ (ਫੋਕਸ) ਡਾ. ਸੰਦੀਪ ਰਾਣਾ

ਹਰੀ ਕ੍ਰਿਸ਼ਨ ਮਾਇਰ ਦੀਆਂ ਨਜ਼ਮਾਂ ਤੇ ਹੋਰ ਬਹੁਤ ਕੁਝ

# ਪ੍ਰਤਾਪ 'ਪਾਰਸ' ਗੁਰਦਾਸਪੁਰੀ ਦੀਆਂ ਮਿੰਨੀ ਕਹਾਣੀਆਂ

## ਚੰਗੀ ਕਿਸਮਤ

ਸਵੇਰੇ ਸੈਰ ਕਰਕੇ ਵਾਪਸ ਆਉਂਦਿਆਂ ਮੈਂ ਰੋਜ਼ਾਨਾ ਰਾਹ ਵਿਚ ਸੜਕ ਕਿਨਾਰੇ ਰਹਿੰਦੇ ਟੱਪਰੀਵਾਸੀਆਂ ਦੀਆਂ ਕੋਈ ਬਾਰਾਂ-ਬਾਰਾਂ, ਤੇਰਾਂ-ਤੇਰਾਂ ਸਾਲ ਦੀਆਂ ਦੋ ਕੁੜੀਆਂ ਨੂੰ ਕੂੜੇ ਦੇ ਢੇਰ ਫਰੋਲਦਿਆਂ ਵੇਖਦਾ। ਮੈਂ ਉਹਨਾਂ ਨੂੰ ਕਈ ਵਾਰ ਕਿੰਨਾ-ਕਿੰਨਾ ਚਿਰ ਕੂੜੇ ਦੇ ਢੇਰ ਨੂੰ ਫਰੋਲਦਿਆਂ ਖਲੋ ਕੇ ਵੇਖਦਾ ਰਹਿੰਦਾ ਤੇ ਕਦੀ-ਕਦੀ ਪਜਾਮੇ ਦੀ ਜੇਬ ਵਿਚ ਹੁੰਦੇ ਪੰਜ-ਦਸ ਰੁਪਏ ਵੀ ਦੇ ਦਿੰਦਾ।

ਅੱਜ ਵੀ ਮੈਂ ਸਵੇਰ ਦੀ ਸੈਰ ਕਰਕੇ ਵਾਪਸ ਆ ਰਿਹਾ ਸੀ ਤੇ ਉਹ ਦੋਵੇਂ ਕੁੜੀਆਂ ਰੋਜ਼ਾਨਾ ਦੀ ਤਰ੍ਹਾਂ ਕੂੜੇ ਦੇ ਢੇਰ ਫਰੋਲ ਰਹੀਆਂ ਸਨ। ਮੈਂ ਉੱਥੇ ਰੁਕ ਗਿਆ ਤੇ ਉਹਨਾਂ ਨੂੰ ਢੇਰ ਫਰੋਲਦਿਆਂ ਵੇਖਣ ਲੱਗ ਪਿਆ। ਉਹਨਾਂ ਦੋਹਾਂ ਵਿੱਚੋਂ ਇਕ ਨੂੰ ਕੂੜੇ ਦੇ ਢੇਰ ਵਿੱਚੋਂ ਇਕ ਪੁਰਾਣਾ ਲੇਡੀਜ਼ ਪਰਸ ਲੱਭ ਗਿਆ, ਉਹ ਜਲਦੀ-ਜਲਦੀ ਉਸ ਪਰਸ ਦੀਆਂ ਜਿੱਪਾਂ ਖੋਲ੍ਹਣ ਲੱਗ ਪਈ। ਉਸ ਨੂੰ ਪਰਸ ਦੀਆਂ ਅੰਦਰ ਦੀਆਂ ਤੈਹਾਂ ਵਿੱਚੋਂ ਵੀਹ ਰੁਪਏ ਦਾ ਨੋਟ ਲੱਭ ਗਿਆ, ਜੋ ਕੋਈ ਔਰਤ ਪਰਸ ਸੁੱਟਣ ਵੇਲੇ ਪਰਸ ਵਿੱਚੋਂ ਕੱਢਣਾ ਭੁੱਲ ਗਈ ਲੱਗਦੀ ਸੀ।ਉਸ ਨੇ ਜ਼ੋਰ ਦੀ ਚੀਕ ਮਾਰੀ 'ਮਾਣੋ' ਵੀਹ ਰੁਪਏ ਨਿਕਲੇ ਪਰਸ ਵਿੱਚੋਂ, 'ਹੈਂ ਨੀਂ ਤੇਰੀ ਐਨੀ ਚੰਗੀ ਕਿਸਮਤ।' ਮੈਂ ਉਸ ਕੁੜੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਸੋਚੀਂ ਪਿਆ 'ਚੰਗੀ ਕਿਸਮਤ' ਦੀ ਪ੍ਰੀਭਾਸ਼ਾ ਦੇ ਪੈਮਾਨਿਆਂ ਨੂੰ ਆਂਕਦਾ ਪਤਾ ਹੀ ਨਾ ਲੱਗਾ ਕਦੋਂ ਘਰ ਦੇ ਗੇਟ 'ਤੇ ਆ ਪੁੱਜਾ।

## ਸੋਚ ਦਾ ਬੀਜ

ਕਾਫੀ ਸਮਾਂ ਪਹਿਲਾਂ ਪਿੰਡ ਛੱਡ ਕੇ ਚੰਡੀਗੜ੍ਹ ਆ ਵੱਸੇ ਸਰਦਾਰ ਸਰਦੂਲ ਸਿੰਘ ਨੂੰ ਉਸ ਦੇ ਪਿੰਡ ਤੋਂ ਆਏ ਚਾਰ-ਪੰਜ ਨੌਜਵਾਨ ਮੁੰਡਿਆਂ ਨੇ ਉਸ ਦੇ ਚੰਡੀਗੜ੍ਹ ਸਥਿਤ ਘਰ ਦਾ ਪਤਾ ਲਗਾ ਕੇ ਜਦੋਂ ਆਣ ਗੋਡੇ ਹੱਥ ਲਗਾ ਕੇ ਦੱਸਿਆ ਕਿ 'ਤਾਇਆ ਜੀ ਅਸੀਂ ਤੁਹਾਡੇ ਪਿੰਡ ਤੋਂ ਫਲਾਣੇ-ਫਲਾਣੇ ਸਿਉਂ ਦੇ ਮੁੰਡੇ ਹਾਂ, ਅਸੀਂ ਅੱਜ ਤੁਹਾਨੂੰ ਬਹੁਤ ਵੱਡੀ ਖੁਸ਼ਖਬਰੀ ਦੇਣ ਦੇ ਨਾਲ-ਨਾਲ ਤੁਹਾਡਾ ਧੰਨਵਾਦ ਵੀ ਕਰਨ ਆਏ ਹਾਂ ਜਦੋਂ ਅਸੀਂ ਛੋਟੇ ਹੁੰਦੇ ਸਾਂ ਤੁਸੀਂ ਓਦੋਂ ਪਿੰਡ ਦੇ ਬਾਹਰਵਾਰ ਆਪਣੇ ਹਿੱਸੇ ਦੀ ਚਾਰ ਕਿੱਲੇ ਜ਼ਮੀਨ ਪਿੰਡ ਦੀ ਪੰਚਾਇਤ ਨੂੰ ਫੁੱਟਬਾਲ ਦੀ ਗਰਾਊਂਡ ਲਈ ਦੇ ਆਏ ਸੀ, ਤੁਹਾਡੀ ਸੋਚ ਦੇ ਬੀਜ ਸਦਕਾ ਅੱਜ ਤੁਹਾਡੇ ਪਿੰਡ ਦਾ ਨਾਂਅ ਤੁਹਾਡੇ ਇਨ੍ਹਾਂ ਬੱਚਿਆਂ ਨੇ ਦੁਨੀਆ 'ਤੇ ਚਮਕਾਅ ਦਿੱਤਾ ਹੈ। ਅਸੀਂ ਆਹ ਤਿੰਨ ਮੁੰਡੇ ਇੰਡੀਆ ਖੇਡ ਆਏ ਹਾਂ ਅਤੇ ਹੁਣ ਸਾਡੇ ਵਿੱਚੋਂ ਆਹ ਬਲਜੀਤ ਅਤੇ ਮਹਿੰਦਰ ਦੋ ਖਿਡਾਰੀ ਇੰਟਰਨੈਸ਼ਨਲ ਟੀਮ ਲਈ ਸਿਲੈਕਟ ਹੋ ਗਏ ਹਨ।ਇਸ ਤੋਂ ਇਲਾਵਾ ਤਾਇਆ ਜੀ ਅਸੀਂ ਪਿੰਡ ਦੇ ਨੌਜਵਾਨਾਂ ਨੇ 'ਨਸ਼ੇ ਛੱਡੋ ਕੋਹੜ ਵੱਢੋ' ਨਾਂਅ ਦੀ ਇਕ ਨੌਜਵਾਨ ਸਭਾ ਵੀ ਬਣਾਈ ਹੋਈ ਹੈ, ਜੋ ਆਪਣੇ ਪਿੰਡ ਤੋਂ ਇਲਾਵਾ ਹੋਰ ਪਿੰਡਾਂ ਵਿੱਚ ਵੀ ਜਾ ਕੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਹੀ ਹੈ।'

ਇਹ ਸਾਰਾ ਕੁਝ ਸੁਣ ਸਰਦੂਲ ਸਿੰਘ ਬੋਲਿਆ, 'ਪੁੱਤਰੋ ਮੈਨੂੰ ਸਭ ਪਤਾ ਹੈ ਮੈਂ ਸੱਜਿਓਂ-ਖੱਬਿਓਂ ਪੂਰੀ ਜਾਣਕਾਰੀ ਲੈਂਦਾ ਹੀ ਰਹਿੰਦਾ ਸੀ, ਮੈਨੂੰ ਬਸ ਇਸ ਦਿਨ ਦਾ ਹੀ ਇੰਤਜ਼ਾਰ ਸੀ ਕਿ ਕਦੋਂ ਮੇਰੇ ਪੁੱਤਰ ਮੇਰੇ ਕੋਲ ਆਉਣਗੇ, ਮੈਂ ਆਪਣੀ ਜ਼ਮੀਨ ਵਿੱਚ ਇਕ 'ਸੋਚ ਦਾ ਬੀਜ' ਬੀਜ ਕੇ ਆਇਆ ਸੀ, ਜੋ ਅੱਜ ਬਹੁਤ ਵੱਡਾ ਦਰਖ਼ਤ ਬਣ ਕੇ ਸਾਰੇ ਪਿੰਡ ਨੂੰ ਪਹਿਚਾਣ ਰੂਪੀ ਛਾਂ ਦੇ ਰਿਹਾ ਹੈ, ਜਿਸ ਦੀ ਮੈਨੂੰ ਅਲੱਗ ਹੀ ਤਰ੍ਹਾਂ ਦੀ ਠੰਢਕ ਮਹਿਸੂਸ ਹੋ ਰਹੀ ਹੈ।'

ਸਰਦਾਰ ਸਰਦੂਲ ਸਿੰਘ ਨੇ ਨੌਜਵਾਨਾਂ ਨੂੰ ਕਲਾਵੇ ਵਿੱਚ ਲੈ ਕੇ ਅੰਦਰ ਬਿਠਾਇਆ, ਖਾਣਾ ਖੁਆਇਆ ਅਤੇ ਜਾਣ ਲੱਗਿਆਂ ਇੱਕੀ ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ ਅਤੇ ਉਸ ਮਾਲਕ ਅੱਗੇ ਹੱਥ ਜੋੜ ਕੇ ਅਰਦਾਸ ਕੀਤੀ ਕਿ 'ਹੇ ਮਾਲਕ ਮੇਰੇ ਪਿੰਡ ਦੀ ਤਰ੍ਹਾਂ ਮੇਰੇ ਸਾਰੇ ਪੰਜਾਬ ਦੇ ਨੌਜਵਾਨ ਅਜਿਹੀ ਸੋਚ ਦੇ ਧਾਰਨੀ ਹੋ ਜਾਣ ਤਾਂ ਜੋ ਮੇਰਾ ਪੰਜਾਬ ਫਿਰ ਤੋਂ ਦੁਨੀਆ ਦੇ ਨਕਸ਼ੇ 'ਤੇ ਵੱਖਰਾ ਹੀ ਪਹਿਚਾਣਿਆ ਜਾਵੇ।'

## ਪ੍ਰਸ਼ਨ ਚਿੰਨ੍ਹ

ਅੱਜ ਮੇਰੇ ਸ਼ਹਿਰ ਦੇ ਸਰਕਾਰੀ ਕਾਲਜ ਦੇ ਬਹੁਤ ਵੱਡੇ ਸਟੇਡੀਅਮ ਵਿੱਚ ਬੜੀ ਧੂਮ-ਧਾਮ ਨਾਲ ਆਜ਼ਾਦੀ ਦਿਹਾੜਾ ਮਨਾਇਆ ਜਾ ਰਿਹਾ ਸੀ। ਸਾਰਾ ਸਟੇਡੀਅਮ ਸਕੂਲੀ ਬੱਚਿਆਂ ਅਤੇ ਸ਼ਹਿਰ ਦੇ ਹੋਰ ਲੋਕਾਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਆਜ਼ਾਦੀ ਦੇ ਪਰਵਾਨਿਆਂ ਅਤੇ ਦੇਸ਼ ਭਗਤੀ ਦੇ ਗੀਤ ਗਾਏ ਜਾ ਰਹੇ ਸਨ। ਮੁੱਖ ਮਹਿਮਾਨ ਦੇ ਆਉਣ 'ਤੇ ਸਾਰਾ ਸਟੇਡੀਅਮ ਉਨ੍ਹਾਂ ਦੇ ਸਤਿਕਾਰ ਵਿੱਚ ਖੜ੍ਹਾ ਹੋ ਗਿਆ। ਮਾਨਯੋਗ ਮੰਤਰੀ ਵੱਲੋਂ ਝੰਡਾ ਲਹਿਰਾਉਣ ਤੋਂ ਬਾਅਦ ਵੱਖਰੇ-ਵੱਖਰੇ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਜ ਕਰਨ ਵਾਲੇ ਲੋਕਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਸੀ। ਮੈਂ ਆਪਣੇ ਨਾਲ ਵਾਲੀ ਕੁਰਸੀ 'ਤੇ ਬੈਠੇ ਸਥਾਨਕ ਸਰਕਾਰੀ ਕਾਲਜ ਦੇ ਹੀ ਇਤਿਹਾਸ ਦੇ ਰਿਟਾਇਰਡ ਪ੍ਰੋਫ਼ੈਸਰ ਦੀਨ ਦਿਆਲ ਜੀ, ਜਿਨ੍ਹਾਂ ਨੇ ਖੋਜ ਕਰਕੇ ਇਤਿਹਾਸ ਦੀਆਂ ਅੱਠ ਤੋਂ ਦਸ ਕਿਤਾਬਾਂ ਲਿਖੀਆਂ ਹੋਈਆਂ ਸਨ, ਨੂੰ ਮੁਖ਼ਾਤਿਬ ਹੋ ਕੇ ਪੁੱਛਿਆ, 'ਸਰ, ਤੁਹਾਨੂੰ ਤਾਂ ਅਜਿਹੇ ਮੰਚਾਂ ਤੋਂ ਬਹੁਤ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੋਵੇਗਾ। ਕਿਉਂਕਿ ਤੁਹਾਡਾ ਤਾਂ ਇਤਿਹਾਸ ਦੇ ਖੇਤਰ ਵਿੱਚ ਬਹੁਤ ਕੰਮ ਹੈ।'

'ਪੁੱਤਰ, ਕੰਮ ਤਾਂ ਮੇਰੇ ਕੋਲ ਬਹੁਤ ਸੀ, ਪਰ ਮੇਰੇ ਕੋਲ ਕੋਈ ਸਿਫ਼ਾਰਸ਼ ਨਹੀਂ ਸੀ, ਜੋ ਚੋਣ ਕਮੇਟੀ ਤੱਕ ਪਹੁੰਚ ਕਰ ਸਕਦੀ।'

ਮੈਂ ਤਾਂ ਉਸ ਬਜ਼ੁਰਗ ਪ੍ਰੋਫ਼ੈਸਰ ਦੀ ਹਉਕਾ ਲੈ ਕੇ ਕਹੀ ਇਹ ਗੱਲ ਸੁਣ ਕੇ ਅੱਜ ਸਨਮਾਨਿਤ ਹੋ ਰਹੇ ਲੋਕਾਂ ਦੇ ਕਾਰਜਾਂ ਨੂੰ ਸਿਫ਼ਾਰਸ਼ ਦੀ ਤੱਕੜੀ ਵਿੱਚ ਤੁਲ ਕੇ ਆਏ ਹੋਏ ਵੇਖ ਹੀ ਰਿਹਾ ਸਾਂ, ਮੇਰੇ ਤੋਂ ਇਲਾਵਾ ਨੇੜੇ ਬੈਠੇ ਕੁਝ ਹੋਰ ਲੋਕਾਂ ਦੀ ਵੀ ਸਨਮਾਨਿਤ ਹੋ ਰਹੇ ਲੋਕਾਂ ਪ੍ਰਤੀ ਆਪਸੀ ਕਾਨਾਫੂਸੀ ਵੱਡੇ ਪ੍ਰਸ਼ਨ ਚਿੰਨ੍ਹ ਲਗਾ ਰਹੀ ਸੀ।

## ਉਡੀਕ

ਪਿੰਡ ਵਿੱਚ ਬਹੁਤ ਹੀ ਦੁੱਖਦਾਈ ਭਾਣਾ ਵਾਪਰ ਗਿਆ ਸੀ। ਹਰ ਕੋਈ ਪਰਮਾਤਮਾ 'ਤੇ ਸ਼ਿਕਵਾ ਕਰ ਰਿਹਾ ਸੀ ਕਿ ਮਾਲਕਾ ਇਸ ਨਾਲੋਂ ਤਾਂ ਇਸ ਗਰੀਬਣੀ ਨੂੰ ਪੁੱਤ ਦਿੰਦਾ ਹੀ ਨਾ, ਜੇ ਇਸ ਤਰ੍ਹਾਂ ਭਰ ਜਵਾਨੀ ਵਿਚ ਖੋਹ ਕੇ ਲੈ ਜਾਣਾ ਸੀ। ਬੁੱਢੀ ਮਾਂ ਵਿਚਾਰੀ ਕੰਧਾਂ ਦੇ ਗਲ਼ ਲੱਗ-ਲੱਗ ਕੇ ਰੋ ਰਹੀ ਸੀ, ਘਰ ਵਿੱਚ ਕੋਈ ਹੋਰ ਜੀਅ ਵੀ ਤਾਂ ਨਹੀਂ ਸੀ ਨਾ, ਗਲ਼ ਲਗਾਉਣ ਵਾਲਾ ਕਿਉਂਕਿ ਉਸ ਦੇ ਘਰਵਾਲਾ ਤਾਂ ਉਸ ਨੂੰ ਭਰ ਜਵਾਨੀ ਵਿੱਚ ਹੀ ਛੱਡ ਕੇ ਰੱਬ ਨੂੰ ਪਿਆਰਾ ਹੋ ਗਿਆ ਸੀ।ਵਿਚਾਰੀ ਨੇ ਸਤਨਾਮ ਦੀ ਆਸ ਨਾਲ ਹੀ ਹੁਣ ਤੱਕ ਸਮਾਂ ਗੁਜ਼ਾਰਿਆ ਸੀ। ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਅਤੇ ਰੁੱਖੀ-ਮਿੱਸੀ ਖਾ ਕੇ ਵਾਹਿਗੁਰੂ ਦਾ ਸ਼ੁਕਰ ਕਰਨਾ ਹੀ ਉਸ ਦੇ ਹਿੱਸੇ ਵਿੱਚ ਆਇਆ ਸੀ।

ਅੱਜ ਜਦੋਂ ਉਸ ਦੇ ਪੁੱਤਰ ਸਤਨਾਮ ਦੀ ਮਿਸਤਰੀ ਨਾਲ ਦਿਹਾੜੀ ਗਏ ਦੀ ਉੱਚੀ ਗੋਅ ਤੋਂ ਡਿੱਗ ਕੇ ਮੌਤ ਹੋ ਜਾਣ ਉਪਰੰਤ ਉਸ ਦੀ ਲਾਸ਼ ਘਰ ਪਹੁੰਚੀ ਸੀ ਤਾਂ ਉਹ ਵਿਚਾਰੀ ਗਰੀਬਣੀ ਤਾਂ ਜਿਵੇਂ ਜਿਉਂਦੀ ਹੀ ਮਰ ਗਈ ਹੋਵੇ।ਫਾਕਿਆਂ ਦੀ ਮਾਰੀ ਕੋਲੋਂ ਤਾਂ ਵੈਣ ਵੀ ਨਹੀਂ ਪਾਏ ਜਾ ਰਹੇ ਸਨ।ਉਹ ਪੱਥਰ ਜਿਹਾ ਬਣੀ ਪੁੱਤ ਦੀ ਲਾਸ਼ ਕੋਲ ਬੈਠੀ ਹੋਈ ਬੱਸ ਉਸ ਵੱਲ ਵੇਖੀ ਹੀ ਜਾ ਰਹੀ ਸੀ।

ਹਰ ਕੋਈ ਸਸਕਾਰ 'ਤੇ ਆਇਆ ਸ਼ਖ਼ਸ ਉਸ ਨਾਲ ਹਮਦਰਦੀ ਪ੍ਰਗਟਾਅ ਰਿਹਾ ਸੀ ਅਤੇ ਦਿਲਾਸਾ ਦੇ ਰਿਹਾ ਸੀ ਕਿ ਮਾਤਾ ਇਹ ਉਸ ਮਾਲਕ ਦਾ ਹੁਕਮ ਹੈ ਜਿਸ ਨੂੰ ਕੋਈ ਬਦਲ ਨਹੀਂ ਸਕਦਾ, ਅਸੀਂ ਸਭ ਤੇਰੇ ਨਾਲ ਹਾਂ।ਪਿੰਡ ਦੇ ਲੋਕਾਂ ਨੇ ਹੀ ਕੁਝ ਪੈਸੇ ਇਕੱਠੇ ਕਰਕੇ ਸਤਨਾਮ ਦਾ ਸਸਕਾਰ ਕੀਤਾ ਸੀ।ਤਰਸ ਕਰਕੇ ਬਹੁਤ ਦੁਨੀਆ ਆਈ ਹੋਈ ਸੀ। ਇਸ ਮੌਕੇ 'ਤੇ ਆਏ ਹਲਕੇ ਦੇ ਐੱਮ ਐੱਲ ਏ ਨੇ ਲੋਕਾਂ ਦਾ ਇਕੱਠ ਵੇਖ ਕੇ ਐਲਾਨ ਕੀਤਾ ਕਿ ਮੈਂ ਇਸ ਬਜ਼ੁਰਗ ਮਾਤਾ ਨੂੰ ਇਸ ਮੁੰਡੇ ਦੇ ਭੋਗ ਵਾਲੇ ਦਿਨ ਆਪਣੇ ਕੋਲੋਂ ਦੋ ਲੱਖ ਰੁਪਏ ਦੇਵਾਂਗਾ ਤਾਂ ਜੋ ਇਸ ਬਜ਼ੁਰਗ ਮਾਤਾ ਦਾ ਕੁਝ ਗੁਜ਼ਾਰਾ ਚੱਲਦਾ ਰਹੇ।ਸਾਰੇ ਲੋਕ ਐੱਮ ਐੱਲ ਏ ਦੀ ਇਸ ਦਰਿਆਦਿਲੀ ਦੀ ਸ਼ਲਾਘਾ ਕਰ ਰਹੇ ਸਨ।

ਸਤਨਾਮ ਦੇ ਭੋਗ ਵਾਲੇ ਦਿਨ ਵੀ ਪਿੰਡ ਦੇ ਅਤੇ ਨੇੜੇ-ਤੇੜੇ ਦੇ ਲੋਕਾਂ ਨੇ ਹੀ ਪੈਸੇ ਇਕੱਠੇ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਸੀ ਅਤੇ ਦੂਰੋਂ-ਨੇੜਿਓਂ ਆਏ ਲੋਕਾਂ ਲਈ ਦਾਲ-ਫੁੱਲਕੇ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਓਧਰ ਸਿਆਸਤ ਤੋਂ ਅਣਜਾਣ ਅਨਪੜ੍ਹ ਬਜ਼ੁਰਗ ਮਾਤਾ ਦੀਆਂ ਬੇਵੱਸ ਅਤੇ ਲਾਚਾਰ ਜਿਹੀਆਂ ਹੋਈਆਂ ਅੱਖਾਂ ਉਸ ਐੱਮ ਐੱਲ ਏ ਨੂੰ ਉਡੀਕ ਰਹੀਆਂ ਸਨ, ਜਿਸ ਨੇ ਉਸ ਨੂੰ ਦੋ ਲੱਖ ਰੁਪਏ ਦੇ ਕੇ ਸਹਾਰਾ ਦੇਣ ਦਾ ਐਲਾਨ ਕੀਤਾ ਸੀ।

ਉਹ ਭੋਲੀ ਨਹੀਂ ਜਾਣਦੀ ਸੀ ਕਿ ਇਹ ਸਿਆਸੀ ਲੋਕ ਦੁੱਖਾਂ ਦੇ ਮਾਰੇ ਹੋਏ ਲੋਕਾਂ ਨੂੰ ਮਾਲੀ ਮਦਦ ਨਹੀਂ, ਸਗੋਂ ਇਕ ਕਦੇ ਨਾ ਮੁੱਕਣ ਵਾਲੀ ਉਡੀਕ ਹੀ ਦੇ ਕੇ ਜਾਂਦੇ ਨੇ।

## ਮੁਲਾਂਕਣ

ਗਰਮੀਆਂ ਦੇ ਦਿਨ, ਸ਼ਾਮ ਦੇ ਕੋਈ ਛੇ ਕੁ ਵੱਜੇ ਹੋਣਗੇ, ਮੈਂ ਤੇ ਮੇਰੀ ਪਤਨੀ ਸ਼ਾਮ ਦੀ ਸੈਰ ਲਈ ਪਾਰਕ ਨੂੰ ਜਾ ਰਹੇ ਸਾਂ। ਰਸਤੇ ਵਿਚ ਇਕ ਆਲੀਸ਼ਾਨ ਕੋਠੀ ਦੇ ਬਾਹਰਲੇ ਗੇਟ ਨੇੜੇ ਇਕ ਕਾਫ਼ੀ ਬਜ਼ੁਰਗ ਵਿਅਕਤੀ ਬੈਠਾ ਹੋਇਆ ਸੀ, ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਉਸ ਨੂੰ ਕੁਰਸੀ ਉੱਪਰ ਵੀ ਕਿਸੇ ਨੇ ਸਹਾਰਾ ਦੇ ਕੇ ਹੀ ਬਿਠਾਇਆ ਹੋਵੇ। ਉਸ ਦੇ ਕੋਲ ਪੈਂਤੀ-ਚਾਲੀ ਸਾਲ ਦੀ ਔਰਤ, ਜੋ ਉਸ ਬਜ਼ੁਰਗ ਦੀ ਨੂੰਹ ਸੀ, ਗੋਦੀ ਵਿਚ ਇਕ ਖਾਸ ਨਸਲ ਦਾ ਕਤੂਰਾ ਚੁੱਕੀ ਖਲੋਤੀ ਸੀ।

ਏਨੇ ਨੂੰ ਗੁਆਂਢ ਵਿਚ ਰਹਿੰਦੀ ਉਸ ਦੀ ਸਹੇਲੀ ਆਈ, ਜਿਸ ਨੇ ਆਪਣੀ ਸਹੇਲੀ ਵੱਲੋਂ ਗੋਦੀ ਚੁੱਕੇ ਕਤੂਰੇ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ,

'ਹਾਏ ਸਿੰਪੀ ਕੈਸੇ ਹੋ, ਸੋ ਕਿਊਟ, ਹਾਂ ਸੁਨੰਦਾ ਅੱਬ ਕੈਸੇ ਹੈ ਯੇ? ਪਿਛਲੇ ਕੁਛ ਦਿਨੋਂ ਸੇ ਇਸੇ ਪੇਟ ਮੇਂ ਥੋੜ੍ਹੀ ਪ੍ਰਾਬਲਮ ਚੱਲ ਰਹੀ ਥੀ ਨਾ ?'

ਕੋਲ ਕੁਰਸੀ 'ਤੇ ਬੈਠਾ ਦਰਦ ਨਾਲ ਕਰਾਹੁੰਦਾ ਬਜ਼ੁਰਗ ਕਦੇ ਆਪਣੀ ਨੂੰਹ ਵੱਲ ਤੇ ਕਦੇ ਉਸ ਦੀ ਸਹੇਲੀ ਵੱਲ ਸਵਾਲੀਆ ਨਜ਼ਰਾਂ ਨਾਲ ਬਿਤਰ-ਬਿਤਰ ਝਾਕ ਰਿਹਾ ਸੀ।

ਮੈਂ ਇਹ ਸਾਰਾ ਕੁਝ ਵੇਖ, ਸੁਣ, ਉਸ ਬਜ਼ੁਰਗ ਦੀ ਸਰੀਰਕ ਪੀੜ ਉੱਤੇ ਮਾਨਸਿਕ ਪੀੜ ਭਾਰੀ ਪੈਂਦੀ ਮਹਿਸੂਸ ਕਰਦਾ ਹੋਇਆ ਬਿਨਾਂ ਸ਼ਾਮ ਦੀ ਸੈਰ ਕੀਤਿਆਂ ਆਪਣੀ ਘਰਵਾਲੀ ਨਾਲ ਵਾਪਸ ਘਰ ਮੁੜ ਆਇਆ। ਹੁਣ ਮੇਰੇ ਜ਼ਿਹਨ ਵਿਚ ਉਸ ਗੁਆਂਢਣ ਵੱਲੋਂ ਬਜ਼ੁਰਗ ਦੀ ਹਾਲਤ ਨੂੰ ਅਣਦੇਖਾ ਕਰਕੇ ਸਿੰਪੀ ਦਾ ਹਾਲ ਪੁੱਛਣ ਵਾਲਾ ਦ੍ਰਿਸ਼ ਵਾਰ-ਵਾਰ ਖਲਬਲੀ ਮਚਾ ਰਿਹਾ ਸੀ ਕਿ ਕੀ ਹੁਣ ਘਰਾਂ ਵਿਚ ਰੱਖੇ ਕੁੱਤੇ-ਕੁੱਤੀਆਂ ਦੀ ਅਹਿਮੀਅਤ ਘਰ ਦੇ ਬਜ਼ੁਰਗਾਂ ਤੋਂ ਵੱਧ ਸਮਝੀ ਜਾ ਰਹੀ ਹੈ ? ਮੈਂ ਉਸ ਕੁਰਸੀ 'ਤੇ ਬਜ਼ੁਰਗ ਦੀ ਜਗ੍ਹਾ ਆਪਣੇ ਆਪ ਨੂੰ ਬੈਠਾ ਮਹਿਸੂਸ ਕਰਕੇ ਵਿਹੜੇ ਵਿਚ ਘੁੰਮ ਰਹੀ ਆਪਣੀ ਨੂੰਹ ਅਤੇ ਉਸ ਗੁਆਂਢਣ ਔਰਤ ਦੇ ਸੰਸਕਾਰਾਂ ਦਾ ਮੁਲਾਂਕਣ ਕਰ ਰਿਹਾ ਸਾਂ।

## ਮਨਤਾਰ ਸਿੰਘ

ਮਨਤਾਰ ਸਿੰਘ ਦੀ ਉਮਰ ਕਰੀਬ 52/53 ਸਾਲ ਦੀ ਹੀ ਸੀ ਕਿ ਉਸ ਦੀ ਘਰਵਾਲੀ ਗੁਰਪ੍ਰੀਤ ਸੰਖੇਪ ਜਿਹੀ ਬਿਮਾਰੀ ਕਰਕੇ ਚੱਲ ਵੱਸੀ।ਵਿਆਹ ਛੋਟੀ ਉਮਰ ਵਿਚ ਹੋਣ ਕਰਕੇ ਬੱਚੇ ਜਲਦੀ ਹੋ ਗਏ ਸਨ ਜੋ ਮੁਢਲੀ ਪੜ੍ਹਾਈ ਕਰਕੇ ਉਚੇਰੀ ਪੜ੍ਹਾਈ ਵਾਸਤੇ ਵਿਦੇਸ਼ ਚਲੇ ਗਏ ਸਨ।ਮਨਤਾਰ ਸਿੰਘ ਹੁਣ ਘਰ ਵਿਚ ਇਕੱਲਾ ਹੀ ਰਹਿ ਗਿਆ ਸੀ, ਜੋ ਉਸ ਨੂੰ ਹਰ ਵੇਲੇ ਖਾਣ ਨੂੰ ਆਉਂਦਾ।ਘਰੋਂ ਦਫ਼ਤਰ ਅਤੇ ਦਫ਼ਤਰੋਂ ਘਰ, ਬਸ ਹੁਣ ਉਸ ਦੀ ਜ਼ਿੰਦਗੀ ਦਾ ਇਹ ਹੀ ਰੁਝੇਵਾਂ ਰਹਿ ਗਿਆ ਸੀ।ਹੁਣ ਉਹ ਕਦੇ ਕਿਸੇ ਕੋਲ ਖਲੋਣਾ ਪਸੰਦ ਨਹੀਂ ਸੀ ਕਰਦਾ, ਜੋ ਕਦੇ ਆਉਂਦਾ-ਜਾਂਦਾ ਸਭ ਨੂੰ ਦੁਆ-ਸਲਾਮ ਕਰਿਆ ਹੀ ਕਰਦਾ ਸੀ।ਉਹ ਇਸ ਤਰ੍ਹਾਂ ਮਹਿਸੂਸ ਕਰਦਾ, ਜਿਵੇਂ ਉਸ ਦੀ ਜ਼ਿੰਦਗੀ ਦੇ ਸਭ ਮਕਸਦ ਗੁਰਪ੍ਰੀਤ ਦੀ ਚਿਖ਼ਾ ਦੇ ਨਾਲ ਹੀ ਸੜ ਕੇ ਸੁਆਹ ਹੋ ਗਏ ਹੋਣ।

ਉਹ ਹਰ ਦਿਨ ਆਪਣੀ ਉਦਾਸੀ ਵਿੱਚੋਂ ਜ਼ਿੰਦਗੀ ਜਿਊਣ ਦਾ ਮਕਸਦ ਲੱਭਦਾ ਰਹਿੰਦਾ ਤਾਂ ਜੋ ਉਹ ਜ਼ਿੰਦਗੀ ਦੇ ਬਚਦੇ ਚਾਰ ਸਾਹ ਕਿਸੇ ਦੇ ਲੇਖੇ ਲਾ ਸਕੇ।ਆਪਣੇ ਜ਼ਿਹਨ ਅੰਦਰ ਸੋਚਾਂ ਦੀ ਲੰਮੀ ਘਮਸਾਨ ਤੋਂ ਬਾਅਦ ਅਖੀਰ ਉਸ ਨੇ ਇਕ ਫੈਸਲਾ ਲਿਆ ਤੇ ਕਾਫੀ ਪੁੱਛ-ਪੜਤਾਲ ਕਰਕੇ ਆਪਣੇ ਇਲਾਕੇ ਦੇ ਇਕ ਗਰੀਬ ਘਰ ਦੀ ਬੱਚੀ, ਜਿਸ ਦਾ ਪਿਤਾ ਉਸ ਦੇ ਨਿੱਕੇ ਹੁੰਦਿਆਂ ਹੀ ਮਰ ਚੁੱਕਾ ਸੀ, ਨੂੰ ਆਪਣੇ ਘਰ ਰੋਟੀ-ਟੁੱਕ ਪਕਾਉਣ ਅਤੇ ਘਰ ਦੀ ਸਾਫ-ਸਫ਼ਾਈ ਲਈ ਪੱਕੇ ਤੌਰ 'ਤੇ ਰੱਖ ਲਿਆ ਸੀ।ਮਨਤਾਰ ਸਿੰਘ ਨੇ ਉਸ ਬੱਚੀ ਨੂੰ ਘਰ ਵਿਚ ਹੀ ਆਪਣੇ ਬੱਚਿਆਂ ਵਾਲਾ ਕਮਰਾ ਖੋਲ੍ਹ ਦਿੱਤਾ ਸੀ।ਉਹ ਸਾਰਾ ਕੰਮ-ਕਾਰ ਬਹੁਤ ਹੀ ਸੁਚੱਜੇ ਤਰੀਕੇ ਨਾਲ ਕਰਦੀ, ਜਿਸ 'ਤੇ ਮਨਤਾਰ ਬਹੁਤ ਖੁਸ਼ ਸੀ।ਹੁਣ ਮਨਤਾਰ ਨੂੰ ਜਿਵੇਂ ਜ਼ਿੰਦਗੀ ਜਿਊਣ ਦਾ ਕੋਈ ਮਕਸਦ ਮਿਲ ਗਿਆ ਹੋਵੇ ਅਤੇ ਉਸ ਦੇ ਸੁਭਾਅ ਵਿਚ ਵੀ ਕੁਝ ਤਬਦੀਲੀ ਆ ਗਈ ਸੀ, ਪਰ ਇਹ ਦੁਨੀਆ ਕਿਸੇ ਦੇ ਦੁੱਖ ਨੂੰ ਘਟਾ ਨਹੀਂ ਸਕਦੀ, ਵਧਾ ਜ਼ਰੂਰ ਦਿੰਦੀ ਹੈ ਜਾਣੀ ਕਿ ਮਨਤਾਰ ਸਿੰਘ ਦੀਆਂ ਉਸ ਲੜਕੀ ਨਾਲ ਜੋ ਹੁਣ ਵਿਆਹੁਣ ਯੋਗ ਹੋ ਚੁੱਕੀ ਸੀ, ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਜੋੜਨ ਲੱਗ ਪਈ ਸੀ।ਮਨਤਾਰ ਸਿੰਘ ਪੜ੍ਹਿਆ-ਲਿਖਿਆ ਹੋਣ ਕਰਕੇ ਇਸ ਜ਼ਮਾਨੇ ਨਾਲ ਲੜਨਾ ਨਹੀਂ ਚਾਹੁੰਦਾ ਸੀ, ਸਗੋਂ ਸਮਾਂ ਆਉਣ 'ਤੇ ਤਰੀਕੇ ਨਾਲ ਇਸ ਦੁਨੀਆ ਦੇ ਮੂੰਹ ਉੱਤੇ ਚਪੇੜ ਮਾਰਨਾ ਚਾਹੁੰਦਾ ਸੀ।

ਮਨਤਾਰ ਸਿੰਘ ਨੇ ਇਕ ਵਾਰ ਫਿਰ ਆਪਣੇ ਪੱਧਰ 'ਤੇ ਤਹਿਕੀਕਾਤ ਕਰਕੇ ਇਕ ਗਰੀਬ ਪਰਵਾਰ ਦਾ ਲੜਕਾ ਲੱਭਿਆ, ਜੋ ਕਿ ਇਲੈਕਟ੍ਰੀਸ਼ਨ ਸੀ, ਨਾਲ ਉਸ ਲੜਕੀ ਦਾ ਵਿਆਹ ਕਰਕੇ ਉਸ ਨੂੰ ਆਪਣਾ ਘਰ-ਜਵਾਈ ਬਣਾ ਕੇ ਆਪਣੇ ਘਰ ਲੈ ਆਇਆ।


ਅੱਜ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰਨ ਵਾਲਿਆਂ ਦੇ ਮੂੰਹ 'ਤੇ ਮਨਤਾਰ ਸਿੰਘ ਦੀ ਇਕ ਹੋਰ ਜ਼ੋਰਦਾਰ ਚਪੇੜ ਇਹ ਵੱਜੀ, ਜਦੋਂ ਮਨਤਾਰ ਸਿੰਘ ਸਾਰਾ ਘਰ ਆਪਣੇ ਇਸ ਅਪਣਾਏ ਗਏ ਧੀ-ਜਵਾਈ ਦੇ ਨਾਂਅ ਕਰਕੇ ਆਪਣੀ ਗੁਰਪ੍ਰੀਤ ਦੀਆਂ ਸਾਰੀਆਂ ਯਾਦਾਂ ਦੀ ਪੰਡ ਬੰਨ੍ਹ ਕੇ ਆਪਣੇ ਵਿਦੇਸ਼ ਵਿਚ ਪੱਕੇ ਹੋ ਚੁੱਕੇ ਬੇਟੀ-ਬੇਟੇ ਕੋਲ ਜਾ ਰਿਹਾ ਸੀ।

## ਆਜ਼ਾਦੀ ਦੇ ਅਰਥ

ਇਹ ਸਰਕਾਰੀ ਹੁਕਮ ਸਨ ਕਿ ਸਾਰੀਆਂ ਸਰਕਾਰੀ ਬਿਲਡਿੰਗਾਂ 'ਤੇ ਤਿਰੰਗਾ ਲਹਿਰਾਅ ਕੇ ਆਜ਼ਾਦੀ ਦੇ ਪ੍ਰਤੀਕ ਦੀ ਭਰਪੂਰ ਗਵਾਹੀ ਭਰੀ ਜਾਵੇ।ਸ਼ਹਿਰ ਦੇ ਇਕ ਵੱਡੇ ਸਰਕਾਰੀ ਹਸਪਤਾਲ ਦੀ ਪੰਜਵੀਂ ਮੰਜ਼ਲ ਦੀ ਛੱਤ 'ਤੇ ਤਿਰੰਗਾ ਝੰਡਾ ਤਾਂ ਬੜੀ ਸ਼ਾਨ ਨਾਲ ਝੂਲ ਰਿਹਾ ਸੀ, ਪਰ ਉਸੇ ਹਸਪਤਾਲ ਦੀ ਚੌਥੀ ਮੰਜ਼ਲ ਅੰਦਰ ਆਜ਼ਾਦ ਦੇਸ਼ ਦੀ ਇਕ ਔਰਤ ਡਾਕਟਰ ਨਾਲ ਇਸ ਦੇਸ਼ ਦੇ ਕੁਝ ਭੇੜੀਏ ਰੂਪੀ ਬੰਦਿਆਂ ਵੱਲੋਂ ਬਲਾਤਕਾਰ ਕਰਕੇ ਉਸ ਡਾਕਟਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਹੈ। ਉਸ ਹੋਣਹਾਰ ਔਰਤ ਡਾਕਟਰ ਦੀ ਲਾਸ਼ ਛੱਤ 'ਤੇ ਝੂਲ ਰਹੇ ਆਜ਼ਾਦੀ ਦੇ ਪ੍ਰਤੀਕ ਇਸ ਤਿਰੰਗੇ ਝੰਡੇ ਨੂੰ ਆਜ਼ਾਦੀ ਦੇ ਅਰਥ ਪੁੱਛ ਰਹੀ ਸੀ।

*ਸੰਪਰਕ : 99888-11681*

# ਬਾਲੀਵੁੱਡ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦਾ ਸੀ ਰਾਜ ਕਪੂਰ



ਕੋਈ ਵੇਲਾ ਸੀ ਕਿ ਪੂਰੇ ਬਾਲੀਵੁੱਡ ਵਿਚ 'ਆਰ.ਕੇ. ਫ਼ਿਲਮਜ਼' ਅਤੇ 'ਆਰ.ਕੇ. ਸਟੂਡੀਓ' ਦੀ ਤੂਤੀ ਬੋਲਦੀ ਸੀ ਤੇ ਰਾਜ ਕਪੂਰ ਨੂੰ ਬਾਲੀਵੁੱਡ ਦੇ 'ਸ਼ੋਅਮੈਨ' ਦੇ ਨਾਂਅ ਨਾਲ ਸਭ ਲੋਕ ਸਤਿਕਾਰਿਆ ਕਰਦੇ ਸਨ। ਜ਼ਾਲਮ ਸਮੇਂ ਦੀ ਧੂੜ ਨੇ ਆਰ.ਕੇ. ਫ਼ਿਲਮਜ਼ ਅਤੇ ਆਰ.ਕੇ. ਸਟੂਡੀਓ ਦਾ ਵਰਤਮਾਨ ਅਤੇ ਭਵਿੱਖ ਤਾਂ ਧੁੰਦਲਾ ਕਰ ਦਿੱਤਾ ਹੈ, ਪਰ ਰਾਜ ਕਪੂਰ ਦਾ 'ਸ਼ੋਅਮੈਨ' ਵਾਲਾ ਦਰਜਾ ਅੱਜ ਵੀ ਬਰਕਰਾਰ ਹੈ ਤੇ ਅਨੇਕਾਂ ਸਫ਼ਲ, ਸਾਰਥਕ, ਸੰਗੀਤਮਈ, ਸੁਹਜ ਭਰਪੂਰ ਅਤੇ ਸੁਪਰਹਿੱਟ ਫ਼ਿਲਮਾਂ ਦੇਣ ਲਈ ਉਸ ਨੂੰ ਸਿਨੇ ਪ੍ਰੇਮੀਆਂ ਵੱਲੋਂ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।

ਪੇਸ਼ਾਵਰ ਵਿਖੇ ਸਥਿਤ ਕਪੂਰ ਹਵੇਲੀ ਵਿੱਚ 14 ਦਸੰਬਰ, 1924 ਨੂੰ ਮਸ਼ਹੂਰ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਘਰ ਮਾਤਾ ਰਾਮਸ਼ਰਨੀ ਦੇਵੀ ਦੀ ਕੁੱਖੋਂ ਜਨਮੇ ਰਾਜ ਕਪੂਰ ਦੇ ਦੋ ਭਰਾ ਸ਼ੰਮੀ ਕਪੂਰ ਤੇ ਸ਼ਸ਼ੀ ਕਪੂਰ ਤਾਂ ਉਸ ਦੇ ਵਾਂਗ ਹੀ ਵੱਡੇ ਹੋ ਕੇ ਫ਼ਿਲਮੀ ਅਦਾਕਾਰ ਹੀ ਬਣੇ, ਪਰ ਭੈਣ ਉਰਮਿਲਾ ਸਿਆਲ ਫ਼ਿਲਮਾਂ ਵਿੱਚ ਨਹੀਂ ਆਈ ਸੀ, ਕਿਉਂਕਿ ਰਾਜ ਦੇ ਦਾਦਾ ਬਸ਼ੇਸ਼ਰਨਾਥ ਕਪੂਰ ਤੇ ਖ਼ਾਨਦਾਨ ਦੇ ਹੋਰ ਲੋਕ ਪਰਵਾਰ ਦੀਆਂ ਔਰਤਾਂ ਦੇ ਫ਼ਿਲਮਾਂ ਵਿਚ ਕੰਮ ਕਰਨ ਦੇ ਖ਼ਿਲਾਫ਼ ਸਨ। ਰਾਜ ਨੂੰ ਆਪਣੇ ਪਿਤਾ ਤੋਂ ਹੀ ਅਦਾਕਾਰੀ ਦਾ ਗੁਣ ਵਿਰਾਸਤ ਵਿਚ ਮਿਲਿਆ ਸੀ ਤੇ ਕੇਵਲ ਗਿਆਰਾਂ ਸਾਲ ਦੀ ਬਾਲੜੀ ਉਮਰ ਵਿਚ ਹੀ ਉਸ ਨੇ ਫ਼ਿਲਮ 'ਇਨਕਲਾਬ' ਰਾਹੀਂ ਫ਼ਿਲਮੀ ਦੁਨੀਆ ਵਿਚ ਕਦਮ ਰੱਖ ਦਿੱਤਾ ਸੀ। ਇਸ ਉਪਰੰਤ ਉਸ ਨੇ 'ਬਾਲਮੀਕ', 'ਹਮਾਰੀ ਬਾਤ' ਅਤੇ 'ਗੌਰੀ' ਆਦਿ ਫ਼ਿਲਮਾਂ ਵਿਚ ਛੋਟੀਆਂ-ਛੋਟੀਆਂ ਭੂਮਿਕਾਵਾਂ ਅਦਾ ਕੀਤੀਆਂ ਸਨ ਤੇ ਫਿਰ ਇਸ ਤੋਂ ਠੀਕ ਬਾਰਾਂ ਸਾਲ ਬਾਅਦ ਸੰਨ 1947 ਵਿਚ ਰਾਜ ਕਪੂਰ ਅਤੇ ਮਧੂਬਾਲਾ ਜਿਹੇ ਨਵੇਂ ਤੇ ਨੌਜਵਾਨ ਚਿਹਰਿਆਂ ਨੂੰ ਲੈ ਕੇ ਨਿਰਦੇਸ਼ਕ ਕੇਦਾਰ ਸ਼ਰਮਾ ਨੇ ਫ਼ਿਲਮ 'ਨੀਲ ਕਮਲ ' ਬਣਾ ਦਿੱਤੀ ਸੀ, ਜੋ ਕਿ ਸਫ਼ਲ ਰਹੀ ਸੀ।

ਨੀਲ ਕਮਲ ਤੋਂ ਬਾਅਦ ਰਾਜ ਨੇ 'ਦਿਲ ਕੀ ਰਾਨੀ', 'ਦਿਲ ਕੇ ਤਰਾਨੇ', 'ਜੇਲ੍ਹ ਯਾਤਰਾ', 'ਅਮਰ ਪ੍ਰੇਮ', 'ਗੋਪੀਨਾਥ' ਅਤੇ 'ਚਿਤੌੜ ਵਿਜੈ' ਨਾਮਕ ਫ਼ਿਲਮਾਂ ਵਿਚ ਵੱਖ-ਵੱਖ ਕਿਰਦਾਰ ਅਦਾ ਕੀਤੇ ਤੇ ਇਨ੍ਹਾਂ ਵਿੱਚੋਂ ਤਿੰਨ ਫ਼ਿਲਮਾਂ ਵਿਚ ਤਾਂ ਉਸ ਨੇ ਆਪਣੀ ਆਵਾਜ਼ ਵਿੱਚ ਗੀਤ ਵੀ ਰਿਕਾਰਡ ਕਰਵਾਏ ਸਨ। ਰਾਜ ਕਪੂਰ ਆਪਣੀ ਪਛਾਣ ਨਾ ਬਣਨ ਕਰਕੇ ਖ਼ਾਸਾ ਪ੍ਰੇਸ਼ਾਨ ਸੀ। ਉਹ ਕੁਝ ਵੱਡਾ ਤੇ ਪ੍ਰਭਾਵਸ਼ਾਲੀ ਕਰਨਾ ਚਾਹੁੰਦਾ ਸੀ ਤੇ ਸਫ਼ਲ ਅਦਾਕਾਰ ਜਾਂ ਨਿਰਦੇਸ਼ਕ ਬਣਨਾ ਚਾਹੁੰਦਾ ਸੀ। ਇਸ ਲਈ ਕੇਵਲ 24 ਸਾਲ ਦੀ ਉਮਰ ਵਿੱਚ ਹੀ ਉਸ ਨੇ ਆਪਣੇ ਆਰ.ਕੇ. ਸਟੂਡੀਓ ਦੀ ਸਥਾਪਨਾ ਕਰ ਦਿੱਤੀ ਸੀ ਤੇ ਫ਼ਿਲਮ 'ਆਗ' ਨੂੰ ਬਤੌਰ ਨਿਰਮਾਤਾ-ਨਿਰਦੇਸ਼ਕ ਬਣਾ ਕੇ ਬਾਲੀਵੁੱਡ ਨੂੰ ਆਪਣੀ ਕਾਬਲੀਅਤ ਦਾ ਅਹਿਸਾਸ ਕਰਵਾ ਦਿੱਤਾ ਸੀ। ਉਸ ਦੀ ਇਸ ਫ਼ਿਲਮ ਵਿਚ ਨਰਗਿਸ, ਕਾਮਿਨੀ ਕੌਸ਼ਲ ਅਤੇ ਰਾਜ ਦੇ ਸਾਲੇ ਪ੍ਰੇਮ ਨਾਥ ਦੀਆਂ ਮੁੱਖ ਭੂਮਿਕਾਵਾਂ ਸਨ।

'ਆਗ' ਤੋਂ ਬਾਅਦ ਰਾਜ ਕਪੂਰ ਨੇ ਸੰਨ 1949 ਵਿੱਚ 'ਬਰਸਾਤ' ਬਣਾਈ ਸੀ, ਜੋ ਕਿ ਬਾਕਸ ਆਫ਼ਿਸ 'ਤੇ ਸੁਪਰਹਿੱਟ ਰਹੀ ਸੀ। ਫਿਰ ਉਸ ਨੇ ਆਰ.ਕੇ. ਫ਼ਿਲਮਜ਼ ਦੇ ਬੈਨਰ ਹੇਠ 'ਅਵਾਰਾ', 'ਸ੍ਰੀ 420', 'ਜਾਗਤੇ ਰਹੋ', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', 'ਬੂਟ ਪਾਲਿਸ਼', 'ਅਬ ਦਿੱਲੀ ਦੂਰ ਨਹੀਂ' ਆਦਿ ਯਾਦਗਾਰ ਫ਼ਿਲਮਾਂ ਬਣਾਈਆਂ ਸਨ, ਜਿਨ੍ਹਾ ਵਿੱਚੋਂ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਦੇ ਨਿਰਦੇਸ਼ਨ ਦਾ ਜ਼ਿੰਮਾ ਉਸ ਨੇ ਆਪਣੇ ਸਿਨਮੈਟੋਗ੍ਰਾਫ਼ਰ ਰਾਧੂ ਕਰਮਾਕਰ ਨੂੰ ਸੌਂਪਿਆ ਸੀ। ਰਾਜ ਕਪੂਰ ਨੇ ਆਪਣੇ ਸਮੁੱਚੇ ਕੈਰੀਅਰ ਵਿਚ ਦਰਜਨਾਂ ਫ਼ਿਲਮਾਂ ਕੀਤੀਆਂ ਸਨ, ਜਿਨ੍ਹਾ ਵਿੱਚੋਂ 'ਆਹ', 'ਦਾਸਤਾਨ', 'ਅਨਹੋਨੀ', 'ਛਲੀਆ', 'ਅਨਾੜੀ', 'ਦਿਲ ਹੀ ਤੋ ਹੈ', 'ਸੰਗਮ', 'ਅਰਾਊਂਡ ਦਾ ਵਰਲਡ ਇਨ ਏਟ ਡਾਲਰਜ਼', 'ਸਪਨੋਂ ਕਾ ਸੌਦਾਗਰ', 'ਦੋ ਜਾਸੂਸ', 'ਗੋਪੀਚੰਦ ਜਾਸੂਸ' ਆਦਿ ਦੇ ਨਾਂਅ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਸੰਨ 1982 ਵਿਚ ਬਤੌਰ ਅਦਾਕਾਰ ਉਸ ਨੇ 'ਵਕੀਲ ਬਾਬੂ' ਵਿਚ ਵੱਡੀ ਭੂਮਿਕਾ ਨਿਭਾਈ ਸੀ, ਜਦੋਂ ਕਿ ਫ਼ਿਲਮੀ ਪਰਦੇ 'ਤੇ ਉਸ ਨੂੰ ਅਮਿਤਾਭ ਬੱਚਨ ਦੀ ਫ਼ਿਲਮ 'ਨਸੀਬ' ਦੇ ਇੱਕ ਗੀਤ ਵਿਚ ਬਾਲੀਵੁੱਡ ਦੇ ਦਿੱਗਜ਼ ਕਲਾਕਾਰਾਂ ਨਾਲ ਵੇਖਿਆ ਗਿਆ ਸੀ।

ਰਾਜ ਕਪੂਰ ਨੇ ਵੀਹਵੀਂ ਸਦੀ ਦੇ ਛੇਵੇਂ, ਸੱਤਵੇਂ ਤੇ ਅੱਠਵੇਂ ਦਹਾਕੇ ਵਿਚ ਆਪਣੀ ਨਿਰਦੇਸ਼ਨ ਕਲਾ ਦਾ ਪੂਰਾ ਲੋਹਾ ਮੰਨਵਾਇਆ ਸੀ। ਉਸ ਨੇ ਬਤੌਰ ਨਿਰਦੇਸ਼ਕ 'ਆਗ' (1948), 'ਅਵਾਰਾ', 'ਸ੍ਰੀ 420', ਅੰਦਾਜ਼', 'ਸੰਗਮ', 'ਮੇਰਾ ਨਾਮ ਜੋਕਰ', 'ਬੌਬੀ', 'ਸੱਤਿਅਮ ਸ਼ਿਵਮ ਸੁੰਦਰਮ', 'ਪ੍ਰੇਮ ਰੋਗ' ਅਤੇ 'ਰਾਮ ਤੇਰੀ ਗੰਗਾ ਮੈਲੀ' (1985) ਆਦਿ ਜਿਹੀਆਂ ਸ਼ਾਹਕਾਰ ਫ਼ਿਲਮਾਂ ਬਣਾਈਆਂ ਸਨ। ਉਸ ਨੂੰ ਆਪਣੀ ਛੇ ਸਾਲ ਦੀ ਮਿਹਨਤ ਨਾਲ ਬਣਾਈ ਫ਼ਿਲਮ 'ਮੇਰਾ ਨਾਮ ਜੋਕਰ' ਦੇ ਫ਼ਲਾਪ ਰਹਿਣ ਦਾ ਬੜਾ ਦੁੱਖ ਹੋਇਆ ਸੀ ਤੇ ਫਿਰ ਉਸ ਨੇ ਨਵੇਂ ਜ਼ਮਾਨੇ ਦੀ ਸੋਚ ਤੇ ਸ਼ੈਲੀ ਨੂੰ ਪਕੜਦਿਆਂ ਹੋਇਆਂ 'ਬੌਬੀ' ਜਿਹੀ ਸੁਪਰਹਿੱਟ ਰੁਮਾਂਟਿਕ ਫ਼ਿਲਮ ਦੇ ਕੇ ਆਪਣਾ ਗੁਆਚਦਾ ਵੱਕਾਰ ਮੁੜ ਪੈਰਾਂ 'ਤੇ ਖੜ੍ਹਾ ਕਰ ਦਿੱਤਾ ਸੀ। ਰਾਜ ਨੇ ਆਪਣੇ ਪੁੱਤਰ ਰਣਧੀਰ ਕਪੂਰ ਨੂੰ ਫ਼ਿਲਮ 'ਕਲ ਆਜ ਔਰ ਕਲ' ਅਤੇ ਰਿਸ਼ੀ ਕਪੂਰ ਨੂੰ 'ਬੌਬੀ' ਰਾਹੀਂ ਬਾਲੀਵੁੱਡ ਵਿਚ ਪ੍ਰਵੇਸ਼ ਕਰਵਾਇਆ ਸੀ ਤੇ ਸੰਨ 1988 ਵਿਚ ਉਹ ਬਤੌਰ ਨਿਰਦੇਸ਼ਕ ਫ਼ਿਲਮ 'ਹਿਨਾ' ਰਾਹੀਂ ਆਪਣੇ ਛੋਟੇ ਪੁੱਤਰ ਰਾਜੀਵ ਕਪੂਰ ਨੂੰ ਪੇਸ਼ ਕਰਨ ਜਾ ਰਿਹਾ ਸੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸੇ ਸਾਲ ਹੀ ਇਕ ਦਿਨ ਜਦੋਂ ਨਵੀਂ ਦਿੱਲੀ ਵਿਖੇ ਹੋ ਰਹੇ ਇਕ ਸਮਾਗਮ ਵਿਚ ਉਸ ਨੂੰ 'ਦਾਦਾ ਸਾਹਿਬ ਫ਼ਾਲਕੇ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਣਾ ਸੀ ਤਾਂ ਅਚਾਨਕ ਦਮੇ ਦਾ ਇਕ ਗੰਭੀਰ ਦੌਰਾ ਪੈਣ ਕਰਕੇ ਉਸ ਦੀ ਹਾਲਤ ਖ਼ਰਾਬ ਹੋ ਗਈ ਤੇ ਉਸ ਨੂੰ ਏਮਜ਼ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ। ਇਸ ਘਟਨਾ ਦੇ ਠੀਕ ਇਕ ਮਹੀਨੇ ਬਾਅਦ ਰਾਜ ਕਪੂਰ ਸਦੀਵੀ ਵਿਛੋੜਾ ਦੇ ਗਿਆ ਸੀ। ਉਸ ਦੇ ਦੇਹਾਂਤ ਉਪਰੰਤ ਰਣਧੀਰ ਕਪੂਰ ਨੇ ਬਤੌਰ ਨਿਰਦੇਸ਼ਕ ਰਾਜ ਦੀ ਆਖ਼ਰੀ ਫ਼ਿਲਮ 'ਹਿਨਾ' ਨੂੰ ਰਿਸ਼ੀ ਕਪੂਰ ਤੇ ਪਾਕਿਸਤਾਨੀ ਅਦਾਕਾਰ ਜ਼ੇਬਾ ਬਖ਼ਤਿਆਰ ਨੂੰ ਲੈ ਕੇ ਪੂਰਾ ਕੀਤਾ ਸੀ ਤੇ ਸੰਨ 1991 ਵਿਚ ਰਿਲੀਜ਼ ਕਰ ਦਿੱਤਾ ਸੀ। ਇਹ ਫ਼ਿਲਮ ਕਾਫ਼ੀ ਸਫ਼ਲ ਰਹੀ ਸੀ। ਰਾਜ ਕਪੂਰ ਦਰਅਸਲ 'ਤਿੰਨ ਰਾਸ਼ਟਰੀ ਪੁਰਸਕਾਰਾਂ', '11 ਫ਼ਿਲਮ ਫ਼ੇਅਰ ਪੁਰਸਕਾਰਾਂ', 'ਦੋ ਲਾਈਫ਼ਟਾਈਮ ਐਚੀਵਮੈਂਟ ਐਵਾਰਡਾਂ' ਅਤੇ 'ਪਦਮ ਭੂਸ਼ਣ' ਜਿਹੇ ਉੱਚ ਸਨਮਾਨਾਂ ਨਾਲ ਸਨਮਾਨਿਤ ਬਾਲੀਵੁੱਡ ਦੀ ਇਕ ਵੱਡੀ ਹਸਤੀ ਸੀ, ਜਿਸ ਦੇ ਨਾਂਅ ਦੀਆਂ ਬਾਤਾਂ ਬਾਲੀਵੁੱਡ ਵਿਚ ਕਈ ਸਦੀਆਂ ਤੱਕ ਪੈਂਦੀਆਂ ਰਹਿਣਗੀਆਂ।

**—ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਮੋਬਾ. 97816-46008

# ਯਾਦਗਾਰੀ ਹੋ ਨਿੱਬੜਿਆ ਜਸਵਿੰਦਰ ਕੌਰ ਯਾਦਗਾਰੀ ਸਮਾਗਮ

**ਸੰਗਰੂਰ** : ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਸਰਦਾਰਨੀ ਜਸਵਿੰਦਰ ਕੌਰ ਗਰੇਵਾਲ ਯਾਦਗਾਰੀ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਭਗਵੰਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਸੰਗਰੂਰ (ਰਜਿ:) ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਸ੍ਰੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ, ਡਾ. ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਪਾਲਿਕਾ ਸੰਗਰੂਰ ਅਤੇ ਉੱਘੇ ਸਿੱਖ ਚਿੰਤਕ ਨਿਹਾਲ ਸਿੰਘ ਮਾਨ ਸ਼ਾਮਲ ਹੋਏ। ਨਾਮਵਰ ਗੀਤਕਾਰ ਮੀਤ ਸਕਰੌਦੀ ਅਤੇ ਉਨ੍ਹਾਂ ਦੇ ਪਰਵਾਰ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਰਪ੍ਰੀਤ ਕੌਰ ਪੀ.ਈ.ਐੱਸ.-2 ਅਫ਼ਸਰ ਬਰਨਾਲਾ ਸ਼ਾਮਲ ਹੋਏ। ਸਮਾਗਮ ਦਾ ਆਰੰਭ ਵਿਸ਼ਵ ਪ੍ਰਸਿੱਧ ਪਾਠਕ ਭਰਾਵਾਂ ਦੇ ਕਵੀਸ਼ਰੀ ਜੱਥੇ ਦੀ ਕਵੀਸ਼ਰੀ ਨਾਲ ਹੋਇਆ, ਜਿਸ ਨੇ ਹਾਜ਼ਰ ਸਰੋਤਿਆਂ ਨੂੰ ਮੰਤਰ-ਮੁਗਧ ਕਰਕੇ ਰੱਖ ਦਿੱਤਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਭਗਵੰਤ ਸਿੰਘ ਨੇ ਕਿਹਾ ਕਿ ਅਜੋਕਾ ਮਨੁੱਖ ਪਦਾਰਥਵਾਦ ਦੀ ਅੰਨ੍ਹੀ ਦੌੜ ਵਿੱਚ ਵਸਤੂਆਂ ਨਾਲ ਵਸਤੂ ਬਣ ਕੇ ਰਹਿ ਗਿਆ ਹੈ, ਜਿਸ ਤੋਂ ਛੁਟਕਾਰਾ ਪਾਉਣ ਲਈ ਮਾਨਵੀ ਰਿਸ਼ਤਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਬਹਾਲ ਕਰਨ ਦੀ ਲੋੜ ਹੈ। ਸਭਾ ਦੀ ਲਾਇਬ੍ਰੇਰੀ ਲਈ ਸੌ ਵਧੀਆ ਕਿਤਾਬਾਂ ਦੇਣ ਦਾ ਐਲਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਿਛੋੜਾ ਦੇ ਗਏ ਪਰਵਾਰਕ ਮੈਂਬਰਾਂ ਨੂੰ ਯਾਦ ਕਰਨਾ ਨਰੋਏ ਸਮਾਜ ਦੀ ਸਿਰਜਣਾ ਵੱਲ ਇੱਕ ਨਿੱਗਰ ਕਦਮ ਹੈ। ਮੁੱਖ ਮਹਿਮਾਨ ਹਰਪ੍ਰੀਤ ਕੌਰ ਪੀ.ਈ.ਐੱਸ.-2 ਅਫ਼ਸਰ ਬਰਨਾਲਾ ਨੇ ਕਿਹਾ ਕਿ ਮੀਤ ਸਕਰੌਦੀ ਵੱਲੋਂ ਕਰਵਾਇਆ ਗਿਆ ਇਹ ਸਮਾਗਮ ਨਵੀਂ ਪੀੜ੍ਹੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ। ਸਮਾਗਮ ਵਿੱਚ ਉਚੇਚੇ ਰੂਪ ਵਿੱਚ ਸ਼ਾਮਲ ਹੋਏ ਸ੍ਰੀ ਪਵਨ ਹਰਚੰਦਪੁਰੀ ਨੇ ਕਿਹਾ ਕਿ ਅਜਿਹੇ ਸਮਾਗਮ ਸਮਾਜਿਕ ਪਰੰਪਰਾਵਾਂ ਨੂੰ ਜਿਊਂਦੇ ਰੱਖਣ ਲਈ ਬੇਹੱਦ ਜ਼ਰੂਰੀ ਹਨ। ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਮਾਨਵੀ ਜੀਵਨ ਮੁੱਲਾਂ ਨੂੰ ਬਰਕਰਾਰ ਰੱਖਣ ਲਈ ਹੋਰਨਾਂ ਸਭਾਵਾਂ ਨੂੰ ਵੀ ਆਪਣੇ ਸਾਹਿਤਕ ਮੰਚਾਂ ਤੋਂ ਅਜਿਹੇ ਸਮਾਜਿਕ ਸਮਾਗਮ ਕਰਨੇ ਚਾਹੀਦੇ ਹਨ। ਪੰਜਾਬ ਪੱਧਰ 'ਤੇ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਸਭਾ ਵੱਲੋਂ ਹਰਪ੍ਰੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਪਾਲਿਕਾ ਸੰਗਰੂਰ, ਹਰਮਨ ਕੌਰ, ਡਾ. ਭਗਵੰਤ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਨਿਹਾਲ ਸਿੰਘ ਮਾਨ ਅਤੇ ਕਰਮ ਸਿੰਘ ਜ਼ਖ਼ਮੀ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਵਿੱਚ ਸਹਾਇਕ ਕਮਿਸ਼ਨਰ ਕਿਰਤ ਵਿਭਾਗ ਸੰਗਰੂਰ ਤੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਨਿੱਜੀ ਅਦਾਰਿਆਂ ਦੇ ਬੋਰਡਾਂ 'ਤੇ ਪੰਜਾਬੀ ਲਿਖਵਾਉਣ ਦੀ ਮੰਗ ਵੀ ਕੀਤੀ ਗਈ।



ਉਪਰੰਤ ਗੁਰਨਾਮ ਸਿੰਘ ਕਾਨੂੰਨਗੋ ਦੀ ਕਵਿਤਾ ਨਾਲ ਸ਼ੁਰੂ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਅਮਰਜੀਤ ਸਿੰਘ ਅਮਨ, ਸੁਰਜੀਤ ਸਿੰਘ ਮੌਜੀ, ਬਹਾਦਰ ਸਿੰਘ ਧੌਲਾ, ਜਗਜੀਤ ਸਿੰਘ ਲੱਡਾ, ਜੰਗੀਰ ਸਿੰਘ ਰਤਨ, ਨਿਹਾਲ ਸਿੰਘ ਮਾਨ, ਅਮਰ ਗਰਗ ਕਲਮਦਾਨ, ਸੁਖਵਿੰਦਰ ਸਿੰਘ ਲੋਟੇ, ਅਮਨ ਜੱਖਲਾਂ, ਹਾਕਮ ਸਿੰਘ ਗਿੱਲ ਦੁੱਗਾਂ, ਕਰਮ ਸਿੰਘ ਜ਼ਖ਼ਮੀ, ਸੱਤਦੇਵ ਸ਼ਰਮਾ, ਕੁਲਵੰਤ ਖਨੌਰੀ, ਬਾਲ ਕ੍ਰਿਸ਼ਨ, ਜੋਰਾ ਸਿੰਘ ਮੰਡੇਰ, ਭੁਪਿੰਦਰ ਸਿੰਘ ਨਹਿਲ, ਜਤਿੰਦਰ ਸਿੰਘ, ਪਰਮਜੀਤ ਕੌਰ, ਰਾਜਦੀਪ ਸਿੰਘ, ਖੁਸ਼ਪ੍ਰੀਤ ਕੌਰ, ਨੂਰਦੀਪ ਕੌਰ, ਜਸਵਿੰਦਰ ਸਿੰਘ, ਗੁਰੀ ਚੰਦੜ, ਜਸਵੀਰ ਕੌਰ, ਬਲਜਿੰਦਰ ਕੁਮਾਰ, ਮਨਜੀਤ ਕੌਰ, ਬਬਲੀ ਮੋਗਾ, ਸੁਖਵੀਰ ਕੌਰ, ਕਵੀਸ਼ਰ ਸਤਨਾਮ ਸਿੰਘ ਪਾਠਕ, ਪ੍ਰੀਤ ਪਾਠਕ ਧਨੌਲਾ, ਸ਼ੇਰ ਸਿੰਘ ਗਿੱਲ ਦੁੱਗਾਂ, ਪਵਨ ਹਰਚੰਦਪੁਰੀ, ਸਰਬਜੀਤ ਸੰਗਰੂਰਵੀ, ਜਰਨੈਲ ਸਿੰਘ ਸੱਗੂ, ਮੁਨਸ਼ੀ ਖਾਂ, ਹਰਦਿਆਲ ਸਿੰਘ ਭਵਾਨੀਗੜ੍ਹ, ਗੁਲਜ਼ਾਰ ਸਿੰਘ ਸ਼ੌਂਕੀ, ਹਰਮਨ ਕੌਰ, ਅਮਨ ਸਿੰਘ, ਅਭੈਵੀਰ ਸਿੰਘ, ਮਨਦੀਪ ਸਿੰਘ, ਕਰਮਵੀਰ ਸਿੰਘ, ਸੋਹਨ ਲਾਲ ਸੋਨੂੰ, ਅਵਤਾਰ ਸਿੰਘ, ਸਰਬਜੀਤ ਕੌਰ, ਸੁਖਨਦੀਪ ਕੌਰ, ਹਰਪ੍ਰੀਤ ਕੌਰ, ਮੀਤ ਸਕਰੌਦੀ, ਸੁਰਿੰਦਪਾਲ ਕੌਰ, ਗੁਰਜਿੰਦਰ ਸਿੰਘ ਰਸੀਆ, ਗੁਰਚਰਨ ਸਿੰਘ ਈਲਵਾਲ, ਅਰਸ਼ਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਪ੍ਰੋ. ਮਿੱਠੂ ਪਾਠਕ, ਜਗਸੀਰ ਸਿੰਘ ਮੂਲੋਵਾਲ ਆਦਿ ਕਵੀਆਂ ਅਤੇ ਗਰੇਵਾਲ ਪਰਵਾਰ ਦੇ ਰਿਸ਼ਤੇਦਾਰਾਂ ਨੇ ਹਾਜ਼ਰੀ ਲਵਾਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

ਸਫ਼ਾ 2 ਦੀ ਬਾਕੀ

## ਕਵਿਤਾ ਦਾ ਹਰਜਾਨਾ...

ਦੂਰ ਕਰ ਜਾਂਦੀ ਕਿ ਮੇਰੇ ਤੋਂ ਵੱਡਾ/ਵੱਖਰਾ/ਵਿਲੱਖਣ ਕੋਈ ਨਹੀਂ। ਸਮੇਂ ਨਾਲ ਵਕਤ ਬਦਲਦਾ, ਲਿਖਤਾਂ ਬਦਲਦੀਆਂ ਅਤੇ ਸਿਰਜਣਕਾਰੀ ਦੇ ਕਈ ਰੰਗ ਉੱਭਰਦੇ, ਕੁਝ ਗੂੜ੍ਹੇ, ਕੁਝ ਫਿੱਕੇ ਤੇ ਕੁਝ ਧੁੰਦਲੇ ਵੀ ਹੋ ਜਾਂਦੇ। ਇਹ ਵਰਤਾਰਾ ਦਰਅਸਲ ਨਵੀਆਂ ਪੈੜਾਂ ਸਿਰਜਣ ਅਤੇ ਆਪਣੀ ਵਿਲੱਖਣਤਾ ਨੂੰ ਹਰਫ਼ਾਂ ਰਾਹੀਂ ਉਕਰਨਾ ਹੁੰਦਾ, ਜਿਸ ਨੂੰ ਕੋਈ ਨਹੀਂ ਰੋਕ ਸਕਦਾ ਬਸ਼ਰਤੇ ਕਿ ਲੇਖਕ ਆਪਣੇ ਮਨ ਤੇ ਰੂਹ ਦੀ ਸਰਦਾਰੀ ਮੰਨਦਾ ਹੋਵੇ ਅਤੇ ਦਿਮਾਗ ਦਾ ਗੁਲਾਮ ਨਾ ਹੋਵੇ।

ਮੈਂ ਕੋਈ ਲੇਖਕ ਨਹੀਂ, ਸਗੋਂ ਕੁਝ ਲਿਖਣਾ ਹੀ ਸਿੱਖ ਰਿਹਾਂ। ਕਾਸ਼! ਕੁਝ ਚੰਗਾ ਲਿਖ ਸਕਾਂ, ਜੋ ਸਮਾਂ ਦੇ ਹਾਣ ਦਾ ਹੋਵੇ ਅਤੇ ਜਿਸ ਦੀ ਉਮਰ ਮੇਰੇ ਜੇਡੀ ਹੀ ਹੋਵੇ। ਸ਼ਬਦ ਦੀ ਲੰਮੇਰੀ ਉਮਰ ਨੂੰ ਕੀ ਕਰਨਾ। ਜਿੰਨੇ ਚਿਰ ਮੇਰੇ ਸ਼ਬਦ ਜਿਉਂਦੇ ਰਹਿਣਗੇ, ਮੈਂ ਜਿਉਂਦਾ ਹਾਂ। ਇਹ ਅੱਖਰਕਾਰੀ ਹੀ ਹੈ, ਜਿਹੜੀ ਮੇਰੇ ਸਾਹਾਂ ਵਿਚ ਵੱਸਦੀ, ਮੇਰੇ ਸ਼ਬਦਾਂ ਵਿਚ ਗੁਣਗੁਣਾਉਂਦੀ ਅਤੇ ਮੇਰਿਆਂ ਪੋਟਿਆਂ ਵਿਚ ਕੁਝ ਲਿਖਣ ਦੀ ਚਾਹਤ ਉਪਜਾਉਂਦੀ। ਮੈਂ ਸਿਰਫ਼ ਆਪਣੇ ਲਈ ਹੀ ਲਿਖਦਾ ਹਾਂ। ਜੇਕਰ ਇਹ ਕਿਸੇ ਦੇ ਹਿੱਸੇ ਦਾ ਸੱਚ ਬਣ ਜਾਵੇ ਤਾਂ ਇਸ ਤੋਂ ਵੱਡਾ ਸੁਖਨ ਮੇਰੇ ਲਈ ਕੀ ਹੋ ਸਕਦਾ? ਪਰ ਇਸ ਸ਼ਬਦ-ਸਫ਼ਰ ਵਿਚ ਕੁਝ ਅਜਿਹਾ ਵੀ ਵਾਪਰਦਾ, ਜਿਹੜਾ ਤੁਹਾਡੇ ਅਵਚੇਤਨ ਵਿਚ ਖ਼ਲਬਲੀ ਪੈਦਾ ਕਰਦਾ ਅਤੇ ਸੋਚਣ ਲਈ ਮਜਬੂਰ ਕਰਦਾ ਕਿ ਅੱਛਾ! ਇੰਝ ਵੀ ਕੋਈ ਸੋਚ ਸਕਦਾ। ਕਵਿਤਾ ਦੀ ਤੌਹੀਨ ਕਰ ਸਕਦਾ। ਇਹ ਕਿਸੇ ਦੇ ਅੰਦਰ ਵੱਸਦੀ ਹਉਮੈਂ ਦਾ ਪ੍ਰਗਟਾਅ ਤਾਂ ਨਹੀਂ ਜਾਂ ਕਿਸੇ ਨੂੰ ਨੀਵਾਂ ਦਿਖਾਉਣ ਦਾ ਤੁਅੱਸਬੀ ਵਰਤਾਰਾ ਤਾਂ ਨਹੀਂ।

1985 ਦਾ ਸਾਲ। ਮੈਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਾਉਂਦਾ ਸਾਂ। ਮੇਰੀ ਇਕ ਕਵਿਤਾ ਪੰਜਾਬ ਭਾਸ਼ਾ ਵਿਭਾਗ ਦੇ ਮੈਗਜ਼ੀਨ ਜਨ-ਸਾਹਿਤ ਵਿਚ ਛਪੀ। ਮੈਂ ਚਾਅ ਨਾਲ ਕਾਲਜ ਵਿਚ ਮੇਰੇ ਨਾਲ ਪੜ੍ਹਾਉਂਦੇ ਪੰਜਾਬੀ ਦੇ ਬਹੁਤ ਵੱਡੇ ਅਦੀਬ ਨੂੰ ਦਿਖਾਈ ਤਾਂ ਉਸ ਨੇ ਸਰਸਰੀ ਨਜ਼ਰ ਮਾਰ ਕੇ ਕਿਹਾ ਕਿ ਚਲੋ ਚੰਗਾ ਹੋਇਆ, ਤੈਨੂੰ ਇਸ ਕਵਿਤਾ ਦੇ 25 ਰੁਪਏ ਮਿਲ ਜਾਣਗੇ, ਪਰ ਕਵਿਤਾ ਬਾਰੇ ਇਕ ਸ਼ਬਦ ਵੀ ਨਾ ਬੋਲਿਆ। ਮੈਂ ਇਹ ਸੁਣ ਕੇ ਭੁਚੱਕਾ ਹੀ ਰਹਿ ਗਿਆ ਅਤੇ ਖਾਮੋਸ਼ ਤੇ ਨਿਰਾਸ਼ ਹੋ ਗਿਆ। ਦਰਅਸਲ ਉਸ ਸਮੇਂ ਕਵਿਤਾ ਛਪਣ 'ਤੇ ਭਾਸ਼ਾ ਵਿਭਾਗ 25 ਰੁਪਏ ਦਿੰਦਾ ਸੀ ਤੇ ਮੈਂ ਸੋਚਣ ਲੱਗਾ ਕਿ ਕੀ ਕਵਿਤਾ ਨੂੰ ਪੈਸੇ ਨਾਲ ਤੋਲਿਆ ਜਾ ਸਕਦਾ? ਕੀ ਮੈਂ ਕਵਿਤਾ ਪੈਸੇ ਲਈ ਲਿਖਦਾਂ? ਕੀ ਮੇਰੇ ਭਾਵਨਾਵਾਂ ਨੂੰ ਧਨ ਦੀ ਤੱਕੜੀ ਵਿਚ ਤੋਲਦਿਆਂ ਉਸ ਅਦੀਬ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਇਨ੍ਹਾਂ ਬੋਲਾਂ ਨਾਲ ਕਿਸੇ ਦੇ ਮਨ 'ਤੇ ਕਿੰਨੀਆਂ ਝਰੀਟਾਂ ਪੈਂਦੀਆਂ। ਉਸ ਝਰੀਟਾਂ ਦੀ ਅਬੋਲ ਪੀੜਾ ਹੀ ਹੈ ਕਿ ਮੈਂ ਉਨ੍ਹਾਂ ਬੋਲਾਂ ਨੂੰ ਅੱਜ ਤੱਕ ਨਹੀਂ ਭੁੱਲਿਆ ਅਤੇ ਅਕਸਰ ਹੀ ਮੇਰੇ ਲਈ ਕੁਝ ਨਵਾਂ ਅਤੇ ਅਲੋਕਾਰੀ ਕਰਨ ਦੀ ਤਰਜੀਹ ਬਣਦੇ। ਮੇਰੇ ਲਈ ਸਾਹਿਤਕਾਰੀ ਵਪਾਰ ਨਹੀਂ ਅਤੇ ਨਾ ਹੀ ਮੈਂ ਕਦੇ ਪੈਸੇ ਖਾਤਰ ਲਿਖਿਆ ਹੈ। ਲਿਖਣਾ ਮੇਰੇ ਮਨ ਦੀ ਮੌਜ। ਮੈਂ ਸਾਈ 'ਤੇ ਤਾਂ ਉੱਕਾ ਹੀ ਨਹੀਂ ਲਿਖ ਸਕਦਾ, ਜਿਵੇਂ ਕਿ ਕੁਝ ਲੇਖਕ ਅਕਸਰ ਕਰਦੇ ਹੀ ਹਨ।

ਦਰਅਸਲ ਇਸ ਘਟਨਾ ਨੇ ਇਹ ਸਪੱਸ਼ਟ ਹੀ ਕਰ ਦਿੱਤਾ ਕਿ 'ਵੱਡੇ ਦਿਸਣ ਵਾਲੇ ਲੋਕ ਦਰਅਸਲ ਹਉਮੈਂ ਦੇ ਕੂੱਪ ਹੁੰਦੇ ਹਨ। ਅਜਿਹੇ ਲੋਕ ਏਡਾ ਵੱਡਾ ਭਰਮ ਪਾਲ ਲੈਂਦੇ ਕਿ ਉਨ੍ਹਾਂ ਨੂੰ ਨਵ-ਲੇਖਕ ਤੁੱਛ ਜੇਹਾ ਲੱਗਦਾ। ਉਹ ਆਪਣੀ ਅਹਿਮੀਅਤ ਦਿਖਾਉਣ ਲੱਗਿਆਂ ਬਹੁਤ ਛੋਟੇ ਜਹੇ ਹੋ ਜਾਂਦੇ। ਇਹ ਛੋਟਾਪਣ ਹੀ ਹੁੰਦਾ ਕਿ ਉਨ੍ਹਾਂ ਦੀਆਂ ਹਰਕਤਾਂ ਅਤੇ ਵਰਤੋਂ-ਵਿਵਹਾਰ ਵਿੱਚੋਂ ਤੁਸੀਂ ਉਸ ਦੀ ਮਾਨਸਿਕਤਾ ਨੂੰ ਪੜ੍ਹ, ਉਸ ਦੇ ਖੋਖਲੇਪਣ ਨੂੰ ਪਹਿਚਾਣ ਸਕਦੇ ਹੋ। ਹਰ ਵਾਰ ਮੈਂ ਸੋਚਦਾ ਹਾਂ ਕਿ ਕੀ ਮੈਂ ਆਪਣੀਆਂ ਲਿਖਤਾਂ ਵਿਚ ਉਹ ਕੁਝ ਲਿਖਦਾ ਹਾਂ, ਜੋ ਮੈਂ ਅਸਲ ਵਿਚ ਹਾਂ। ਇਹੀ ਸੋਚ ਮੇਰੀ ਹਰ ਲਿਖਤ ਵਿਚ ਭਾਰੂ ਹੁੰਦੀ ਕਿ ਕੁਝ ਕਹਿਣ ਤੋਂ ਪਹਿਲਾਂ ਖੁਦ ਅਮਲ ਕਰਨ ਦਾ ਵੱਲ ਆ ਜਾਵੇ, ਤਾਂ ਹੀ ਲਿਖਤ ਦਾ ਸੁਹੱਪਣ ਤੇ ਸਾਦਗੀ, ਇਸ ਦੇ ਸੱਚ ਨੂੰ ਹਰ ਮਸਤਕ ਵਿਚ ਧਰਦੀ, ਆਪਣਾ ਮੁੱਲ ਪਵਾ ਹੀ ਲੈਂਦੀ ਹੈ। ਤੁਹਾਨੂੰ ਕਿਸੇ ਜੁਗਾੜ ਜਾਂ ਚਾਪਲੂਸਾਂ ਦੀ ਭੀੜ ਇਕੱਠੀ ਕਰਨ ਦੀ ਲੋੜ ਨਹੀਂ। ਮੈਂ ਕਿਤੇ ਲਿਖਿਆ ਸੀ ਕਿ ਕਈ ਵਾਰ ਇਕ ਹੀ ਬੰਦਾ ਕਾਫ਼ਲਾ ਬਣ ਜਾਂਦਾ, ਜਦ ਕਿ ਬਹੁਤੀ ਵਾਰ ਕਾਫ਼ਲੇ ਵਿਚ ਇਕ ਵੀ ਬੰਦਾ ਨਹੀਂ ਹੁੰਦਾ।

ਕਵਿਤਾ ਦੀ ਤੌਹੀਨ ਨੂੰ ਜਰਨਾ ਬਹੁਤ ਔਖਾ ਹੁੰਦਾ। ਜਦ ਇਹ ਪਲੇਠੀ ਹੋਵੇ ਤਾਂ ਕਈ ਵਾਰ ਕਵਿਤਾ ਦਾ ਗਰਭਪਾਤ ਹੀ ਹੋ ਜਾਂਦਾ ਅਤੇ ਇਸ ਦਾ ਦੋਸ਼ ਸਿਰਫ਼ ਉਨ੍ਹਾਂ ਪਾਰਖੂਆਂ ਸਿਰ ਲੱਗਦਾ, ਜੋ ਕਿਸੇ ਦੀ ਮੌਲਿਕਤਾ ਨੂੰ ਪਨਪਣ ਤੋਂ ਪਹਿਲਾਂ ਹੀ ਅਣਆਈ ਮੌਤੇ ਮਾਰ ਦਿੰਦੇ, ਪਰ ਅਜਿਹੇ ਵਕਤਾਂ ਵਿਚ ਅਗਰ ਕਵਿਤਾ ਜਿਉਂਦੀ ਰਹਿ ਜਾਵੇ ਤਾਂ ਫਿਰ ਉਹ ਹੌਲੀ-ਹੌਲੀ ਆਪਣੇ ਨਿਵੇਕਲੇਪਣ ਅਤੇ ਮੌਲਿਕਤਾ ਨਾਲ ਆਪਣਾ ਫਰੇਮ ਖੁਦ ਸਿਰਜਦੀ ਆਪਣੀ ਪਛਾਣ ਦੇ ਮਾਰਗ 'ਤੇ ਤੁਰ ਹੀ ਪੈਂਦੀ। ਫਿਰ ਅਜਿਹੀ ਸ਼ਬਦਕਾਰੀ ਨੂੰ ਅਪਨਾਉਣ ਦਾ ਇਕ ਅਲੋਕਾਰਾ, ਅਕਹਿ ਅਤੇ ਅਸੀਮ ਆਨੰਦ ਹੁੰਦਾ। ਬਹੁਤ ਸਾਰੇ ਪੜਾਅ ਹੁੰਦੇ ਨੇ ਕਿਸੇ ਕਲਮੀ ਸਫ਼ਰ ਦੇ, ਜਿਨ੍ਹਾਂ ਵਿੱਚੋਂ ਬਹੁਤ ਕੁਝ ਸੁਚੇਤ ਅਤੇ ਅਚੇਤ ਰੂਪ ਵਿਚ ਸਿੱਖ ਕੇ ਹੀ ਕਲਮ ਆਪਣੀ ਕੀਰਤੀ ਦਾ ਕਰਮ-ਧਰਮ ਨਿਭਾਉਂਦੀ।

ਮੇਰੀ ਕਵਿਤਾ ਦੀ ਪਹਿਲੀ ਪੁਸਤਕ ਦੇ ਮੁੱਢਲੇ ਸ਼ਬਦ ਲਿਖਦਿਆਂ ਇਕ ਪ੍ਰੌੜ੍ਹ ਕਵੀ ਨੇ ਇਸ ਨੂੰ ਕਬਾੜ ਕਹਿਣ ਤੋਂ ਮਸਾਂ ਹੀ ਟਾਲਾ ਵੱਟਿਆ। ਮੈਂ ਉਸ ਦੇ ਸ਼ਬਦਾਂ ਨੂੰ ਸਮੁੱਚ ਵਿਚ ਹੀ ਛਾਪ ਦਿੱਤਾ ਕਿਉਂਕਿ ਮੈਂ ਆਪਣੀ ਔਕਾਤ ਨੂੰ ਲਿਖਤੀ ਰੂਪ ਵਿਚ ਆਪਣੇ ਸਨਮੁੱਖ ਰੱਖ ਕੇ ਆਪਣਾ ਮੁਲਾਂਕਣ ਕਰਨ ਦੀ ਆਦਤ ਬਣਾਉਣਾ ਚਾਹੁੰਦਾ ਸਾਂ। ਮੈਂ ਪੰਜਾਬੀ ਦਾ ਵਿਦਿਆਰਥੀ ਤਾਂ ਨਹੀਂ। ਸਾਇੰਸ ਦੇ ਪ੍ਰੋਫ਼ੈਸਰ ਲਈ ਪੰਜਾਬੀ ਵਿਚ ਲਿਖਣਾ ਦਰਅਸਲ ਸਥਾਪਤ ਸਲਤਨਤ ਵਿਚ ਦਖਲਅੰਦਾਜ਼ੀ ਤੋਂ ਘੱਟ ਨਹੀਂ ਹੁੰਦਾ। ਉਸ ਪ੍ਰੋੜ੍ਹ ਕਵੀ ਨੂੰ ਆਪਣੇ ਆਪ ਤੇ ਸ਼ਾਇਦ ਕੁਝ ਅਫਸੋਸ ਹੋਵੇਗਾ ਕਿ ਉਸ ਨੂੰ ਇੰਝ ਨਹੀਂ ਸੀ ਲਿਖਣਾ ਚਾਹੀਦਾ, ਕਿਉਂਕਿ ਉਸ ਦੇ ਸ਼ਬਦਾਂ ਵਿਚ ਸਿਰਫ਼ ਮੇਰੀ ਕਵਿਤਾ ਦਾ ਮੁਲਾਂਕਣ ਹੀ ਨਹੀਂ, ਸਗੋਂ ਉਸ ਦੇ ਅੰਦਰਲਾ ਸੱਚ ਵੀ ਅਮੂਰਤ ਰੂਪ ਵਿਚ ਨਜ਼ਰ ਆਉਂਦਾ ਸੀ, ਪਰ ਮੈਨੂੰ ਬਹੁਤ ਚੰਗਾ ਲੱਗਾ ਜਦ ਸ਼੍ਰੋਮਣੀ ਪਰਵਾਸੀ ਸਾਹਿਤਕਾਰ ਦਾ ਸਨਮਾਨ ਮਿਲਣ 'ਤੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਹੀ ਫ਼ੋਨ ਆਇਆ। ਦਰਅਸਲ ਆਪਣੀ ਨਿੱਜੀ ਛਾਪ ਵਾਲੀ ਸ਼ਬਦਕਾਰੀ ਨੂੰ ਸਮਰਪਿਤ ਹੋਣਾ ਅਤੇ ਵੱਖਰੇ ਰੂਪ ਵਿਚ ਕੁਝ ਅਜਿਹੀਆਂ ਲਿਖਤਾਂ ਨੂੰ ਵਰਕਿਆਂ ਦੇ ਨਾਂਅ ਕਰਨਾ ਕਿ ਉਹ ਆਪਣੀ ਸਾਰਥਿਕਤਾ ਕਦੇ ਵੀ ਨਾ ਗਵਾਉਣ। ਆਪਣੀ ਸਮਰੱਥਾ ਨਾਲ ਆਪਣੇ ਹਿੱਸੇ ਦੀ ਜ਼ਮੀਨ ਤਲਾਸ਼ ਸਕਣ, ਨਾ ਕਿ ਉਹ ਫਾਹੁੜੀਆਂ ਸਹਾਰੇ ਖੜੇ ਹੋਣ ਦੀ ਢਾਰਸ ਬੰਨ੍ਹਾਉਣ ਜੋਗੇ ਹੀ ਰਹਿ ਜਾਣ।

ਸ਼ਬਦੀ ਸੱਟਾਂ ਅਤੇ ਫ਼ੱਟ ਖਾਂਦਿਆਂ ਅਤੇ ਪੀੜਾਂ ਸਹਿੰਦਿਆਂ ਹੀ ਕਾਵਿ-ਸਫ਼ਰ ਨੂੰ ਜਾਰੀ ਰੱਖਣ ਦਾ ਅਹਿਦ ਹੀ ਦਰਅਸਲ ਕਵਿਤਾ ਦਾ ਸਭ ਤੋਂ ਵੱਡਾ ਸੱਚ। ਤੁਹਾਨੂੰ ਨਿੱਕੀ ਤੋਂ ਨਿੱਕੀ ਘਟਨਾ, ਬੋਲ ਜਾਂ ਹਾਵ-ਭਾਵ ਕਿਵੇਂ ਪ੍ਰਭਾਵਤ ਕਰਦੇ ਅਤੇ ਤੁਸੀਂ ਇਨ੍ਹਾਂ ਨੂੰ ਸ਼ਬਦਾਂ ਦੇ ਹਵਾਲੇ ਕਰ, ਲਿਖਤ ਦੇ ਕਿਹੜੇ ਰੂਪ ਨੇ ਪ੍ਰਗਟ ਹੋਣਾ, ਇਹ ਲਿਖਤ 'ਤੇ ਛੱਡ ਦੇਵੋਗੇ ਤਾਂ ਤੁਸੀਂ ਮੌਲਿਕ ਰੂਪ ਵਿਚ ਕੁਝ ਤਾਂ ਅਜਿਹਾ ਲਿਖ ਜਾਵੋਗੇ, ਜੋ ਕਿਸੇ ਹੋਰ ਦੇ ਹਿੱਸੇ ਸ਼ਾਇਦ ਨਾ ਆਇਆ ਹੋਵੇ।

ਇਹ ਧਾਰਨਾ ਮੇਰੇ ਮਨ ਵਿਚ ਸਦਾ ਹਾਵੀ ਕਿ ਆਪਣੇ ਅੰਤਰੀਵ ਦੇ ਆਖੇ ਲੱਗ ਮਨਾ। ਕੁਝ ਤਾਂ ਅਜਿਹਾ ਲਿਖ ਕਿ ਇਸ ਵਿੱਚੋਂ ਤੇਰੇ ਸਮੁੱਚ ਦਾ ਦੀਦਾਰ ਹੋਵੇ। ਪਾਠਕ ਨੂੰ ਆਪਣੇ ਆਪ ਨੂੰ ਲੱਭਣ ਲਈ ਬਾਹਰੀ ਭਟਕਣ 'ਤੇ ਨਾ ਜਾਣਾ ਪਵੇ, ਸਗੋਂ ਆਪਣੇ-ਆਪ ਨੂੰ ਮਿਲ ਕੇ ਸਵੈ ਦੀ ਖੋਜ ਦੇ ਰਾਹ ਤੁਰ ਪੈਣ ਦੀ ਸੋਝੀ ਆ ਜਾਵੇ।

ਸਫ਼ਾ 3 ਦੀ ਬਾਕੀ

## ਪੰਜਾਬੀ ਜੀਵਨ ਦਾ ਲੋਕ-ਧਰਾਈ ਬਿਰਤਾਂਤ ...

ਅੰਤਿਮ ਰਸਮਾਂ ਕਰਦਿਆਂ ਖੇਸ, ਕੰਬਲ ਤੇ ਦੁਸ਼ਾਲੇ ਉਹਦੀ ਦੇਹ 'ਤੇ ਪਾਏ, ਜਿਵੇ ਕੋਈ ਸ਼ਾਹੀ ਪੈਗੰਬਰ ਨੂੰ ਅਲਵਿਦਾ ਕਹੀ ਜਾ ਰਹੀ ਹੋਵੇ.. ।

ਸੋ ਅਜਿਹੇ ਵਰਨਣ ਰਾਹੀਂ ਹਰਕੀਰਤ ਪੰਜਾਬ ਦੇ ਫ਼ਿਰਕੂ ਭੇਦ ਰਹਿਤ ਜੀਵਨ ਦਾ ਚਿੱਤਰ ਪੇਸ਼ ਕਰਦੀ ਹੈ, ਬਜ਼ੁਰਗ ਦੇ ਮਰਨ 'ਤੇ ਬਬਾਣ ਦੀ ਰਸਮ ਦਾ ਦ੍ਰਿਸ਼ ਸਾਕਾਰ ਕਰਦੀ ਹੈ । ਮਾਲਣ ਅੱਲਾ ਤੇ ਮੰਗੋ ਰਾਮ ਜੀ ਦੀ ਪੁਜਾਰਨ ਹੈ। ਹਰ ਜਣੇਪਾ ਸ਼ੁਰੂ ਕਰਨ ਤੋਂ ਪਹਿਲਾਂ ਮਾਲਣ ਦੇ ਸਾਂਭ ਕੇ ਰੱਖੇ ਹੱਥਾਂ ਦਾ ਆਸ਼ੀਰਵਾਦ ਲੈਂਦੀ ਹੈ। ਸਾਰੇ ਨਗਰ ਵਿੱਚ ਮੰਗੋ ਆਪਣਾ ਸਤਿਕਾਰਯੋਗ ਸਥਾਨ ਬਣਾਉਂਦੀ ਹੈ। ਲੋੜਵੰਦ ਦੀ ਮਦਦ ਕਰਦੀ ਹੈ ਤੇ ਪ੍ਰੇਮ ਭਰੀ ਰੂਹ ਬਣ ਜਿਉਂਦੀ ਹੈ। ਭਰੂਣ ਹੱਤਿਆ ਦੀਆਂ ਕਨਸੋਆਂ ਵੀ ਨਾਵਲ ਵਿੱਚ ਹਨ, ਜਿਸ ਨੇ ਦਾਈਪੁਣੇ ਦੇ ਕਿੱਤੇ ਨੂੰ ਖੋਰਾ ਲਾ ਕੇ ਸ਼ਹਿਰੀ ਡਾਕਟਰਾਂ ਕੋਲ ਜਾ ਕੇ ਟੈਸਟ ਕਰਾਉਣ ਦਾ ਜ਼ਿਕਰ ਹੈ। ਮੰਗੋ ਵਰਗੇ ਪਾਤਰ ਇਸ 'ਤੇ ਇਹੀ ਸੋਚਦੇ ਹਨ, ਕਲਯੁੱਗ ਆ ਗਿਆ, ਜਿੱਥੇ ਰੱਬ ਦੀ ਨਹੀਂ, ਬੰਦੇ ਦੀ ਮਰਜ਼ੀ ਚੱਲਦੀ ਹੈ।

ਨਿਰਾਸ਼ ਹੋਈ ਮੰਗੋ ਇਹ ਕੰਮ ਛੱਡ ਕੇ ਭਜਨ-ਬੰਦਗੀ ਦੇ ਰਾਹ ਪੈਂਦੀ ਹੈ, ਕਿਉਂਕਿ ਇਹ ਸਮਾਂ ਮੰਡੀ ਯੁੱਗ ਦੇ ਪੈਰ ਪਸਾਰਨ ਦਾ ਸਮਾਂ ਹੈ। ਪਿੰਡ ਦੀ ਔਰਤ ਕਰਤਾਰੋ ਦੀ ਮੌਤ ਜੋ ਕਿ ਇਕੱਲੀ ਰਹਿੰਦੀ ਸੀ ਤੇ ਮੁਸ਼ਕ ਆਉਣ 'ਤੇ ਪਿੰਡ ਨੂੰ ਉਸ ਦੇ ਮਰਨ ਦਾ ਪਤਾ ਲੱਗਦਾ ਹੈ ਤਾਂ ਮੰਗੋ ਵੀ ਚਿੰਤਾਤੁਰ ਹੁੰਦੀ ਹੈ ਤੇ ਜ਼ਿੰਦਗੀ ਦਾ ਤਾਣਾ-ਪੇਟਾ ਨਿਬੇਟਣ ਬਾਰੇ ਸੋਚਦੀ ਤੇ ਜੀਤ ਦੇ ਭੂਆ ਦੇ ਪਿੰਡ ਸੁਨੇਹਾ ਭੇਜਦੀ ਹੈ ਤੇ ਮਿਲ ਕੇ ਜਾਣ ਦੀ ਤਾਗੀਦ ਕਰਦੀ ਹੈ ਤੇ ਭੂਆ ਦੀ ਨੂੰਹ ਬੰਸੋ ਉਸ ਨੂੰ ਮਿਲਣ ਆਉਂਦੀ ਹੈ ਤੇ ਮੰਗੋ ਉਸ ਨਾਲ ਜੀਤ ਵੱਲੋਂ ਦੱਸਿਆ ਰਾਜ ਸਾਂਝਾ ਕਰਦੀ ਹੈ ਤਾਂ ਬੰਸੋ ਸੱਚ ਕਬੂਲਦੀ ਹੈ, ਹਾਂ ਮੰਗੋ, ਜਗਦੀਪ ਉਸ ਦਾ ਹੀ ਪੁੱਤ ਹੈ .. ਮੇਰੇ ਤੇ ਮੇਰੀ ਸੱਸ ਤੋਂ ਬਿਨਾਂ ਇਹ ਕਿਸੇ ਨੂੰ ਭਿਣਕ ਨਹੀਂ ਸੀ .. ਮੈਂ ਤਾਂ ਜੀਤ ਸਿਉਂ ਦਾ ਕਦੇ ਅਹਿਸਾਨ ਨਹੀਂ ਦੇ ਸਕਦੀ, ਜਿਸ ਭਲੇ ਲੋਕ ਨੇ ਮੇਰਾ ਦੁਨੀਆ ਵਿੱਚ ਵਸੇਬਾ ਕੀਤਾ ਤੇ ਜੱਗ ਨਾਲ ਸਾਂਝ ਪਵਾਈ। ਇਹਨਾਂ ਕਥਨਾਂ ਨੂੰ ਪੰਜਾਬੀ ਜਨਜੀਵਨ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਹੈ, ਜਿੱਥੇ ਖ਼ੂਨ ਦੇ ਰਿਸ਼ਤਿਆਂ ਦੀ ਪ੍ਰਮੁੱਖਤਾ ਹੈ। ਭੂਆ ਵੱਲੋਂ ਆਪਣੇ ਪੁੱਤ ਦੀ ਕਮਜ਼ੋਰੀ ਲੋੜਵੰਦ ਭਤੀਜੇ ਨਾਲ ਪੂਰੀ ਕਰਨੀ ਤੇ ਮੰਗੋ ਦਾ ਬੰਸੋ ਨੂੰ ਇਹ ਕਹਿਣਾ, ਤੂੰ ਵੀ ਤਾਂ ਓਹਦਾ ਜੱਗ ਨਾਲ ਸੀਰ ਪਵਾਇਆ, ਉਹਨੂੰ ਪੁੱਤਾਂ-ਪੋਤਿਆਂ ਤੱਕ ਜਿਉਂਦੇ ਰੱਖਿਆ .. ਬੰਦਾ ਹੀ ਬੰਦੇ ਦੀ ਦਾਰੂ ਹੈ.. ਅਸੀਂ ਸਭ ਲੋੜਾਂ-ਥੁੜਾਂ ਦੇ ਮਾਰੇ ਇਕ-ਦੂਜੇ ਨੂੰ ਪੂਰਦੇ ਹਾਂ .. ਜੀਤ ਸਰਦਾਰ ਦੇ ਤਿੰਨ ਪੋਤੇ ਨੇ .. ਹੁਣ ਫਿਰ ਪਿਉ ਦੀ ਜ਼ਮੀਨ 'ਤੇ ਹੱਕ ਵੀ ਉਨ੍ਹਾ ਦਾ ਹੀ ਹੈ .. ਮੈਂ ਇਹ ਫਰਜ਼ ਨਿਭਾਅ ਕੇ ਸੌਖੀ ਹੋਣ ਨੂੰ ਫਿਰਦੀ ਹਾਂ। ਮਗਰੋਂ ਕੌਣ ਜਾਣੂੰ ਕਿ ਅਸਲੀ ਹੱਕਦਾਰ ਕੌਣ ਹੈ ?

ਇਸ ਤਰ੍ਹਾਂ ਉਹ ਜੀਤ ਤੇ ਸੁਰਜੀਤ ਦੀ ਜਾਇਦਾਦ ਉਸ ਦੇ ਵਾਰਸ ਜਗਦੀਪ ਦੇ ਪੋਤੇ ਨੂੰ ਘਰ ਲਿਆ ਕੇ ਹੱਥੀਂ ਖੁਸ਼ੀ ਮਨਾ ਕੇ, ਵਿਆਹ ਕਰ ਕੇ ਆਪ ਸੁਰਖ਼ਰੂ ਹੁੰਦੀ ਹੈ ਤੇ ਇੱਕ ਦਿਨ 'ਸੁੱਖਾਂ ਲੱਧੀ ਪੌਣ' ਦੀਆਂ ਮਹਿਕਾਂ ਮਾਣਦਿਆਂ ਪਵਨ ਵਿੱਚ ਹੀ ਸਮਾਅ ਜਾਂਦੀ ਹੈ।

ਹਰਕੀਰਤ ਦਾ ਇਹ ਨਾਵਲ ਪੰਜਾਬੀ ਲੋਕ-ਧਾਰਾ ਨੂੰ ਸਮੋਈ ਬੈਠਾ ਹੈ । ਰਿਸ਼ਤਾ-ਨਾਤਾ ਪ੍ਰਬੰਧ, ਮੇਲੇ, ਸੰਸਕਾਰ, ਸਾਂਝ, ਕਿੱਤੇ, ਲੇਖ, ਸੰਗੀਤਕ ਧੁਨਾਂ, ਆਂਚਲਿਕ ਮੁਹਾਵਰੇਦਾਰ ਲੋਕ ਸਿਆਣਪਾਂ ਭਰੀ, ਕੁਦਰਤੀ ਵਾਤਾਵਰਣ ਦੇ ਸਾਕਾਰ ਦ੍ਰਿਸ਼ ਆਦਿ ਨੂੰ ਉਸ ਨੇ ਬੜੀ ਖ਼ੂਬਸੂਰਤੀ ਨਾਲ ਨਿਭਾਇਆ ਹੈ। ਮੰਗੋ ਦਾ ਪਾਤਰ ਮੈਨੂੰ, ਡਾ. ਟਿਵਾਣਾ ਦੀ ਏਹੋ ਹਮਾਰਾ ਜੀਵਣਾ ਦੀ ਪਾਤਰ ਭਾਨੋ ਦਾ ਵਿਸਥਾਰ ਤੇ ਪਾਸਾਰ ਲੱਗਦਾ ਹੈ। ਮੰਗੋ ਨੂੰ ਪੀੜ ਹੰਢਾ ਕੇ ਮਨ ਦਾ ਮੀਤ ਤੇ ਰਿਸ਼ਤਿਆਂ ਦਾ ਪਿਆਰ ਮਿਲਦਾ ਹੈ, ਜਿਸ ਦੀ ਉਸ ਰੂਹ ਤਰਿਹਾਈ ਸੀ ਤੇ ਨਗਰ ਖੇੜੇ ਦੀ ਮਦਦ ਦੇ ਯੋਗ ਹੋਣਾ ਤੇ ਮਦਦ ਕਰਕੇ ਖੁਸ਼ੀ ਪ੍ਰਾਪਤ ਕਰਨਾ ਉਸ ਦੀ ਨੇਕ ਤੇ ਰੱਜੀ ਰੂਹ ਦਾ ਵਿਸਥਾਰ ਹੈ। ਓਪਰੀ ਨਜ਼ਰੇ ਨਾਵਲੀ ਪੜਤ ਨਾਲ ਭਾਵੇਂ ਪਾਠਕ ਨੂੰ ਕੁਝ ਘਟਨਾਵਾਂ ਅਣਯਥਾਰਥਕ ਲੱਗਣ, ਪਰ ਪਿੰਡ ਦੀ ਰਹਿਤਲ 'ਚ ਪਲੇ ਪਾਠਕ ਰਿਸ਼ਤਿਆਂ ਦੇ ਅਜਿਹੇ ਵਰਤਾਰੇ ਤੋਂ ਭਲੀ-ਭਾਂਤ ਜਾਣੂ ਹਨ। ਜ਼ਿੰਦਗੀ ਦੇ ਸੱਚ ਤੇ ਰਹੱਸ ਨੂੰ ਹਰਕੀਰਤ ਦੀ ਅਨੁਭਵੀ ਕਲਮ ਬੜੇ ਸਹਿਜੇ ਹੀ ਬਿਆਨ ਕਰ ਜਾਂਦੀ ਹੈ। ਪੰਜਾਬੀ ਜੀਵਨ 'ਚ ਵਾਰਸ ਦੀ ਹੋਂਦ ਲਈ ਸਿੱਕਦੀਆਂ ਔਰਤਾਂ, ਜ਼ਮੀਨ ਦੀ ਥੁੜ ਕਾਰਨ ਅਣਵਿਆਹੇ, ਮੋਹ ਲਈ ਸਾਵੀਂ ਜ਼ਿੰਦਗੀ ਤਲਾਸ਼ਦੇ, ਜ਼ਮੀਨ ਦੇ ਦਿਨੋ-ਦਿਨ ਘਟਦੇ ਹਿੱਸੇ ਲਈ ਚਿੰਤਾਤੁਰ, ਪਾਤਰਾਂ ਦੀ ਜ਼ਿੰਦਗੀ ਵਿੱਚ ਇਹ ਨਾਵਲ 'ਸੁੱਖਾਂ ਲੱਧੀ ਪੌਣ' ਹੋ ਨਿੱਬੜਿਆ ਹੈ, ਜੋ ਅੰਤ 'ਤੇ ਸੁੱਖ ਦਾ ਸਾਹ ਪ੍ਰਦਾਨ ਕਰਦਾ ਹੈ । ਰਿਸ਼ਤਿਆਂ ਦੀ ਧਰਾਤਲ ਨੂੰ ਮੋਹ ਤੇਹ ਨਾਲ ਤ੍ਰੌਂਕਦਾ ਹੈ। ਹਰਕੀਰਤ ਦੀ ਨਾਵਲੀ ਕਲਾ ਵਿੱਚ ਪਾਤਰ ਚਿਤਰਣ, ਸ਼ਬਦਾਵਲੀ, ਵਾਤਾਵਰਣ, ਰੌਚਿਕਤਾ ਆਦਿ ਜੁਗਤਾਂ ਪੱਖੋਂ ਸਫਲ ਹੈ। ਵਿਸ਼ੇ ਦੀ ਚੋਣ ਉਸ ਦੇ ਜ਼ਿਹਨ ਵਿੱਚ ਵਸੀਆਂ ਜਾਗੀਰੂ ਕਦਰਾਂ-ਕੀਮਤਾਂ ਪ੍ਰਤੀ ਮੋਹ ਦੀ ਰੁਚੀ ਦਰਸਾਉਂਦੀ ਹੈ।

# ਸ਼ਿਵਾਲਿਕ ਦੀਆਂ ਪਹਾੜੀਆਂ 'ਚ ਵਸਿਆ ਚੱਕ ਨਾਨਕੀ







ਸ਼ਿਵਾਲਿਕ ਦੀਆਂ ਪਹਾੜੀਆਂ ਦੀ ਕੁੱਖ 'ਚ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਆਪਣੀ ਮਾਤਾ ਦੇ ਨਾਂਅ 'ਤੇ ਵਸਾਇਆ ਨਗਰ ਚੱਕ ਨਾਨਕੀ ਹੈ, ਜਿੱਥੇ ਗੁਰਦੁਆਰਾ 'ਗੁਰੂ ਕੇ ਮਹੱਲ' ਸਥਿਤ ਹੈ, ਜਦੋਂ ਕਿ ਕੇਸਗੜ੍ਹ ਸਾਹਿਬ ਵਾਲੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਦੀ ਸਥਾਪਨਾ ਕੀਤੀ। ਮੌਜੂਦਾ ਸਮੇਂ ਦੌਰਾਨ ਦੋਵੇਂ ਸਿੱਖ ਨਗਰਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਦਿੱਲੀ ਵਿੱਚ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਸਸਕਾਰ ਕਰਨ ਤੋਂ ਕੁਝ ਦਿਨ ਬਾਅਦ ਗੁਰੂ ਜੀ ਦੀ ਮਾਤਾ ਸੁਲੱਖਣੀ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਗੱਦੀ ਸੰਭਾਲਣ ਵਾਸਤੇ ਪੈਗਾਮ ਭੇਜਿਆ। 11 ਅਗਸਤ 1664 ਨੂੰ ਗੁਰੂ ਸਾਹਿਬ ਬਕਾਲਾ ਪੁੱਜੇ। ਗੁਰੂ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਅਰਦਾਸ ਬਾਬਾ ਦਵਾਰਕਾ ਦਾਸ (ਪੜਪੋਤਾ ਗੁਰੂ ਅਮਰਦਾਸ ਜੀ) ਨੇ ਕੀਤੀ। ਇਸ ਸਮੇਂ ਸੰਗਤਾਂ ਤੋਂ ਇਲਾਵਾ ਦੀਵਾਨ ਦਰਗਾਹ ਮੱਲ, ਭਾਈ ਮਨੀ ਰਾਮ ਅਤੇ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਮਾਤਾ ਸੁਲੱਖਣੀ ਹਾਜ਼ਰ ਸਨ। ਗੁਰਗੱਦੀ ਸੰਭਾਲਣ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦਾ ਸਭ ਤੋਂ ਪਹਿਲਾ ਦੌਰਾ ਕੀਰਤਪੁਰ ਸਾਹਿਬ ਵੱਲ ਸੀ, ਹਾਲਾਂ ਕਿ ਗੁਰੂ ਹਰਿਰਾਇ ਜੀ ਸਮੇਂ ਵੀ ਗੁਰੂ ਜੀ ਕੀਰਤਪੁਰ ਸਾਹਿਬ ਆਉਂਦੇ ਰਹਿੰਦੇ ਸਨ। ਸੰਨ 1656 ਤੋਂ 1664 ਈਸਵੀ ਤੱਕ ਗੁਰੂ ਤੇਗ ਬਹਾਦਰ ਸਾਹਿਬ ਨੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਦੌਰੇ ਦੌਰਾਨ ਸਿੱਖੀ ਦਾ ਪ੍ਰਚਾਰ ਕੀਤਾ। 07 ਅਪਰੈਲ 1665 ਈਸਵੀ ਨੂੰ ਗੁਰੂ ਸਾਹਿਬ ਨੇ ਬਾਂਗਰ ਦੇਸ਼ ਦੇ ਧਮਤਾਨ ਇਲਾਕੇ ਦਾ ਦੌਰਾ ਕੀਤਾ। ਇਲਾਕਾ ਵਾਸੀਆਂ ਅਤੇ ਸਿੱਖ ਸੇਵਕ ਭਾਈ ਦੱਗੋ ਦੀ ਬੇਨਤੀ ਪ੍ਰਵਾਨ ਕਰਦਿਆਂ ਗੁਰੂ ਜੀ ਨੇ ਆਪਣੇ ਪਰਵਾਰ ਨੂੰ ਪਟਨਾ ਸਾਹਿਬ ਤੋਂ ਧਮਤਾਨ ਲਿਆਉਣ ਦਾ ਮਨ ਬਣਾ ਲਿਆ। ਇਸ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਵਸਾਏ ਸਿੱਖ ਨਗਰ ਕੀਰਤਪੁਰ ਸਾਹਿਬ

ਸੁਰਿੰਦਰ ਸਿੰਘ ਰਸੂਲਪੁਰ

ਦਾ ਦੌਰਾ ਕੀਤਾ। ਗੁਰੂ ਜੀ ਨੂੰ ਕੀਰਤਪੁਰ ਸਾਹਿਬ ਆਏ ਕੁਝ ਸਮਾਂ ਹੀ ਹੋਇਆ ਸੀ ਕਿ 27 ਅਪਰੈਲ 1665 ਨੂੰ ਬਿਲਾਸਪੁਰ (ਕਹਿਲੂਰ) ਦੇ ਰਾਜਾ ਦੀਪ ਚੰਦ ਦੀ ਮੌਤ ਹੋ ਗਈ। ਰਾਣੀ ਚੰਪਾ ਨੇ ਗੁਰੂ ਜੀ ਨੂੰ ਰਾਜੇ ਦੀ ਸਤਾਰ੍ਹਵੀਂ ਦੇ ਦਿਨ ਬਿਲਾਸਪੁਰ ਪੁੱਜਣ ਦੀ ਬੇਨਤੀ ਕੀਤੀ। ਇਸ ਸਮੇਂ ਗੁਰੂ ਜੀ ਦੇ ਨਾਲ ਮਾਤਾ ਨਾਨਕੀ, ਗੁਰੂ ਹਰਿਰਾਇ ਸਾਹਿਬ ਦੀ ਸੁਪਤਨੀ ਮਾਤਾ ਸੁਲੱਖਣੀ ਅਤੇ ਸਪੁੱਤਰੀ ਬੀਬੀ ਰੂਪ ਕੌਰ ਸਮੇਤ ਬਹੁਤ ਸਾਰੇ ਸਿੱਖ ਬਿਲਾਸਪੁਰ ਪਹੁੰਚੇ। ਜਦੋਂ ਗੁਰੂ ਸਾਹਿਬ ਨੇ ਸਤਾਰ੍ਹਵੀਂ ਤੋਂ ਬਾਅਦ ਵਾਪਸ ਆਉਣ ਦੀ ਤਿਆਰੀ ਕੀਤੀ ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਰੋਕ ਲਿਆ। ਰਾਣੀ ਚੰਪਾ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਸਾਹਿਬ ਧਮਤਾਨ ਇਲਾਕੇ ਵਿੱਚ ਆਪਣੇ ਪਰਵਾਰ ਸਮੇਤ ਰਹਿਣ ਦਾ ਮਨ ਬਣਾ ਚੁੱਕੇ ਹਨ। ਰਾਣੀ ਚੰਪਾ ਨੇ ਮਾਤਾ ਨਾਨਕੀ ਰਾਹੀਂ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਬਿਲਾਸਪੁਰ ਰਿਆਸਤ ਦਾ ਇਲਾਕਾ ਛੱਡ ਕੇ ਧਮਤਾਨ ਨਾ ਜਾਣ, ਜੇਕਰ ਉਨ੍ਹਾ ਨੂੰ ਕੀਰਤਪੁਰ ਸਾਹਿਬ ਵਾਲੀ ਜਗ੍ਹਾ ਥੋੜ੍ਹੀ ਲੱਗਦੀ ਹੈ ਤਾਂ ਉਹ ਬਿਲਾਸਪੁਰਰਿਆਸਤ ਦੀ ਹੋਰ ਜ਼ਮੀਨ ਦੇਣ ਨੂੰ ਤਿਆਰ ਹਨ। ਮਾਤਾ ਨਾਨਕੀ ਨੇ ਰਾਣੀ ਚੰਪਾ ਦੇ ਜਜ਼ਬਾਤ ਅਤੇ ਮੁਹੱਬਤ ਨੂੰ ਵੇਖ ਕੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਬਿਲਾਸਪੁਰ ਰਿਆਸਤ ਤੋਂ ਦੂਰ ਨਾ ਜਾਣ ਵਾਸਤੇ ਮਨਾ ਲਿਆ। ਇਸ ਸਮੇਂ ਗੁਰੂ ਜੀ ਨੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ, ਪਰ ਉਨ੍ਹਾ ਰਾਣੀ ਚੰਪਾ ਤੋਂ ਮੁਫ਼ਤ ਵਿੱਚ ਜ਼ਮੀਨ ਲੈਣ ਤੋਂ ਇਨਕਾਰ ਕਰ ਦਿੱਤਾ।

ਸਿੱਖ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦੇ ਮਹਾਨ ਕੋਸ਼ ਅਨੁਸਾਰ ਗੁਰੂ ਸਾਹਿਬ ਨੇ ਬਿਲਾਸਪੁਰ ਦੀ ਰਾਣੀ ਚੰਪਾ ਤੋਂ ਪਿੰਡ ਸਹੋਟਾ, ਮੀਆਂਪੁਰ ਅਤੇ ਲੋਦੀਪੁਰ ਦੀ ਜ਼ਮੀਨ ਉਸ ਸਮੇਂ ਦੇ 500 ਰੁਪਏ ਵਿੱਚ ਮੁੱਲ ਖਰੀਦੀ। 19 ਜੂਨ 1665 ਨੂੰ ਇਸ ਨਗਰ ਦੀ ਨੀਂਹ ਭਾਈ ਗੁਰਦਿੱਤਾ (ਬਾਬਾ ਬੁੱਢਾ ਜੀ ਦੀ ਪੀੜ੍ਹੀ 'ਚੋਂ) ਜੀ ਤੋਂ ਮੌਜੂਦਾ 'ਗੁਰੂ ਕੇ ਮਹੱਲ' ਦੀ ਚੋਣ ਕਰਕੇ ਦੀਵਾਨ ਦਰਗਾਹ ਮੱਲ ਛਿੱਬਰ ਤੋਂ ਅਰਦਾਸ ਕਰਵਾ ਕੇ ਰਖਵਾਈ। ਗੁਰੂ ਜੀ ਨੇ ਆਪਣੀ ਮਾਤਾ ਨਾਨਕੀ ਦੇ ਨਾਂਅ 'ਤੇ ਇਸ ਸਿੱਖ ਨਗਰ ਨੂੰ ਵਸਾਇਆ। ਸਰਕਾਰੀ ਕਾਗਜ਼ਾਂ ਵਿੱਚ ਇਹ ਅੱਜ ਵੀ 'ਚੱਕ ਨਗਰ' ਵਜੋਂ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਦੇ ਸਮੇਂ ਇਹ ਇੱਕ ਪਾਸੇ ਸਤਲੁਜ ਦਰਿਆ ਅਤੇ ਚਰਨ ਗੰਗਾ ਵਰਗੇ ਬਰਸਾਤੀ ਚੋਅ ਅਤੇ ਦੂਜੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਸੀ। ਗੁਰੂ ਸਾਹਿਬ ਨੂੰ ਮੁਗਲਾਂ ਵੱਲੋਂ ਅੰਮ੍ਰਿਤਸਰ ਅਤੇ ਕਰਤਾਰਪੁਰ ਉੱਤੇ ਕੀਤੇ ਹਮਲਿਆਂ ਦਾ ਅਨੁਭਵ ਸੀ, ਜਿਸ ਕਰਕੇ ਰਣਨੀਤਕ ਦ੍ਰਿਸ਼ਟੀਕੋਣ ਤੋਂ ਫ਼ੌਜੀ ਦਖਲਅੰਦਾਜ਼ੀ ਅਤੇ ਗੜਬੜ ਤੋਂ ਵੀ ਇਹ ਇਲਾਕਾ ਸੁਰੱਖਿਅਤ ਸੀ। ਉਸ ਸਮੇਂ ਸ਼ਾਂਤ ਅਤੇ ਦੋ ਫ਼ਸਲਾਂ ਪੈਦਾ ਕਰਨ ਵਾਲਾ ਇਹ ਉਪਜਾਊ ਇਲਾਕਾ ਮਾਖੋਵਾਲ ਦੇ ਖੰਡਰਾਂ ਨਾਲ ਹਥੌਤ (ਹਾਥੀਆਂ ਦਾ ਨਿਵਾਸ) ਕਰਕੇ ਵੀ ਜਾਣਿਆ ਜਾਂਦਾ ਸੀ। ਬਿਲਾਸਪੁਰ ਰਿਆਸਤ ਇਨ੍ਹਾਂ ਸਿੱਖ ਨਗਰਾਂ ਦੇ ਵਸ ਜਾਣ ਕਰਕੇ ਮੁਗਲਾਂ ਦੇ ਹਮਲਿਆਂ ਤੋਂ ਮਹਿਫ਼ੂਜ਼ ਹੋ ਗਈ, ਕਿਉਂਕਿ ਮੈਦਾਨੀ ਇਲਾਕੇ ਤੋਂ ਪਹਾੜੀ ਇਲਾਕੇ ਵਿਚਕਾਰ ਵਸੇ ਇਹ ਸਿੱਖ ਨਗਰ ਪੂਰੀ ਤਰ੍ਹਾਂ ਇਸ ਰਿਆਸਤ ਦੀ ਢਾਲ ਬਣ ਗਏ।


ਗੁਰੂ ਤੇਗ ਬਹਾਦਰ ਸਾਹਿਬ ਚੱਕ ਨਾਨਕੀ ਤਿੰਨ ਮਹੀਨੇ ਰਹਿਣ ਉਪਰੰਤ ਲੰਮੀ ਯਾਤਰਾ 'ਤੇ ਚਲੇ ਗਏ। ਇਸ ਸਮੇਂ ਗੁਰੂ ਸਾਹਿਬ ਜੀ ਦਾ ਮਕਾਨ 'ਗੁਰੂ ਦੇ ਮਹੱਲ' ਵਾਲੀ ਜਗ੍ਹਾ ਬਣ ਚੁੱਕਾ ਸੀ। ਇਸ ਤੋਂ ਇਲਾਵਾ ਸਿੱਖ ਸੈਲਾਨੀਆਂ ਲਈ ਵੀ ਘਰ ਬਣਨੇ ਸ਼ੁਰੂ ਹੋ ਗਏ ਸਨ। ਜਦੋਂ ਧਮਧਾਨ ਦੀ ਸੰਗਤ ਅਤੇ ਭਾਈ ਦੱਗੋ ਨੂੰ ਨਵਾਂ ਨਗਰ ਵਸਾਉਣ ਦਾ ਪਤਾ ਲੱਗਾ ਤਾਂ ਉਹ ਬਹੁਤ ਉਦਾਸ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਅਕਸਰ ਉਨ੍ਹਾ ਕੋਲ ਆਇਆ-ਜਾਇਆ ਕਰਨਗੇ। ਇਸ ਇਲਾਕੇ ਦੇ ਬਾਂਗਰ ਦੇ ਨੇੜੇ ਰੋਹੀ ਦੇ ਜੰਗਲਾਂ ਵਿੱਚ ਗੁਰੂ ਸਾਹਿਬ ਨੂੰ 8 ਨਵੰਬਰ 1665 ਦੇ ਦਿਨ ਆਲਮ ਖ਼ਾਨ ਰੁਹੇਲਾ ਨੇ ਸ਼ਾਹੀ ਹੁਕਮਾਂ ਹੇਠ ਪਹਿਲੀ ਵਾਰ ਗ੍ਰਿਫ਼ਤਾਰ ਕਰਕੇ ਔਰੰਗਜ਼ੇਬ ਅੱਗੇ ਪੇਸ਼ ਕੀਤਾ। ਰਾਜਾ ਜੈ ਸਿੰਘ ਮਿਰਜ਼ਾ ਦੇ ਪੁੱਤਰ ਕੁੰਵਰ ਰਾਮ ਸਿੰਘ ਦੀ ਗਵਾਹੀ ਨਾਲ ਗੁਰੂ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਬਾਅਦ ਆਪ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਅਸਾਮ ਦੇ ਦੌਰੇ 'ਤੇ ਨਿਕਲ ਗਏ। ਗੁਰੂ ਜੀ ਸੁਪਤਨੀ ਮਾਤਾ ਗੁਜਰੀ ਅਤੇ ਸਪੁੱਤਰ ਗੋਬਿੰਦ ਰਾਇ ਨਾਲ ਪਟਨਾ ਤੋਂ ਦਿੱਲੀ ਵੱਲ ਆਉਂਦੇ ਹੋਏ ਮਾਰਚ 1673 ਵਿੱਚ ਚੱਕ ਨਾਨਕੀ ਪਹੁੰਚੇ। ਇੱਥੇ ਹੀ 16 ਕਸ਼ਮੀਰੀ ਪੰਡਤ 25 ਮਈ 1675 ਨੂੰ ਭਾਈ ਕਿਰਪਾ ਰਾਮ ਦੱਤ ਦੀ ਉਂਗਲ ਫੜ ਕੇ ਆਏ ਅਤੇ ਔਰੰਗਜ਼ੇਬ ਵੱਲੋਂ ਜਬਰੀ ਇਸਲਾਮ ਫ਼ੈਲਾਉਣ ਦੀ ਮੁਹਿੰਮ ਤੋਂ ਬਚਾਉਣ ਵਾਸਤੇ ਮਦਦ ਮੰਗੀ। ਗੁਰੂ ਤੇਗ ਬਹਾਦਰ ਸਾਹਿਬ ਨੇ ਉਨ੍ਹਾਂ ਦੀ ਫ਼ਰਿਆਦ ਸੁਣ ਕੇ ਧੀਰਜ ਦਿੱਤਾ ਕਿ ਉਹ ਜਲਦ ਹੀ ਦਿੱਲੀ ਜਾ ਕੇ ਔਰੰਗਜ਼ੇਬ ਦੀ ਇਸ ਤਾਨਾਸ਼ਾਹੀ ਵਿਰੁੱਧ ਉਸ ਨੂੰ ਮਿਲਣਗੇ।

ਚੱਕ ਨਾਨਕੀ ਵਿੱਚ ਭਾਈ ਕਿਰਪਾ ਰਾਮ ਦੱਤ ਕਸ਼ਮੀਰੀ ਪੰਡਤਾਂ ਨੂੰ ਲੈ ਕੇ ਅਚਾਨਕ ਨਹੀਂ ਸਨ ਆਏ, ਸਗੋਂ ਕਸ਼ਮੀਰ ਦੀ ਸੰਗਤ ਨਾਲ ਗੁਰੂ ਘਰ ਦਾ ਰਿਸ਼ਤਾ ਗੁਰੂ ਨਾਨਕ ਸਾਹਿਬ ਵੇਲੇ ਤੋਂ ਹੀ ਸੀ। ਪੰਡਤ ਕਿਰਪਾ ਰਾਮ ਦੱਤ ਭਾਈ ਠਾਕਰ ਦਾਸ ਮੁੰਝਾਲ ਦੱਤ ਬ੍ਰਾਹਮਣ ਦੀ ਪੀੜ੍ਹੀ ਵਿੱਚੋਂ ਸਨ, ਜਿਹੜੇ ਕਸ਼ਮੀਰ ਦੇ ਕਸਬੇ ਮਟਨ ਨੇੜੇ ਦੇ ਪਿੰਡ ਬੀਜ ਬੀਹਾੜਾ ਦੇ ਰਹਿਣ ਵਾਲੇ ਸਨ। ਗੁਰੂ ਨਾਨਕ ਸਾਹਿਬ ਜਦੋਂ ਕਸ਼ਮੀਰ ਗਏ ਤਾਂ ਉਨ੍ਹਾ ਕਿਰਪਾ ਰਾਮ ਦੱਤ ਦੇ ਪੜਦਾਦੇ ਪੰਡਤ ਬ੍ਰਾਹਮਣ ਦਾਸ ਨਾਲ ਗੋਸ਼ਟੀ ਕੀਤੀ ਸੀ। ਗੁਰੂ ਨਾਨਕ ਸਾਹਿਬ ਨੇ ਇਸ ਪਰਵਾਰ ਨੂੰ ਕਸ਼ਮੀਰ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਜ਼ਿੰਮੇਂਵਾਰੀ ਸੌਂਪੀ। ਸੰਨ 1661 ਵਿੱਚ ਜਦੋਂ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਸਪੁੱਤਰ ਰਾਮਰਾਇ ਨੂੰ ਦਿੱਲੀ ਭੇਜਿਆ ਤਾਂ ਕਿਰਪਾ ਰਾਮ ਦੱਤ ਦੇ ਪਿਤਾ ਅੜੂ ਰਾਮ ਦੱਤ ਉਨ੍ਹਾ ਦੇ ਨਾਲ ਸਨ। ਪਟਨਾ ਵਿੱਚ ਕਿਰਪਾ ਰਾਮ ਦੱਤ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਰਹੇ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਸਕ੍ਰਿਤ ਦੀ ਵਿੱਦਿਆ ਦਿੰਦੇ ਸਨ। ਜਦੋਂ ਗੁਰੂ ਸਾਹਿਬ ਨੇ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕਾਇਆ ਤਾਂ ਪੰਜ ਪਿਆਰਿਆਂ ਤੋਂ ਬਾਅਦ ਅੰਮ੍ਰਿਤ ਛਕਣ ਵਾਲੇ ਜਥੇ ਵਿੱਚ ਭਾਈ ਕਿਰਪਾ ਰਾਮ ਦੱਤ ਅਤੇ ਉਨ੍ਹਾ ਦੇ ਭਰਾ ਸਨਮੁਖ ਦਾਸ ਵੀ ਸ਼ਾਮਲ ਸਨ। ਮੁਗਲਾਂ ਨਾਲ ਚਮਕੌਰ ਸਾਹਿਬ ਦੀ ਜੰਗ ਵਿੱਚ ਦੋਵੇਂ ਭਰਾਵਾਂ ਨੇ ਸ਼ਹੀਦੀ ਪਾਈ।


ਭਾਈ ਸਵਰੂਪ ਸਿੰਘ ਕੌਸ਼ਿਸ਼ ਵੱਲੋਂ ਰਚਿਤ ਪੁਸਤਕ 'ਗੁਰੂ ਦੀਆਂ ਸਾਖੀਆਂ' ਅਨੁਸਾਰ 8 ਜੁਲਾਈ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਗੋਬਿੰਦ ਰਾਇ ਨੂੰ ਗੁਰਗੱਦੀ ਦੇਣ ਦੀ ਰਸਮ ਅਦਾ ਕੀਤੀ। ਇਸ ਤੋਂ ਦੋ ਦਿਨ ਬਾਅਦ ਆਪ ਔਰੰਗਜ਼ੇਬ ਨੂੰ ਮਿਲਣ ਲਈ ਦਿੱਲੀ ਵੱਲ ਚੱਲ ਪਏ। ਚੱਕ ਨਾਨਕੀ ਵਿੱਚ ਗੁਰੂ ਸਾਹਿਬ ਦਾ ਇਹ ਆਖਰੀ ਦਿਨ ਸੀ। ਆਪ ਦੇ ਨਾਲ ਭਾਈ ਦਿਆਲ ਦਾਸ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਗਏ। ਭਾਈ ਦਿਆਲ ਦਾਸ ਸ਼ਹੀਦ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਫਤਵਾ ਜਾਰੀ ਕੀਤਾ ਗਿਆ ਤਾਂ ਸਭ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ। ਆਪ ਨੇ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦੀ ਪ੍ਰਾਪਤ ਕੀਤੀ। ਭਾਈ ਦਿਆਲ ਦਾਸ ਦੀ ਸ਼ਹੀਦੀ ਤੋਂ ਬਾਅਦ ਉਨ੍ਹਾ ਦੇ ਸਪੁੱਤਰ ਭਾਈ ਕਲਿਆਣ ਸਿੰਘ ਨੇ ਕਿਲ੍ਹਾ ਤਾਰਾਗੜ੍ਹ ਅਤੇ ਦੂਸਰੇ ਸਪੁੱਤਰ ਭਾਈ ਮਥਰਾ ਸਿੰਘ ਨੇ ਨਿਰਮੋਹਗੜ੍ਹ ਦੀ ਲੜਾਈ ਦੌਰਾਨ ਸ਼ਹੀਦੀ ਪਾਈ। ਭਾਈ ਮਤੀ ਦਾਸ ਅਤੇ ਭਾਈ ਦਿਆਲ ਦਾਸ ਦੋਵੇਂ ਭਰਾ ਸਨ। ਇਨ੍ਹਾਂ ਦੇ ਪੜਦਾਦਾ ਪਰਾਗ ਦਾਸ ਗੁਰੂ ਹਰਗੋਬਿੰਦ ਸਾਹਿਬ ਦੇ ਪੰਜ ਜਰਨੈਲਾਂ ਵਿੱਚੋਂ ਇੱਕ ਸਨ। ਸੰਨ 1621 ਵਿੱਚ ਰੁਹੇਲਾ ਦੀ ਲੜਾਈ ਦੌਰਾਨ ਆਪ ਸ਼ਹੀਦ ਹੋ ਗਏ ਸਨ। ਕੇਸਰ ਸਿੰਘ ਛਿੱਬਰ ਆਪਣੀ ਪੁਸਤਕ 'ਬੰਸਾਵਲੀਨਾਮਾ ਦਸ ਪਾਤਸ਼ਾਹੀਆਂ' ਅਤੇ ਸੁਜਾਨ ਰਾਏ ਭੰਡਾਰੀ 'ਖੁਲਾਸਤੁਤ ਤਵਾਰੀਖ਼' ਵਿੱਚ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ 10 ਜੁਲਾਈ 1675 ਦੀ ਸ਼ਾਮ ਨੂੰ ਇਨ੍ਹਾਂ ਤਿੰਨ ਸਿੱਖਾਂ ਸਮੇਤ ਜਦੋਂ ਰੋਪੜ ਨਜ਼ਦੀਕ ਮਲਕਪੁਰ ਪਹੁੰਚੇ ਤਾਂ ਤੜਕਸਾਰ ਭਾਈ ਮਤੀ ਦਾਸ ਪਾਣੀ ਭਰਨ ਗਏ ਖੂਹ ਵਿੱਚ ਡਿੱਗ ਪਏ। ਜਦੋਂ ਰੋਪੜ ਦੇ ਚੌਂਕੀ ਇੰਚਾਰਜ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੂੰ ਇਸ ਪਿੰਡ ਦੇ ਰੰਘੜਾਂ ਤੋਂ ਜਾਣਕਾਰੀ ਮਿਲੀ ਤਾਂ ਉਸ ਨੇ ਔਰੰਗਜ਼ੇਬ ਵੱਲੋਂ ਭੇਜੇ ਸ਼ਾਹੀ ਹੁਕਮਾਂ ਤਹਿਤ ਗੁਰੂ ਜੀ ਨੂੰ ਇਨ੍ਹਾਂ ਤਿੰਨ ਸਿੱਖਾਂ ਸਮੇਤ ਗ੍ਰਿਫ਼ਤਾਰ ਕਰਕੇ ਸਰਹਿੰਦ ਭੇਜ ਦਿੱਤਾ। ਗੁਰੂ ਜੀ ਦੀ ਇਸ ਪਿੰਡ ਤੋਂ ਕੀਤੀ ਗ੍ਰਿਫ਼ਤਾਰੀ ਦਾ ਇੰਦਰਾਜ਼ 'ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲ੍ਹਾਨੇ ਬਲਉਂਤੋਂ ਕਾ' ਵਿੱਚ ਵੀ ਮਿਲਦਾ ਹੈ। ਭਾਈ ਮਤੀ ਦਾਸ ਨੂੰ ਇਸਲਾਮ ਕਬੂਲ ਨਾ ਕਰਨ ਕਰਕੇ ਮੌਤ ਦਾ ਫ਼ਤਵਾ ਦਿੱਤਾ ਗਿਆ। ਉਨ੍ਹਾ ਦੇ ਸਰੀਰ ਨੂੰ ਗੁਰਦੁਆਰਾ ਸੀਸਗੰਜ ਦਿੱਲੀ ਦੇ ਮੌਜੂਦਾ ਸਥਾਨ ਦੇ ਸਾਹਮਣੇ ਚਾਂਦਨੀ ਚੌਂਕ ਦੇ ਫੁਆਰੇ ਕੋਲ ਦੋ ਲੱਕੜਾਂ ਦੇ ਸ਼ਿਕੰਜੇ ਵਿੱਚ ਬੰਨ੍ਹ ਕੇ ਆਰੇ ਨਾਲ ਚੀਰ ਕੇ ਦੋਫਾੜ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦੇ ਤੀਜੇ ਸਿੱਖ ਭਾਈ ਸਤੀ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਰਸੋਈਏ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲੀ ਵਾਰ ਧਮਧਾਨ ਬਾਂਗਰ ਵਿੱਚੋਂ ਸ਼ਾਹੀ ਹੁਕਮਾਂ ਤਹਿਤ ਸੰਨ 1665 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਾਈ ਸਤੀ ਦਾਸ ਵੀ ਉਨ੍ਹਾ ਦੇ ਨਾਲ ਸਨ। ਉਨ੍ਹਾ ਨੂੰ ਰੂੰ ਵਿੱਚ ਲਪੇਟ ਕੇ ਜਿਉਂਦੇ ਸਾੜ ਕੇ ਸ਼ਹੀਦ ਕਰ ਦਿੱਤਾ। ਅਨੰਦਪੁਰ ਚੱਕ ਨਾਨਕੀ ਤੋਂ ਇਨ੍ਹਾਂ ਤਿੰਨ ਸਿੱਖਾਂ ਤੋਂ ਇਲਾਵਾ ਭਾਈ ਊਦਾ ਅਤੇ ਭਾਈ ਗੁਰਦਿੱਤਾ ਸਿੱਧੇ ਦਿੱਲੀ ਚਲੇ ਗਏ। 11 ਨਵੰਬਰ 1675 ਦੇ ਦਿਨ ਆਪ ਨੂੰ ਸ਼ਾਹੀ ਕਾਜ਼ੀ ਅਬਦੁਲ ਵਹਾਬ ਦੇ ਹੁਕਮਾਂ ਨਾਲ ਜਲਾਦ ਜਲਾਲ-ਉਦ-ਦੀਨ (ਸਮਾਣੇ ਵਾਲੇ) ਨੇ ਤਲਵਾਰ ਦੇ ਇੱਕੋ ਵਾਰ ਨਾਲ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਵਾਲੇ ਸਥਾਨ 'ਤੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਦੇ ਧੜ ਨੂੰ ਭਾਈ ਲੱਖੀ ਰਾਇ ਯਾਦਵ ਨੇ ਆਪਣੇ ਪਰਵਾਰ ਦੇ ਮੈਂਬਰਾਂ ਨਾਲ ਭਾਈ ਨਿਗਾਹੀਆ, ਹਾੜੀ ਅਤੇ ਹੇਮਾ ਦੀ ਮਦਦ ਨਾਲ ਚੁੱਕ ਕੇ ਆਪਣੇ ਘਰ ਨੂੰ ਗੁਰਦੁਆਰਾ ਰਕਾਬ ਗੰਜ ਵਾਲੀ ਥਾਂ 'ਤੇ ਅੱਗ ਲਗਾ ਕੇ ਸਸਕਾਰ ਕੀਤਾ। 16 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਜੀ ਦਾ ਸੀਸ ਭਾਈ ਜੈਤਾ (ਜੀਵਨ ਸਿੰਘ), ਭਾਈ ਨਾਨੂੰ ਅਤੇ ਭਾਈ ਊਦਾ ਦਿੱਲੀ ਤੋਂ ਲੈ ਕੇ ਕੀਰਤਪੁਰ ਸਾਹਿਬ ਪੁੱਜੇ। ਅਗਲੇ ਦਿਨ ਆਪ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ। ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੀ ਪਰਵਾਰ ਸਮੇਤ ਆਪਣੇ ਆਖਰੀ ਸਮੇਂ ਤੱਕ ਚੱਕ ਨਾਨਕੀ ਵਾਲੀ ਜਗ੍ਹਾ 'ਗੁਰੂ ਦੇ ਮਹੱਲ' ਵਿੱਚ ਹੀ ਰਹਿੰਦੇ ਰਹੇ। ਗੁਰੂ ਸਾਹਿਬ ਨੇ ਚੱਕ ਨਾਨਕੀ 'ਗੁਰੂ ਦੇ ਮਹੱਲ' ਦੀ ਹਿਫ਼ਾਜ਼ਤ ਲਈ ਕਿਲ੍ਹਾ ਫ਼ਤਿਹਗੜ੍ਹ ਦਾ ਨਿਰਮਾਣ ਕਰਵਾਇਆ।

ਇੱਥੇ ਬਣੇ ਗੁਰਦੁਆਰਾ ਗੁਰੂ ਕੇ ਮਹੱਲ ਦੀ ਚਾਰਦੀਵਾਰੀ ਵਿੱਚ ਥੜ੍ਹਾ ਸਾਹਿਬ ਹੈ, ਜਿੱਥੇ ਕਸ਼ਮੀਰੀ ਪੰਡਤ ਆਪਣੀ ਫ਼ਰਿਆਦ ਲੈ ਕੇ ਚੱਕ ਨਾਨਕੀ ਆਏ ਸਨ। ਇਸੇ ਜਗ੍ਹਾ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸਾਹਿਬਜ਼ਾਦਿਆਂ ਦੇ ਜਨਮ ਅਸਥਾਨ ਤੋਂ ਇਲਾਵਾ ਉਹ ਗੁਰਗੱਦੀ ਅਸਥਾਨ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾ ਦੇ ਪਿਤਾ ਨੇ ਦਿੱਲੀ ਜਾਣ ਤੋਂ ਪਹਿਲਾਂ ਗੁਰਗੱਦੀ ਦਿੱਤੀ ਸੀ। ਇੱਕ ਮਸੰਦਾਂ ਦਾ ਖੂਹ ਵੀ ਹੈ, ਜਿੱਥੇ ਗੁਰੂ ਜੀ ਨੇ ਬੇਈਮਾਨ, ਲੁਟੇਰੇ, ਠੱਗ ਅਤੇ ਹੈਂਕੜਬਾਜ਼ ਮਸੰਦਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਅਤੇ ਮਸੰਦ ਪ੍ਰਥਾ ਬੰਦ ਕਰਨ ਦਾ ਐਲਾਨ ਕੀਤਾ। ਮੌਜੂਦਾ ਸਮੇਂ ਵਿੱਚ ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ ਦੀਆਂ ਹੱਦਾਂ ਬਾਰੇ ਆਮ ਵਿਅਕਤੀ ਨੂੰ ਪਤਾ ਨਹੀਂ ਲੱਗਦਾ, ਸਿਰਫ ਮਾਲ ਮਹਿਕਮਾ ਅਧਿਕਾਰੀ ਜਾਂ ਲੰਬੜਦਾਰ ਹੀ ਇਨ੍ਹਾਂ ਪਿੰਡਾਂ ਦੀਆਂ ਸੀਮਾਵਾਂ ਬਾਰੇ ਜਾਣਦੇ ਹਨ। ਬੱਸ ਸਟੈਂਡ ਅਤੇ ਗੁਰਦੁਆਰਾ ਕੇਸਗੜ੍ਹ ਦੇ ਵਿਚਕਾਰਲਾ ਚੌਂਕ ਚੱਕ ਨਾਨਕੀ, ਅਨੰਦਪੁਰ ਸਾਹਿਬ ਅਤੇ ਲੋਦੀਪੁਰ ਦਾ ਮਿਲਣ ਸਥਾਨ ਹੈ। ਗੁਰਦੁਆਰਾ ਗੁਰੂ ਦੇ ਮਹੱਲ ਚੱਕ ਨਾਨਕੀ ਦੇ ਇਲਾਕੇ ਵਿੱਚ ਹਨ। ਗੁਰਦੁਆਰਾ ਸੀਸਗੰਜ ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ ਦੀ ਸਰਹੱਦ 'ਤੇ ਹੈ। ਬੱਸ ਸਟੈਂਡ, ਹਸਪਤਾਲ ਅਤੇ ਲੜਕੀਆਂ ਦਾ ਸਕੂਲ ਚੱਕ ਨਾਨਕੀ ਵਿੱਚ ਹਨ। ਗੁਰਦੁਆਰਾ ਹੋਲਗੜ੍ਹ ਅਤੇ ਗੁਰਦੁਆਰਾ ਕਿਲ੍ਹਾ ਫ਼ਤਿਹਗੜ੍ਹ ਚੱਕ ਨਾਨਕੀ ਦੀ ਹੱਦ ਵਿੱਚ ਹੈ। ਖ਼ਾਲਸਾ ਹਾਈ ਸਕੂਲ ਸਹੋਟਾ ਪਿੰਡ ਵਿੱਚ ਪੈਂਦਾ ਹੈ, ਜੋ ਚੱਕ ਨਾਨਕੀ ਦਾ ਹਿੱਸਾ ਹੈ। ਚਰਨ ਗੰਗਾ 'ਤੇ ਬਣਿਆ ਪੁਲ ਵੀ ਚੱਕ ਨਾਨਕੀ ਦਾ ਹਿੱਸਾ ਹੈ। ਹੁਣ ਸਾਰੇ ਇਲਾਕੇ ਨੂੰ ਅਨੰਦਪੁਰ ਸਾਹਿਬ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।


*ਮੋਬਾਇਲ-94173-70699*




## ਬਾਲ ਕੋਨਾ



ਸ਼ਿਵਜੋਤ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤਾ ਰਾਮ



ਅਰਸ਼ਦੀਪ ਕੌਰ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤਾ ਰਾਮ



ਮਨਸਾਹਿਬ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤਾ ਰਾਮ



ਸਾਦਿਕ ਖਾਨ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤਾ ਰਾਮ